11-JULY-PAGE-1.qxd 7/10/2025 10:33 PM Page 1

ਸ਼ੁੱਕਰਵਾਰ, 11 ਜੁਲਾਈ, 2025
27 ਹਾੜ੍ਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 40

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 11 JULY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਚੋਣ ਕਮਿਸ਼ਨ ਆਧਾਰ, ਵੋਟਰ ਤੇ ਰਾਸ਼ਨ ਕਾਰਡ 'ਤੇ ਵੀ ਗੌਰ ਫਰਮਾਏ : ਸੁਪਰੀਮ ਕੋਰਟ

### ਵੋਟਰ ਸੂਚੀਆਂ ਦੀ ਸੁਧਾਈ ਦੌਰਾਨ ਨਾਗਰਿਕਤਾ ਦਾ ਪਤਾ ਲਾਉਣ ਵਾਲੀ ਕਸਰਤ 'ਤੇ ਕਿੰਤੂ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਵੀਰਵਾਰ ਚੋਣ ਕਮਿਸ਼ਨ ਨੂੰ ਅਕਤੂਬਰ-ਨਵੰਬਰ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ ਲਈ ਦਸਤਾਵੇਜ਼ਾਂ ਵਜੋਂ ਆਧਾਰ ਕਾਰਡ, ਵੋਟਰ ਕਾਰਡ, ਰਾਸ਼ਨ ਕਾਰਡ ਨੂੰ ਸ਼ਾਮਲ ਕਰਨ 'ਤੇ ਵਿਚਾਰ ਕਰਨ ਲਈ ਕਿਹਾ।

ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜਸਟਿਸ ਜੋਇਮਾਲਿਆ ਬਾਗਚੀ ਦੀ ਬੈਂਚ ਨੇ ਇਸ ਦੇ ਨਾਲ ਹੀ ਚੋਣ ਕਮਿਸ਼ਨ ਨੂੰ ਸੁਧਾਈ ਦੀ ਕਾਰਵਾਈ ਅੱਗੇ ਵਧਾਉਣ ਦੀ ਇਜਾਜ਼ਤ ਦੇ ਦਿੱਤੀ। ਬੈਂਚ ਨੇ ਕਿਹਾ ਕਿ ਇੱਕ ਤਾਂ ਇਹ ਕਾਰਵਾਈ 'ਸੰਵਿਧਾਨ ਮੁਤਾਬਕ' ਹੈ ਅਤੇ ਦੂਜਾ ਕਿਸੇ ਵੀ ਪਟੀਸ਼ਨਰ ਨੇ ਇਸ ਕਾਰਵਾਈ ਉਤੇ ਅੰਤਰਮ ਰੋਕ ਲਾਏ ਜਾਣ ਦੀ ਮੰਗ ਨਹੀਂ ਕੀਤੀ। ਬੈਂਚ ਨੇ ਦਸਤਾਵੇਜ਼ਾਂ ਬਾਰੇ ਕਿਹਾ, 'ਨਿਆਂ ਦੇ ਹਿੱਤ ਵਿੱਚ ਚੋਣ ਕਮਿਸ਼ਨ ਆਧਾਰ, ਰਾਸ਼ਨ ਕਾਰਡ ਅਤੇ ਵੋਟਰ ਕਾਰਡ ਨੂੰ ਵੀ ਸ਼ਾਮਲ ਕਰੇ।'

ਸੀਨੀਅਰ ਵਕੀਲ ਰਾਕੇਸ਼ ਦਿਵੇਦੀ ਨੇ ਚੋਣ ਕਮਿਸ਼ਨ ਵੱਲੋਂ ਬੋਲਦਿਆਂ ਜ਼ੋਰ ਦੇ ਕੇ ਕਿਹਾ ਕਿ ਆਧਾਰ 'ਨਾਗਰਿਕਤਾ ਦਾ ਸਬੂਤ' ਨਹੀਂ ਹੈ। ਇਸ 'ਤੇ ਬੈਂਚ ਨੇ ਸਪੱਸ਼ਟ ਕੀਤਾ ਕਿ ਇਹ ਚੋਣ ਕਮਿਸ਼ਨ ਨੇ ਫੈਸਲਾ ਕਰਨਾ ਹੈ ਕਿ ਉਹ ਇਨ੍ਹਾਂ ਦਸਤਾਵੇਜ਼ਾਂ ਨੂੰ ਲੈਣਾ ਚਾਹੁੰਦਾ ਹੈ ਜਾਂ ਨਹੀਂ ਅਤੇ ਜੇ ਉਸ ਨੇ ਨਹੀਂ ਲਿਆ ਤਾਂ ਉਸ ਨੂੰ ਇਸ ਦੇ ਕਾਰਨ ਦੱਸਣੇ ਪੈਣਗੇ। ਸੰਵਿਧਾਨ ਦੀ ਧਾਰਾ 326 ਦਾ ਹਵਾਲਾ ਦਿੰਦਿਆਂ ਦਿਵੇਦੀ ਨੇ ਕਿਹਾ ਕਿ ਹਰੇਕ ਵੋਟਰ ਨੂੰ ਭਾਰਤੀ ਨਾਗਰਿਕ ਹੋਣਾ ਚਾਹੀਦਾ ਹੈ ਅਤੇ ਆਧਾਰ ਕਾਰਡ ਨਾਗਰਿਕਤਾ ਦਾ ਸਬੂਤ ਨਹੀਂ ਹੈ।

ਬੈਂਚ ਨੇ ਹੋਰ ਕਿਹਾ, 'ਜੇ ਤੁਸੀਂ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਸੁਧਾਈ ਅਧੀਨ ਨਾਗਰਿਕਤਾ ਦੀ ਜਾਂਚ ਕਰਨੀ ਹੈ, ਤਾਂ ਤੁਹਾਨੂੰ ਜਲਦੀ ਕਾਰਵਾਈ ਕਰਨੀ ਚਾਹੀਦੀ ਸੀ, ਹੁਣ ਥੋੜ੍ਹੀ ਦੇਰ ਹੋ ਗਈ ਹੈ। ਇਸ ਦੇ ਨਾਲ ਹੀ ਚੋਣ ਕਮਿਸ਼ਨ ਨੂੰ ਇੱਕ ਹਫਤੇ ਦੇ ਅੰਦਰ ਪਟੀਸ਼ਨ ਦਾ ਜਵਾਬ ਦੇਣ ਦਾ ਨੋਟਿਸ ਜਾਰੀ ਕੀਤਾ ਹੈ। ਬੈਂਚ ਨੇ ਕਿਹਾ ਕਿ ਜੇ ਪਟੀਸ਼ਨਰਾਂ ਨੇ ਕਮਿਸ਼ਨ ਦੇ ਜਵਾਬ ਉਤੇ ਕੋਈ ਜਵਾਬ ਦਾਅਵਾ ਕਰਨਾ ਹੈ ਤਾਂ ਉਹ 28 ਜੁਲਾਈ ਤੱਕ ਕਰਨਾ ਹੋਵੇਗਾ, ਜਦੋਂ ਮਾਮਲੇ ਦੀ ਅਗਲੀ ਸੁਣਵਾਈ ਹੋਵੇਗੀ।

ਬੈਂਚ ਨੇ ਨੋਟ ਕੀਤਾ ਕਿ ਚੋਣ ਕਮਿਸ਼ਨ ਜੋ ਕਰ ਰਿਹਾ ਹੈ, ਉਹ ਸੰਵਿਧਾਨ ਦੇ ਤਹਿਤ ਲਾਜ਼ਮੀ ਹੈ ਅਤੇ ਆਖਰੀ ਵਾਰ ਅਜਿਹਾ ਅਭਿਆਸ 2003 ਵਿੱਚ ਕੀਤਾ ਗਿਆ ਸੀ। ਇਸ ਦੇ ਨਾਲ ਹੀ ਉਸ ਨੇ ਚੋਣ ਕਮਿਸ਼ਨ ਨੂੰ ਇਹ ਵੀ ਪੁੱਛਿਆ ਕਿ ਉਹ ਨਾਗਰਿਕਤਾ ਦੇ ਮੁੱਦੇ ਵਿੱਚ ਕਿਉਂ ਪੈ ਰਿਹਾ ਹੈ, ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ ਇਹ ਗ੍ਰਹਿ ਮੰਤਰਾਲੇ ਦਾ ਖੇਤਰ ਹੈ। ਚੋਣ ਕਮਿਸ਼ਨ ਨੇ ਇਹ ਕਹਿ ਕੇ ਜਵਾਬ ਦਿੱਤਾ ਕਿ ਸੰਵਿਧਾਨ ਦੀ ਧਾਰਾ 326 ਦੇ ਤਹਿਤ ਭਾਰਤ ਵਿੱਚ ਵੋਟਰ ਹੋਣ ਲਈ ਨਾਗਰਿਕਤਾ ਦੀ ਜਾਂਚ ਜ਼ਰੂਰੀ ਹੈ।

ਸੁਪਰੀਮ ਕੋਰਟ ਵਿੱਚ ਇਸ ਮਾਮਲੇ 'ਤੇ 10 ਤੋਂ ਵੱਧ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਇੱਕ 'ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼' (ਏ ਡੀ ਆਰ) ਨੇ ਦਾਇਰ ਕੀਤੀ ਹੈ, ਜੋ ਮਾਮਲੇ ਦੀ ਮੁੱਖ ਪਟੀਸ਼ਨਰ ਹੈ। ਰਾਜਦ ਸਾਂਸਦ ਮਨੋਜ ਝਾਅ ਅਤੇ ਤ੍ਰਿਣਮੂਲ ਕਾਂਗਰਸ ਸਾਂਸਦ ਮਹੂਆ ਮੋਇਤਰਾ, ਕਾਂਗਰਸ ਦੇ ਕੇ ਸੀ ਵੇਣੂਗੋਪਾਲ, ਐੱਨ ਸੀ ਪੀ (ਸ਼ਰਦ ਪਵਾਰ) ਨੇਤਾ ਸੁਪ੍ਰਿਆ ਸੂਲੇ, ਸੀ ਪੀ ਆਈ ਨੇਤਾ ਡੀ ਰਾਜਾ, ਸਮਾਜਵਾਦੀ ਪਾਰਟੀ ਦੇ ਹਰਿੰਦਰ ਸਿੰਘ ਮਲਿਕ, ਸ਼ਿਵ ਸੈਨਾ (ਯੂ ਬੀ ਟੀ) ਨੇਤਾ ਅਰਵਿੰਦ ਸਾਵੰਤ, ਜੇ ਐੱਮ ਐੱਮ ਦੇ ਸਰਫਰਾਜ਼ ਅਹਿਮਦ ਅਤੇ ਸੀ ਪੀ ਆਈ (ਐੱਮ ਐੱਲ) ਦੇ ਦੀਪਾਂਕਰ ਭੱਟਾਚਾਰੀਆ ਨੇ ਵੀ ਚੋਣ ਕਮਿਸ਼ਨ ਦੇ ਹੁਕਮਾਂ ਨੂੰ ਰੱਦ ਕਰਨ ਲਈ ਨਿਰਦੇਸ਼ ਦੇਣ ਦੀ ਮੰਗ ਕਰਦੇ ਹੋਏ ਸਿਖਰਲੀ • ਬਾਕੀ ਸਫਾ 2 'ਤੇ

## ਕੇਂਦਰ ਸਰਕਾਰ ਆਦਿਵਾਸੀਆਂ ਦਾ ਉਜਾੜਾ ਫੌਰੀ ਬੰਦ ਕਰੇ : ਬਰਾੜ

### ਬਾਬਾ ਸੋਹਣ ਸਿੰਘ ਭਕਨਾ ਦੀ ਯਾਦਗਾਰ ਤੋਂ 21 ਅਗਸਤ ਤੋਂ ਜਥਾ ਚੱਲੇਗਾ : ਮਾੜੀਮੇਘਾ, ਆਸਲ



**ਅੰਮ੍ਰਿਤਸਰ** : ਸੀ ਪੀ ਆਈ ਦੀ ਕੁੱਲ ਹਿੰਦ ਕਾਂਗਰਸ, ਜੋ 21 ਤੋਂ 25 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਹੈ, ਦੀਆਂ ਤਿਆਰੀਆਂ ਤੇ ਪ੍ਰਚਾਰ ਦੇ ਸੰਬੰਧ ਵਿੱਚ ਪੁਤਲੀਘਰ ਏਕਤਾ ਭਵਨ ਵਿਖੇ ਦਵਿੰਦਰ ਸੋਹਲ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ।

ਮੀਟਿੰਗ ਵਿੱਚ ਜ਼ਿਲ੍ਹਾ ਅੰਮ੍ਰਿਤਸਰ, ਤਰਨ ਤਾਰਨ, ਜਲੰਧਰ, ਨਵਾਂ ਸਹਿਰ ਅਤੇ ਅੰਮ੍ਰਿਤਸਰ ਦਿਹਾਤੀ ਦੇ ਕਾਮਰੇਡ ਸ਼ਾਮਲ ਹੋਏ। ਸੂਬਾ ਪਾਰਟੀ ਵੱਲੋਂ ਸੂਬਾ ਸਕੱਤਰ ਬੰਤ ਸਿੰਘ ਬਰਾੜ, ਕੌਮੀ ਕੌਂਸਲ ਮੈਂਬਰਾਂ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਅਮਰਜੀਤ ਸਿੰਘ ਆਸਲ, ਦੇਵੀ ਕੁਮਾਰੀ ਸੂਬਾ ਸਕੱਤਰੇਤ ਮੈਂਬਰ, ਸੂਬਾ ਕਾਰਜਕਾਰਨੀ ਦੇ ਮੈਂਬਰ ਲਖਬੀਰ ਸਿੰਘ ਨਿਜ਼ਾਮਪੁਰਾ, ਦਵਿੰਦਰ ਸੋਹਲ, ਦਸਵਿੰਦਰ ਕੌਰ ਤੇ ਮਹਿੰਦਰਪਾਲ ਸਿੰਘ ਮੁਹਾਲੀ, ਸੀ ਪੀ ਆਈ ਜਲੰਧਰ ਜ਼ਿਲ੍ਹੇ ਦੇ ਸਕੱਤਰ ਰਛਪਾਲ ਕੈਲੇ, ਸੀ ਪੀ ਆਈ ਨਵਾਂ ਸ਼ਹਿਰ ਜ਼ਿਲ੍ਹੇ ਦੇ ਸਕੱਤਰ ਨਰਿੰਜਨ ਦਾਸ, ਸੂਬਾ ਕੌਂਸਲ ਮੈਂਬਰ ਬਲਕਾਰ ਸਿੰਘ ਵਲਟੋਹਾ ਤੇ ਮੰਗਲ ਸਿੰਘ ਖੁਜਾਲਾ ਸਾਮਲ ਹੋਏ। ਮੀਟਿੰਗ ਤੋਂ ਬਾਅਦ ਬੰਤ ਸਿੰਘ ਬਰਾੜ ਨੇ ਕਿਹਾ ਕਿ ਭਾਰਤ ਦੇ ਅਜੋਕੇ ਹਾਲਾਤ ਵਿੱਚ ਹੋ ਰਹੀ ਚੰਡੀਗੜ੍ਹ ਪਾਰਟੀ ਕਾਂਗਰਸ ਦੀ ਬਹੁਤ ਮਹੱਤਤਾ ਹੈ, ਜਿਸ ਨੇ 5 ਦਿਨ ਵਿਚਾਰਾਂ ਕਰਨ ਤੋਂ ਬਾਅਦ ਦੇਸ਼ ਦੀ ਜਨਤਾ ਨੂੰ ਖੁਸ਼ਹਾਲ ਬਣਾਉਣ ਦਾ ਪ੍ਰੋਗਰਾਮ ਦੇਣਾ ਹੈ।

ਉਨ੍ਹਾ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਜਲ, ਜੰਗਲ, ਜ਼ਮੀਨ ਕੌਡੀਆਂ ਦੇ ਭਾਅ ਵੇਚਣ ਵਾਸਤੇ ਮਾਓਵਾਦੀਆਂ ਦਾ ਖਾਤਮਾ ਅਤੇ ਆਦਿਵਾਸੀਆਂ ਨੂੰ ਜੰਗਲਾਂ ਚੋਂ ਉਜਾੜ ਰਹੀ ਹੈ। ਮੋਦੀ-ਸ਼ਾਹ ਦੀ ਜੁੰਡਲੀ ਨੇ ਸੈਂਕੜੇ ਪਿੰਡ ਆਦਿਵਾਸੀਆਂ ਦੇ ਉਜਾੜ ਕੇ ਉਨ੍ਹਾਂ ਨੂੰ ਕੈਂਪਾਂ ਵਿੱਚ ਸ਼ਰਨ ਦਿੱਤੀ ਹੋਈ ਹੈ। ਜੰਗਲਾਂ ਦਾ ਵੱਡਾ ਹਿੱਸਾ ਕਾਰਪੋਰੇਟ ਹਵਾਲੇ ਕਰ ਦਿੱਤਾ ਗਿਆ ਹੈ। ਜੰਗਲ ਵਿੱਚ ਪਾਏ ਜਾ ਰਹੇ ਕੁਦਰਤੀ ਖਣਿਜ ਪਦਾਰਥ ਵੀ ਦੇਸੀ-ਵਿਦੇਸ਼ੀ ਕਾਰਪੋਰੇਟ ਲੁੱਟ ਰਹੇ ਹਨ। ਬਰਾੜ ਨੇ ਕਿਹਾ ਕੇਂਦਰੀ ਹਕੂਮਤ ਦਾ ਇਹ ਵਰਤਾਰਾ ਫੌਰੀ ਤੌਰ 'ਤੇ ਬੰਦ ਹੋਣਾ ਚਾਹੀਦਾ ਹੈ।

ਪਿਰਥੀਪਾਲ ਸਿੰਘ ਮਾੜੀਮੇਘਾ ਤੇ ਅਮਰਜੀਤ ਸਿੰਘ ਆਸਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਰਾਹੀਂ ਮੁੱਖ ਸ਼ਹਿਰਾਂ ਦੇ ਨਜ਼ਦੀਕ ਵਾਲੇ ਕਿਸਾਨਾਂ ਦੀ ਜ਼ਮੀਨ ਇਕੁਆਇਰ ਕਰਕੇ ਨਵੀਆਂ ਕਾਲੋਨੀਆਂ ਵਸਾਉਣਾ ਠੀਕ ਨਹੀਂ। ਸਰਕਾਰ ਇਮਾਰਤਾਂ ਬਣਾਉਣ ਵਾਸਤੇ ਵੱਡੀਆਂ-ਵੱਡੀਆਂ ਫਰਮਾਂ ਤੋਂ ਪੈਸਾ ਬਟੋਰੇਗੀ। ਗਰੀਬ ਕਿਸਾਨਾਂ ਨੂੰ ਜੋ ਜ਼ਮੀਨ ਇਕੁਆਇਰ ਕਰਨ ਦਾ ਪੈਸਾ ਮਿਲੇਗਾ, ਉਹ ਘਰਾਂ ਵਿੱਚ ਖਾ ਕੇ ਜ਼ਮੀਨ ਤੋਂ ਵਾਂਝੇ ਹੋ ਜਾਣਗੇ। ਸਰਕਾਰ ਇਹ ਸਕੀਮ ਬੰਦ ਕਰੇ। ਪੰਜਾਬ ਦੇ ਹਾਲਾਤ ਠੀਕ ਨਹੀਂ ਹਨ ਤੇ ਗੁੰਡਾ ਤੇ ਲੁਟੇਰੇ ਗਰੋਹਾਂ ਦੀ ਭਰਮਾਰ ਹੈ। ਦਿਨ-ਦਿਹਾੜੇ ਕਤਲ ਹੋ ਰਹੇ ਹਨ। ਪੰਜਾਬ ਸਰਕਾਰ ਗੁੰਡਾਗਰਦੀ ਨੂੰ ਨੱਥ ਪਾਵੇ। ਆਗੂਆਂ ਕਿਹਾ ਕਿ ਕਾਂਗਰਸ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ 4 ਅਗਸਤ ਨੂੰ ਗੁਰੂਆਂ ਦੀ ਧਰਤੀ 'ਤੇ ਅੰਮ੍ਰਿਤਸਰ ਵਿਖੇ ਔਰਤਾਂ ਦੀਆਂ ਸਮੱਸਿਆਵਾਂ 'ਤੇ ਸੈਮੀਨਾਰ ਹੋਵੇਗਾ, ਜਿਸ ਵਿੱਚ ਤਰਨ ਤਾਰਨ, ਅੰਮ੍ਰਿਤਸਰ, ਗੁਰਦਾਸਪੁਰ ਤੇ ਪਠਾਨਕੋਟ ਦੀਆਂ ਔਰਤਾਂ ਸ਼ਾਮਲ ਹੋਣਗੀਆਂ। ਇਸੇ ਤਰ੍ਹਾਂ 21 ਅਗਸਤ ਨੂੰ ਕਾਂਗਰਸ ਦੇ ਪ੍ਰਚਾਰ ਲਈ ਬਾਬਾ ਸੋਹਣ ਸਿੰਘ ਭਕਨਾ ਦੀ ਯਾਦਗਾਰ ਭਕਨੇ ਤੋਂ ਜਥਾ ਆਰੰਭ ਹੋਵੇਗਾ। ਇਹ ਜਥਾ ਭਕਨੇ ਤੋਂ ਝਬਾਲ, ਤਰਨ ਤਾਰਨ, ਵੇਈਂਪੂਈਂ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਨਗਰ ਖਡੂਰ ਸਾਹਿਬ, ਅੰਮ੍ਰਿਤਸਰ ਸ਼ਹਿਰ ਤੇ ਦਿਹਤੀ ਇਲਾਕਾ, ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ ਅਤੇ ਖਟਕੜ ਕਲਾਂ ਵਿਖੇ ਸ਼ਹੀਦਾਂ ਦੇ ਨਤਮਸਤਕ ਹੋ ਕੇ ਸਮਾਪਤੀ ਕਰੇਗਾ।

## 'ਮੁੱਖ ਮੰਤਰੀ ਸਿਹਤ ਯੋਜਨਾ' ਨੂੰ ਕੈਬਨਿਟ ਵੱਲੋਂ ਮਨਜ਼ੂਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਦੇਸ਼ ਦੀ ਆਪਣੀ ਤਰ੍ਹਾਂ ਦੀ ਪਹਿਲੀ ਸਕੀਮ ਮੁੱਖ ਮੰਤਰੀ ਸਿਹਤ ਯੋਜਨਾ ਨੂੰ ਵੀਰਵਾਰ ਮਨਜ਼ੂਰੀ ਦੇ ਦਿੱਤੀ। ਇਸ ਤਹਿਤ ਸੂਬਾ ਵਾਸੀ 10 ਲੱਖ ਰੁਪਏ ਦਾ ਡਾਕਟਰੀ ਇਲਾਜ ਨਕਦੀ ਰਹਿਤ ਕਰਵਾ ਸਕਦੇ ਹਨ। ਇਹ ਸਕੀਮ 2 ਅਕਤੂਬਰ ਤੋਂ ਸ਼ੁਰੂ ਹੋਵੇਗੀ।ਇਸ ਸਕੀਮ ਦਾ ਲਾਭ ਪੰਜਾਬ ਦੀ ਸਮੁੱਚੀ ਤਿੰਨ ਕਰੋੜ ਵਸੋਂ ਨੂੰ ਹੋਵੇਗਾ ਅਤੇ ਹੁਣ ਤੱਕ 550 ਤੋਂ ਵੱਧ ਪ੍ਰਾਈਵੇਟ ਹਸਪਤਾਲਾਂ ਨੂੰ ਇਸ ਯੋਜਨਾ ਲਈ ਸੂਚੀਬੱਧ ਕੀਤਾ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਹ ਗਿਣਤੀ ਇੱਕ ਹਜ਼ਾਰ ਤੱਕ ਵਧਾਈ ਜਾਵੇਗੀ। ਪਹਿਲਾਂ ਹਰੇਕ ਪਰਵਾਰ ਸਿਰਫ਼ ਪੰਜ ਲੱਖ ਰੁਪਏ ਤੱਕ ਦਾ ਇਲਾਜ ਕਰਵਾ ਸਕਦਾ ਸੀ, ਇਸ ਹੱਦ ਨੂੰ ਹੁਣ ਵਧਾ ਕੇ 10 ਲੱਖ ਰੁਪਏ ਤੱਕ ਕਰ ਦਿੱਤਾ ਗਿਆ ਹੈ।ਇਸ ਸਕੀਮ ਅਧੀਨ ਸਰਕਾਰੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਸਮੇਤ ਪੰਜਾਬ ਦਾ ਹਰੇਕ ਨਾਗਰਿਕ ਸਿਹਤ ਸੰਭਾਲ ਸੇਵਾ ਮੁਫ਼ਤ ਹਾਸਲ ਕਰਨ ਲਈ ਯੋਗ ਹੋਵੇਗਾ, ਇਸ ਲਈ ਆਮਦਨ ਦੀ ਕੋਈ ਹੱਦ ਨਹੀਂ ਹੈ। ਪਹਿਲਾਂ ਆਮਦਨ ਹੱਦ ਦਾ ਮਾਪਦੰਡ ਹੋਣ ਕਾਰਨ ਸਿਰਫ਼ ਚੋਣਵੇਂ ਪਰਵਾਰਾਂ ਨੂੰ ਹੀ ਇਸ ਸਕੀਮ ਅਧੀਨ ਲਾਭ ਮਿਲਦਾ ਸੀ, ਪਰ ਹੁਣ ਸਾਰੇ ਪੰਜਾਬ ਵਾਸੀਆਂ ਨੂੰ ਇਸ ਦਾ ਲਾਭ ਮਿਲੇਗਾ।

ਇਸ ਸਕੀਮ ਤਹਿਤ ਸਿਹਤ ਕਾਰਡ ਸੇਵਾ ਕੇਂਦਰ ਜਾਂ ਕਾਮਨ ਸਰਵਿਸ ਸੈਂਟਰ (ਸੀ ਐੱਸ ਸੀਜ਼) ਰਾਹੀਂ ਜਾਰੀ ਹੋਣਗੇ। ਇਸ ਤੋਂ ਇਲਾਵਾ ਲੋਕ ਆਪਣੇ ਵੋਟਰ ਕਾਰਡ ਜਾਂ ਆਧਾਰ ਕਾਰਡ ਦੀ ਵਰਤੋਂ ਕਰ ਕੇ ਆਨਲਾਈਨ ਰਜਿਸਟਰੇਸ਼ਨ ਰਾਹੀਂ ਵੀ ਸਿਹਤ ਕਾਰਡ ਹਾਸਲ ਕਰ ਸਕਦੇ ਹਨ। ਇਸ ਸਕੀਮ ਅਧੀਨ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਮੁਹੱਈਆ ਹੋਵੇਗਾ। ਨਿਵੇਸ਼ਕਾਂ ਨੂੰ ਦਰਪੇਸ਼ ਮੁਸ਼ਕਲਾਂ ਦੇ ਮੱਦੇਨਜ਼ਰ ਮੰਤਰੀ ਮੰਡਲ ਨੇ 4 ਜੂਨ ਤੋਂ ਪਾਪੂਲਰ ਐਕਟ ਜਾਂ ਮੈਗਾ ਪ੍ਰਾਜੈਕਟ ਨੀਤੀ ਅਧੀਨ ਵਿਕਸਤ ਕੀਤੇ ਗਏ ਪ੍ਰਾਜੈਕਟਾਂ ਤੋਂ ਸੀ ਐੱਲ ਯੂ, ਈ ਡੀ ਸੀ, ਐੱਲ ਐੱਫ ਅਤੇ ਹੋਰ ਖਰਚੇ ਵਸੂਲਣ ਲਈ ਨੋਟੀਫਿਕੇਸ਼ਨ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਵਿੱਚ ਇਹ ਚਾਰਜ 4 ਜੂਨ ਦੇ ਵਿਆਪਕ ਨੋਟੀਫਿਕੇਸ਼ਨ ਰਾਹੀਂ ਸੂਬੇ ਵਿੱਚ ਸਥਾਪਤ ਕੀਤੇ ਜਾਣ ਵਾਲੇ ਸਾਰੇ ਨਵੇਂ ਰੀਅਲ ਅਸਟੇਟ ਪ੍ਰਾਜੈਕਟਾਂ ਅਤੇ ਪਹਿਲੀ ਅਪ੍ਰੈਲ ਤੋਂ ਚੱਲ ਰਹੇ ਪ੍ਰਾਜੈਕਟਾਂ ਦੀਆਂ ਨਵੀਂਆਂ ਐਕਸਟੈਂਸ਼ਨਾਂ • ਬਾਕੀ ਸਫਾ 2 'ਤੇ

## ਸ਼ਰਧਾਂਜਲੀ ਦੇ ਕੇ ਉੱਠ ਗਿਆ ਅਜਲਾਸ

**ਚੰਡੀਗੜ੍ਹ** : ਪੰਜਾਬ ਵਿਧਾਨ ਸਭਾ ਦੇ ਦੋ ਰੋਜ਼ਾ ਇਜਲਾਸ ਦੇ ਪਹਿਲੇ ਦਿਨ ਵੀਰਵਾਰ ਵਿੱਛੜੀਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਗੁਜਰਾਤ 'ਚ ਹਵਾਈ ਹਾਦਸੇ 'ਚ ਮਾਰੇ ਗਏ ਢਾਈ ਸੌ ਤੋਂ ਵੱਧ ਲੋਕਾਂ, ਅਬੋਹਰ 'ਚ ਮਾਰੇ ਗਏ ਕੱਪੜਾ ਵਪਾਰੀ ਸੰਜੇ ਵਰਮਾ ਤੋਂ ਇਲਾਵਾ ਤਰਨ ਤਾਰਨ ਤੋਂ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ, ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ, ਸਾਹਿਤਕਾਰ ਰਤਨ ਸਿੰਘ ਜੱਗੀ ਅਤੇ ਤਿੰਨ ਫੌਜੀਆਂ-ਨਾਇਕ ਸੁਰਿੰਦਰ ਸਿੰਘ, ਲਾਂਸ ਨਾਇਕ ਬਲਜੀਤ ਸਿੰਘ ਤੇ ਗੁਰਪ੍ਰੀਤ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਗਈ। 11 ਮਿੰਟ ਚੱਲੇ ਸੈਸ਼ਨ ਨੂੰ ਸ਼ਰਧਾਂਜਲੀ ਸਮਾਗਮ ਮਗਰੋਂ ਉਠਾ ਦਿੱਤਾ ਗਿਆ। ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾ ਦੇ ਕੁਝ ਕੈਬਨਿਟ ਸਹਿਯੋਗੀ ਗੈਰਹਾਜ਼ਰ ਰਹੇ। ਸ਼੍ਰੋਮਣੀ ਅਕਾਲੀ ਦਲ ਦੀ ਵਿਧਾਇਕ ਗਨੀਵ ਕੌਰ ਮਜੀਠੀਆ ਵੀ ਗੈਰਹਾਜ਼ਰ ਸੀ। ਕਾਂਗਰਸ ਦੇ 11 ਵਿਧਾਇਕ ਮੌਜੂਦ ਸਨ।

## ਭਾਰਤੀ ਸਣੇ 2 ਦੀ ਮੌਤ

**ਓਟਵਾ** : ਕੈਨੇਡਾ ਦੇ ਮੈਨੀਟੋਬਾ ਸੂਬੇ ਵਿੱਚ ਮੰਗਲਵਾਰ ਦੋ ਜਹਾਜ਼ ਟਕਰਾਉਣ ਕਾਰਨ ਇੱਕ ਭਾਰਤੀ ਸਿੱਖਿਆਰਥੀ ਪਾਇਲਟ ਸਮੇਤ ਦੋ ਦੀ ਮੌਤ ਹੋ ਗਈ। ਭਾਰਤੀ ਪਾਇਲਟ, ਜਿਸ ਦੀ ਪਛਾਣ ਸ੍ਰੀਹਰੀ ਸੁਕੇਸ਼ ਵਜੋਂ ਹੋਈ ਹੈ, ਦਾ ਸਿੰਗਲ ਇੰਜਣ ਵਾਲਾ ਜਹਾਜ਼ ਅਜਿਹੇ ਹੀ ਇੱਕ ਹੋਰ ਜਹਾਜ਼ ਨਾਲ ਟਕਰਾ ਗਿਆ। ਦੂਜੇ ਜਹਾਜ਼ ਨੂੰ 20 ਸਾਲਾ ਸਾਵਨਾ ਮੇਅ ਰੋਇਜ਼ ਉਡਾ ਰਿਹਾ ਸੀ ਅਤੇ ਉਸ ਨੇ ਆਪਣੇ ਪਿਤਾ ਦੇ ਨਕਸ਼ੇ-ਕਦਮਾਂ 'ਤੇ ਚਲਦਿਆਂ ਪਾਇਲਟ ਬਣਨ ਦਾ ਸੁਪਨਾ ਦੇਖਿਆ ਸੀ। ਹਾਦਸਾ ਸਟੇਨਬਾਕ, ਵਿਨੀਪੈੱਗ ਤੋਂ ਲਗਭਗ 50 ਕਿਲੋਮੀਟਰ ਦੱਖਣ-ਪੂਰਬ ਵਿੱਚ ਹੋਇਆ। ਦੋਨੋਂ ਟੇਕ ਆਫ ਅਤੇ ਲੈਂਡਿੰਗ ਦਾ ਅਭਿਆਸ ਕਰਦੇ ਹੋਏ ਲੈਂਡਿੰਗ ਸਟ੍ਰਿਪ ਦੇ ਨੇੜੇ ਪਹੁੰਚਦੇ ਸਮੇਂ ਟਕਰਾਏ।

### ਇੱਕ ਪਾਇਲਟ ਰੋਹਤਕ ਤੇ ਦੂਜਾ ਪਾਲੀ ਦਾ ਸੀ



**ਨਵੀਂ ਦਿੱਲੀ** : ਰਾਜਸਥਾਨ ਦੇ ਚੁਰੂ ਵਿੱਚ ਬੁੱਧਵਾਰ ਨੂੰ ਜੈਗੁਆਰ ਲੜਾਕੂ ਜਹਾਜ਼ ਹਾਦਸੇ ਵਿੱਚ ਮਾਰੇ ਗਏ ਭਾਰਤੀ ਹਵਾਈ ਸੈਨਾ ਦੇ ਦੋ ਪਾਇਲਟਾਂ ਦੀ ਪਛਾਣ ਹਰਿਆਣਾ ਦੇ ਰੋਹਤਕ ਤੋਂ ਸਕੁਐਡਰਨ ਲੀਡਰ ਲੋਕੇਂਦਰ ਸਿੰਘ ਸਿੰਧੂ (44) ਅਤੇ ਰਾਜਸਥਾਨ ਦੇ ਪਾਲੀ ਜ਼ਿਲ੍ਹੇ ਦੇ ਸੁਮੇਰਪੁਰ ਤੋਂ ਫਲਾਈਟ ਲੈਫਟੀਨੈਂਟ ਰਿਸ਼ੀਰਾਜ ਸਿੰਘ ਦੇਵੜਾ (23) ਵਜੋਂ ਹੋਈ ਹੈ। ਦੋਵੇਂ ਅੰਬਾਲਾ ਏਅਰਬੇਸ 'ਤੇ ਪੋਸਟਡ ਸਨ ਅਤੇ ਨਿਯਮਤ ਸਿਖਲਾਈ ਅਭਿਆਸ ਲਈ ਰਾਜਸਥਾਨ ਦੇ ਬਾੜਮੇਰ ਏਅਰਬੇਸ 'ਤੇ ਤਾਇਨਾਤ ਸਨ।

## ਭਾਜਪਾ ਲਾਰੈਂਸ ਬਿਸ਼ਨੋਈ ਨੂੰ ਵਰਤ ਰਹੀ : ਚੀਮਾ

**ਚੰਡੀਗੜ੍ਹ** : ਵੀਰਵਾਰ ਵਿਧਾਨ ਸਭਾ ਦੇ ਸੈਸ਼ਨ ਮਗਰੋਂ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਅਬੋਹਰ ਵਿੱਚ ਵਪਾਰੀ ਦਾ ਹੋਇਆ ਕਤਲ ਲਾਰੈਂਸ ਬਿਸ਼ਨੋਈ ਵੱਲੋਂ ਕਰਵਾਇਆ ਗਿਆ ਹੈ, ਜੋ ਗੁਜਰਾਤ ਜੇਲ੍ਹ ਵਿੱਚ ਹੈ। ਉਨ੍ਹਾ ਕਿਹਾ, "ਬਹੁਤ ਦੁੱਖ ਦੀ ਗੱਲ ਹੈ ਕਿ ਉਹ ਗੁਜਰਾਤ ਵਿੱਚ ਬੈਠਾ ਪੰਜਾਬ ਨੂੰ ਨਿਸ਼ਾਨਾ ਬਣਾ ਰਿਹਾ ਹੈ, ਉਸ ਨੂੰ ਉੱਥੇ ਕਿਉਂ ਰੱਖਿਆ ਜਾ ਰਿਹਾ ਹੈ?" ਚੀਮਾ ਨੇ ਕਿਹਾ ਕਿ ਭਾਜਪਾ ਇਨ੍ਹਾਂ ਗੈਂਗਸਟਰਾਂ ਨੂੰ ਆਪਣੀ ਪਕੜ ਵਿੱਚ ਰੱਖਣਾ ਚਾਹੁੰਦੀ ਹੈ ਅਤੇ ਉਨ੍ਹਾਂ ਦੀ ਵਰਤੋਂ ਗੈਰਭਾਜਪਾਈ ਰਾਜਾਂ ਵਿੱਚ ਅਸ਼ਾਂਤੀ ਪੈਦਾ ਕਰਨ ਲਈ ਕਰਨਾ ਚਾਹੁੰਦੀ ਹੈ। ਪਰ ਪੰਜਾਬ ਸਰਕਾਰ ਸ਼ਾਂਤੀ ਯਕੀਨੀ ਬਣਾਉਣ ਲਈ ਇਮਾਨਦਾਰੀ ਨਾਲ ਵਚਨਬੱਧ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਭਾਜਪਾ, ਕਾਂਗਰਸ ਅਤੇ ਅਕਾਲੀ ਦਲ ਸਮੇਤ ਸਾਰੇ ਆਗੂ ਅਸਲ ਵਿੱਚ ਡਰੱਗ ਮਾਫੀਆ ਦੇ ਹੱਕ ਵਿੱਚ ਕੰਮ ਕਰ ਰਹੇ ਹਨ ਅਤੇ ਇੱਥੋਂ ਤੱਕ ਕਿ ਖੁੱਲ੍ਹੇਆਮ ਗੈਂਗਸਟਰਾਂ ਦਾ ਸਮਰਥਨ ਕਰ ਰਹੇ ਹਨ। ਚੀਮਾ ਨੇ ਕਿਹਾ ਕਿ ਉਹ ਪਿਛਲੀਆਂ ਸਰਕਾਰਾਂ ਦੇ ਕੰਡੇ ਚੁਗ ਰਹੇ ਹਨ। ਭਾਜਪਾ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਨ੍ਹਾ ਕਿਹਾ, "ਜਨਤਾ ਵਿੱਚ ਰੌਲਾ ਪਾਉਣ ਦੀ ਬਜਾਏ ਪਾਰਟੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਸੰਪਰਕ ਕਿਉਂ ਨਹੀਂ ਕਰਦੀ ਅਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਪੰਜਾਬ ਦੀ ਜੇਲ੍ਹ ਵਿੱਚ ਕਿਉਂ ਨਹੀਂ ਭੇਜਦੀ।"

## ਪੁੱਛੇ ਬਿਨਾਂ ਬੀਬੀਆਂ ਨੂੰ ਫਿਲਮਾਉਣ ਵਾਲਾ ਗ੍ਰਿਫਤਾਰ



**ਬੇਂਗਲੁਰੂ** : ਸ਼ਹਿਰ ਦੇ ਮਸ਼ਹੂਰ ਅਤੇ ਭੀੜ-ਭਾੜ ਵਾਲੇ ਸਥਾਨਾਂ 'ਤੇ ਔਰਤਾਂ ਨੂੰ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਫਿਲਮਾਉਣ ਅਤੇ ਵੀਡੀਓ ਆਨਲਾਈਨ ਪੋਸਟ ਕਰਨ ਦੇ ਸੰਬੰਧ 'ਚ ਬੇਂਗਲੁਰੂ ਪੁਲਸ ਨੇ 26 ਸਾਲਾ ਗੁਰਦੀਪ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਬੇਂਗਲੁਰੂ ਦੀ ਇੱਕ ਵਿਦਿਆਰਥਣ ਨੇ ਆਪਣੀ ਇੱਕ ਵੀਡੀਓ ਇੱਕ ਸੋਸ਼ਲ ਮੀਡੀਆ ਪੇਜ 'ਤੇ ਦੇਖੀ, ਜਿਸ ਵਿੱਚ ਚਰਚ ਸਟਰੀਟ ਅਤੇ ਕੋਰਮੰਗਲਾ ਵਰਗੇ ਖੇਤਰਾਂ ਤੋਂ ਸਟਰੀਟ ਸੀਨ ਦਿਖਾਉਣ ਦਾ ਦਾਅਵਾ ਕੀਤਾ ਗਿਆ ਸੀ। ਉਸ ਨੇ ਕਿਹਾ ਕਿ ਵੀਡੀਓ ਉਸ ਦੀ ਜਾਣਕਾਰੀ ਤੋਂ ਬਿਨਾਂ ਅਤੇ ਬਹੁਤ ਹੀ ਅਣਉਚਿਤ ਤਰੀਕੇ ਨਾਲ ਸ਼ੂਟ ਕੀਤੀ ਗਈ ਸੀ। ਕਲਿੱਪ ਦੀ ਰਿਪੋਰਟ ਕਰਨ ਅਤੇ ਇਸ ਨੂੰ ਹਟਾਉਣ ਦੀ ਬੇਨਤੀ ਕਰਨ ਦੇ ਬਾਵਜੂਦ, ਕੋਈ ਕਾਰਵਾਈ ਨਹੀਂ ਕੀਤੀ ਗਈ, ਬਲਕਿ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਉਸ ਨੂੰ ਅਜਨਬੀਆਂ ਤੋਂ ਅਸ਼ਲੀਲ ਸੰਦੇਸ਼ ਮਿਲਣੇ ਸ਼ੁਰੂ ਹੋ ਗਏ। ਇੰਸਟਾਗ੍ਰਾਮ 'ਤੇ ਜਾਗਰੂਕਤਾ ਫੈਲਾਉਣ ਲਈ ਪੋਸਟ ਕੀਤੀ ਇੱਕ ਵੀਡੀਓ ਵਿੱਚ ਕੁੜੀ ਨੇ ਕਿਹਾ, "ਇਹ ਵਿਅਕਤੀ ਚਰਚ ਸਟਰੀਟ ਦੇ ਆਲੇ-ਦੁਆਲੇ ਨੂੰ ਫਿਲਮਾਉਣ ਦਾ ਬਹਾਨਾ ਕਰਦਾ ਹੈ, ਪਰ ਅਸਲ ਵਿੱਚ ਉਹ ਸਹਿਮਤੀ ਤੋਂ ਬਿਨਾਂ ਸਿਰਫ ਔਰਤਾਂ ਨੂੰ ਰਿਕਾਰਡ ਕਰਦਾ ਹੈ।"

## ਕਾਰ ਸਵਾਰ ਦੀ ਹਾਦਸੇ 'ਚ ਮੌਤ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**-ਜਲੰਧਰ ਰਾਸ਼ਟਰੀ ਮਾਰਗ 'ਤੇ ਅੱਡਾ ਰਾਏਪੁਰ ਰਸੂਲਪੁਰ ਵਿਖੇ ਵੀਰਵਾਰ ਸਵੇਰੇ ਵਾਪਰੇ ਹਾਦਸੇ ਵਿੱਚ ਕਾਰ ਚਾਲਕ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਰਮਨਜੋਤ ਸਿੰਘ ਸੈਣੀ ਪੁੱਤਰ ਸੁਰਿੰਦਰ ਸਿੰਘ ਨੇੜੇ ਬਾਂਸਲ ਗੈਸ ਏਜੰਸੀ ਪਠਾਨਕੋਟ ਆਪਣੀ ਕਾਰ ਵਿੱਚ ਸਵੇਰੇ ਜਲੰਧਰ ਨੂੰ ਆ ਰਿਹਾ ਸੀ। ਕਾਰ ਬਹੁਤ ਹੀ ਜ਼ਿਆਦਾ ਤੇਜ਼ ਰਫਤਾਰ ਹੋਣ ਕਰਕੇ ਬੇਕਾਬੂ ਹੋ ਕੇ ਅੱਡਾ ਰਾਏਪੁਰ ਰਸੂਲਪੁਰ ਵਿਖੇ ਬਿਸਤ ਦੁਆਬ ਨਹਿਰ ਦੀ ਪੁਲੀ ਨਾਲ ਟਕਰਾਉਣ ਉਪਰੰਤ ਪੁਲੀ ਨਾਲ ਘਿਸੜਦੀ ਹੋਈ ਅੱਗੇ ਜਾ ਰਹੇ ਇੱਕ ਆਟੋ ਨਾਲ ਟਕਰਾਉਣ ਉਪਰੰਤ ਖੰਭੇ ਨਾਲ ਟਕਰਾ ਗਈ, ਜਿਸ ਕਾਰਨ ਬਿਜਲੀ ਦਾ ਖੰਭਾ ਟੁੱਟ ਕੇ ਜ਼ਮੀਨ 'ਤੇ ਡਿੱਗ ਪਿਆ। ਕਾਰ ਪਲਟੀਆਂ ਖਾਂਦੀ ਹੋਈ ਬਿਜਲੀ ਦੀਆਂ ਤਾਰਾਂ ਵਿੱਚ ਫਸ ਗਈ। ਸੜਕ ਸੁਰੱਖਿਆ ਫੋਰਸ ਦੇ ਮੁਲਾਜ਼ਮਾਂ ਨੇ ਕਾਰ ਚਾਲਕ ਨੂੰ ਭਾਰੀ ਮੁਸ਼ੱਕਤ ਦੇ ਬਾਅਦ ਬਾਹਰ ਕੱਢਿਆ ਅਤੇ ਨਿੱਜੀ ਹਸਪਤਾਲ ਦਾਖਲ ਕਰਵਾਇਆ, ਪ੍ਰੰਤੂ ਕਾਰ ਚਾਲਕ ਦੀ ਮੌਤ ਹੋ ਚੁੱਕੀ ਸੀ। ਕਾਰ ਦੀ ਪੁਲੀ ਨਾਲ ਟੱਕਰ ਐਨੀ ਭਿਆਨਕ ਸੀ ਕਿ ਕਾਰ ਦੇ ਪਰਖਚੇ ਉੱਡ ਗਏ। ਪੋਲ ਟੁੱਟਣ ਕਾਰਨ ਫੈਕਟਰੀਆਂ ਨੂੰ ਜਾਣ ਵਾਲੀ ਬਿਜਲੀ ਵੀ ਪ੍ਰਭਾਵਤ ਹੋਈ। ਬਿਜਲੀ ਮਹਿਕਮੇ ਦੇ ਕਰਮਚਾਰੀਆਂ ਨੇ ਪੋਲ ਲਗਾਉਣ ਉਪਰੰਤ ਬਿਜਲੀ ਸੇਵਾ ਨੂੰ ਚਾਲੂ ਕਰਵਾਇਆ।

## ਨਿੱਜੀ ਸਕੂਲ ਦੇ ਡਾਇਰੈਕਟਰ ਦਾ ਕਤਲ

**ਹਿਸਾਰ** : ਨਾਰਨੌਂਦ ਉਪ-ਮੰਡਲ ਦੇ ਬਾਸ ਪਿੰਡ 'ਚ ਵੀਰਵਾਰ ਇੱਕ ਪ੍ਰਾਈਵੇਟ ਸਕੂਲ ਦੇ ਡਾਇਰੈਕਟਰ ਦਾ ਦੋ ਵਿਦਿਆਰਥੀਆਂ ਨੇ ਚਾਕੂ ਮਾਰ ਕੇ ਕਤਲ ਕਰ ਦਿੱਤਾ। ਡਾਇਰੈਕਟਰ ਜਗਬੀਰ ਪੰਨੂੰ ਨੂੰ ਹਿਸਾਰ ਦੇ ਇੱਕ ਪ੍ਰਾਈਵੇਟ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੇ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ। ਇਹ ਘਟਨਾ ਕਰਤਾਰ ਮੈਮੋਰੀਅਲ ਪਬਲਿਕ ਸਕੂਲ ਵਿੱਚ ਸਵੇਰੇ 11 ਵਜੇ ਦੇ ਕਰੀਬ ਵਾਪਰੀ। 10+2 ਜਮਾਤ ਦੇ ਵਿਦਿਆਰਥੀਆਂ ਨੇ ਸਕੂਲ ਕੈਂਪਸ ਦੇ ਅੰਦਰ ਜਗਬੀਰ ਪੰਨੂੰ 'ਤੇ ਹਮਲਾ ਕੀਤਾ। ਅਚਾਨਕ ਹੋਏ ਹਮਲੇ ਕਾਰਨ ਉਹ ਆਪਣੇ ਆਪ ਨੂੰ ਬਚਾ ਨਹੀਂ ਸਕਿਆ। ਫਰਾਰ ਵਿਦਿਆਰਥੀਆਂ ਦੀ ਪਛਾਣ ਕਰ ਲਈ ਗਈ ਹੈ। ਹਮਲੇ ਦਾ ਮਕਸਦ ਸਪੱਸ਼ਟ ਨਹੀਂ ਹੋ ਸਕਿਆ ਹੈ।

## ਕੈਨੇਡਾ 'ਚ ਪੰਜ ਲੁਟੇਰੇ ਗ੍ਰਿਫਤਾਰ



ਗਰੋਹ ਦਾ ਸਰਗਨਾ ਪ੍ਰੀਤਪਾਲ ਕੂਨਰ ਅਤੇ ਫੜੇ ਗਏ ਅਭੀਜੋਤ ਸਿੰਘ, ਹਰਦਿਲ ਸਿੰਘ ਮਹਿਰੋਕ ਅਤੇ ਰਿਧਮਪ੍ਰੀਤ ਸਿੰਘ।

**ਵੈਨਕੂਵਰ** : ਪੀਲ ਪੁਲਸ ਦੀ ਵਿਸ਼ੇਸ਼ ਟੀਮ ਨੇ ਸੋਸ਼ਲ ਮੀਡੀਆ 'ਤੇ ਸਾਂਝ ਬਣਾਉਣ ਤੋਂ ਬਾਅਦ ਸੁੰਨਸਾਨ ਥਾਂ 'ਤੇ ਸੱਦ ਕੇ ਹਥਿਆਰਾਂ ਦੀ ਨੋਕ 'ਤੇ ਲੁੱਟ-ਖੋਹ ਕਰਨ ਤੇ ਫਿਰੌਤੀ ਮੰਗਣ ਵਾਲੇ ਗਰੋਹ ਦੇ ਪੰਜ ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚ ਦੋ ਨਾਬਾਲਗ ਹਨ। ਮੁਲਜ਼ਮਾਂ ਦੀ ਪਛਾਣ ਹਰਦਿਲ ਸਿੰਘ ਮਹਿਰੋਕ, ਰਿਧਮਪ੍ਰੀਤ ਸਿੰਘ ਤੇ ਅਭਿਜੋਤ ਸਿੰਘ ਵਜੋਂ ਕੀਤੀ ਗਈ ਹੈ, ਜਦ ਕਿ ਗਰੋਹ ਦੇ ਸਰਗਨੇ ਪ੍ਰੀਤਪਾਲ ਕੂਨਰ ਦੀ ਭਾਲ ਕੀਤੀ ਜਾ ਰਹੀ ਹੈ। ਨਾਬਾਲਗਾਂ ਦੀ ਪਛਾਣ ਜਨਤਕ ਕੀਤੇ ਜਾਣ 'ਤੇ ਪਾਬੰਦੀ ਹੈ। ਪੁਲਸ ਬੁਲਾਰੇ ਨੇ ਦੱਸਿਆ ਕਿ ਇਹ ਲੋਕ ਆਪਣੇ ਭਾਈਚਾਰੇ ਦੇ ਲੋਕਾਂ ਨਾਲ ਪਹਿਲਾਂ ਸੋਸ਼ਲ ਮੀਡੀਆ 'ਤੇ ਸਾਂਝ ਪਾਉਂਦੇ ਸਨ ਤੇ ਮਗਰੋਂ ਉਨ੍ਹਾਂ ਨੂੰ ਸਬਜ਼ਬਾਗ ਵਿਖਾ ਕੇ ਕਿਸੇ ਇਕਾਂਤ ਥਾਂ 'ਤੇ ਸੱਦ ਕੇ ਹਥਿਆਰਾਂ ਦੀ ਨੋਕ 'ਤੇ ਲੁੱਟ-ਖੋਹ ਕਰਦੇ ਸਨ। ਅਪਰੈਲ ਤੇ ਮਈ ਮਹੀਨੇ ਦੌਰਾਨ ਇਸ ਗਰੋਹ ਨੇ ਕਈ ਘਟਨਾਵਾਂ ਕੀਤੀਆਂ। ਪੁਲਸ ਨੇ ਗਰੋਹ ਦਾ ਸ਼ਿਕਾਰ ਬਣੇ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ।

## ਗੈਰ-ਕਾਨੂੰਨੀ ਕਾਲ ਸੈਂਟਰ ਦਾ ਪਰਦਾ ਫਾਸ਼, 6 ਗ੍ਰਿਫਤਾਰ

**ਮੁਹਾਲੀ (ਗੁਰਜੀਤ ਬਿੱਲਾ)**

ਮੁਹਾਲੀ ਪੁਲਸ ਨੇ ਗੈਰ-ਕਾਨੂੰਨੀ ਢੰਗ ਨਾਲ ਚੱਲ ਰਹੇ ਇਕ ਕਾਲ ਸੈਂਟਰ ਦਾ ਪਰਦਾ ਫਾਸ਼ ਕੀਤਾ ਹੈ, ਜਿਸ ਦੌਰਾਨ 6 ਵਿਅਕਤੀਆਂ ਦੀ ਗ੍ਰਿਫ਼ਤਾਰੀ ਕੀਤੀ ਗਈ ਹੈ।ਕਪਤਾਨ ਪੁਲਸ (ਪੀ ਬੀ ਆਈ) ਦੀਪਿਕਾ ਸਿੰਘ ਅਨੁਸਾਰ ਇਹ ਗੈਰ-ਕਾਨੂੰਨੀ ਕਾਲ ਸੈਂਟਰ ਇੰਡਸਟਰੀਅਲ ਏਰੀਆ, ਫੇਸ 8-ਬੀ, ਮੁਹਾਲੀ ਵਿੱਚ ਰੋਹਿਤ ਮਹਿਰਾ ਨਾਂਅ ਦੇ ਵਿਅਕਤੀ ਵੱਲੋਂ ਚਲਾਇਆ ਜਾ ਰਿਹਾ ਸੀ।ਇਹ ਸੈਂਟਰ ਲਗਭਗ 8 ਤੋਂ 10 ਦਿਨ ਪਹਿਲਾਂ ਹੀ ਸ਼ੁਰੂ ਕੀਤਾ ਗਿਆ ਸੀ, ਪਰ ਏਨੇ ਥੋੜ੍ਹੇ ਸਮੇਂ ਵਿੱਚ ਹੀ ਇਹ ਗਰੋਹ ਕਰੀਬ 20,000 ਡਾਲਰ (ਅੰਦਾਜ਼ਨ 16 ਲੱਖ ਰੁਪਏ) ਦੀ ਠੱਗੀ ਕਰ ਚੁੱਕਾ ਸੀ।

ਉਨ੍ਹਾ ਦੱਸਿਆ ਕਿ ਤੁਰੰਤ ਕਾਰਵਾਈ ਕਰਦਿਆਂ ਛਾਪੇਮਾਰੀ ਕੀਤੀ ਗਈ, ਜਿਸ ਦੌਰਾਨ 6 ਮੁਲਜ਼ਮਾਂ ਨੂੰ 6 ਲੈਪਟਾਪ ਅਤੇ 3 ਮੋਬਾਇਲ ਫੋਨਾਂ ਸਮੇਤ ਗ੍ਰਿਫਤਾਰ ਕੀਤਾ ਗਿਆ।ਇਹ ਵਿਦੇਸ਼ੀ ਨਾਗਰਿਕਾਂ ਨੂੰ ਗੂਗਲ ਐਡ ਰਾਹੀਂ ਆਪਣੇ ਜਾਲ ਵਿੱਚ ਫਸਾਉਂਦੇ ਸਨ ਅਤੇ ਝੂਠੇ ਮੈਸੇਜਾਂ ਜਾਂ ਪਾਪ-ਐਪਸ ਰਾਹੀਂ ਇਹ ਦੱਸਦੇ ਸਨ ਕਿ ਉਨ੍ਹਾਂ ਦੇ ਕੰਪਿਊਟਰ ਜਾਂ ਲੈਪਟਾਪ ਵਿੱਚ ਤਕਨੀਕੀ ਖ਼ਾਮੀ ਆ ਗਈ ਹੈ।ਫ਼ਿਰ ਉਨ੍ਹਾਂ ਤੋਂ ਆਪਣੇ ਨੰਬਰਾਂ 'ਤੇ ਕਾਲ ਕਰਵਾਈ ਜਾਂਦੀ ਸੀ, ਠੱਗੀ ਦੇ ਜਾਲ਼ ਵਿੱਚ ਫਸੇ ਵਿਅਕਤੀਆਂ ਨੂੰ ਐਂਟੀ-ਵਾਇਰਸ ਜਾਂ ਸਿਸਟਮ ਅੱਪਡੇਟ ਦੇ ਨਾਂਅ 'ਤੇ ਐਪਲ ਜਾਂ ਵਾਲਮਾਰਟ ਗਿਫਟ ਕਾਰਡ ਖਰੀਦਣ ਲਈ ਕਿਹਾ ਜਾਂਦਾ ਸੀ, ਜਿਸ ਦੇ ਕੋਡ ਲੈ ਕੇ ਉਨ੍ਹਾਂ ਨਾਲ ਧੋਖਾਧੜੀ ਕੀਤੀ ਜਾਂਦੀ ਸੀ।ਇਸ ਕਾਲ ਸੈਂਟਰ ਦਾ • ਬਾਕੀ ਸਫਾ 2 'ਤੇ

## ਭੋਗਪੁਰ ਵਿਸ਼ੇਸ਼ ਸਪਲੀਮੈਂਟ



ਭੈਣ-ਭਰਾ ਦੇ ਪਿਆਰ ਦੇ ਪ੍ਰਤੀਕ ਤਿਉਹਾਰ ਰੱਖੜੀ ਮੌਕੇ ਭੋਗਪੁਰ ਵਿਸ਼ੇਸ਼ ਸਪਲੀਮੈਂਟ ਕੱਢਿਆ ਜਾ ਰਿਹਾ ਹੈ, ਇਸ ਸਬੰਧੀ ਵਿਸ਼ੇਸ਼ ਛਪਣਯੋਗ ਸਮਗਰੀ ਦੇਣ ਲਈ ਸਾਡੇ ਪੱਤਰਕਾਰ ਗੁਰਪ੍ਰੀਤ ਸਿੰਘ ਭੋਗਲ ਨਾਲ ਮੋਬਾਇਲ ਨੰ. 94636-82748 'ਤੇ ਸੰਪਰਕ ਕਰੋ।

-ਜਨਰਲ ਮੈਨੇਜਰ

## ਅੱਜ-ਨਾਮਾ

ਦਿੱਲੀ ਅੰਦਰ ਦੋ ਰਾਜਾਂ ਦੇ ਮਿਲੇ ਮੁਖੀਏ,
ਪਾਣੀ ਮਸਲੇ ਦੀ ਕਰੀ ਕੁਝ ਬਾਤ ਮੀਆਂ।
ਕਹਿੰਦੇ ਹੋਈ ਸੁਖਾਵੀਂ ਆ ਬੜੀ ਮੀਟਿੰਗ,
ਮਿਲੀ ਨਾ ਬੈਠਕ ਤੋਂ ਕੁਝ ਸੌਗਾਤ ਮੀਆਂ।
ਪੁਰਾਣੀ ਧਾਰਨਾ, ਦਲੀਲਾਂ ਵੀ ਸਨ ਉਹੀ,
ਖਬਰ ਉਹੀ ਆ ਮਾਰ ਲਉ ਝਾਤ ਮੀਆਂ।
ਕਹਿੰਦੇ ਸਾਰੇ ਹਨ ਆਪਣੇ ਪੱਖ ਦੀ ਬਾਤ,
ਸ਼ਬਦਾਂ ਵਿੱਚ ਹੀ ਅਰਥ ਅਰਥਾਤ ਮੀਆਂ।
ਹੁੰਦੀ ਲੱਗੀ ਜਿਉਂ ਗੱਡੀ ਹੈ ਜੈੱਕ ਉੱਪਰ,
ਦੱਸਦਾ ਮੀਟਰ ਆ ਬੜੀ ਰਫਤਾਰ ਮੀਆਂ।
ਪਹੀਏ ਜੈੱਕ 'ਤੇ ਹਵਾ ਵਿੱਚ ਘੁੰਮਣ ਲੱਗੇ,
ਰਹਿਣਾ ਆਰ ਨਹੀਂ ਜਾਵਣਾ ਪਾਰ ਮੀਆਂ।

-ਤੀਸ ਮਾਰ ਖਾਂ

## ਲੱਗੀ ਜੇ ਤੇਰੇ ਕਾਲਜੇ ਹਾਲੇ ਛੁਰੀ ਨਹੀਂ...

**ਸ਼ਾਹਕੋਟ (ਗਿਆਨ ਸੈਦਪੁਰੀ)**

ਇਨ੍ਹੀਂ ਦਿਨੀ ਸ਼ਾਹਕੋਟ ਦੀ ਸਿਆਸਤ ਚੰਗੇ ਰੌਂਅ 'ਚ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਦੇ ਸਿਆਸੀ ਰੁਤਬੇ ਨੂੰ ਵਧਾਇਆ ਹੈ ਤੇ ਕੋਹਾੜ ਦੇ ਸਿਆਸੀ ਹਮਰਾਹਾਂ ਵੱਲੋਂ ਵਧਾਈਆਂ ਦਾ ਸਿਲਸਿਲਾ ਨਿਰੰਤਰ ਜਾਰੀ ਹੈ।

ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਨਵੇਂ ਕਾਰਜਕਾਰੀ ਪ੍ਰਧਾਨ ਵਜੋਂ ਅਸ਼ਵਨੀ ਸ਼ਰਮਾ ਦੀ ਨਿਯੁਕਤੀ 'ਤੇ ਸਥਾਨਕ ਭਾਜਪਾਈ ਖੁਸ਼ ਹਨ। ਭਾਜਪਾ ਦੇ ਹਲਕਾ ਕੋਆਰਡੀਨੇਟਰ ਦੀਪਕ ਸ਼ਰਮਾ ਨੇ ਲੀਡਰਸ਼ਿਪ ਦੇ ਇਸ ਕਦਮ ਦੀ ਸ਼ਲਾਘਾ ਕੀਤੀ ਹੈ। ਉਹ ਭਾਜਪਾ ਲਈ ਸ਼ੁਭ ਸ਼ਗਨ ਮੰਨਦੇ ਹਨ। ਭਾਜਪਾ ਮੰਡਲ ਸ਼ਾਹਕੋਟ ਵੱਲੋਂ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਜਾਣਕਾਰੀ ਦੇਣ ਲਈ ਪਿੰਡਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ।

ਆਮ ਆਦਮੀ ਪਾਰਟੀ ਪੂਰੀ ਤਰ੍ਹਾਂ ਸਰਗਰਮ ਹੈ। ਕੁਝ ਸਥਾਨਕ ਆਗੂਆਂ ਨੂੰ ਨਵੇਂ ਅਹੁਦੇ ਦੇ ਕੇ ਪਾਰਟੀ ਨੇ ਉਹਨਾਂ ਦੀ ਹੌਸਲਾ-ਅਫਜ਼ਾਈ ਕੀਤੀ ਹੈ। ਕੁਝ ਹੋਰ ਕਾਰਕੁਨਾਂ ਅੰਦਰ ਮਾਣ ਬਖਸ਼ੇ ਜਾਣ ਦੀ ਆਸ ਅੰਗੜਾਈ ਲੈ ਰਹੀ ਹੈ।

ਕਾਂਗਰਸ ਪਾਰਟੀ ਦੀ ਸਥਾਨਕ ਸਿਆਸਤ ਹਮੇਸ਼ਾ ਵਾਂਗ ਚੁਸਤ-ਦਰੁਸਤ ਹੈ। ਨਗਰ ਪੰਚਾਇਤ 'ਤੇ ਕਾਂਗਰਸ ਪਾਰਟੀ ਕਾਬਜ਼ ਹੈ। ਇਸ ਕਾਰਨ ਕਈ ਵਾਰ ਕਾਂਗਰਸ ਅਤੇ 'ਆਪ' ਵਿੱਚ ਕਾਟੋ-ਕਲੇਸ਼ ਵੀ ਪੈਦਾ ਹੋ ਜਾਂਦਾ ਹੈ। ਇਸ ਨਾਲ ਸਗੋਂ ਦੋਹਾਂ ਧਿਰਾਂ ਦੀ ਸਰਗਰਮੀ ਹੋਰ ਵਧ ਜਾਂਦੀ ਹੈ।

ਦੂਸਰੇ ਪਾਸੇ ਸ਼ਹਿਰ ਦੇ ਕੁਝ ਸਮਾਜਿਕ ਪੱਖਾਂ ਵੱਲ ਨਜ਼ਰ ਮਾਰੀਏ ਤਾਂ ਸੁਰਜੀਤ ਪਾਤਰ ਦੀ ਇੱਕ ਗਜ਼ਲ ਦਾ ਸ਼ੇਅਰ 'ਲੱਗੀ ਜੇ ਤੇਰੇ ਕਾਲਜੇ ਹਾਲੇ ਛੁਰੀ ਨਹੀਂ, ਇਹ ਨਾ ਸਮਝ ਕੇ ਸ਼ਹਿਰ ਦੀ ਹਾਲਤ ਬੁਰੀ ਨਹੀਂ', ਜ਼ਿਹਨ ਮੱਲ ਖਲੋਂਦਾ ਹੈ। ਸ਼ਹਿਰ ਦੇ ਵਾਲਮੀਕ ਚੌਂਕ ਵਿੱਚ ਹਰ ਰੋਜ਼ ਦਰਜਨਾਂ ਮਜ਼ਦੂਰ ਕੰਮ ਦੀ ਆਸ ਵਿੱਚ ਇਕੱਤਰ ਹੁੰਦੇ ਹਨ।

ਦਸ ਕੁ ਵਜੇ ਤੱਕ ਜਿਨ੍ਹਾਂ ਦੀ ਕੰਮ ਦੀ ਆਸ ਮੁੱਕ ਜਾਂਦੀ ਹੈ, ਉਹ ਪਰੇਸ਼ਾਨੀ ਦੇ ਆਲਮ ਵਿੱਚ ਡੁੱਬੇ ਨਜ਼ਰ ਆਉਂਦੇ ਹਨ। ਰੋਟੀ ਦੇ ਡੱਬੇ ਲੈ ਕੇ ਜਦੋਂ ਉਹ ਘਰਾਂ ਨੂੰ ਪਰਤਦੇ ਹਨ ਤਾਂ ਇੱਕ 'ਚੀਸ' ਵੀ ਉਨ੍ਹਾਂ ਦੇ ਨਾਲ ਤੁਰਦੀ ਹੈ।

ਕੰਮਾਂ ਦੇ ਮਾਮਲੇ ਵਿੱਚ ਸਥਾਨਕ ਤੇ ਪ੍ਰਵਾਸੀ ਮਜ਼ਦੂਰਾਂ ਦਰਮਿਆਨ ਕਸ਼ੀਦਗੀ ਪੈਦਾ ਹੁੰਦੀ ਵੀ ਅਕਸਰ ਵੇਖੀ ਜਾਂਦੀ ਹੈ। ਸ਼ਹਿਰ ਦੇ ਸਰਕਾਰੀ ਹਸਪਤਾਲ ਵਿੱਚ ਬਣੇ ਨਸ਼ਾ ਛੁਡਾਊ ਕੇਂਦਰ ਵਿੱਚ ਸੈਂਕੜੇ ਨੌਜਵਾਨ ਹਰ ਰੋਜ਼ ਕਤਾਰਾਂ 'ਚ ਖੜ ਕੇ ਗੋਲੀ ਦੀ ਭੀਖ ਮੰਗਦੇ ਹਨ। ਇਸ ਮਾਮਲੇ ਦੇ ਜਾਣਕਾਰ ਕੋਲੋਂ ਪਤਾ ਲੱਗਾ ਕਿ ਇਸ ਵਰਤਾਰੇ ਨਾਲ ਨਸ਼ੇ ਦੀ ਲੱਤ ਹਟਦੀ ਨਹੀਂ, ਸਗੋਂ ਕਤਾਰਾਂ ਹੋਰ ਲੰਮੀਆਂ ਹੋਈ ਜਾਂਦੀਆਂ ਹਨ।

ਸ਼ਹਿਰ ਅਤੇ ਇਲਾਕੇ ਦੇ ਪਿੰਡਾਂ ਦੇ ਕਈ ਘਰਾਂ ਵਿੱਚ ਪਿਓ, ਪੁੱਤ ਅਤੇ ਪੋਤਿਆਂ ਦੀਆਂ ਜਿਉਂਦੀਆਂ 'ਲਾਸ਼ਾਂ' ਅਕਸਰ ਨਜ਼ਰ ਆ ਜਾਂਦੀਆਂ ਹਨ। ਉਹਨਾਂ ਘਰਾਂ ਦੀਆਂ ਔਰਤਾਂ ਦਾ ਦਰਦ ਬਸ ਉਹ ਜਾਣਦੀਆਂ ਹਨ। ਇਸੇ ਇਲਾਕੇ ਦੇ ਇੱਕ ਪਿੰਡ ਦੇ ਘਰ ਦੀ 'ਕਹਾਣੀ' ਦੱਸਦਿਆਂ ਵੀ ਕਚ੍ਰਿਆਣ ਆਉਂਦੀ ਹੈ। 'ਸੱਚ ਕਹਾਂ ਤਾਂ ਭਾਂਬੜ ਮਚਦਾ ਏ, ਚੁੱਪ ਰਹਾਂ ਤਾਂ ਕੁਝ ਨਾ ਬਚਦਾ ਏ।'

ਉਕਤ ਦੱਸੇ ਗਏ ਪਿੰਡ ਦੇ ਘਰ ਦੀ ਔਰਤ ਘਰ ਦਾ ਬੰਦਾ ਛੱਡ ਕੇ ਕਿਸੇ ਹੋਰ ਬੰਦੇ ਨਾਲ ਰਹਿਣ ਲੱਗ ਪਈ। ਕੁਝ ਸਾਲਾਂ ਬਾਅਦ ਉਹ 'ਹੋਰ ਬੰਦਾ' ਉਸ ਔਰਤ ਦੀ ਪਹਿਲੀ ਧੀ ਨੂੰ ਉਧਾਲ ਕੇ ਲੈ ਗਿਆ ਤੇ ਹੁਣ ਅਧੇੜ ਉਮਰ ਦੀ ਔਰਤ ਉਧੜੀ ਗੁਧੜੀ ਘੁੰਮਦੀ ਵੇਖੀ ਜਾ ਸਕਦੀ ਹੈ। ਇਸ ਸ਼ਹਿਰ ਦੇ ਸ਼ਾਇਰ ਮਰਹੂਮ ਫਤਿਹਜੀਤ ਦਾ ਘਰ ਵਿਰਾਸਤੀ ਦੀ ਮੁੱਲ ਪੈਣ ਦੀ ਉਡੀਕ ਵਿੱਚ ਹੈ। ਕੀ ਇਸ ਤਰ੍ਹਾਂ ਹੋ ਸਕੇਗਾ?



11-JULY-PAGE-1.qxd 7/10/2025 10:34 PM Page 2



## ਕਿਸਾਨੀ ਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਸੰਬੰਧੀ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦਾ ਵਫਦ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੂੰ ਮਿਲਿਆ ਤੇ ਜ਼ਿਲ੍ਹਾ ਮੋਗਾ 'ਚ ਕਿਸਾਨਾਂ ਤੇ ਆਮ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਲਈ ਮੰਗ ਪੱਤਰ ਸੌਂਪਿਆ। ਪੱਤਰ ਰਾਹੀਂ ਦੱਸਿਆ ਗਿਆ ਕਿ ਜ਼ਿਲ੍ਹੇ ਵਿੱਚ ਡੀ.ਏ.ਪੀ. ਖਾਦ ਦੀ ਘਾਟ ਹੈ, ਕਿਸਾਨ ਚੂਹਿਆਂ ਦੀ ਵੱਧ ਰਹੀ ਤਦਾਦ ਤੋਂ ਬੇਹੱਦ ਪ੍ਰੇਸ਼ਾਨ ਹਨ। ਸਰਕਾਰ ਤੋਂ ਮੰਗ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਕੋਆਪ੍ਰੇਟਿਵ ਸੁਸਾਇਟੀਆਂ 'ਚ ਚੂਹੇ ਮਾਰਨ ਵਾਲੀ ਦਵਾਈ ਉਪਲਬਧ ਕਰਾਵੇ ਤਾਂ ਜੋ ਸਾਰੇ ਕਿਸਾਨ ਇਕੱਠੇ ਹੀ ਦਵਾਈ ਖੇਤਾਂ ਵਿੱਚ ਪਾ ਸਕਣ ਤਾਂ ਜੋ ਚੂਹਿਆਂ ਤੋਂ ਕੁਝ ਰਾਹਤ ਮਿਲ ਸਕੇ। ਪੱਤਰ ਦੀ ਮੰਗ ਅਨੁਸਾਰ ਜੋ ਕਿਸਾਨਾਂ ਵੱਲੋਂ ਜ਼ਮੀਨਾਂ ਵੇਚੀਆਂ ਖ੍ਰੀਦੀਆਂ ਜਾ ਰਹੀਆਂ ਹਨ, ਉਨ੍ਹਾਂ ਵਿੱਚ ਇੰਤਕਾਲ ਦੌਰਾਨ ਟੈਕਸਟ ਐਂਟਰੀਆਂ ਦੀ ਆ ਰਹੀ ਸਮੱਸਿਆ ਬਾਰੇ ਵੀ ਜਾਣੂੰ ਕਰਵਾਇਆ। ਉਪਰੰਤ ਮਾਨਯੋਗ ਡਿਪਟੀ ਕਮਿਸ਼ਨਰ ਨੇ ਵਫਦ ਨੂੰ ਵਿਸ਼ਵਾਸ ਦਿਵਾਇਆ ਕਿ ਉਕਤ ਮੰਗਾਂ ਉੱਪਰ ਜਲਦ ਗੌਰ ਕੀਤਾ ਜਾਵੇਗਾ।ਇਸ ਸਮੇਂ ਸੂਬਾ ਐਗਜ਼ੈਕਟਿਵ ਮੈਂਬਰ ਮੰਦਰਜੀਤ ਸਿੰਘ ਮਨਾਵਾਂ, ਜ਼ਿਲ੍ਹਾ ਮੀਤ ਪ੍ਰਧਾਨ ਗੁਰਮੇਲ ਸਿੰਘ ਡਰੋਲੀ ਭਾਈ, ਬਲਾਕ ਮੀਤ ਪ੍ਰਧਾਨ ਲਖਵਿੰਦਰ ਸਿੰਘ ਰੌਲੀ, ਜ਼ਿਲ੍ਹਾ ਪ੍ਰੈੱਸ ਸਕੱਤਰ ਬਲਕਰਨ ਸਿੰਘ ਢਿੱਲੋਂ ਹਾਜ਼ਰ ਸਨ।

## ਕੌਂਸਲਰ ਵੱਲੋਂ ਕੀਤੇ ਨਜਾਇਜ਼ ਕਬਜ਼ੇ 'ਤੇ ਚੱਲਿਆ ਪੀਲਾ ਪੰਜਾ



**ਮਾਨਸਾ (ਰੀਤਵਾਲ)**-ਨਗਰ ਕੌਂਸਲ ਦੀ ਜ਼ਮੀਨ 'ਤੇ ਕੌਂਸਲਰ ਵੱਲੋਂ ਕੀਤੇ ਗਏ ਨਾਜਾਇਜ਼ ਕਬਜ਼ੇ ਨੂੰ ਪੁਲਸ ਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਪੀਲੇ ਪੰਜੇ ਦੀ ਵਰਤੋਂ ਕਰਕੇ ਛੁਡਵਾਇਆ ਗਿਆ ਹੈ।ਉਕਤ ਕੌਂਸਲਰ ਵਿਰੁੱਧ ਐਨਡੀਪੀਐਸ ਐਕਟ ਦੇ ਮਾਮਲੇ ਦਰਜ ਹਨ।ਪਹਿਲਾਂ ਵੀ ਇਸ ਕੌਂਸਲਰ ਦੇ ਨਾਜਾਇਜ਼ ਕਬਜ਼ੇ ਵਾਲੇ ਘਰ 'ਤੇ ਪੀਲੇ ਪੰਜੇ ਦੀ ਵਰਤੋਂ ਕੀਤੀ ਗਈ ਸੀ ਤੇ ਅੱਜ ਦੂਜੀ ਵਾਰ ਪ੍ਰਸ਼ਾਸਨ ਨੇ ਕੌਂਸਲਰ ਵੱਲੋਂ ਕੀਤੇ ਗਏ ਨਾਜਾਇਜ਼ ਕਬਜ਼ੇ ਨੂੰ ਹਟਾ ਦਿੱਤਾ ਹੈ।ਐਸਡੀਐਮ ਨੇ ਕਿਹਾ ਕਿ ਮੌਜੂਦਾ ਕੌਂਸਲਰ ਬੋਨੀ ਕੁਮਾਰ ਵਿਰੁੱਧ ਐਨਡੀਪੀਐਸ ਐਕਟ ਦੇ ਕਈ ਮਾਮਲੇ ਦਰਜ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨਗਰ ਕੌਂਸਲ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਸੀ, ਜਿਸ ਸਬੰਧੀ ਨਗਰ ਕੌਂਸਲ ਨੇ ਉਨ੍ਹਾਂ ਨੂੰ ਕਬਜ਼ਾ ਹਟਾਉਣ ਲਈ ਨੋਟਿਸ ਵੀ ਜਾਰੀ ਕੀਤਾ ਸੀ, ਪਰ ਕਬਜ਼ਾ ਨਹੀਂ ਹਟਾਇਆ ਗਿਆ, ਜਿਸ ਕਾਰਨ ਅੱਜ ਪੀਲੇ ਪੰਜੇ ਦੀ ਵਰਤੋਂ ਕਰਕੇ ਕਬਜ਼ਾ ਹਟਾਇਆ ਗਿਆ। ਐੱਸ ਐੱਸ ਪੀ ਭਗੀਰਥ ਸਿੰਘ ਮੀਨਾ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਮੁਹਿੰਮ ਦੇ ਹਿੱਸੇ ਵਜੋਂ, ਨਸ਼ਾ ਤਸਕਰਾਂ ਦੇ ਘਰਾਂ 'ਤੇ ਬੁਲਡੋਜ਼ਰ ਵਰਤੇ ਜਾ ਰਹੇ ਹਨ ਤੇ ਇਸ ਕੌਂਸਲਰ ਦੇ ਘਰ 'ਤੇ ਪੀਲੇ ਪੰਜੇ ਦੀ ਵਰਤੋਂ ਵੀ ਕੀਤੀ ਗਈ ਹੈ, ਕਿਉਂਕਿ ਉਸ ਨੇ ਨਗਰ ਕੌਂਸਲ ਦੀ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਸੀ।

## ਰੋਜ਼ੀ ਬਰਕੰਦੀ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰਨ 'ਤੇ ਵਧਾਈਆਂ ਦਾ ਸਿਲਸਿਲਾ ਜਾਰੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸ਼੍ਰੋਮਣੀ ਅਕਾਲੀ ਦਲ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਹੋਣ ਤੋਂ ਬਾਅਦ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੂੰ ਸ਼ੁੱਭ-ਕਾਮਨਾਵਾਂ ਮਿਲਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਹਰ ਰੋਜ਼ ਵੱਖ ਵੱਖ ਪਿੰਡਾਂ ਦੀ ਸੰਗਤ ਉਨ੍ਹਾਂ ਦੀ ਢਾਣੀ ਬਰਕੰਦੀ ਸਥਿਤ ਰਿਹਾਇਸ਼ ਵਿਖੇ ਪਹੁੰਚ ਕੇ ਸਿਰੋਪਾਓ ਦੇ ਕੇ ਸਨਮਾਨਤ ਕਰ ਰਹੀ ਹੈ।ਇਸੇ ਤਹਿਤ ਬੁੱਧਵਾਰ ਨੂੰ ਵੀ ਉਨ੍ਹਾਂ ਦੀ ਰਿਹਾਇਸ਼ 'ਤੇ ਸੰਗਤ ਦਾ ਤਾਂਤਾ ਲੱਗਿਆ ਰਿਹਾ।ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਹੋਣ ਕਾਰਨ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਇਸ ਹਲਕੇ ਦੇ ਆਗੂ ਤੇ ਵਰਕਰਾਂ ਦੇ ਹਰਮਨ ਪਿਆਰੇ ਆਗੂ ਹਨ, ਉਹ ਹਰ ਇੱਕ ਆਗੂ ਤੇ ਵਰਕਰ ਦੇ ਦੁੱਖ ਤੇ ਸੁੱਖ ਵਿੱਚ ਸ਼ਾਮਲ ਹੁੰਦੇ ਹਨ।ਰੋਜ਼ੀ ਬਰਕੰਦੀ ਇੱਕ ਅਜਿਹਾ ਆਗੂ ਹੈ, ਜੋ ਚੋਣਾਂ ਸਮੇਂ ਤੋਂ ਇਲਾਵਾ ਵੀ ਹਲਕੇ ਦੇ ਲੋਕਾਂ ਵਿੱਚ ਆਮ ਵਿਚਰਦਾ ਹੈ ਤੇ ਇਹੀ ਕਾਰਨ ਹੈ ਕਿ ਉਨ੍ਹਾਂ ਦੇ ਦੁਬਾਰਾ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਹਲਕੇ ਦੀ ਸੰਗਤ ਵਿੱਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ।ਉਧਰ, ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੁੱਚੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਭਰੋਸਾ ਦਿੱਤਾ ਕਿ ਉਹ ਦਿਖਾਏ ਗਏ ਭਰੋਸੇ 'ਤੇ ਖਰਾ ਉਤਰਦੇ ਹੋਏ ਹਮੇਸ਼ਾ ਪਾਰਟੀ ਦੀ ਚੜ੍ਹਦੀਕਲਾ ਲਈ ਸੇਵਾ ਕਰਦੇ ਰਹਿਣਗੇ।

## ਪ੍ਰੋ. ਰਾਜ ਸਿੰਘ ਬਾਘਾ ਨੂੰ ਕੌਂਸਲ ਮੈਂਬਰ ਨਾਮਜ਼ਦ ਕੀਤਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਢੱਡੇ ਦੇ ਪ੍ਰਿੰਸੀਪਲ ਪ੍ਰੋ ਰਾਜ ਸਿੰਘ ਬਾਘਾ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਪੋਰਟਸ ਕਮੇਟੀ ਵਿੱਚ ਬਤੌਰ ਕਾਰਜਸਾਧਕ ਕੌਂਸਲ ਮੈਂਬਰ ਨਾਮਜ਼ਦ ਕੀਤਾ ਗਿਆ ਹੈ।ਇਹ ਨਾਮਜ਼ਦਗੀ ਪ੍ਰੋ ਬਾਘਾ ਦੀ ਖੇਡਾਂ ਪ੍ਰਤੀ ਲੰਮੇ ਸਮੇਂ ਦੀ ਲਗਨ ਤੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਉੱਤਮ ਪ੍ਰਦਰਸ਼ਨ ਲਈ ਪ੍ਰੇਰਿਤ ਕਰਨ ਦੇ ਯਤਨਾਂ ਦਾ ਨਤੀਜਾ ਹੈ।ਇਸ ਮੌਕੇ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ, ਮੈਨੇਜਿੰਗ ਡਾਇਰੈਕਟਰ ਗੁਰਬਿੰਦਰ ਸਿੰਘ ਬੱਲੀ ਤੇ ਡਾਇਰੈਕਟਰ ਐਡਮਿਨਿਸਟਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਦਿਲੋਂ ਵਧਾਈ ਦਿੱਤੀ।ਉਨ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾਕਟਰ ਜਗਦੀਪ ਸਿੰਘ ਅਤੇ ਸਪੋਰਟਸ ਵਿਭਾਗ ਦੇ ਡਾਇਰੈਕਟਰ ਡਾਕਟਰ ਗੁਰਦੀਪ ਕੌਰ ਰੰਧਾਵਾ ਦਾ ਤਹਿ ਦਿਲੋਂ ਧੰਨਵਾਦ ਕੀਤਾ, ਜਿਨ੍ਹਾਂ ਨੇ ਪ੍ਰਿੰਸੀਪਲ ਬਾਘਾ ਦੀਆਂ ਸੇਵਾਵਾਂ ਨੂੰ ਮਾਨਤਾ ਦਿੰਦਿਆਂ ਉਹਨਾਂ ਨੂੰ ਇਸ ਵੱਕਾਰੀ ਕਮੇਟੀ ਲਈ ਚੁਣਿਆ।ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਤੇ ਖ਼ਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ ਨੇ ਸੰਸਥਾ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੂੰ ਮੁਬਾਰਕਬਾਦ ਦਿੱਤੀ।

## ਸੁਨਾਮ ਨੇਤਰ ਬੈਂਕ ਸਮਿਤੀ ਵੱਲੋਂ 15050 ਮਰੀਜ਼ਾਂ ਦੇ ਮੁਫ਼ਤ ਅਪ੍ਰੇਸ਼ਨ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਨੇਤਰ ਬੈਂਕ ਸਮਿਤੀ ਦੇ ਵੱਲੋਂ 72ਵਾਂ ਫ੍ਰੀ ਅੱਖਾਂ ਦਾ ਅਪ੍ਰੇਸ਼ਨ ਕੈਂਪ ਨੇਤ੍ਰ ਬੈਂਕ ਸਮਿਤੀ ਵੱਲੋਂ ਸੋਹਣ ਲਾਲ ਜੈਨ ਮੈਮੋਰੀਅਲ ਚੈਰੀਟੇਬਲ ਆਈ ਹਸਪਤਾਲ ਵਿਖੇ ਲਾਇਆ ਗਿਆ।ਮਰੀਜ਼ਾਂ ਨੂੰ ਅਪ੍ਰੇਸ਼ਨ ਲਈ ਗਲੋਬਲ ਆਈ ਹਸਪਤਾਲ ਸੰਗਰੂਰ ਲਈ ਰਵਾਨਾ ਕੀਤਾ। ਸੰਸਥਾ ਦੇ ਪ੍ਰਧਾਨ ਰਾਕੇਸ਼ ਕੁਮਾਰ ਤੇ ਜਰਨਲ ਸਕੱਤਰ ਪ੍ਰਮੋਦ ਕੁਮਾਰ ਨੀਟੂ ਨੇ ਕਿਹਾ ਕੇ ਸਮਿਤੀ ਹੁਣ ਤੱਕ 15050 ਮਰੀਜ਼ਾਂ ਦੇ ਮੁਫ਼ਤ ਅਪ੍ਰੇਸ਼ਨ ਕਰਾ ਚੁੱਕੀ ਹੈ।ਬੁਹਤ ਜਲਦ ਸੁਨਾਮ ਏਰੀਆ ਨੂੰ ਫ੍ਰੀ ਅੱਖਾਂ ਦਾ ਹਸਪਤਾਲ ਬਣ ਕੇ ਤਿਆਰ ਮਿਲ ਜਾਵੇਗਾ ਸਮਿਤੀ ਦੇ ਮੈਂਬਰ ਗਿਆਨ ਚੰਦ ਗੁਪਤਾ ਸਾਰੇ ਮਰੀਜ਼ਾਂ ਨੂੰ ਆਪਣੀ ਦੇਖ-ਰੇਖ ਵਿੱਚ ਸੰਗਰੂਰ ਲੈ ਕੇ ਗਏ ਤੇ ਕਿਹਾ ਕਿ ਮਰੀਜ਼ਾਂ ਦੀ ਪੱਟੀ ਸਵੇਰੇ ਖੁੱਲ੍ਹੇਗੀ ਸਮਿਤੀ ਦੇ ਸਰਪ੍ਰਸਤ ਗੋਪਾਲ ਸ਼ਰਮਾ ਤੇ ਚੇਅਰਮੈਨ ਪ੍ਰਿਤਪਾਲ ਸਿੰਘ ਹਾਂਡਾ ਨੇ ਦੱਸਿਆ ਨੇਤ੍ਰ ਬੈਂਕ ਸਮਿਤੀ ਜਲਦੀ ਹੀ ਅੱਖਾਂ ਦਾ ਆਧੁਨਿਕ ਹਸਪਤਾਲ ਸੁਨਾਮ ਨੂੰ ਦੇਣ ਜਾ ਰਹੀ ਹੈ। ਕੰਸਟ੍ਰਕਸ਼ਨ ਦਾ ਕੰਮ ਵੱਡੀ ਪੱਦਰ ਤੇ ਚੱਲ ਰਿਹਾ ਹੈ। ਜਲਦੀ ਹੀ ਇਲਾਕੇ ਦੇ ਲੋਕਾਂ ਲਈ ਇਹ ਪ੍ਰੋਜੈਕਟ ਸ਼ੁਰੂ ਹੋ ਜਾਵੇਗਾ।

## ਬਲਕਾਰ ਸਿੰਘ ਡਕੌਂਦਾ ਦੀ ਬਰਸੀ 'ਤੇ ਸਮਾਗਮ 13 ਨੂੰ



**ਜਗਰਾਉਂ (ਨਛੱਤਰ ਸੰਧੂ)**-13 ਜੁਲਾਈ ਨੂੰ ਸਵੇਰੇ ਦਸ ਵਜੇ ਪਿੰਡ ਅਖਾੜਾ ਦੇ ਕੈਂਸਰ ਗੈਸ ਫੈਕਟਰੀ ਵਿਰੋਧੀ ਸੰਘਰਸ਼ ਮੋਰਚੇ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਮਰਹੂਮ ਪ੍ਰਧਾਨ ਬਲਕਾਰ ਸਿੰਘ ਡਕੌਂਦਾ ਦੀ 15ਵੀਂ ਬਰਸੀ 'ਤੇ ਸਮਾਗਮ ਰਚਾਇਆ ਜਾ ਰਿਹਾ ਹੈ।ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਤੇ ਇਕਾਈ ਪ੍ਰਧਾਨ ਗੁਰਤੇਜ ਸਿੰਘ ਅਖਾੜਾ ਨੇ ਦੱਸਿਆ ਕਿ ਕਿਸਾਨ ਲਹਿਰ ਦੇ ਚਮਕਦੇ ਸਿਤਾਰੇ, ਕਿਸਾਨਾਂ ਦੀ ਲੁੱਟ ਖਿਲਾਫ਼, ਕਰਜ਼ਾ ਮੁਕਤੀ ਵਿਰੁੱਧ, ਫ਼ਸਲਾਂ ਦੇ ਵਾਜਬ ਭਾਵਾਂ ਲਈ ਲੜਨ ਵਾਲੇ ਹਰੇ ਇਨਕਲਾਬ ਦਾ ਸੰਤਾਪ ਭੋਗ ਰਹੇ ਕਿਸਾਨਾਂ ਨੂੰ ਖੁਦਕਸ਼ੀਆਂ ਦੀ ਥਾਂ ਸੰਗਰਾਮ ਦਾ ਹੋਕਾ ਦੇਣ ਵਾਲੇ ਕਿਸਾਨ ਆਗੂ ਦੀ ਦੇਣ ਇਤਿਹਾਸਕ ਹੈ, ਯਾਦਗਾਰੀ ਹੈ।ਉਨ੍ਹਾਂ ਕਿਹਾ ਕਿ ਅੱਜ ਜਦੋਂ ਅਮਰੀਕਾ ਤੇ ਯੂਰਪ ਨਾਲ ਵਪਾਰ ਸਮਝੌਤਿਆਂ ਤਹਿਤ ਦੇਸ਼ ਦੀ ਖੇਤੀ ਤੇ ਡੇਅਰੀ ਲਈ ਦੇਸ਼ ਦੇ ਦਰਵਾਜ਼ੇ ਖੋਲ੍ਹੇ ਜਾ ਰਹੇ ਹਨ, ਜਦੋਂ ਲੈਂਡ ਪੂਲਿੰਗ ਰਾਹੀਂ ਕਿਸਾਨਾਂ ਦੀ ਜ਼ਮੀਨ ਖੋਹੀ ਜਾ ਰਹੀ ਹੈ, ਜਦੋਂ ਸੂਬੇ 'ਚ ਕੈਂਸਰ ਗੈਸ ਫੈਕਟਰੀਆਂ ਰਾਹੀ ਵਾਤਾਵਰਣ ਪ੍ਰਦੂਸ਼ਤ ਕੀਤਾ ਜਾ ਰਿਹਾ ਹੈ, ਜਨਸਿਹਤ ਨਾਲ ਧੱਕਾ ਕੀਤਾ ਜਾ ਰਿਹਾ ਹੈ, ਅਜਿਹੇ ਸਮੇਂ 'ਚ ਯੋਧੇ ਕਿਸਾਨ ਆਗੂ ਦੇ ਜੀਵਨ ਸੰਗਰਾਮ ਤੋਂ ਪ੍ਰੇਰਣਾ ਲੈ ਕੇ ਸੰਘਰਸ਼ ਨੂੰ ਤੇਜ਼ ਕਰਨ ਦਾ ਅਹਿਦ ਲੈਣਾ ਹੀ ਕਿਸਾਨ ਆਗੂ ਨੂੰ ਸੱਚੀ ਸ਼ਰਧਾਂਜਲੀ ਹੈ।

## ਮਜ਼ਦੂਰ ਜਥੇਬੰਦੀਆਂ ਵੱਲੋਂ ਦੇਸ਼ ਪੱਧਰੀ ਹੜਤਾਲ ਦੇ ਸੱਦੇ 'ਤੇ ਰੋਸ ਮੁਜ਼ਾਹਰਾ



**ਲੁਧਿਆਣਾ (ਰੈਕਟਰ ਕਥੂਰੀਆ)**
ਮਜ਼ਦੂਰ-ਮੁਲਾਜ਼ਮ ਟ੍ਰੇਡ ਯੂਨੀਅਨ ਜਥੇਬੰਦੀਆਂ ਵੱਲੋਂ ਦੇਸ਼ ਪੱਧਰੀ ਹੜਤਾਲ ਦੇ ਸੱਦੇ ਤਹਿਤ ਦੇਸ਼ ਵਿੱਚ ਵੱਖ-ਵੱਖ ਥਾਵਾਂ 'ਤੇ ਮਜ਼ਦੂਰਾਂ-ਮੁਲਾਜ਼ਮਾਂ ਨੇ ਆਪਣੀਆਂ ਮੰਗਾਂ-ਮਸਲਿਆਂ ਦੀ ਅਵਾਜ਼ ਬੁਲੰਦ ਕੀਤੀ।ਲੁਧਿਆਣੇ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਸਮਰਾਲਾ ਚੌਕ ਵਿਖੇ ਰੋਹ ਭਰਪੂਰ ਮੁਜ਼ਾਹਰਾ ਕੀਤਾ।ਇਸ ਮੌਕੇ ਕਾਰਖਾਨਾ ਮਜ਼ਦੂਰ ਯੂਨੀਅਨ ਆਗੂ ਲਖਵਿੰਦਰ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਦੇ ਪ੍ਰਧਾਨ ਹਰਜਿੰਦਰ ਸਿੰਘ, ਇਨਕਲਾਬੀ ਮਜ਼ਦੂਰ ਕੇਂਦਰ, ਪੰਜਾਬ (ਮਾਸ਼ਾ) ਦੇ ਆਗੂ ਸੁਰਿੰਦਰ ਸਿੰਘ, ਟੈਕਸਟਾਇਲ ਹੌਜ਼ਰੀ ਕਾਮਗਾਰ ਯੂਨੀਅਨ ਦੇ ਆਗੂ ਛੋਟੇਲਾਲ, ਲੋਕ ਏਕਤਾ ਸੰਗਠਨ ਦੇ ਆਗੂ ਗੱਲਰ ਚੌਹਾਨ, ਮੋਲਡਲ ਐਂਡ ਸਟੀਲ ਵਰਕਰਜ਼ ਯੂਨੀਅਨ ਦੇ ਪ੍ਰਧਾਨ ਵਿਜੇ ਨਾਰਾਇਣ, ਕ੍ਰਾਂਤੀਕਾਰੀ ਮਜ਼ਦੂਰ ਸੈਂਟਰ ਦੇ ਆਗੂ ਪ੍ਰਭਾਕਰ ਨੇ ਸੰਬੋਧਨ ਕੀਤਾ।ਇਸ ਮੌਕੇ ਵੱਖ-ਵੱਖ ਸਾਥੀਆਂ ਨੇ ਇਨਕਲਾਬੀ ਗੀਤ ਵੀ ਪੇਸ਼ ਕੀਤੇ।ਬੁਲਾਰਿਆਂ ਨੇ ਕਿਹਾ ਕਿ ਭਾਰਤ ਦੀ ਮੋਦੀ ਸਰਕਾਰ, ਪੰਜਾਬ ਦੀ ਭਗਵੰਤ ਮਾਨ ਸਰਕਾਰ ਸਮੇਤ ਵੱਖ-ਵੱਖ ਸੂਬਾ ਸਰਕਾਰਾਂ ਦੀਆਂ ਲੋਕ ਵਿਰੋਧੀ ਤੇ ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੇ ਪੱਖ 'ਚ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਨੇ ਮਜ਼ਦੂਰਾਂ-ਕਿਰਤੀਆਂ ਦੀ ਹਾਲਤ ਬਦ ਤੋਂ ਬਦਤਰ ਬਣਾ ਦਿੱਤੀ ਹੈ।ਲੋਟੂ ਸਰਕਾਰਾਂ ਤੇ ਫਿਰਕੂ-ਫਾਸ਼ੀਵਾਦੀ ਤਾਕਤਾਂ ਦੀ ਨਫਰਤੀ, ਹਿੰਸਕ, ਗੈਰ-ਜਮਹੂਰੀ ਮੁਹਿੰਮ ਤਹਿਤ ਕਿਰਤੀ ਲੋਕਾਂ, ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ, ਇਨਕਲਾਬੀ-ਜਮਹੂਰੀ ਕਾਰਕੁਨਾਂ, ਬੁੱਧੀਜੀਵੀਆਂ, ਪੱਤਰਕਾਰਾਂ ਦੇ ਹੱਕਾਂ 'ਤੇ ਤਿੱਖਾ ਹਮਲਾ ਵਿੱਢਿਆ ਗਿਆ ਹੈ।ਜਥੇਬੰਦੀਆਂ ਦੀ ਮੰਗ ਹੈ ਕਿ ਘੱਟੋ-ਘੱਟ ਤਨਖਾਹ 26 ਹਜ਼ਾਰ ਕੀਤੀ ਜਾਵੇ, ਚਾਰ ਨਵੇਂ ਕਿਰਤ ਕਨੂੰਨ (ਕੋਡ) ਰੱਦ ਹੋਣ, ਔਰਤਾਂ ਨੂੰ ਮਰਦਾਂ ਬਰਾਬਰ ਕੰਮ ਦੀ ਬਰਾਬਰ ਤਨਖਾਹ ਲਾਗੂ ਹੋਵੇ, ਸਭ ਕਿਰਤੀ ਲੋਕਾਂ ਦੇ ਰਾਸ਼ਨ ਕਾਰਡ ਬਣਨ, ਜਨਤਕ ਵੰਡ ਪ੍ਰਣਾਲੀ ਦੇ ਖਾਤਮੇ ਦੀ ਨੀਤੀ ਬੰਦ ਹੋਵੇ, ਇਸ ਯੋਜਨਾ ਦਾ ਪਸਾਰਾ ਹੋਵੇ, ਮਹਿੰਗਾਈ 'ਤੇ ਕਾਬੂ ਪਾਇਆ ਜਾਵੇ, ਦੇਸ਼ੀ-ਵਿਦੇਸ਼ੀ ਇਜਾਰੇਦਾਰਾਂ ਤੇ ਹੋਰ ਸਰਮਾਏਦਾਰਾਂ ਪੱਖੀ ਲੋਕ ਵਿਰੋਧੀ ਉਦਾਰੀਕਰਨ-ਨਿੱਜੀਕਰਨ ਦੀਆਂ ਨੀਤੀਆਂ ਰੱਦ ਹੋਣ, ਸਰਕਾਰੀ ਅਦਾਰਿਆਂ-ਸਨਅਤਾਂ ਦਾ ਪਸਾਰਾ ਹੋਵੇ।ਇਸ ਮੌਕੇ ਨੌਜਵਾਨ ਭਾਰਤ ਸਭਾ ਦੀ ਆਗੂ ਰਵਿੰਦਰ, ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਯੁਵਰਾਜ ਸਿੰਘ, ਡੀ.ਟੀ.ਐੱਫ. ਦੇ ਰਜਿੰਦਰ ਜੰਡਿਆਲ਼ੀ ਤੇ ਸੰਘਰਸ਼ਸ਼ੀਲ ਮਜ਼ਦੂਰ ਮੋਰਚਾ ਦੇ ਆਰਜ਼ੂ ਖਾਨ ਵੀ ਸਾਥੀਆਂ ਸਮੇਤ ਰੋਸ ਮੁਜ਼ਾਹਰੇ ਵਿੱਚ ਸ਼ਾਮਲ ਹੋਏ ਤੇ ਲੋਕਾਂ ਨੂੰ ਸੰਬੋਧਨ ਕੀਤਾ।

## 12 ਬੋਤਲਾਂ ਨਜਾਇਜ਼ ਸ਼ਰਾਬ ਸਮੇਤ 2 ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ 12 ਬੋਤਲਾਂ ਨਜਾਇਜ਼ ਸ਼ਰਾਬ ਸਮੇਤ 2 ਵਿਅਕਤੀਆਂ ਗੁਲਾਬ ਸਿੰਘ ਵਾਸੀ ਘਨੌਰ ਰਾਜਪੂਤਾਂ, ਥਾਣਾ ਦਿੜ੍ਹਬਾ (ਸੰਗਰੂਰ) ਹਾਲ ਵਾਸੀ ਹਰਵਿੰਦਰ ਸਿੰਘ ਦਾ ਫਾਰਮ ਪਿੰਡ ਰੁਕਾਲੀ ਮਾਣਗੜ੍ਹ ਥਾਣਾ ਚਮਕੌਰ ਸਾਹਿਬ ਤੇ ਸਤਨਾਮ ਸਿੰਘ ਉਰਫ਼ ਸੱਤੂ ਵਾਸੀ ਬਹਿਲੋਲਪੁਰ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਇੰਸਪੈਕਟਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਕਰਨੈਲ ਸਿੰਘ ਪੁਲਸ ਪਾਰਟੀ ਸਮੇਤ ਸ਼ੱਕੀ ਵਿਅਕਤੀਆਂ ਸਬੰਧੀ ਦਾਣਾ ਮੰਡੀ ਕੋਲ ਮੌਜੂਦ ਸੀ ਤਾਂ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਉਕਤ ਵਿਅਕਤੀ ਜੋ ਨਾਜਾਇਜ਼ ਸ਼ਰਾਬ ਵੇਚਦੇ ਹਨ, ਜੋ ਅੱਜ ਵੀ ਮੋਟਰਸਾਈਕਲ ਰਾਹੀਂ ਨਜਾਇਜ਼ ਸ਼ਰਾਬ ਲੈ ਕੇ ਆ ਰਹੇ ਹਨ। ਜੇਕਰ ਨਵੀਂ ਕੱਟੀ ਕਾਲੋਨੀ, ਨੇੜੇ ਕੈਨਰਾ ਬੈਂਕ ਅਢਿਆਣਾ ਰੋਡ ਪਰ ਰੇਡ ਕੀਤੀ ਜਾਵੇ ਤਾਂ ਨਜਾਇਜ਼ ਸ਼ਰਾਬ ਸਮੇਤ ਕਾਬੂ ਆ ਸਕਦੇ ਹਨ। ਉਪਰੰਤ ਪੁਲਸ ਵੱਲੋਂ ਗੁਲਾਬ ਸਿੰਘ ਤੇ ਸਤਨਾਮ ਸਿੰਘ ਨੂੰ 12 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕਰ ਉਨ੍ਹਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

## ਟਰੇਡ ਯੂਨੀਅਨਾਂ ਦੀ ਹੜਤਾਲ 'ਚ ਵੱਡੀ ਗਿਣਤੀ ਜਥੇਬੰਦੀਆਂ ਨੇ ਭਾਗ ਲਿਆ



**ਬੁਢਲਾਡਾ (ਅਸ਼ੋਕ ਲਾਕੜਾ)**-ਦੇਸ਼ ਦੀਆਂ ਪ੍ਰਮੁੱਖ 10 ਟਰੇਡ ਯੂਨੀਅਨਾਂ ਤੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਇੱਥੇ ਅਨਾਜ ਮੰਡੀ ਵਿਖੇ ਸਾਂਝੀ ਹੜਤਾਲ ਦੇ ਰੂਪ ਵਿੱਚ ਇਕੱਠ ਕੀਤਾ ਗਿਆ ਅਤੇ ਸਮੁੱਚੀਆਂ ਟ੍ਰੇਡ ਯੂਨੀਅਨਾਂ, ਮੁਲਾਜ਼ਮਾਂ, ਮਜ਼ਦੂਰਾਂ ਤੇ ਕਿਸਾਨਾਂ ਨੇ ਸੰਘਰਸ਼ ਕਰਨ ਦਾ ਸੱਦਾ ਦਿੱਤਾ।ਇਕੱਠ ਦੀ ਪ੍ਰਧਾਨਗੀ ਗੱਲਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਦੇਸ ਰਾਜ, ਐੱਫ ਸੀ ਆਈ ਦੇ ਭੋਲਾ ਸਿੰਘ ਨੇ ਕੀਤੀ। ਭਾਰਤ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਬੁਢਲਾਡਾ ਦੀ ਅਨਾਜ ਮੰਡੀ ਵਿੱਚ ਵੱਖ-ਵੱਖ ਜਥੇਬੰਦੀਆਂ ਤੇ ਟ੍ਰੇਡ ਯੂਨੀਅਨਾਂ ਦੇ ਆਗੂਆਂ ਨੇ ਕਿਹਾ ਕਿ ਤਿੰਨ ਖੇਤੀ ਕਾਲੇ ਕਾਨੂੰਨਾਂ ਦੀ ਤਰ੍ਹਾਂ ਹੀ ਮੋਦੀ ਸਰਕਾਰ ਮਜ਼ਦੂਰ, ਕਿਸਾਨ ਤੇ ਰਾਸ਼ਟਰ ਵਿਰੋਧੀ ਨੀਤੀਆਂ ਲਗਾਤਾਰ ਲੈ ਕੇ ਆ ਰਹੀ ਹੈ ਜੋ ਕਿ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਜਾਂਦੀਆਂ ਹਨ।ਕਾਰਪੋਰੇਟ ਸੈਕਟਰ ਨੂੰ ਲਾਭ ਪਹੁੰਚਾਉਣ ਲਈ ਕਿਸਾਨਾਂ ਦੀ ਜ਼ਮੀਨ ਐਕੁਆਇਰ ਵਰਗੀਆਂ ਨੀਤੀਆਂ ਤੇ ਚਾਰ ਲੇਬਰ ਕੋਡ ਵਰਗੀਆਂ ਨੀਤੀਆਂ ਲੈ ਕੇ ਆਉਣਾ ਕਿਸਾਨ ਤੇ ਮਜ਼ਦੂਰ ਵਰਗ ਲਈ ਨੁਕਸਾਨਦਾਇਕ ਸਿੱਧ ਹੋਣਗੀਆਂ।ਹੜਤਾਲ ਸਮੇਂ ਉਕਤ ਜਥੇਬੰਦੀਆਂ ਦੇ ਆਗੂਆਂ ਨੇ ਭਰਵੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਸਾਰੇ ਵਰਗਾਂ ਨੂੰ ਇਕੱਠਾ ਹੋ ਕੇ ਕੇਂਦਰ ਸਰਕਾਰ ਤੇ ਕਾਰਪੋਰੇਟ ਘਰਾਣਿਆਂ ਦੇ ਨਾਲ ਸੰਘਰਸ਼ ਕਰਨਾ ਪਵੇਗਾ ਤਾਂ ਕਿ ਪਬਲਿਕ ਸੈਕਟਰ ਨੂੰ ਬਚਾਇਆ ਜਾ ਸਕੇ।ਇਸ ਸਮੇਂ ਮੈਡੀਕਲ ਐਸੋਸੀਏਸ਼ਨ ਦੇ ਜਗਤਾਰ ਸਿੰਘ ਖਾਲਸਾ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੀਤਾ ਰਾਮ ਗੋਬਿੰਦਪੁਰਾ, ਬੀਕੇਯੂ ਡਕੌਂਦਾ ਧਨੇਰ ਦੇ ਤਾਰਾ ਚੰਦ ਬਰੇਟਾ, ਜਮਹੂਰੀ ਕਿਸਾਨ ਸਭਾ ਅਮਰੀਕ ਫਫੜੇ, ਬੀਕੇਯੂ ਲੱਖੋਵਾਲ ਦੇ ਪ੍ਰਸ਼ੋਤਮ ਗਿੱਲ, ਬੀਕੇਯੂ ਡਕੌਂਦਾ ਦੇ ਲਛਮਣ ਸਿੰਘ ਚੱਕ ਅਲੀਸ਼ੇਰ, ਬੀਕੇਯੂ ਕਾਦੀਆਂ ਕੁਲਦੀਪ ਚੱਕ ਭਾਈਕੇ, ਕੁੱਲ ਹਿੰਦ ਕਿਸਾਨ ਸਭਾ ਦੇ ਮਲਕੀਤ ਸਿੰਘ ਮੰਦਰਾਂ, ਫਰੂਟ ਐਂਡ ਸਬਜ਼ੀ ਵਿਕਰੇਤਾ ਦੇ ਚਿਮਨ ਲਾਲ ਕਾਕਾ, ਪੰਜਾਬ ਪੱਲੇਦਾਰ ਯੂਨੀਅਨ ਸੁਖਦੇਵ ਸਿੰਘ, ਬੀਕੇਯੂ ਉਗਰਾਹਾਂ ਦੇ ਸੀਰਾ ਸਿੰਘ ਦੋਦੜਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਭਜਨ ਸਿੰਘ ਘੁੰਮਣ ਤੇ ਰਾਜਵਿੰਦਰ ਸਿੰਘ ਰਾਣਾ ਸੂਬਾ ਆਗੂ ਏਕਟੂ ਆਦਿ ਨੇ ਸੰਬੋਧਨ ਕੀਤਾ।

## ਇੱਟਾਂਵਾਲੀ ਨੂੰ ਮਿਲੀ 8 ਜ਼ਿਲ੍ਹਿਆਂ ਦੀ ਜ਼ਿੰਮੇਵਾਰੀ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਚੰਡੀਗੜ੍ਹ ਵੱਲੋਂ ਐਸ.ਸੀ ਕਮਿਸ਼ਨ ਦੇ ਮੈਂਬਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਨੂੰ 8 ਜ਼ਿਲ੍ਹਿਆਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ, ਜਿਸ ਵਿੱਚ ਜ਼ਿਲ੍ਹਾ ਫ਼ਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਫ਼ਰੀਦਕੋਟ, ਫ਼ਿਰੋਜ਼ਪੁਰ, ਮੋਗਾ, ਸ੍ਰੀ ਤਰਨਤਾਰਨ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਤੇ ਗੁਰਦਾਸਪੁਰ ਸ਼ਾਮਲ ਹਨ। ਇਸ ਸਬੰਧ ਵਿੱਚ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਗੁਰਪ੍ਰੀਤ ਸਿੰਘ 'ਇੱਟਾਂਵਾਲੀ' ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਨਾਲ ਜਾਤੀ ਅਧਾਰਤ ਭੇਦਭਾਵ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਮਿਸ਼ਨ ਕੋਲ ਗ਼ਰੀਬ ਵਰਗ ਨੂੰ ਇਨਸਾਫ਼ ਦਿਵਾਉਣ ਲਈ ਸੰਵਿਧਾਨਕ ਸ਼ਕਤੀਆਂ ਹਨ। ਕਿਸੇ ਵੀ ਖੇਤਰ 'ਚ ਜਾਤੀ ਵਿਕਤਰੇਬਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਬੇਝਿਜਕ ਹੋ ਕੇ ਆਪਣੀ ਸ਼ਿਕਾਇਤ ਦਰਜ ਕਰਵਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ਼ਿਕਾਇਤ ਲਿਖਤੀ ਰੂਪ 'ਚ ਦਰਜ ਕਰਾਉਣ ਨਾਲ ਉਨ੍ਹਾਂ ਨੂੰ ਜਲਦੀ ਇਨਸਾਫ ਮਿਲੇਗਾ। ਪੀ.ਏ. ਹਰਜਿੰਦਰ ਸਿੰਘ ਫ਼ਿਰੋਜ਼ਸ਼ਾਹ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਵਰਗ ਨਾਲ ਸਬੰਧਤ ਲੋਕਾਂ ਨੂੰ ਇਨਸਾਫ਼ ਦਿਵਾਉਣਾ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦਾ ਮੁੱਖ ਮਕਸਦ ਹੈ ਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਐਸ.ਸੀ. ਜਾਤੀਆਂ ਕਮਿਸ਼ਨ ਦੇ ਮੈਂਬਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਜਲਦੀ ਹੀ ਉਪਰੋਕਤ ਜ਼ਿਲ੍ਹਿਆਂ ਦਾ ਦੌਰਾ ਕਰਕੇ ਜ਼ਿਲ੍ਹਾ ਤੇ ਤਹਿਸੀਲ ਪੱਧਰੀ ਮੀਟਿੰਗਾਂ ਕਰਕੇ ਐਸ.ਸੀ. ਵਰਗ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣਨਗੇ ਤੇ ਉਨ੍ਹਾਂ ਮਸਲਿਆਂ ਦਾ ਹੱਲ ਕਰਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।

## ਸ੍ਰੀਮਦ ਭਗਵਤ ਗਿਆਨ ਯੱਗ ਕਥਾ ਤੇ ਮੇਲਾ ਵਿਆਸ ਪੂਜਾ ਸੰਮੇਲਨ ਜਾਰੀ

### ਰੋਮੀ ਚੋਪੜਾ ਤੇ ਉਨ੍ਹਾ ਦੇ ਬੇਟੇ ਨੇ ਮਾਲਾ ਤੇ ਜੋਤੀ ਪ੍ਰਚੰਡ ਦੀ ਰਸਮ ਨਿਭਾਈ



**ਜ਼ੀਰਾ (ਨਰਿੰਦਰ ਅਨੇਜਾ)**-ਸ੍ਰੀਮੱਦ ਭਗਵਤ ਗਿਆਨ ਯੱਗ ਕਥਾ ਤੇ ਮੇਲਾ ਵਿਆਸ ਪੂਜਾ ਸੰਮੇਲਨ ਸਿੱਧ ਸਮਾਧੀ ਸ਼ੰਕਰਾਪੁਰੀ ਸਨੇਰ ਰੋਡ ਜ਼ੀਰਾ ਵਿਖੇ ਮਹਾਂਮੰਡਲੇਸ਼ਵਰ ਸਵਾਮੀ ਕਮਲ ਪੁਰੀ ਜੀ ਦੀ ਅਗਵਾਈ ਹੇਠ ਸੱਤਵੇਂ ਦਿਨ ਦੀ ਜੋਤੀ ਪ੍ਰਚੰਡ ਦੀ ਰਸਮ ਰੋਮੀ ਚੋਪੜਾ, ਸਜੀਵ ਨਾਰੰਗ, ਅਨਿਲ ਬਜਾਜ ਨੇ ਨਿਭਾਈ, ਜਦੋਂਕਿ ਮਾਲਾ ਪਹਿਨਾਉਣ ਦੀ ਰਸਮ ਰੋਮੀ ਚੋਪੜਾ ਤੇ ਉਸ ਦੇ ਬੇਟੇ ਨੇ ਨਿਭਾਈ। ਇਸ ਦੌਰਾਨ ਸੰਗਤਾਂ ਦੇ ਸਨਮੁੱਖ ਹੁੰਦਿਆਂ ਮਹਾਂਮੰਡਲੇਸ਼ਵਰ ਸਵਾਮੀ ਕਮਲ ਪੁਰੀ ਜੀ ਨੇ ਬਾਲ ਬ੍ਰਹਮਚਾਰੀ ਮਹਾਂਮੰਡਲੇਸ਼ਵਰ 1008 ਬ੍ਰਹਮਲੀਨ ਸਵਾਮੀ ਸ਼ੰਕਰਾਪੁਰੀ ਮਹਾਰਾਜ ਜੀ ਦੀ ਜੀਵਨੀ ਤੋਂ ਸੰਗਤਾਂ ਨੂੰ ਜਾਣੂ ਕਰਵਾਉਂਦਿਆਂ ਦੱਸਿਆ ਕਿ ਸਵਾਮੀ ਜੀ ਸਿੱਧ ਪੁਰਸ਼ ਤਿਆਗ ਦੀ ਮੂਰਤ ਸਨ, ਉਨ੍ਹਾਂ ਪਾਸ ਆਉਂਦੇ ਸ਼ਰਧਾਲੂਆਂ ਦੀਆਂ ਉਹ ਮਨੋਕਾਮਨਾਵਾਂ ਪੂਰੀਆਂ ਕਰਦੇ ਸਨ।ਇਸ ਉਪਰੰਤ ਅਚਾਰਿਆ ਅਸ਼ਵਨੀ ਸ਼ਾਸਤਰੀ ਨੇ ਕਥਾ ਅਰੰਭ ਕਰਦਿਆਂ ਦੱਸਿਆ ਕਿ ਗੋਵਰਧਨ ਪੂਜਾ ਦਾ ਹਿੰਦੂ ਪੁਰਾਣ ਅਨੁਸਾਰ ਭਗਵਾਨ ਨੂੰ ਛੱਪਣ ਭੋਗ ਲਗਾਇਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਭਗਵਾਨ ਕ੍ਰਿਸ਼ਨ ਮਹਾਰਾਜ ਜੀ ਨੇ ਆਪਣੀਆਂ ਕਈ ਬਾਲ ਲੀਲ੍ਹਾਵਾਂ ਕੀਤੀਆਂ ਤੇ ਜੱਗ ਦਾ ਭਲਾ ਕੀਤਾ।ਇਸ ਮੌਕੇ ਉੱਘੇ ਸਮਾਜ ਸੇਵੀ ਕੁਲਬੀਰ ਸਿੰਘ ਜ਼ੀਰਾ ਸਾਬਕਾ ਐੱਮ ਐੱਲ ਏ, ਸੁਭਾਸ਼ ਗੁਪਤਾ, ਜੈਨਪਾਲ ਤਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਕਥਾ ਦਾ ਆਨੰਦ ਮਾਣਿਆ ਅਤੇ ਅੱਜ ਮੋਹਨ ਭਾਗਵਤ ਕਥਾ ਦੇ ਭੋਗ ਵੀ ਪਾਏ ਗਏ। ਇਸ ਮੌਕੇ ਵੱਡੀ ਗਿਣਤੀ ਵਿੱਚ ਛਬੀਲਾਂ ਤੇ ਕਈ ਤਰ੍ਹਾਂ ਦੇ ਵਸਤੂਆਂ ਦੇ ਲੰਗਰ ਲਗਾਏ ਗਏ।

## ਪੰਜਾਬ ਨੂੰ ਕੇਜਰੀਵਾਲ ਮਾਡਲ ਨਹੀਂ, ਸਗੋਂ ਦੇਸ਼ ਨੂੰ ਪੰਜਾਬ ਮਾਡਲ ਦੇਣ ਦੀ ਲੋੜ : ਕ੍ਰਿਸ਼ਨ ਸਿੰਘ ਸਨੌਰ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਵਰਗੀ ਜ਼ਰਖੇਜ਼ ਤੇ ਅਣਖੀ ਧਰਤੀ ਨੂੰ ਕਿਸੇ ਵੀ ਬਾਹਰੀ ਮਾਡਲ ਦੀ ਲੋੜ ਨਹੀਂ, ਸਗੋਂ ਦੇਸ਼ ਨੂੰ ਪੰਜਾਬ ਮਾਡਲ ਦੀ ਲੋੜ ਹੈ।ਇਹ ਮਾਡਲ ਉਹ ਹੋਣਾ ਚਾਹੀਦਾ ਹੈ, ਜਿਸ ਵਿੱਚ ਮਨੁੱਖਤਾ ਦੀ ਸੇਵਾ, ਲੋੜਵੰਦਾਂ ਦੀ ਸਹਾਇਤਾ, ਹਰ ਧਰਮ ਦਾ ਸਤਿਕਾਰ ਤੇ ਦੇਸ਼ ਭਗਤੀ ਵਾਲੇ ਜਜ਼ਬੇ ਹੋਣ।ਇਹ ਬਿਆਨ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਕ੍ਰਿਸ਼ਨ ਸਿੰਘ ਸਨੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਿੱਤਾ।ਉਨ੍ਹਾਂ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਇਹ ਮਾਡਲ ਪੰਜਾਬ ਵਿੱਚ ਗੈਂਗਸਟਰ ਸਿਸਟਮ ਨੂੰ ਉਤਸ਼ਾਹਤ ਕਰ ਰਿਹਾ ਹੈ, ਜਿੱਥੇ ਕਾਨੂੰਨ ਵਿਵਸਥਾ ਠੱਪ ਹੋ ਚੁੱਕੀ ਹੈ।ਇੱਥੋਂ ਤੱਕ ਕਿ ਪੰਜਾਬੀਆਂ ਦੀ ਥਾਂ ਰਾਜ ਸਭਾ ਵਿੱਚ ਬਾਹਰੀ ਲੋਕ ਭੇਜੇ ਜਾ ਰਹੇ ਹਨ, ਜੋ ਪੰਜਾਬ ਦੀ ਅਣਖ ਨੂੰ ਚੁਣੌਤੀ ਦੇਣ ਵਾਲੀ ਗੱਲ ਹੈ।ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਅਤੇ ਕੇਜਰੀਵਾਲ ਮਾਡਲ ਬਾਰੇ ਕ੍ਰਿਸ਼ਨ ਸਿੰਘ ਸਨੌਰ ਕਿਹਾ ਕਿ ਆਮ ਆਦਮੀ ਪਾਰਟੀ ਦੀ ਲਾਪ੍ਰਵਾਹੀ ਤੇ ਪਿੱਛੜੀ ਨੀਤੀਆਂ ਕਾਰਨ ਪੰਜਾਬ ਦੀ ਸਵੈ-ਮਾਣ ਵਾਲੀ ਅਨਾਜ ਉਤਪਾਦਨ ਸ਼ਮੂਲੀਅਤ ਵੀ ਘਟ ਕੇ 11.97 ਫ਼ੀਸਦੀ ਤੋਂ 11.1 ਫ਼ੀਸਦੀ ਹੋ ਗਈ ਹੈ, ਜੋ ਕਿ ਦੇਸ਼ ਦੇ ਭਵਿੱਖ ਲਈ ਵੀ ਸਹੀ ਨਹੀਂ ਹੈ।ਜੇ ਇਹੀ ਕੇਜਰੀਵਾਲ ਮਾਡਲ ਹੈ ਤਾਂ ਪੰਜਾਬ ਨੂੰ ਇਹ ਕਦੇ ਵੀ ਨਹੀਂ ਚਾਹੀਦਾ।ਪੰਜਾਬੀ ਮੋਹਰੀ ਹੋਣਗੇ, ਪੰਜਾਬੀ ਆਗੂ ਹੋਣਗੇ, ਬਾਹਰੀ ਚੌਧਰ ਸਹਿਣ ਨਹੀਂ ਕਰੀ ਜਾਵੇਗੀ, ਇਸ ਦਾ ਗਵਾਹ ਪੰਜਾਬ ਦਾ ਮਾਣਮੱਤਾ ਇਤਿਹਾਸ ਹੈ।ਕ੍ਰਿਸ਼ਨ ਸਿੰਘ ਨੇ ਦਿੱਲੀ ਮਾਡਲ ਤਹਿਤ ਲੈਂਡ ਪੂਲਿੰਗ ਸਕੀਮ ਨੂੰ ਕਿਸਾਨ ਮਾਰੂ ਕਰਾਰ ਦਿੰਦੇ ਹੋਏ ਕਿਹਾ ਕਿ ਪੰਜਾਬ ਦੀ ਖੇਤੀਯੋਗ ਜ਼ਮੀਨ ਪਹਿਲਾਂ ਹੀ ਘੱਟ ਰਹੀ ਹੈ, ਲੈਂਡ ਪੂਲਿੰਗ ਜਿਹੀ ਸਕੀਮ ਨਾਲ ਸਤਿਗੁਰੂ ਨਾਨਕ ਦੇ ਵਰਸੋਏ ਕਿੱਤੇ ਨੂੰ ਵੱਡਾ ਝਟਕਾ ਲੱਗੇਗਾ।ਪੰਜਾਬੀ ਕਿਸਾਨ ਕਦੇ ਵੀ ਇਹ ਨੀਤੀ ਕਬੂਲ ਨਹੀਂ ਕਰਨਗੇ।

## ਲਾਇਨਜ਼ ਕਲੱਬ ਵੱਲੋਂ ਸਰਕਾਰੀ ਸਕੂਲ ਨੂੰ ਵਾਟਰ ਕੂਲਰ ਭੇਟ




**ਨਾਭਾ (ਵਰਿੰਦਰ ਵਰਮਾ)**-ਲਾਇਨਜ਼ ਕਲੱਬ ਨਾਭਾ ਵੱਲੋਂ ਸਮਾਜ ਭਲਾਈ ਦੇ ਪ੍ਰੋਜੈਕਟ ਜਾਰੀ ਹਨ।ਇਸ ਲੜੀ ਨੂੰ ਜਾਰੀ ਰੱਖਦੇ ਹੋਏ ਤੇ ਕਲੱਬ ਦੇ ਨਵ-ਨਿਯੁਕਤ ਮੁਖੀ ਸੰਨੀ ਸਿੰਗਲਾ ਨੇ ਅਹੁਦਾ ਸੰਭਾਲਦੇ ਹੀ ਸਮਾਜ ਭਲਾਈ ਦੇ ਪ੍ਰੋਜੈਕਟ ਸ਼ੁਰੂ ਕਰ ਦਿੱਤੇ ਹਨ।ਇਸ ਲੜੀ ਨੂੰ ਜਾਰੀ ਰੱਖਦੇ ਹੋਏ, ਮੁੜ ਤੋਂ ਬਣੇ ਪ੍ਰਧਾਨ ਸੰਨੀ ਸਿੰਗਲਾ ਤੇ ਉਨ੍ਹਾਂ ਦੀ ਟੀਮ ਨੇ ਸਰਕਾਰੀ ਐਲੀਮੈਂਟਰੀ ਸਕੂਲ ਅਲੋਹਰਾ ਗੇਟ ਵਿਖੇ ਸਕੂਲੀ ਬੱਚਿਆਂ ਨੂੰ ਪੀਣ ਵਾਲੇ ਪਾਣੀ ਲਈ ਕੂਲਰ ਭੇਟ ਕੀਤਾ।ਇਸ ਮੌਕੇ ਜ਼ਿਲ੍ਹਾ 321 ਐੱਫ ਦੇ ਗਵਰਨਰ ਅੰਮ੍ਰਿਤ ਪਾਲ ਸਿੰਘ ਜੰਡੋ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਨਾਲ ਅਜੇ ਗੋਇਲ, ਬੀ ਐੱਸ ਸੋਹਲ ਤੇ ਸਜੀਵ ਸੂਦ ਵੀ ਮੌਜੂਦ ਸਨ।ਇਸ ਮੌਕੇ ਸਕੂਲ ਸਟਾਫ ਨੇ ਕਲੱਬ ਦੇ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਇਸ ਮੌਕੇ ਲਾਇਨ ਰਾਜੇਸ਼ ਬਾਂਸਲ ਬੱਬੂ, ਸੁਭਾਸ਼ ਸਹਿਗਲ ਸਾਬਕਾ ਪ੍ਰਧਾਨ, ਨਰੇਸ਼ ਕੁਮਾਰ ਗਰਗ, ਗੁਰਮੀਤ ਸਿੰਘ, ਸੁਰਿੰਦਰ ਬੀਰ ਸਿੰਘ ਸੇਠੀ, ਰਾਜ ਕੁਮਾਰ, ਗਿਰਧਾਰੀ ਲਾਲ ਬਾਂਸਲ, ਚਰਨਦੀਪ ਸਿੰਘ ਆਦਿ ਮੌਜੂਦ ਸਨ।

## ਪੀ ਜੀ ਆਈ ਨੇ ਰੋਬੋਟ ਸਰਜਰੀ ਰਾਹੀਂ ਬਾਂਝਪਨ ਦਾ ਕੀਤਾ ਸਫ਼ਲ ਇਲਾਜ



**ਸਮਰਾਲਾ (ਸੁਰਜੀਤ ਸਿੰਘ)**-ਉੱਤਰ ਭਾਰਤ ਦੀ ਨਾਮੀ ਸਿਹਤ ਸੰਸਥਾ ਪੀਜੀਆਈ ਚਡੀਗੜ੍ਹ ਆਪਣੇ ਸੰਸਾਰ ਪ੍ਰਸਿੱਧ ਡਾਕਟਰਾਂ ਰਾਹੀਂ ਸਿਹਤ ਖੇਤਰ ਵਿੱਚ ਨਿੱਤ ਨਵੇਂ ਵਿਗਿਆਨਕ ਚਮਤਕਾਰ ਦੁਨੀਆ ਸਾਹਮਣੇ ਲੈ ਕੇ ਆਉਂਦੀ ਹੈ।ਅਜਿਹੇ ਇੱਕ ਕੇਸ ਵਿੱਚ ਪੀਜੀਆਈ ਦੇ ਡਾਕਟਰਾਂ ਨੇ ਰੋਬੋਟ ਤਕਨੀਕ ਰਾਹੀਂ ਨਵਾਂ ਕਾਰਨਾਮਾ ਅੰਜ਼ਾਮ ਦਿੱਤਾ ਹੈ, ਜਿਸ ਵਿੱਚ ਇੱਕ 43 ਸਾਲਾਂ ਮਰੀਜ਼ ਦੀ ਰੋਬੋਟ ਦੀ ਮਦਦ ਨਾਲ ਵੇਸੋਵੇਸੋਸਟਮੀ ਸਰਜਰੀ ਨੂੰ ਸਫਲਤਾਪੂਰਵਕ ਅੰਜਾਮ ਦਿੱਤਾ ਹੈ।ਇਹ ਭਾਰਤ ਵਿੱਚ ਅਜਿਹੀ ਪਹਿਲੀ ਸਰਜਰੀ ਦੱਸੀ ਗਈ ਹੈ, ਜਿਸ ਨਾਲ ਮਰੀਜ਼ ਦੇ ਨਰ ਬਾਂਝਪਨ ਦਾ ਸਫਲ ਇਲਾਜ ਕੀਤਾ ਗਿਆ।ਸੂਚਨਾ ਅਨੁਸਾਰ ਮਰੀਜ਼ ਨੂੰ ਇੱਕ ਦਿਨ ਬਾਅਦ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ।ਇਹ ਕਾਰਨਾਮਾ ਭਾਰਤੀ ਯੂਰੋਲੋਜੀ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਦਰਜ ਕਰਦੇ ਹੋਏ, ਪੀਜੀਆਈ ਦੇ ਯੂਰੋਲੋਜੀ ਵਿਭਾਗ ਦੇ ਡਾ. ਆਦਿਤਯ ਪ੍ਰਕਾਸ਼ ਸ਼ਰਮਾ (ਐਡੀਸ਼ਨਲ ਪ੍ਰੋਫੈਸਰ), ਡਾ. ਗਿਰਧਰ ਬੋਰਾ (ਐਡੀਸ਼ਨਲ ਪ੍ਰੋਫੈਸਰ) ਤੇ ਪ੍ਰੋ. ਰਵੀ ਮੋਹਨ ਨੇ ਅੰਜਾਮ ਦਿੱਤਾ ਹੈ।ਪੀਜੀਆਈ ਸੂਤਰਾਂ ਮੁਤਾਬਿਕ ਵੈਸੋਵੈਸੋਸਟੋਮੀ ਜਾਂ ਵੈਸੈਕਟੋਮੀ ਰੀਵਰਸਲ, ਇੱਕ ਨਾਜ਼ੁਕ ਮਾਈਕਰੋਸਰਜੀ ਹੈ, ਜਿਸ ਵਿੱਚ ਵੈਸ ਡੀਫਰੈਂਸ ਦੇ ਕੱਟੇ ਹੋਏ ਸਿਰਿਆਂ ਨੂੰ ਦੁਬਾਰਾ ਜੋੜਿਆ ਜਾਂਦਾ ਹੈ ਤਾਂ ਜੋ ਉਤਪਾਦਨਸ਼ੀਲਤਾ ਮੁੜ ਸਥਾਪਤ ਕੀਤੀ ਜਾ ਸਕੇ।ਇਹ ਪ੍ਰਕਿਰਿਆ ਆਮ ਤੌਰ 'ਤੇ ਮਾਈਕਰੋਸਕੋਪ ਦੀ ਮਦਦ ਨਾਲ ਕੀਤੀ ਜਾਂਦੀ ਹੈ, ਪਰ ਇਸ ਕੇਸ ਵਿੱਚ ਇਹ ਕੰਮ ਸਰਜੀਕਲ ਸਿਸਟਮ ਦੀ ਮਦਦ ਨਾਲ ਕੀਤਾ ਗਿਆ, ਜੋ ਅਤੀ ਸੁਖਮਤਾ, ਸਥਿਰਤਾ ਤੇ ਤਿੰਨ-ਅਯਾਮੀ ਤਕਨੀਕ ਰਾਹੀਂ ਸੰਭਵ ਹੋ ਸਕਿਆ।ਸਰਜਨ ਡਾ. ਸ਼ਰਮਾ ਨੇ ਕਿਹਾ ਕਿ ਇਹ ਨਵੀਨਤਾ ਪੀਜੀਆਈ ਵੱਲੋਂ ਆਧੁਨਿਕ ਤਕਨੀਕ ਨੂੰ ਕਲੀਨੀਕਲ ਪ੍ਰੈਕਟਿਸ ਨੂੰ ਅਮਲ ਵਿੱਚ ਲਿਆਂਦੇ ਜਾਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।ਰੋਬੋਟ ਸਹਾਇਕ ਵੈਸੋਵੈਸੋਸਟੋਮੀ ਨਾਲ ਮਨੁੱਖੀ ਵਾਲਾਂ ਤੋਂ ਵੀ ਬਾਰੀਕ ਅਤੀ-ਸੂਖਮ ਧਾਗਿਆਂ ਦੀ ਮਿਹਨਤੀ ਸਿਲਾਈ ਸੰਭਵ ਹੁੰਦੀ ਹੈ।ਉਨ੍ਹਾਂ ਨੇ ਕਿਹਾ ਕਿ ਇਹ ਤਰੀਕਾ ਰੋਬੋਟਿਕ ਸਰਜਰੀ ਨੂੰ ਐਂਡਰੋਲੋਜੀ ਵਿੱਚ ਵੀ ਵਿਸਥਾਰ ਦੇਣ ਦੇ ਰਸਤੇ ਖੋਲ੍ਹਦਾ ਹੈ ਤੇ ਵੈਸੈਕਟੋਮੀ ਤੋਂ ਬਾਅਦ ਕੁਦਰਤੀ ਤੌਰ 'ਤੇ ਮਾਪੇ ਬਣਨ ਦੀ ਆਸ ਰੱਖਣ ਵਾਲੇ ਜੋੜਿਆਂ ਲਈ ਨਵੀਂ ਉਮੀਦ ਦੀ ਕਿਰਨ ਬਣਦਾ ਹੈ।ਪ੍ਰੋ. ਰਵੀ ਮੋਹਨ ਨੇ ਕਿਹਾ ਕਿ ਇਹ ਸਫਲ ਕੇਸ ਦਿਖਾਉਂਦਾ ਹੈ ਕਿ ਰੋਬੋਟਿਕ ਪ੍ਰਣਾਲੀਆਂ ਕੈਂਸਰ ਜਾਂ ਪੁਨਰ-ਨਿਰਮਾਣਕ ਸਰਜਰੀਆਂ ਤੋਂ ਇਲਾਵਾ ਵੀ ਕਿੰਨੀ ਵਿਆਪਕ ਵਰਤੋਂ ਵਾਲੀਆਂ ਹਨ, ਜੋ ਐਂਡਰੋਲੋਜੀ ਤੇ ਮਾਈਕਰੋ ਸਰਜਰੀ ਵਿੱਚ ਨਵੇਂ ਰਸਤੇ ਖੋਲ੍ਹਦਾ ਹੈ।ਉਨ੍ਹਾਂ ਕਿਹਾ ਕਿ ਇਸ ਉਪਲਬਧੀ ਨਾਲ ਪੀਜੀਆਈ ਦੁਨੀਆ ਦੇ ਉਨ੍ਹਾਂ ਕੁਝ ਗਿਣੇ-ਚੁਣੇ ਕੇਂਦਰਾਂ ਵਿੱਚ ਸ਼ਾਮਲ ਹੋ ਗਿਆ ਹੈ, ਜਿਨ੍ਹਾਂ ਨੇ ਰੋਬੋਟ ਸਹਾਇਕ ਵੈਸੋਵੈਸੋਸਟੋਮੀ ਕੀਤੀ ਹੈ, ਜਿਸ ਨਾਲ ਭਾਰਤ ਨੂੰ ਇਸ ਖੇਤਰ ਵਿੱਚ ਵਿਸ਼ਵ ਪੱਧਰ 'ਤੇ ਦਰਜਾ ਮਿਲਿਆ ਹੈ।ਅਜਿਹੀਆਂ ਨਾਜ਼ੁਕ ਤੇ ਨਵੀਨਤਮ ਸਰਜਰੀਆਂ ਸਿਰਫ ਤਦ ਹੀ ਸੰਭਵ ਹੋ ਸਕਦੀਆਂ ਹਨ, ਜਦੋਂ ਯੂਰੋਲੋਜੀ ਵਿਭਾਗ ਦੇ ਮੁਖੀ ਪ੍ਰੋ. ਉੱਤਮ ਮੇਟੇ ਤੇ ਡਾਇਰੈਕਟਰ ਪੀਜੀਆਈ ਪ੍ਰੋ. ਵਿਵੇਕ ਲਾਲ ਵੱਲੋਂ ਪੂਰਾ ਸਹਿਯੋਗ ਤੇ ਹੌਸਲਾ ਮਿਲਦਾ ਹੈ।

## ਚੇਅਰਮੈਨ ਮਲਕ 'ਤੇ ਦਰਜ ਪਰਚਾ ਖਾਰਜ ਨਾ ਕੀਤਾ ਤਾਂ ਸ਼੍ਰੋਮਣੀ ਅਕਾਲੀ ਦਲ ਲਵੇਗਾ ਵੱਡਾ ਐਕਸ਼ਨ : ਕਲੇਰ



**ਜਗਰਾਉਂ (ਅਮਿਤ ਖੰਨਾ)**-ਲੈਂਡ ਪੂਲਿੰਗ ਪਾਲਿਸੀ ਖਿਲਾਫ਼ ਸੰਘਰਸ਼ ਦੀ ਅਗਵਾਈ ਕਰ ਰਹੇ ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ ਖਿਲਾਫ਼ ਸੱਤਾਧਾਰੀ ਧਿਰ ਵੱਲੋਂ ਦਰਜ ਕੀਤੇ ਮਾਮਲੇ ਨੂੰ ਲੈ ਕੇ ਲੋਕ ਰੋਹ ਭਖਦਾ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਵਿਧਾਇਕ ਤੇ ਕੋਰ ਕਮੇਟੀ ਮੈਂਬਰ ਐਸ ਆਰ ਕਲੇਰ ਦੀ ਅਗਵਾਈ ਹੇਠ ਇਕ ਵਫ਼ਦ ਸਮੇਤ ਦੀਦਾਰ ਸਿੰਘ ਮਲਕ ਦੇ ਪਿਤਾ ਮਨਜੀਤ ਸਿੰਘ ਮਲਕ ਐਸ.ਐਸ.ਪੀ ਜਗਰਾਉਂ ਨੂੰ ਮਿਲਿਆ। ਇਸ ਵਫ਼ਦ ਵਿੱਚ ਕਲੇਰ ਸਮੇਤ ਹਾਜ਼ਰ ਆਗੂਆਂ ਨੇ ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ ਖਿਲਾਫ਼ ਦਰਜ ਕੀਤੇ ਮਾਮਲੇ 'ਤੇ ਸਖਤ ਇਤਰਾਜ਼ ਜਤਾਇਆ ਹੈ। ਸ੍ਰੀ ਐਸ ਆਰ ਕਲੇਰ, ਜ਼ਿਲ੍ਹਾ ਪ੍ਰਧਾਨ ਚੰਦ ਸਿੰਘ ਡੱਲਾ ਤੇ ਸਾਬਕਾ ਚੇਅਰਮੈਨ ਕੰਵਲਜੀਤ ਸਿੰਘ ਮੱਲ੍ਹਾ ਨੇ ਆਖਿਆ ਕਿ ਦੀਦਾਰ ਸਿੰਘ ਮਲਕ 'ਤੇ ਸਿਆਸੀ ਸਹਿ ਹੇਠ ਦਰਜ ਕੀਤਾ ਮਾਮਲਾ ਸਰਾਸਰ ਝੂਠਾ ਤੇ ਤੱਥਹੀਣ ਹੈ। ਉਨ੍ਹਾਂ ਆਖਿਆ ਕਿ ਦੀਦਾਰ ਸਿੰਘ ਮਲਕ ਸ਼੍ਰੋਮਣੀ ਅਕਾਲੀ ਦਲ ਦੇ ਵਫਾਦਾਰ ਸਿਪਾਹੀ ਹਨ ਤੇ ਸ਼੍ਰੋਮਣੀ ਅਕਾਲੀ ਦਲ ਆਪਣੇ ਜੁਝਾਰੂ ਆਗੂ ਨਾਲ ਚੱਟਾਨ ਵਾਂਗ ਖੜਾ ਹੈ। ਉਨ੍ਹਾਂ ਕਿਹਾ ਕਿ ਦੀਦਾਰ ਸਿੰਘ ਮਲਕ ਨੇ ਸ਼੍ਰੋਮਣੀ ਅਕਾਲੀ ਦਲ ਦੀ ਵਿਚਾਰਧਾਰਾ ਦੇ ਚੱਲਦਿਆਂ ਕਿਸਾਨਾਂ ਦੇ ਹੱਕ 'ਚ ਜ਼ੋਰਦਾਰ ਅਵਾਜ਼ ਬੁਲੰਦ ਕੀਤੀ ਹੈ ਤੇ ਇਸ ਸੰਘਰਸ਼ ਦੀ ਅਗਵਾਈ ਕਰਕੇ ਕੁੰਭਕਰਨੀ ਨੀਂਦ ਸੁੱਤੀ ਸਰਕਾਰ ਨੂੰ ਹਲੂਣਿਆ ਹੈ। ਸ੍ਰੀ ਕਲੇਰ ਨੇ ਦੱਸਿਆ ਕਿ ਐਸ ਐਸ ਪੀ ਵੱਲੋਂ ਉਨ੍ਹਾਂ ਨੂੰ ਇਸ ਪਰਚੇ ਦੀ ਜਾਂਚ ਕਰਨ ਲਈ 7 ਦਿਨ ਦਾ ਸਮਾਂ ਦਿੱਤਾ ਹੈ। ਉਨ੍ਹਾਂ ਆਖਿਆ ਕਿ ਜੇਕਰ 7 ਦਿਨ ਦੇ ਅੰਦਰ ਪੁਲਸ ਵੱਲੋਂ ਦਰਜ ਕੀਤਾ ਇਹ ਝੂਠਾ ਪਰਚਾ ਖਾਰਜ ਨਾ ਕੀਤਾ ਤਾਂ ਵੱਡੇ ਸ਼ੰਘਰਸ਼ ਦੀ ਰੂਪ ਰੇਖਾ ਉਲੀਕੀ ਜਾਵੇਗੀ।

## ਸੇਰੋਂ 'ਚ ਸਿਹਤ ਜਾਗਰੂਕਤਾ ਸੈਮੀਨਾਰ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਨੇੜਲੇ ਪਿੰਡ ਸੇਰੋਂ ਵਿਖੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਲੌਂਗੋਵਾਲ ਵੱਲੋਂ ਸਿਹਤ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਸੁਰਿੰਦਰਾ ਮਲਟੀ ਸਪੈਸ਼ਲਿਟੀ ਅਤੇ ਟਰੋਮਾ ਸੈਂਟਰ ਸੁਨਾਮ ਤੋਂ ਹੱਡੀਆਂ ਦੇ ਮਾਹਿਰ ਡਾਕਟਰ ਲਵਿਤ ਗੋਇਲ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਡਾ. ਲਵਿਤ ਗੋਇਲ ਨੇ ਕਿਹਾ ਕਿ ਹੱਡੀ ਰੋਗਾਂ ਖਾਸ ਕਰਕੇ ਗੋਡਿਆਂ ਅਤੇ ਜੋੜਾਂ ਦੇ ਦਰਦ ਤੋਂ ਬਚਾਅ ਲਈ ਤੁਹਾਨੂੰ ਆਪਣੀ ਜੀਵਨਸ਼ੈਲੀ ਵਿੱਚ ਬਦਲਾਅ ਦੀ ਲੋੜ ਹੈ ਅਤੇ ਹੱਡੀ ਰੋਗ ਤੋਂ ਬਚਾਅ ਲਈ ਫਾਸਟ ਫੂਡ ਅਤੇ ਬਾਹਰ ਦੀਆਂ ਤਲੀਆਂ ਚੀਜ਼ਾਂ ਨੂੰ ਤਿਆਗ ਕੇ ਘਰ ਦੀਆਂ ਪ੍ਰੋਟੀਨ ਯੁਕਤ ਚੀਜ਼ਾਂ ਹੀ ਖਾਣੀਆਂ ਚਾਹੀਦੀਆਂ ਹਨ। ਉਹਨਾਂ ਤੁਰਨ ਫਿਰਨ ਮੌਕੇ ਬੂਟ ਪਾਉਣ, ਉੱਠਣ-ਬੈਠਣ ਲਈ ਸਹੀ ਤਰੀਕਾ ਅਪਨਾਉਣ ਅਤੇ ਰੋਜ਼ਾਨਾ ਘੱਟੋ ਘੱਟ ਪੌਣਾ ਘੰਟਾ ਕਸਰਤ ਕਰਨ ਦੀ ਸਲਾਹ ਦਿੱਤੀ।



## ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਵਾਸੀਆਂ ਨੂੰ ਵੱਡੀ ਸੌਗਾਤ : ਚੇਅਰਮੈਨ ਜੱਸੀ ਸੋਹੀਆਂ ਵਾਲਾ



**ਨਾਭਾ (ਵਰਿੰਦਰ ਵਰਮਾ)**-ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਨਾਭਾ ਦੇ ਹੋਣਹਾਰ ਨੌਜਵਾਨ ਆਗੂ ਤੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਇਥੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨਾਲ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਬਣਾਈ ਗਈ ਮੁੱਖ ਮੰਤਰੀ ਸਿਹਤ ਯੋਜਨਾ ਸਕੀਮ ਪੰਜਾਬ ਵਾਸੀਆਂ ਲਈ ਇੱਕ ਵੱਡੀ ਸੌਗਾਤ ਹੈ ਤੇ ਆਉਣ ਵਾਲੇ ਸਮੇਂ ਵਿੱਚ ਇਹ ਯੋਜਨਾ ਲਾਗੂ ਹੋ ਜਾਣ ਨਾਲ ਕੋਈ ਵੀ ਪੰਜਾਬ ਵਾਸੀ ਇਲਾਜ ਪੱਖੋਂ ਵਾਂਝਾ ਨਹੀਂ ਰਹੇਗਾ, ਕਿਉਂਕਿ ਇਸ ਸਕੀਮ ਦੇ ਲਾਗੂ ਹੋਣ ਨਾਲ ਹਰ ਪਰਿਵਾਰ ਦੇ ਮੈਂਬਰਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮਿਲੇਗਾ ਤੇ ਇਸ ਲਈ ਲੋਕਾਂ ਨੂੰ ਕਿਸੇ ਨੀਲੇ-ਪੀਲੇ ਕਾਰਡ ਦੀ ਲੋੜ ਨਹੀਂ ਹੋਵੇਗੀ, ਕੋਈ ਵੀ ਵਿਅਕਤੀ ਸਿਰਫ਼ ਆਧਾਰ ਕਾਰਡ ਜਾਂ ਵੋਟਰ ਕਾਰਡ ਦਿਖਾ ਕੇ ਆਪਣਾ ਇਲਾਜ ਕਰਵਾ ਸਕੇਗਾ।ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਲੋਕਾਂ ਨੂੰ ਬਣਦੀਆਂ ਸਹੂਲਤਾਂ ਦੇਣ ਲਈ ਵਚਨਬੱਧ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਯੂਥ ਵਿੰਗ ਜੁਆਇੰਟ ਸਕੱਤਰ ਪੰਜਾਬ ਤੇ ਇੰਪਰੂਵਮੈਂਟ ਟਰੱਸਟ ਨਾਭਾ ਦੇ ਟਰੱਸਟੀ ਗੁਰਪ੍ਰੀਤ ਸਿੰਘ ਗੋਪੀ ਫੈਜਗੜ੍ਹ, ਯੂਥ ਆਗੂ ਲਾਲੀ ਫਤਿਹਪੁਰ, ਦਵਿੰਦਰ ਸਿੰਘ ਸਰਪੰਚ ਕੁਲਾਰਾਂ, ਸੰਦੀਪ ਸ਼ਰਮਾ ਬਲਾਕ ਪ੍ਰਧਾਨ ਸ਼ਹਿਰੀ, ਗੁਰਪ੍ਰੀਤ ਸਿੰਘ ਸਰਪੰਚ ਦੋਦਾ, ਕੁਲਦੀਪ ਸਿੰਘ ਕਕਰਾਲਾ, ਉੱਦਮਦੀਪ ਸਿੰਘ ਨਾਭਾ, ਹਰਵਿੰਦਰ ਸਿੰਘ ਖਹਿਰਾ, ਗੁਰਜੀਤ ਸਿੰਘ ਕੋਟ ਕਲਾਂ ਆਦਿ ਮੌਜੂਦ ਸਨ।

## ...ਸਫ਼ਾ 1 ਦੇ ਬਾਕੀ

### ਚੋਣ ਕਮਿਸ਼ਨ ਆਧਾਰ...

ਅਦਾਲਤ ਦਾ ਦਰਵਾਜ਼ਾ ਖੜਕਾਇਆ ਹੈ। ਦਿਵੇਦੀ ਤੋਂ ਇਲਾਵਾ ਸੀਨੀਅਰ ਵਕੀਲ ਕੇ ਕੇ ਵੇਣੂਗੋਪਾਲ ਅਤੇ ਮਨਿੰਦਰ ਸਿੰਘ ਚੋਣ ਕਮਿਸ਼ਨ ਵੱਲੋਂ ਪੇਸ਼ ਹੋਏ। ਪਟੀਸ਼ਨਰਾਂ ਵਿੱਚੋਂ ਇੱਕ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਗੋਪਾਲ ਸ਼ੰਕਰਨਾਰਾਇਣਨ ਨੇ ਕਿਹਾ ਕਿ ਵੋਟਰ ਸੂਚੀਆਂ ਦੀ ਸੋਧ ਦੀ ਇਜਾਜ਼ਤ ਲੋਕ ਪ੍ਰਤੀਨਿਧਤਾ ਐਕਟ ਤਹਿਤ ਦਿੱਤੀ ਜਾ ਸਕਦੀ ਹੈ। ਉਨ੍ਹਾ ਕਿਹਾ ਕਿ ਪੂਰਾ ਅਭਿਆਸ ਲਗਭਗ 7.9 ਕਰੋੜ ਨਾਗਰਿਕਾਂ ਨੂੰ ਕਵਰ ਕਰੇਗਾ, ਪਰ ਵੋਟਰ ਆਈ ਡੀ ਕਾਰਡ ਅਤੇ ਆਧਾਰ ਕਾਰਡਾਂ 'ਤੇ ਵੀ ਵਿਚਾਰ ਨਹੀਂ ਕੀਤਾ ਜਾ ਰਿਹਾ।

### 'ਮੁੱਖ ਮੰਤਰੀ ਸਿਹਤ ਯੋਜਨਾ'...

'ਤੇ ਲਾਗੂ ਕੀਤੇ ਗਏ ਸਨ।ਹੁਣ ਮੰਤਰੀ ਮੰਡਲ ਨੇ ਇਸ ਨੋਟੀਫਿਕੇਸ਼ਨ ਨੂੰ 4 ਜੂਨ ਤੋਂ ਲਾਗੂ ਕਰਨ ਦਾ ਫੈਸਲਾ ਕੀਤਾ ਹੈ, ਜਿਸ ਨਾਲ ਇਹ ਨਿਰਧਾਰਤ ਕੀਤਾ ਗਿਆ ਹੈ ਕਿ 4 ਜੂਨ ਤੱਕ ਜਮ੍ਹਾਂ ਕੀਤੇ ਗਏ ਪ੍ਰਾਜੈਕਟਾਂ ਤੋਂ ਪਿਛਲੀ ਨੀਤੀ ਅਨੁਸਾਰ ਚਾਰਜ ਲਏ ਜਾਣਗੇ ਅਤੇ 4 ਜੂਨ ਤੋਂ ਬਾਅਦ ਜਮ੍ਹਾਂ ਕਰਵਾਈਆਂ ਗਈਆਂ ਅਰਜ਼ੀਆਂ ਤੋਂ ਨਵੀਂਆਂ ਦਰਾਂ ਲਈਆਂ ਜਾਣਗੀਆਂ, ਜੋ 4 ਜੂਨ ਤੋਂ ਲਾਗੂ ਹੋਣਗੀਆਂ।

### ਗੈਰ-ਕਾਨੂੰਨੀ ਕਾਲ ਸੈਂਟਰ...

ਮਾਸਟਰ ਮਾਈਂਡ ਐਲਕਸ ਨਾਂਅ ਦਾ ਵਿਅਕਤੀ ਹੈ, ਜੋ ਫਿਲਹਾਲ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹੈ। ਪੁਲਸ ਦਾ ਕਹਿਣਾ ਹੈ ਕਿ ਉਸ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।ਗ੍ਰਿਫਤਾਰ ਮੁਲਜ਼ਮਾਂ ਵਿੱਚ ਰੋਹਿਤ ਮਹਿਰਾ ਭਾਗ ਕਲਾਂ, ਲੁਧਿਆਣਾ, ਅਨਵਰ ਰੋਡਰਿਕਸ (ਗੋਆ) ਹਾਲ ਵਾਸੀ ਜ਼ੀਰਕਪੁਰ, ਸੋਮਦੇਵ ਕੋਲਕਾਤਾ, ਹਾਲ ਵਾਸੀ ਜ਼ੀਰਕਪੁਰ, ਬੁੱਧਾ ਭੂਸ਼ਨ ਕਮਲੇ ਪੁੱਤਰ ਸਾਹਿਬ ਪੂਨੇ, ਹਾਲ ਵਾਸੀ ਜ਼ੀਰਕਪੁਰ, ਐਥਨੀ ਗੋਂਮਸ ਪੁੱਤਰ ਰੇਸਮੀ ਕੋਲਕਾਤਾ ਹਾਲ ਵਾਸੀ ਜ਼ੀਰਕਪੁਰ ਅਤੇ ਜੀਤੇਸ਼ ਕੁਮਾਰ ਲੁਧਿਆਣਾ ਸ਼ਾਮਲ ਹਨ।

## ਐੱਨ ਕੇ ਸ਼ਰਮਾ ਤੇ ਅਮਿਤ ਰਾਠੀ ਦੀ ਨਿਯਕਤੀ ਦਾ ਭਰਵਾਂ ਸਵਾਗਤ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਮਿਤ ਸਿੰਘ ਰਾਠੀ ਨੂੰ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਪਟਿਆਲਾ ਜ਼ਿਲ੍ਹਾ ਸ਼ਹਿਰੀ ਦਾ ਪ੍ਰਧਾਨ ਤੇ ਐੱਨ ਕੇ ਸ਼ਰਮਾ ਨੂੰ ਕੋਰ ਕਮੇਟੀ ਮੈਂਬਰ ਨਿਯੁਕਤ ਕਰ ਦਿੱਤਾ ਹੈ।ਉਨ੍ਹਾਂ ਨੂੰ ਦੂਜੀ ਵਾਰ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ।ਜਾਣਕਾਰੀ ਅਨੁਸਾਰ ਅਮਿਤ ਸਿੰਘ ਰਾਠੀ ਨੇ ਆਪਣਾ ਸਫ਼ਰ ਵਿਦਿਆਰਥੀ ਰਾਜਨੀਤੀ ਤੋਂ ਸ਼ੁਰੂ ਕੀਤਾ ਤੇ ਉਹ ਪੰਜਾਬੀ ਯੂਨੀਵਰਸਿਟੀ ਦੇ ਐੱਸ ਓ ਆਈ ਦੇ ਪਹਿਲੇ ਪ੍ਰਧਾਨ ਸਨ। ਦੂਜੀ ਵਾਰ ਪ੍ਰਧਾਨ ਬਣਨ 'ਤੇ ਪ੍ਰਧਾਨ ਅਮਿਤ ਸਿੰਘ ਰਾਠੀ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਲੋਕ ਸਭਾ ਹਲਕਾ ਇੰਚਾਰਜ ਐੱਨ ਕੇ ਸ਼ਰਮਾ, ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਦਾ ਧੰਨਵਾਦ ਕੀਤਾ।

## 64ਵਾਂ ਸਾਲਾਨਾ ਝੰਡਾ ਮਹਾਂਉਤਸਵ 23 ਨੂੰ



**ਬਾਘਾਪੁਰਾਣਾ (ਮਨੀ ਸਿੰਗਲਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਦੁਰਗਾ ਮੰਦਰ ਪ੍ਰਬੰਧਕ ਕਮੇਟੀ ਵੱਲੋਂ 64ਵਾਂ ਸਾਲਾਨਾ ਝੰਡਾ ਸ਼ੋਭਾ ਯਾਤਰਾ ਨੂੰ ਲੈ ਕੇ ਪ੍ਰਧਾਨ ਰਮਨ ਮਿੱਤਲ ਰਿੰਪੀ ਦੀ ਪ੍ਰਧਾਨਗੀ ਹੇਠ ਮੀਟਿੰਗ ਕਰਕੇ ਸੱਦਾ ਪੱਤਰ ਦੇ ਕਾਰਡ ਜਾਰੀ ਕੀਤਾ ਗਿਆ।ਪ੍ਰਧਾਨ ਰਮਨ ਮਿੱਤਲ, ਸੈਕਟਰੀ ਦਿਕਸ਼ਤ ਗਰਗ, ਕੈਸ਼ੀਅਰ ਮਨਦੀਪ ਪਿੰਕਾ ਨੇ ਦੱਸਿਆ ਕਿ 23 ਜੁਲਾਈ ਨੂੰ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਜਾਵੇਗੀ, ਜੋ 3 ਵਜੇ ਸ੍ਰੀ ਦੁਰਗਾ ਮੰਦਰ ਤੋਂ ਰਵਾਨਾ ਹੋਵੇਗੀ।ਝੰਡੇ ਦੀ ਸੇਵਾ ਰਾਮ ਸਰੂਪ, ਤੀਰਥ ਬਾਂਸਲ (ਕੋਟਲੇ ਵਾਲੇ) ਦੇ ਪਰਵਾਰ ਵੱਲੋਂ ਕੀਤੀ ਜਾ ਰਹੀ ਹੈ, ਸ਼ੋਭਾ ਯਾਤਰਾ ਨੂੰ ਝੰਡੀ ਦੇਣ ਦੀ ਰਸਮ ਸੁਸ਼ੀਲ ਕੁਮਾਰ ਗਰਗ ਦੇ ਪਰਿਵਾਰ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਸ਼ੋਭਾ ਯਾਤਰਾ ਸ੍ਰੀ ਦੁਰਗਾ ਮੰਦਰ ਕਾਲੇਕੇ ਰੋਡ ਤੋਂ ਸ਼ੁਰੂ ਹੋ ਕੇ ਸ਼ਹਿਰ ਦੀ ਪਰਿਕਰਮਾ ਕਰਦੀ ਹੋਈ ਰੇਲਵੇ ਰੋਡ, ਨਿਹਾਲ ਸਿੰਘ ਵਾਲਾ ਰੋਡ, ਚਨੂੰਵਾਲਾ ਰੋਡ, ਨਹਿਰੂ ਮੰਡੀ, ਕੋਟਕਪੂਰਾ ਰੋਡ, ਮੁੱਦਕੀ ਰੋਡ, ਮੋਗਾ ਰੋਡ ਤੋਂ ਹੁੰਦੀ ਹੋਈ ਦੁਰਗਾ ਮੰਦਰ ਵਿਖੇ ਸਮਾਪਤ ਹੋਵੇਗੀ।ਉਨ੍ਹਾਂ ਕਿਹਾ ਕਿ ਇਸ ਸ਼ੋਭਾ ਯਾਤਰਾ ਵਿੱਚ ਸੁੰਦਰ ਝਾਕੀਆਂ ਸਜਾਈਆਂ ਜਾਣਗੀਆਂ, ਜੋ ਦੇਖਣਯੋਗ ਹੋਣਗੀਆਂ।ਉਨ੍ਹਾਂ ਕਿਹਾ ਕਿ ਸ਼ਹਿਰ ਦੇ ਦੁਕਾਨਦਾਰਾਂ ਵੱਲੋਂ ਸ਼ੋਭਾ ਯਾਤਰਾ ਦਾ ਸਵਾਗਤ ਕਰਨ ਲਈ ਜਗ੍ਹਾ-ਜਗ੍ਹਾ 'ਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਤੇ ਲੰਗਰ ਲਾਇਆ ਜਾਵੇਗਾ ਤੇ ਫੁੱਲਾਂ ਦੀ ਵਰਖਾ ਕਰਕੇ ਜ਼ੋਰਦਾਰ ਸਵਾਗਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸ਼ੋਭਾ ਯਾਤਰਾ ਦੌਰਾਨ ਪ੍ਰਸ਼ਾਦ ਦੀ ਸੇਵਾ ਬਾਬਾ ਬਰਫਾਨੀ ਸੇਵਾ ਮੰਡਲ ਵੱਲੋਂ ਕੀਤੀ ਗਈ ਹੈ।ਪ੍ਰਧਾਨ ਰਮਨ ਮਿੱਤਲ ਨੇ ਕਿਹਾ ਕਿ ਮਾਤਾ ਚਿੰਤਪੂਰਨੀ ਵਿਖੇ 26 ਜੁਲਾਈ ਨੂੰ ਬਾਘਾਪੁਰਾਣਾ ਤੋਂ ਜੈਕਾਰਿਆਂ ਦੇ ਨਾਲ ਝੰਡੇ ਦੀ ਰਵਾਨਗੀ ਹੋਵੇਗੀ ਤੇ 27 ਜੁਲਾਈ ਨੂੰ ਮਾਤਾ ਚਿੰਤਪੂਰਨੀ ਜੀ ਦੇ ਦਰਬਾਰ 'ਤੇ ਭਗਤਾਂ ਵੱਲੋਂ ਚੜ੍ਹਾਇਆ ਜਾਵੇਗਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਕੇਂਦਰ ਦੀਆਂ ਕਿਰਤੀ ਮਾਰੂ ਨੀਤੀਆਂ ਖਿਲਾਫ ਰੋਸ ਮੁਜ਼ਾਹਰਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਕੇਂਦਰੀ ਟਰੇਡ ਯੂਨੀਅਨਾਂ ਦੇ ਦੇਸ਼ ਵਿਆਪੀ ਹੜਤਾਲ ਦੇ ਸੱਦੇ ਤੇ ਸਥਾਨਕ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਨੇ ਆਪੋ ਆਪਣੇ ਕੰਮ ਛੱਡ ਕੇ ਸਥਾਨਕ ਗਾਂਧੀ ਪਾਰਕ ਵਿਖੇ ਰੈਲੀ ਕਰਕੇ ਸ਼ਹਿਰ ਵਿੱਚ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਵਿਰੁੱਧ ਮੁਜ਼ਾਹਰਾ ਕੀਤਾ।ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਕਰਦਿਆਂ ਏਟਕ, ਸੀਟੂ, ਇਫਟੂ , ਸੀਟੂ ਪੰਜਾਬ ਤੇ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਪਰਗਟ ਸਿੰਘ ਜਾਮਾਰਾਏ, ਦਵਿੰਦਰ ਸੋਹਲ, ਨਛੱਤਰ ਸਿੰਘ, ਤਰਸੇਮ ਸਿੰਘ ਲੁਹਾਰ, ਇੰਦਰਜੀਤ ਸਿੰਘ ਮਰਹਾਣਾ, ਦਲਵਿੰਦਰ ਸਿੰਘ ਪੰਨੂ, ਕਵਲਪ੍ਰੀਤ ਸਿੰਘ ਪੰਨੂ, ਗੁਰਪ੍ਰੀਤ ਸਿੰਘ ਗੰਡੀਵਿੰਡ, ਹੀਰਾ ਸਿੰਘ, ਪ੍ਰਤਾਪ ਸਿੰਘ, ਨਰਿੰਦਰ ਕੌਰ, ਸੀਮਾ ਸੋਹਲ ਨੇ ਕਿਹਾ ਕਿ ਮੌਜੂਦਾ ਕੇਂਦਰ ਦੀ ਭਾਜਪਾ ਸਰਕਾਰ ਅਮਰੀਕਾ ਸਾਮਰਾਜ ਦੇ ਥੱਲੇ ਲੱਗੀ ਹੈ।ਦੇਸ਼ ਵਿੱਚ ਵੀ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਤੇ ਆਮ ਕਾਰੋਬਾਰੀਆਂ ਦੇ ਹੱਕ ਮਾਰ ਕੇ ਕਾਰਪੋਰੇਟ ਘਰਾਣਿਆਂ ਦੇ ਘਰ ਭਰ ਰਹੀ ਹੈ।ਸਰਕਾਰ ਦੀਆਂ ਇਨ੍ਹਾਂ ਨੀਤੀਆਂ ਵਿਰੁੱਧ ਅੱਜ ਦੇਸ਼ ਭਰ ਵਿੱਚ ਲੱਗਭੱਗ 25 ਕਰੋੜ ਮਿਹਨਤਕਸ਼ ਲੋਕ ਹੜਤਾਲ



ਪ੍ਰਦਰਸ਼ਨ ਕਰ ਰਹੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਵਲਟੋਹਾ, ਸੁਖਦੇਵ ਸਿੰਘ ਗੋਹਲਵੜ, ਜਸਵਿੰਦਰ ਸਿੰਘ ਮਾਨੋਚਾਹਲ, ਮਨਜੀਤ ਸਿੰਘ ਬੱਗੂ, ਬਲਜਿੰਦਰ ਸਿੰਘ ਦੋਬਲੀਆਂ, ਨਰਿੰਦਰ ਬੇਦੀ, ਪੂਰਨ ਦਾਸ, ਗੁਰਪ੍ਰੀਤ ਮਾੜੀਮੇਘਾ, ਰਜਵੰਤ ਸਿੰਘ ਬਾਗੜੀਆਂ, ਰਾਜ ਕੌਰ, ਅਮਰਦੀਪ ਸਿੰਘ, ਮੇਜਰ ਸਿੰਘ ਮੱਲੀਆਂ, ਲਖਬੀਰ ਸਿੰਘ ਸੰਧੂ, ਬਲਜਿੰਦਰ ਕੌਰ, ਸੁਲੱਖਣ ਸਿੰਘ ਗੰਡੀਵਿੰਡ ਨੇ ਵੀ ਆਪਣੇ ਵਿਚਾਰ ਰੱਖੇ।

## ਪੰਚਾਇਤ ਵੱਲੋਂ ਨਵੇਂ ਰਸਤੇ ਨੂੰ ਵਿਭਾਗ ਨੇ ਰੋਕਿਆ

**ਕਾਦੀਆਂ (ਰਾਜਵਿੰਦਰ ਸਿੰਘ ਮਲੋਹਤਰਾ)**- ਪਿੰਡ ਡੱਲਾ ਵਿੱਚ ਪਿੰਡ ਦੀ ਪੰਚਾਇਤ ਵੱਲੋਂ ਮਤਾ ਪਵਾ ਕੇ ਬਣੇ ਹੋਏ ਰਸਤੇ ਦੇ ਨਜ਼ਦੀਕ ਜ਼ਮੀਨ ਵਿੱਚੋਂ ਬਣਾਏ ਜਾ ਰਹੇ ਇੱਕ ਹੋਰ ਰਸਤੇ ਦੌਰਾਨ ਪੀੜਤ ਪਰਵਾਰ ਦੀ ਸ਼ਿਕਾਇਤ 'ਤੇ ਮਾਨਯੋਗ ਅਦਾਲਤ ਵੱਲੋਂ ਲਏ ਗਏ ਸਟੇਅ ਅਨੁਸਾਰ ਵਿਭਾਗ ਵੱਲੋਂ ਕੰਮ ਨੂੰ ਮੁਕੰਮਲ ਤੌਰ 'ਤੇ ਰੋਕਣ ਦਾ ਸਮਾਚਾਰ ਹੈ। ਇਸ ਸਬੰਧੀ ਰਣਜੋਧ ਸਿੰਘ ਪੁੱਤਰ ਸ਼ਰਮ ਸਿੰਘ ਵਾਸੀ ਪਿੰਡ ਡੱਲਾ ਤੇ ਕੁਲਦੀਪ ਸਿੰਘ ਸਮੇਤ ਸੁਰਿੰਦਰ ਸਿੰਘ ਕੌਰ ਨੇ ਦੱਸਿਆ ਕਿ ਉਹਨਾਂ ਦੇ ਘਰ ਦੇ ਬਾਹਰ ਪਿਛਲੇ ਕਈ ਸਾਲਾਂ ਤੋਂ ਪੰਚਾਇਤੀ ਰਸਤਾ ਸੀ ਜਿਸ ਤੋਂ ਉਹ ਅਤੇ ਉਹਨਾਂ ਦੇ ਨਜ਼ਦੀਕ ਰਹਿਣ ਵਾਲੇ ਸਾਰੇ ਹੀ ਘਰਾਂ ਦੇ ਲੋਕ ਗੁਜ਼ਰਦੇ ਸਨ। ਪਰ ਪੰਚਾਇਤ ਵੱਲੋਂ ਮਤਾ ਪਵਾ ਕੇ ਉਹਨਾਂ ਦੀ ਜ਼ਮੀਨ ਵਿੱਚੋਂ ਨਵੇਂ ਰਸਤੇ ਦੀ ਉਸਾਰੀ ਕੀਤੀ ਜਾ ਰਹੀ ਸੀ। ਜਿਸ ਦੌਰਾਨ ਉਹਨਾਂ ਵੱਲੋਂ ਇਸ ਦਾ ਵਿਰੋਧ ਕਰਨਾ ਚਾਹਿਆ ਪਰ ਉਹਨਾਂ ਦੀ ਕੋਈ ਸੁਣਵਾਈ ਨਹੀਂ ਹੋਈ ਜਿਸ ਤੋਂ ਬਾਅਦ ਉਹਨਾਂ ਨੇ ਮਾਨਯੋਗ ਅਦਾਲਤ ਦਾ ਸਹਾਰਾ ਲੈਂਦਿਆਂ ਅਦਾਲਤ ਵਿੱਚੋਂ 14 ਤਰੀਕ ਤੱਕ ਦਾ ਸਟੇਅ ਲਿਆ ਗਿਆ । ਪਰ ਇਸ ਦੇ ਬਾਵਜੂਦ ਪੰਚਾਇਤ ਵੱਲੋਂ ਇਸ ਰਸਤੇ ਨੂੰ ਬਣਾਇਆ ਜਾ ਰਿਹਾ ਸੀ। ਜਿਸ ਦਾ ਪਰਵਾਰ ਨੇ ਵਿਰੋਧ ਕੀਤਾ ਤੇ ਉਹਨਾਂ ਤੁਰੰਤ 112 'ਤੇ ਪੁਲਸ ਪ੍ਰਸ਼ਾਸਨ ਸਮੇਤ 181 'ਤੇ ਫੋਨ ਕਰਕੇ ਆਪਣੀ ਸ਼ਿਕਾਇਤ ਦਰਜ ਕਰਵਾਈ ਅਤੇ ਮੰਗ





ਕੀਤੀ ਕਿ ਉਹਨਾਂ ਦੇ ਪਰਿਵਾਰ ਨੂੰ ਇਨਸਾਫ ਦਿੱਤਾ ਜਾਵੇ। ਜ਼ ਕਿ ਧੱਕੇ ਨਾਲ ਹੀ ਰਸਤਾ ਬਣਾਇਆ ਜਾ ਰਿਹਾ ਸੀ।ਪੀੜਤ ਪਰਿਵਾਰਿਕ ਮੈਂਬਰਾਂ ਨੇ ਪੁਲਸ ਪ੍ਰਸ਼ਾਸਨ ਅਤੇ ਵਿਭਾਗ ਦੇ ਉੱਚ ਅਧਿਕਾਰੀਆਂ ਕੋਲੋਂ ਮੰਗ ਕੀਤੀ ਕਿ ਉਹਨਾਂ ਦੇ ਨਾਲ ਜੋ ਧੱਕਾ ਹੋ ਰਿਹਾ ਹੈ, ਨੂੰ ਰੋਕਿਆ ਜਾਵੇ ਅਤੇ ਜੋ ਪਹਿਲਾਂ ਤੋਂ ਹੀ ਰਸਤਾ ਬਣਿਆ ਹੋਇਆ ਹੈ, ਉਸ ਨੂੰ ਹੀ ਰਹਿਮ ਦਿੱਤਾ ਜਾਵੇ ਅਤੇ ਨਵੇਂ ਰਸਤੇ ਦੀ ਉਸਾਰੀ ਨਾ ਕੀਤੀ ਜਾਵੇ। ਕਿਉਂਕਿ ਉਹਨਾਂ ਦੀ ਜ਼ਮੀਨ ਖਰਾਬ ਹੋ ਰਹੀ । ਪੀੜਿਤ ਪਰਿਵਾਰ ਨੇ ਕਿਹਾ ਕਿ ਲੰਮੇ ਸਮੇਂ ਤੋਂ ਬਣੇ ਰਸਤੇ ਦੇ ਦੋਨਾਂ ਪਾਸੇ 'ਤੇ ਜ਼ਮੀਨ ਉਹਨਾਂ ਦੀ ਹੈ। ਉਧਰ ਜਦੋਂ ਪਿੰਡ ਡੱਲਾ ਦੇ ਸਰਪੰਚ ਜਸਵੰਤ ਕੌਰ ਦੇ ਪਤੀ ਮਲਕੀਤ ਸਿੰਘ ਸੋਨੂ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਇਹ ਰਸਤਾ ਪੰਚਾਇਤ ਵੱਲੋਂ ਮਤਾ ਪਵਾ ਕੇ ਕੱਢਿਆ ਜਾ ਰਿਹਾ ਹੈ ਅਤੇ ਇਹ ਰਸਤਾ ਨਿਸ਼ਾਨਦੇਹੀ 'ਤੇ ਹੀ ਕੱਢਿਆ ਜਾ ਰਿਹਾ ਹੈ ਅਤੇ ਕਾਨੂੰਨ ਅਨੁਸਾਰ ਕੱਢਿਆ ਜਾ ਰਿਹਾ ਹੈ। ਕਿਸੇ ਨਾਲ ਵੀ ਕੋਈ ਧੱਕਾ ਨਹੀਂ ਕੀਤਾ ਜਾ ਰਿਹਾ ।ਇਸ ਸਬੰਧੀ ਬੀਡੀਪੀਓ ਕਾਦੀਆਂ ਬਲਜੀਤ ਸਿੰਘ ਦੇ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਅਸੀਂ ਮਾਨਯੋਗ ਅਦਾਲਤ ਦੇ ਹੁਕਮਾਂ ਦੀ ਪਾਲਣਾ 'ਤੇ ਚਲਦਿਆਂ ਜੋ ਵੀ ਮਾਨਯੋਗ ਅਦਾਲਤ ਦਾ ਹੁਕਮ ਹੋਵੇਗਾ, ਉਸ ਦੇ ਅਧਾਰ 'ਤੇ ਅਗਲੀ ਕਾਰਵਾਈ ਅਮਲ ਵਿੱਚ ਲਿਆਵਾਂਗੇ।

## 'ਸ੍ਰੀ ਗੁਰੂ ਤੇਗ ਬਹਾਦਰ ਜੀ ਹਰਿਆਵਲ ਸੰਕਲਪ' ਤਹਿਤ ਹਰੇਕ ਜ਼ਿਲ੍ਹੇ 'ਚ 3.50 ਲੱਖ ਬੂਟੇ ਲਗਾਉਣ ਦੀ ਯੋਜਨਾ : ਸ਼ੈਰੀ ਕਲਸੀ

**ਬਟਾਲਾ (ਡਾਕਟਰ ਮਲਵਿੰਦਰ ਸਿੰਘ )**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵਾਤਾਵਰਣ ਨੂੰ ਹਰਿਆ-ਭਰਿਆ ਅਤੇ ਸ਼ੁੱਧ ਰੱਖਣ ਦੇ ਮੰਤਵ ਨਾਲ ਮਾਤਾ ਸੁਲੱਖਣੀ ਜੀ ਸਿਵਲ ਹਸਪਤਾਲ ਬਟਾਲਾ ਵਿਖੇ ਨਾਨਕ ਬਗੀਚੀ ਦਾ ਸ਼ੁੱਭ ਆਰੰਭ ਕੀਤਾ ਤੇ ਪੌਦਾ ਲਗਾਇਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਾਤਾਵਰਣ ਨੂੰ ਪ੍ਰਦੂਸ਼ਿਤ ਮੁਕਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਪੌਦੇ ਲਗਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਘੱਟੋ-ਘੱਟ ਇੱਕ ਪੌਦਾ ਜ਼ਰੂਰ ਲਗਾਉਣਾ ਚਾਹੀਦਾ ਹੈ



ਅਤੇ ਲਗਾਏ ਪੌਦਿਆਂ ਦੀ ਸਾਂਭ-ਸੰਭਾਲ ਵੀ ਜ਼ਰੂਰ ਕਰਨੀ ਚਾਹੀਦੀ ਹੈ।ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਜੰਗਲਾਤ ਅਧੀਨ ਰਕਬਾ ਵਧਾਉਣ ਦੇ ਮੰਤਵ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਹਰਿਆਵਲ ਸੰਕਲਪ ਯੋਜਨਾ ਤਹਿਤ ਫ਼ੈਸਲਾ ਕੀਤਾ ਹੈ ਕਿ ਸਾਲ 2025-26 ਦੌਰਾਨ ਹਰੇਕ ਜ਼ਿਲ੍ਹੇ ਵਿੱਚ 3.50 ਲੱਖ ਬੂਟੇ ਲਗਾਏ ਜਾਣਗੇ।ਉਨ੍ਹਾਂ ਦੱਸਿਆ ਕਿ ਸਾਲ 2025-26 ਲਈ ਨਿਵੇਕਲੀਆਂ ਪਹਿਲਕਦਮੀਆਂ ਉਲੀਕੀਆਂ ਜਾ ਰਹੀਆ ਹਨ। ਇਨ੍ਹਾਂ ਵਿੱਚ ਪ੍ਰਮੁੱਖ ਤੌਰ 'ਤੇ ਹਾਈਵੇਅ (ਰਾਜਮਾਰਗਾਂ) ਦੇ ਨਾਲ-ਨਾਲ ਖਾਸ ਕਰਕੇ ਸੰਗਰੂਰ, ਜਲੰਧਰ ਤੋਂ ਅੰਮ੍ਰਿਤਸਰ ਸੜਕ, ਪਠਾਨਕੋਟ ਤੋਂ ਅੰਮ੍ਰਿਤਸਰ, ਸ੍ਰੀ ਆਨੰਦਪੁਰ ਸਾਹਿਬ ਅਤੇ ਫਗਵਾੜਾ - ਚੰਡੀਗੜ੍ਹ ਸੜਕ 'ਤੇ ਖਟਕੜ ਕਲਾਂ ਵਿਖੇ ਫੁੱਲਦਾਰ ਬੂਟੇ ਲਾਉਣਾ ਸ਼ਾਮਿਲ ਹੈ। ਉਨ੍ਹਾਂ ਕਿਹਾ ਕਿ ਲਿੰਕ ਸੜਕਾਂ ਦੇ ਨਾਲ ਪਾਪੂਲਰ ਅਤੇ ਡਰੇਕ ਕਿਸਮਾਂ ਦੇ 2.50 ਲੱਖ ਬੂਟੇ ਜਦੋਂ ਕਿ ਫੁੱਲਦਾਰ ਕਿਸਮਾਂ ਦੇ 3 ਲੱਖ ਬੂਟੇ ਲਗਾਏ ਜਾਣਗੇ।ਇਸ ਮੌਕੇ ਐਸ.ਐਮ.ਓ ਮਨਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ 40,000 ਪੌਦੇ ਲਗਾਏ ਜਾਣੇ ਹਨ, ਜਿਸ ਤਹਿਤ ਇੱਕ ਹਜ਼ਾਰ ਹਰਬਲ ਪਲਾਂਟ ਨਾਨਕ ਬਗੀਚੀ ਵਿੱਚ ਲਗਾਏ ਜਾਣਗੇ।

## ਲੰਗਾਹ ਦੇ ਪ੍ਰਧਾਨ ਬਣਨ ਨਾਲ ਜ਼ਿਲ੍ਹੇ 'ਚ ਸ਼੍ਰੋਮਣੀ ਅਕਾਲੀ ਦਲ ਮਜ਼ਬੂਤ ਹੋ ਕੇ ਉਭਰੇਗਾ : ਆਗੂ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਬਕਾ ਉੱਪ ਮੁੱਖ ਮੰਤਰੀ ਪੰਜਾਬ ਵੱਲੋਂ ਮਾਝੇ ਦੇ ਨਿਧੜਕ ਜਰਨੈਲ ਜਥੇਦਾਰ ਸੁੱਚਾ ਸਿੰਘ ਲੰਗਾਹ ਸਾਬਕਾ ਮੰਤਰੀ ਪੰਜਾਬ ਨੂੰ ਸ੍ਰੋਮਣੀ ਅਕਾਲੀ ਦਲ ਜ਼ਿਲ੍ਹਾ ਗੁਰਦਾਸਪੁਰ ਦਾ ਜ਼ਿਲ੍ਹਾ ਪ੍ਰਧਾਨ ਬਣਾਏ ਜਾਣ ਤੇ ਹਲਕਾ ਕਾਦੀਆਂ ਦੇ ਸੀਨੀਅਰ ਅਕਾਲੀ ਆਗੂ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਲਕਾ ਦੀਨਾਨਗਰ ਦੇ ਸੀਨੀਅਰ ਅਕਾਲੀ ਲੀਡਰ ਜਥੇਦਾਰ ਨਰਿੰਦਰ ਸਿੰਘ ਵਾੜਾ, ਹਲਕਾ ਡੇਰਾ ਬਾਬਾ ਨਾਨਕ ਦੇ ਇੰਚਾਰਜ ਸੁਖਜਿੰਦਰ ਸਿੰਘ ਸੋਨੂੰ ਲੰਗਾਹ, ਹਲਕਾ ਸ੍ਰੀ ਹਰਗੋਬਿੰਦਪੁਰ ਦੇ ਸੀਨੀਅਰ ਅਕਾਲੀ ਆਗੂ ਤਰਲੋਕ ਸਿੰਘ ਬਾਠ ਸਾਬਕਾ ਚੇਅਰਮੈਨ ਜ਼ਿਲ੍ਹਾ ਪ੍ਰੀਸਦ, ਹਲਕਾ ਕਾਦੀਆਂ ਦੇ ਸੀਨੀਅਰ ਅਕਾਲੀ ਆਗੂ ਕੰਵਲਪ੍ਰੀਤ ਸਿੰਘ ਕਾਕੀ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਸ੍ਰੋਮਣੀ ਅਕਾਲੀ ਦਲ, ਹਲਕਾ ਦੀਨਾਨਗਰ ਦੇ ਸੀਨੀਅਰ ਅਕਾਲੀ ਲੀਡਰ ਪਰਮਵੀਰ ਸਿੰਘ ਲਾਡੀ ਸਾਬਕਾ ਜਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ, ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਸੀਨੀਅਰ ਅਕਾਲੀ ਆਗੂ ਹਰਦੇਵ ਸਿੰਘ ਬਾਜੇਚੱਕ ਸਾਬਕਾ ਜਿਲਾ ਪ੍ਰਧਾਨ ਯੂਥ ਅਕਾਲੀ ਦਲ, ਹਲਕਾ ਬਟਾਲਾ ਦੇ ਸੀਨੀਅਰ ਅਕਾਲੀ ਲੀਡਰ ਸੁਖਬੀਰ ਸਿੰਘ ਵਾਹਲਾ ਸਾਬਕਾ ਚੇਅਰਮੈਨ ਸੂਗਰਫੈੱਡ ਪੰਜਾਬ, ਹਲਕਾ ਕਾਦੀਆਂ ਦੇ ਸੀਨੀਅਰ ਅਕਾਲੀ ਲੀਡਰ ਬੀਬੀ ਸਰਨਜੀਤ ਕੌਰ ਜਿੰਦੜ ਸਾਬਕਾ ਜਿਲਾ ਪ੍ਰਧਾਨ ਇਸਤਰੀ ਅਕਾਲੀ ਦਲ, ਬੀਬੀ ਜਸਵੀਰ ਕੌਰ ਜਫਰਵਾਲ ਮੈਂਬਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਅਕਾਲੀ ਆਗੂਆਂ ਨੇ ਚੰਡੀਗੜ੍ਹ ਵਿਖੇ ਵਿਸੇਸ ਤੌਰ 'ਤੇ ਪਹੁੰਚ ਕੇ ਜਥੇਦਾਰ ਸੁੱਚਾ ਸਿੰਘ ਲੰਗਾਹ ਨੂੰ ਸਿਰੋਪਾਓ, ਲੋਈ ਦੇ ਕੇ ਸਨਮਾਨਿਤ ਕੀਤਾ।



## ਟੋਯੋਟਾ ਇਨੋਵਾ ਹਾਈਕ੍ਰਾਸ ਨੂੰ ਭਾਰਤ ਐੱਨ ਸੀ ਏ ਪੀ ਦੇ ਤਹਿਤ 5-ਸਟਾਰ ਸੁਰੱਖਿਆ ਰੇਟਿੰਗ ਮਿਲੀ

**ਜਲੰਧਰ** : ਟੋਯੋਟਾ ਕਿਰਲੋਸਕਰ ਮੋਟਰ ਦੀ ਸੁਰੱਖਿਆ ਪ੍ਰਤੀ ਅਟੁੱਟ ਵਚਨਬੱਧਤਾ ਦੇ ਇਕ ਮਹੱਤਵਪੂਰਨ ਸਬੂਤ ਵਜੋਂ, ਬਹੁ-ਸਮਮਾਨਿਤ ਇਨੋਵਾ ਹਾਈਕ੍ਰਾਸ ਨੂੰ ਭਾਰਤ ਨਿਊ ਕਾਰ ਅਸੈਸਮੈਂਟ ਪ੍ਰੋਗਰਾਮ (ਭਾਰਤ ਐੱਨਸੀਏਪੀ) ਦੇ ਤਹਿਤ 5-ਸਟਾਰ ਸੁਰੱਖਿਆ ਰੇਟਿੰਗ ਦਿੱਤੀ ਗਈ ਹੈ।ਇਹ ਭਾਰਤ ਦੀ ਸਭ ਤੋਂ ਵਿਸ਼ਤ੍ਰਿਤ ਵਾਹਨ ਸੁਰੱਖਿਆ ਮੁਲਾਂਕਣ ਢਾਂਚਾ ਹੈ। ਇਹ 5-ਸਟਾਰ ਸੁਰੱਖਿਆ ਰੇਟਿੰਗ ਵਯੱਸਕਾਂ ਅਤੇ ਬੱਚਿਆਂ-ਦੋਹਾਂ ਪ੍ਰਕਾਰ ਦੇ ਯਾਤਰੀਆਂ ਦੀ ਸੁਰੱਖਿਆ ਲਈ ਪ੍ਰਾਪਤ ਹੋਈ ਹੈ।ਟੋਯੋਟਾ ਨਿਊ ਗਲੋਬਲ ਆਰਕੀਟੈਕਚਰ (ਟੀਐੱਨਜੀਏ) ਪਲੇਟਫਾਰਮ 'ਤੇ ਤਿਆਰ ਕੀਤੀ ਗਈ ਇਨੋਵਾ ਹਾਈਕ੍ਰਾਸ ਨੂੰ ਹਾਦਸਿਆਂ ਦੌਰਾਨ ਸੁਰੱਖਿਆ ਅਤੇ ਢਾਂਚਾਗਤ ਮਜ਼ਬੂਤੀ ਨੂੰ ਯਕੀਨੀ ਬਣਾਉਣ ਲਈ ਡਿਜ਼ਾਈਨ ਕੀਤਾ ਗਿਆ ਹੈ। ਇਸ ਉਪਲਬਧੀ 'ਤੇ ਗੱਲ ਕਰਦੇ ਹੋਏ ਵਿਕਰੀ-ਸੇਵਾ-ਉਪਯੋਗ ਕੀਤੀਆਂ ਗਈਆਂ ਕਾਰਾਂ ਦੇ ਵਾਈਸ ਪ੍ਰੈਜ਼ੀਡੈਂਟ, ਵਰਿੰਦਰ ਵਾਧਵਾ ਨੇ ਕਿਹਾ ਕਿ ਟੋਯੋਟਾ ਕ੍ਰਿਲੋਸਕਰ ਮੋਟਰ ਵਿੱਚ ਸੁਰੱਖਿਆ ਸਾਡੇ ਉਤਪਾਦ ਵਿਕਾਸ, ਨਿਰਮਾਣ ਪ੍ਰਕਿਰਿਆ ਅਤੇ ਸਾਡੇ ਗਾਹਕ-ਪਹਿਲ ਰੁਖ ਦਾ ਇੱਕ ਮੁਢਲਾ ਥੰਮ੍ਹ ਹੈ।

## ਕਰਮਨਪ੍ਰੀਤ ਕੌਰ ਜੂਨੀਅਰ ਹਾਕੀ ਦੀ ਟੀਮ ਚੋਣ 'ਤੇ ਆਗੂਆਂ ਵੱਲੋਂ ਸਨਮਾਨ



**ਪੱਟੀ (ਬਲਦੇਵ ਸਿੰਘ ਸੰਧੂ)**- ਸਬ ਡਵੀਜਨ ਪੱਟੀ ਅਧੀਨ ਸੰਘਣੀ ਆਬਾਦੀ ਵਾਲੇ ਪਿੰਡ ਸਭਰਾ ਦੀ ਜੰਮਪਲ ਧੀ ਕਰਮਨਪ੍ਰੀਤ ਕੌਰ ਵੱਲੋਂ ਮਾਪਿਆਂ ਦੀ ਅਥਾਹ ਮਿਹਨਤ ਸਦਕਾ ਕਰਮਨਪ੍ਰੀਤ ਕੌਰ ਨੂੰ ਇੰਡੀਆ 'ਚ ਹਾਕੀ ਟੀਮ ਸ਼ਾਮਲ ਕਰਨ 'ਤੇ ਜਿੱਥੇ ਇਲਾਕੇ ਤੇ ਮਾਂ ਬਾਪ ਦਾ ਨਾਂਅ ਰੌਸਨ ਕਰਨ 'ਤੇ ਧੀ ਨੂੰ ਸਨਮਾਨ ਕਰਨ ਵਾਲਿਆਂ ਦਾ ਤਾਤਾਂ ਲੱਗਿਆ। ਬੀਤੇ ਦਿਨੀਂ ਵਿਦੇਸ਼ 'ਚ ਖੇਡ ਕੇ ਵਾਪਸ ਪਰਤੀ ਕਰਮਨਪ੍ਰੀਤ ਕੌਰ ਸਭਰਾ ਪੁੱਤਰੀ ਦਿਲਬਾਗ ਸਿੰਘ ਡੈਪੋ ਨੇ ਹਾਕੀ 'ਚ ਨਾ ਸਿਰਫ ਅਪਣਾ ਬਲਕਿ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਜੂਨੀਅਰ ਨੈਸ਼ਨਲ ਹਾਕੀ ਟੀਮ 'ਚ ਜਗ੍ਹਾ ਬਣਾ ਕੇ ਇੰਡੀਆ ਕੈਂਪ ਲਈ ਚੁਣਿਆ ਗਿਆ ਘਰ ਪਰਤਣ 'ਤੇ ਇਲਾਕੇ ਦੀਆਂ ਸਮਾਜਿਕ ਤੇ ਧਾਰਮਿਕ ਤੇ ਰਾਜਨੀਤਕ ਜਥੇਬੰਦੀਆਂ ਨੇ ਕਰਮਨਪ੍ਰੀਤ ਕੌਰ ਦਾ ਸਨਮਾਨ ਕੀਤਾ ਇਹ ਸ਼ਬਦ ਬਾਬਾ ਬਲਜਿੰਦਰ ਸਿੰਘ ਚੂਸਲੇਵੜ ਡਰੈਕਟਰ ਪੀ ਏ ਡੀ ਬੈਂਕ ਪੱਟੀ ਤੇ ਚੇਅਰਮੈਨ ਬਲਵਿੰਦਰ ਸਿੰਘ ਚੂਸਲੇਵੜ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਂਝੇ ਕੀਤੇ। ਇਸ ਮੌਕੇ ਦਿਲਬਾਗ ਸਿੰਘ ਡੈਪੋ ਨੂੰ ਵਧਾਈਆਂ ਦਿੱਤੀਆਂ ਤੇ ਬੇਟੀ ਨੂੰ ਸਿਰੋਪਾਓ ਦੇ ਕੇ ਤੇ ਮੂੰਹ ਮਿੱਠਾ ਕਰਵਾਇਆ ਗਿਆ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਵੱਲੋਂ ਸ੍ਰੀ ਅੰਮ੍ਰਿਤਸਰ ਤੋਂ ਖੇਮਕਰਨ ਰੋਡ ਟੋਲ ਪਲਾਜ਼ਾ ਮੰਨਣ ਉੱਪਰ ਜ਼ਿਲ੍ਹਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ ਦੀ ਅਗਵਾਈ ਹੇਠ ਜ਼ਿਲ੍ਹਾ ਗੁਰਦਾਸਪੁਰ ਵਿਖੇ ਕਿਸਾਨਾਂ 'ਤੇ ਹੋਏ ਤਸ਼ੱਦਦ ਦੇ ਵਿਰੋਧ ਵਿੱਚ ਅਨੇਕਾਂ ਥਾਵਾਂ 'ਤੇ ਆਪ ਸਰਕਾਰ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਜਿਲਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਪ੍ਰਧਾਨ ਗੁਰਮੀਤ ਸਿੰਘ ਐਮਾ ਕਲਾਂ,ਪ੍ਰਧਾਨ ਸੁੱਚਾ ਸਿੰਘ ਖੈਰਦੀਨ ਕੇ, ਪ੍ਰਧਾਨ ਸੁਖਬੀਰ ਸਿੰਘ ਮੰਨਣ, ਪ੍ਰਧਾਨ ਧਰਮ ਸਿੰਘ ਠੱਠਗੜ੍ਹ ਨੇ ਕਿਹਾ



ਭਗਵੰਤ ਮਾਨ ਦੀ ਆਪ ਸਰਕਾਰ ਕੇਂਦਰ ਦੇ ਇਸ਼ਾਰਿਆਂ ਤੇ ਸੱਤਾ ਦੇ ਨਸ਼ੇ ਵਿੱਚ ਚੂਰ ਹੋ ਕੇ ਲੋਕਾਂ 'ਤੇ ਅੰਨ੍ਹਾ ਤਸ਼ੱਦਦ ਕਰ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਭਾਰਤ ਮਾਲਾ ਪ੍ਰੋਜੈਕਟ ਅਧੀਨ ਆ ਰਹੀਆਂ ਜ਼ਮੀਨਾਂ 'ਤੇ ਸਰਕਾਰ ਬਿਨਾਂ ਪੈਸੇ ਦਿੱਤਿਆਂ ਗੁਰਦਾਸਪੁਰ ਵਿੱਚ ਲੋਕਾਂ ਦੀਆਂ ਜ਼ਮੀਨਾਂ ਤੇ ਪ੍ਰਸ਼ਾਸਨ ਦੇ ਜ਼ੋਰ ਨਾਲ ਕਬਜ਼ੇ ਕਰਵਾ ਰਹੀ ਹੈ। ਇਸੇ ਤਰ੍ਹਾਂ ਹੀ ਪਿੰਡ ਨੰਗਲ ਝੌਰ ਵਿਖੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰਨ ਆਏ ਪ੍ਰਸ਼ਾਸਨ ਨੂੰ ਰੋਕਣ ਲਈ ਕਿਸਾਨਾਂ ਅਤੇ ਪੁਲਿਸ ਪ੍ਰਸ਼ਾਸਨ ਵਿੱਚ ਝੜਪ ਹੋਈ, ਜਿਸ ਵਿੱਚ ਬਜ਼ੁਰਗ ਆਗੂ ਲਖਵਿੰਦਰ ਸਿੰਘ ਪਿੰਡ ਰੰਗੜ ਨੰਗਲ ਪ੍ਰਸ਼ਾਸਨ ਦੀ ਕਰੂਰਤਾ ਦਾ ਸ਼ਿਕਾਰ ਹੋ ਗਿਆ, ਜਿਨ੍ਹਾ ਦੀ ਸਿਹਤ ਨਾਜ਼ੁਕ ਦੱਸੀ ਜਾ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਇਹ ਪੰਜਾਬ ਦੇ ਕਿਸਾਨਾਂ ਦੀ ਬਦਕਿਸਮਤੀ ਹੈ ਕਿ ਉਹਨਾਂ ਨੂੰ ਆਪਣੇ ਹੀ ਖੇਤਾਂ ਵਿੱਚ ਪ੍ਰਸ਼ਾਸਨ ਵੱਲੋਂ ਕੁੱਟਿਆ ਮਾਰਿਆ ਜਾ ਰਿਹਾ ਹੈ ਅਤੇ ਭੂਮੀ ਐਕਟ 2013 ਨੂੰ ਛਿੱਕੇ ਤੇ ਟੰਗ ਕੇ ਲੋਕਾਂ ਦੀਆਂ ਜ਼ਮੀਨਾਂ ਤੇ ਧੱਕੇ ਨਾਲ ਭਗਵੰਤ ਮਾਨ ਸਰਕਾਰ ਵੱਲੋਂ ਕਬਜ਼ਾ ਕਰਾਇਆ ਜਾ ਰਿਹਾ ਹੈ। ਕਿਸਾਨ ਆਗੂਆਂ ਕਿਹਾ ਕਿ ਕਿਸੇ ਵੀ ਕੀਮਤ 'ਤੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਧੱਕੇ ਨਾਲ ਕਬਜ਼ੇ ਨਹੀਂ ਹੋਣ ਦੇਵਾਂਗੇ।ਇਸ ਮੌਕੇ ਸਤਪਾਲ ਸਿੰਘ, ਮੰਗਲ ਸਿੰਘ, ਰਣਜੀਤ ਸਿੰਘ, ਜੱਸਾ ਸਿੰਘ, ਜੋਗਾ ਸਿੰਘ, ਆਦਿ ਆਗੂ ਹਾਜ਼ਰ ਸਨ।

## ਸਰਹੱਦੀ ਜ਼ਿਲ੍ਹੇ 'ਚ 62 ਆਮ ਆਦਮੀ ਕਲੀਨਿਕ ਖੋਲ੍ਹੇ : ਰਮਨ ਬਹਿਲ

**ਗੁਰਦਾਸਪੁਰ (ਜਨਕ ਮਹਾਜਨ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿਹਤ ਕ੍ਰਾਂਤੀ ਤਹਿਤ ਆਮ ਆਦਮੀ ਕਲੀਨਿਕ ਖੋਲ੍ਹ ਕੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਮਿਆਰੀ ਤੇ ਮੁਫ਼ਤ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।ਰਾਜ ਸਰਕਾਰ ਵੱਲੋਂ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਵਿੱਚ 62 ਆਮ ਆਦਮੀ ਕਲੀਨਿਕਾਂ ਖੋਲ੍ਹੇ ਗਏ ਹਨ ਜਿਸ ਨਾਲ ਆਮ ਲੋਕਾਂ ਨੂੰ ਵੱਡੀ ਸਹੂਲਤ ਮਿਲੀ ਹੈ। ਆਮ ਆਦਮੀ ਕਲੀਨਿਕਾਂ ਬਾਰੇ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਦੇ 62 ਆਮ ਆਦਮੀ ਕਲੀਨਿਕਾਂ ਵਿੱਚੋਂ 2349418 ਨਾਗਰਿਕਾਂ ਨੇ ਆਪਣਾ ਇਲਾਜ ਕਰਵਾਇਆ ਹੈ।ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿੱਚ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਦਾ ਮੁਕੰਮਲ ਰਿਕਾਰਡ ਰੱਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮਾਹਿਰ ਡਾਕਟਰਾਂ ਵੱਲੋਂ ਮੁਫ਼ਤ ਦਵਾਈਆਂ ਅਤੇ ਟੈਸਟਾਂ ਦੀ ਸਹੂਲਤ ਮਿਲਣ ਨਾਲ ਮਰੀਜ਼ ਜਲਦੀ ਠੀਕ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਲਦ ਹੀ ਜ਼ਿਲ੍ਹਾ ਗੁਰਦਾਸਪੁਰ ਵਿੱਚ 20 ਹੋਰ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ।

## ਰੰਧਾਵਾ ਨੇ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕਰਨ ਲਈ ਮਾਨ ਦੀ ਕੀਤੀ ਸ਼ਲਾਘਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)** - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਿਹਤ ਸੰਭਾਲ ਖੇਤਰ ਵਿੱਚ ਇਤਿਹਾਸਕ ਕਦਮ ਪੁੱਟਦਿਆਂ 'ਮੁੱਖ ਮੰਤਰੀ ਸਿਹਤ ਯੋਜਨਾ' ਲਾਗੂ ਕੀਤੀ ਜਾ ਰਹੀ ਹੈ, ਜਿਸ ਤਹਿਤ ਪੰਜਾਬ ਦੇ ਹਰ ਪਰਵਾਰ ਨੂੰ ਹੁਣ 10 ਲੱਖ ਰੁਪਏ ਤੱਕ ਦਾ ਨਗਦੀ ਰਹਿਤ ਇਲਾਜ ਦੀ ਸਹੂਲਤ ਮਿਲੇਗੀ। ਇਹ ਯੋਜਨਾ ਲਾਗੂ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿੱਥੇ ਹਰ ਪਰਵਾਰ 10 ਲੱਖ ਰੁਪਏ ਤੱਕ ਦਾ ਨਗਦੀ ਰਹਿਤ ਇਲਾਜ ਕਰਵਾਉਣ ਦਾ ਹੱਕਦਾਰ ਹੋਵੇਗਾ।'ਮੁੱਖ ਮੰਤਰੀ ਸਿਹਤ ਯੋਜਨਾ' ਦਾ ਐਲਾਨ ਕਰਨ ਲਈ ਮੁੱਖ ਮੰਤਰੀ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਕਰਦਿਆਂ ਡੇਰਾ ਬਾਬਾ ਨਾਨਕ ਹਲਕੇ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਹੁਣ ਪੰਜਾਬ ਦਾ ਕੋਈ ਵੀ ਨਾਗਰਿਕ ਵਿੱਤੀ ਤੰਗੀ ਕਾਰਨ ਇਲਾਜ ਖੁਣੋਂ ਨਹੀਂ ਰਹੇਗਾ।ਉਨ੍ਹਾਂ ਕਿਹਾ ਕਿ ਇਸ ਸਕੀਮ ਅਧੀਨ ਕੋਈ ਵੀ ਨਾਗਰਿਕ ਕਿਸੇ ਵੀ ਸਰਕਾਰੀ ਹਸਪਤਾਲ ਜਾਂ ਸੂਚੀਬੱਧ ਪ੍ਰਾਈਵੇਟ ਹਸਪਤਾਲ ਵਿੱਚ ਮੁਫ਼ਤ ਇਲਾਜ ਹਾਸਲ ਕਰਵਾ ਸਕਦਾ ਹੈ।ਵਿਧਾਇਕ ਰੰਧਾਵਾ ਨੇ ਕਿਹਾ ਕਿ ਪਹਿਲਾਂ ਇਕ ਪਰਵਾਰ ਸਿਰਫ਼ ਪੰਜ ਲੱਖ ਰੁਪਏ ਤੱਕ ਦਾ ਇਲਾਜ ਕਰਵਾ ਸਕਦਾ ਸੀ ਪਰ ਹੁਣ ਇਹ ਸੀਮਾ ਵਧਾ ਕੇ 10 ਲੱਖ ਰੁਪਏ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਦੀ ਸ਼ੁਰੂਆਤ ਨਾਲ ਪੰਜਾਬ ਨੇ ਦੇਸ਼ ਦੇ ਬਾਕੀ ਸੂਬਿਆਂ ਲਈ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਠੋਸ ਯਤਨਾਂ ਸਦਕਾ ਪੰਜਾਬ ਅੱਜ ਹਰ ਖੇਤਰ, ਭਾਵੇਂ ਉਹ ਸਿੱਖਿਆ ਹੋਵੇ, ਸਿਹਤ ਹੋਵੇ ਜਾਂ ਵਿਕਾਸ, ਵਿੱਚ ਸਫ਼ਲਤਾ ਦੀ ਨਵੀਂ ਇਬਾਰਤ ਲਿਖ ਰਿਹਾ ਹੈ।



## ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਨਵੇਂ ਬਣਾਏ ਸਟੂਡੀਓ ਦਾ ਕੀਤਾ ਉਦਘਾਟਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਤਿਆਰ ਕਰਵਾਏ ਗਏ ਨਵੇਂ ਸਟੂਡੀਓ ਦਾ ਰਸਮੀ ਤੌਰ 'ਤੇ



ਉਦਘਾਟਨ ਕੀਤਾ।ਮੂਲਮੰਤਰ ਤੇ ਗੁਰਮੰਤਰ ਦਾ ਜਾਪ ਕਰਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਟੂਡੀਓ ਨੂੰ ਕਾਰਜਸ਼ੀਲ ਕਰਦਿਆਂ ਕਿਹਾ ਕਿ ਮੀਡੀਏ ਦੀਆਂ ਬਦਲੀਆਂ ਲੋੜਾਂ ਅਤੇ ਪ੍ਰਚਾਰ ਪ੍ਰਸਾਰ ਦੇ ਯੁੱਗ ਵਿਚ ਸੰਸਥਾ ਦੀਆਂ ਗਤੀਵਿਧੀਆਂ ਨੂੰ ਸੰਗਤਾਂ ਤੱਕ ਪਹੁੰਚਾਉਣ ਲਈ ਨਵੀਆਂ ਤਕਨੀਕਾਂ ਬੇਹੱਦ ਜ਼ਰੂਰੀ ਹਨ।ਉਨ੍ਹਾਂ ਕਿਹਾ ਕਿ ਸਮੇਂ ਦੇ ਹਾਣੀ ਬਣਦਿਆਂ ਸਿੱਖ ਸੰਸਥਾ ਦੀਆਂ ਗਤੀਵਿਧੀਆਂ ਨੂੰ ਸੰਗਤਾਂ ਤੱਕ ਪਹੁੰਚਾਉਣ ਲਈ ਸ਼੍ਰੋਮਣੀ ਕਮੇਟੀ ਲਗਾਤਾਰ ਯਤਨ ਕਰ ਰਹੀ ਹੈ।ਇਸੇ ਤਹਿਤ ਅਤਿ-ਆਧੁਨਿਕ ਤਕਨੀਕ ਨਾਲ ਇਹ ਸਟੂਡੀਓ ਤਿਆਰ ਕਰਵਾਇਆ ਗਿਆ ਹੈ, ਜਿਸ ਦਾ ਮਕਸਦ ਸਿੱਖੀ ਦੇ ਸੁਨੇਹੇ ਨੂੰ ਆਧੁਨਿਕ ਤਕਨੀਕ ਜ਼ਰੀਏ ਵਿਸ਼ਵ ਭਰ ਦੀਆਂ ਸੰਗਤਾਂ ਤੱਕ ਪਹੁੰਚਾਉਣਾ ਹੈ।ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਨੌਜੁਆਨ ਪੀੜ੍ਹੀ ਨੂੰ ਸਿੱਖ ਸਿਧਾਂਤਾਂ ਅਤੇ ਗੁਰਮਤਿ ਨਾਲ ਜੋੜਨਾ ਹੈ।ਇਸ ਲਈ ਇਸ ਸਟੂਡੀਓ ਵਿਚ ਸਿੱਖ ਇਤਿਹਾਸ, ਗੁਰਮਤਿ ਸਿਧਾਂਤ ਅਤੇ ਸਿੱਖ ਰਹਿਤ ਮਰਯਾਦਾ 'ਤੇ ਆਧਾਰਤ ਪ੍ਰੋਗਰਾਮ ਤਿਆਰ ਕੀਤੇ ਜਾਣਗੇ।ਇਸ ਤੋਂ ਇਲਾਵਾ ਸਿੱਖ ਸੰਸਥਾ ਵੱਲੋਂ ਧਰਮ ਪ੍ਰਚਾਰ, ਸਿੱਖਿਆ, ਸਿਹਤ ਅਤੇ ਲੋਕ ਭਲਾਈ ਦੇ ਖੇਤਰ ਵਿਚ ਕੀਤੇ ਜਾਂਦੇ ਕਾਰਜਾਂ ਨੂੰ ਉਭਾਰਨ ਲਈ ਵੀ ਇਸ ਨੂੰ ਵਰਤੋਂ ਵਿਚ ਲਿਆਂਦਾ ਜਾਵੇਗਾ।ਸਟੂਡੀਓ ਦੀ ਆਰੰਭਤਾ ਮੌਕੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ, ਮੈਂਬਰ ਮੋਹਨ ਸਿੰਘ ਬੰਗੀ, ਬੀਬੀ ਜੋਗਿੰਦਰ ਕੌਰ, ਨਵਤੇਜ ਸਿੰਘ ਕਾਉਣੀ, ਜਸਮੇਰ ਸਿੰਘ ਲਾਛੜੂ, ਓਐੱਸਡੀ ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ, ਬਲਵਿੰਦਰ ਸਿੰਘ ਖੈਰਾਬਾਦ, ਹਰਭਜਨ ਸਿੰਘ ਵਕਤਾ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਮੈਨੇਜਰ ਸਤਨਾਮ ਸਿੰਘ ਰਿਆੜ, ਸਹਾਇਕ ਸੁਪ੍ਰਿੰਟੈਂਡੈਂਟ ਅਤੇ ਸੁਰਜੀਤ ਸਿੰਘ ਰਾਣਾ ਆਦਿ ਮੌਜੂਦ ਸਨ।

## ਟਾਟਾ ਮੋਟਰਜ਼ ਨੇ ਐੱਸ ਪ੍ਰੋ ਲਾਂਚ ਕੀਤਾ

**ਬਠਿੰਡਾ** : ਭਾਰਤ ਦੀ ਸਭ ਤੋਂ ਵੱਡੀ ਵਪਾਰਕ ਵਾਹਨ ਨਿਰਮਾਤਾ ਕੰਪਨੀ ਟਾਟਾ ਮੋਟਰਜ਼ ਨੇ ਬਿਲਕੁਲ ਨਵੀਂ ਟਾਟਾ ਐੱਸ ਪ੍ਰੋ ਦੀ ਸ਼ੁਰੂਆਤ ਨਾਲ ਕਾਰਗੋ ਗਤੀਸ਼ੀਲਤਾ ਵਿੱਚ ਇੱਕ ਨਵਾਂ ਮੀਲ ਪੱਥਰ ਬਣਾਇਆ ਹੈ। ਸਿਰਫ਼ 3.99 ਲੱਖ ਰੁਪਏ ਦੀ ਇੱਕ ਅਜਿੱਤ ਸ਼ੁਰੂਆਤੀ ਕੀਮਤ ਦੇ ਨਾਲ, ਟਾਟਾ ਐੱਸ ਪ੍ਰੋ ਭਾਰਤ ਦਾ ਸਭ ਤੋਂ ਕਿਫਾਇਤੀ ਚਾਰ-ਪਹੀਆ ਮਿੰਨੀ ਟਰੱਕ ਹੈ।ਟਾਟਾ ਏਸ ਪ੍ਰੋ ਬਾਰੇ ਬੋਲਦੇ ਹੋਏ ਸ੍ਰੀ ਪਿਨਾਕੀ ਹਲਦਰ ਵਾਈਸ ਪ੍ਰੈਜ਼ੀਡੈਂਟ ਅਤੇ ਬਿਜ਼ਨਸ ਹੈੱਡ ਐੱਸਸੀਵੀਪੀਯੂ, ਟਾਟਾ ਮੋਟਰਜ਼ ਕਮਰਸ਼ੀਅਲ ਵਹੀਕਲਜ਼ ਨੇ ਕਿਹਾ ਕਿ ਉਦੇਸ਼ਪੂਰਨ ਟਾਟਾ ਐੱਸ ਪ੍ਰੋ ਨੂੰ ਡੂੰਘੀ ਗਾਹਕ ਸੂਝ ਨਾਲ ਵਿਕਸਤ ਕੀਤਾ ਗਿਆ ਹੈ ਅਤੇ ਐਪਲੀਕੇਸ਼ਨਾਂ ਦੀ ਵਿਭਿੰਨ ਸ਼੍ਰੇਣੀ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ।

## ਬੀ ਐਲ ਓਜ਼ ਦੀ ਰਾਸ਼ਟਰੀ ਪੱਧਰ ਦੀ ਟ੍ਰੇਨਿੰਗ ਮੁਕੰਮਲ

**ਪਠਾਨਕੋਟ (ਦਵਿੰਦਰ ਸਿੰਘ)** ਅਰਸ਼ਦੀਪ ਸਿੰਘ ਲੋਬਾਣਾ ਉਪ ਮੰਡਲ ਮੈਜਿਸਟਰੇਟ-ਕਮ-ਚੋਣਕਾਰ ਰਜਿਸਟ੍ਰੇਸ਼ਨ ਅਫਸਰ 003 ਪਠਾਨਕੋਟ ਨੇ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ ਪਠਾਨਕੋਟ ਆਦਿੱਤਿਆ ਉੱਪਲ ਦੀ ਯੋਗ ਅਗਵਾਈ ਅਧੀਨ ਵਿਧਾਨ ਸਭਾ ਚੋਣ ਹਲਕਾ-003 ਪਠਾਨਕੋਟ ਦੇ ਸਮੁੱਚੇ 164 ਬੂਥਾਂ ਦੇ ਬੀ.ਐਲ.ਓਜ਼ ਅਤੇ ਸੈਕਟਰ ਅਫਸਰਾਂ ਦੀ ਰਾਸ਼ਟਰੀ ਪੱਧਰ ਦੀ ਟ੍ਰੇਨਿੰਗ ਜੋ ਕਿ 7 ਜੁਲਾਈ ਨੂੰ ਸ਼ੁਰੂ ਕੀਤੀ ਗਈ ਸੀ, 9 ਜੁਲਾਈ ਜੋ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਲਗਾਈ ਜਾ ਰਹੀ ਸੀ, ਮੁਕੰਮਲ ਕਰ ਦਿੱਤੀ ਗਈ ਹੈ।ਅਰਸ਼ਦੀਪ ਸਿੰਘ ਲੋਬਾਣਾ ਨੇ ਦੱਸਿਆ ਕਿ ਡੋਰ-ਟੂ-ਡੋਰ ਸਰਵੇ ਅਤੇ ਨਵੀਆਂ ਵੋਟਾਂ ਬਣਾਉਣ, ਵੋਟ ਕਟਵਾਉਣ ਅਤੇ ਪਹਿਲਾਂ ਬਣੇ ਵੋਟਰ ਕਾਰਡਾਂ ਵਿੱਚ ਸੁਧਾਈ ਲਈ ਬੀ.ਐਲ.ਓਜ਼ ਪੂਰੀ ਤਰ੍ਹਾਂ ਤਿਆਰ ਹਨ ।ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਦੇਣ ਲਈ ਚੋਣ ਕਾਨੂੰਗੋ ਨਰੇਸ਼ ਕੁਮਾਰ, ਕੁਲਦੀਪ ਸਿੰਘ, ਅਨਸ਼ੁਮਨ ਸ਼ਰਮਾ, ਸੰਦੀਪ ਸਲਾਰੀਆ, ਤਾਜ ਸਿੰਘ, ਰਜੇਸ਼ ਕੁਮਾਰ ਅਤੇ ਬਾਕੀ ਸੈਕਟਰ ਅਫਸਰਾਂ ਨੇ ਅਹਿਮ ਭੂਮਿਕਾ ਨਿਭਾਈ ਹੈ । ਟ੍ਰੇਨਿੰਗ ਵਿੱਚ ਐਸ.ਡੀ.ਐਮ ਪਠਾਨਕੋਟ-ਕਮ ਈ.ਆਰ.ਓ. ਅਰਸ਼ਦੀਪ ਸਿੰਘ ਲੋਬਾਣਾ ਤੋਂ ਇਲਾਵਾ ਵਿਧਾਨ ਸਭਾ ਹਲਕਾ 003 ਪਠਾਨਕੋਟ ਹਲਕੇ ਦੇ ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਸ੍ਰੀਮਤੀ ਦਿਵਿਆ ਸਿੰਗਲਾ ਅਤੇ ਰਣਦੀਪ ਸਿੰਘ ਵੀ ਸ਼ਾਮਲ ਸਨ।



## ਸ਼ੈਰੀ ਕਲਸੀ ਨੇ ਵਾਰਡ ਨੰਬਰ 18 ਦੀ ਗਲੀ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ

**ਬਟਾਲਾ (ਤਰਲੋਕ ਬੱਗਾ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਕਰਵਾਏ ਜਾ ਰਹੇ ਵਿਕਾਸ ਕੰਮਾਂ ਤਹਿਤ ਵਾਰਡ ਨੰਬਰ 18, ਪ੍ਰੇਮ ਨਗਰ ਬੋਹੜਾਂਵਾਲਾ ਵਿਖੇ ਗਲੀ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ। ਇਸ ਮੌਕੇ ਵਾਰਡ ਵਾਸੀਆਂ ਨੇ ਵਿਧਾਇਕ ਦਾ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਗਲੀ ਨਾ ਬਣਨ ਕਰਕੇ ਬਹੁਤ ਮੁਸ਼ਕਿਲ ਪੇਸ਼ ਆਉਂਦੀ ਸੀ ਪਰ ਹੁਣ ਸਮੱਸਿਆ ਹੱਲ ਹੋ ਗਈ ਹੈ।ਵਿਕਾਸ ਕਾਰਜ ਸ਼ੁਰੂ ਕਰਨ ਉਪਰੰਤ ਲੋਕਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਵਾਸੀਆਂ ਨੇ ਜੋ ਜ਼ਿੰਮੇਵਾਰੀ ਉਨਾਂ ਸੌਂਪੀ ਹੈ, ਉਹ 24 ਘੰਟੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ। ਉਨਾਂ ਕਿਹਾ ਕਿ ਮੇਰੀ ਹਮੇਸ਼ਾ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾਣ



ਅਤੇ ਉਹ ਖੁਦ ਲੋਕਾਂ ਕੋਲ ਜਾ ਕੇ ਉਨਾਂ ਦੀਆਂ ਸਮੱਸਿਆਵਾਂ ਹੱਲ ਕਰ ਰਹੇ ਹਨ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬੱਚਿਆਂ ਨੂੰ ਹੋਰ ਉੱਚ ਮਿਆਰੀ ਸਿੱਖਿਆ ਦੇਣ ਦੇ ਮੰਤਵ ਨਾਲ ਕਰੀਬ 11 ਕਰੋੜ ਰੁਪਏ ਦੀ ਲਾਗਤ ਨਾਲ ਧਰਮਪੁਰਾ ਕਾਲੋਨੀ ਵਿਖੇ ਸਕੂਲ ਆਫ ਐਮੀਨੈਂਸ ਬਣਾਇਆ ਜਾ ਰਿਹਾ ਹੈ। ਹਲਕਾ ਵਾਸੀਆਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ ਹੈ। ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਉਸਾਰੀ ਗਈ ਹੈ। ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਕਾਂ ਨੂੰ ਚੌੜਾ ਕੀਤਾ ਗਿਆ ਹੈ। ਇਸੇ ਤਰ੍ਹਾਂ ਗੁਰਦਾਸਪੁਰ ਤੋਂ ਬਟਾਲਾ ਸ਼ਹਿਰ ਵਿੱਚ ਵੜਦਿਆਂ ਅਤੇ ਅੰਮ੍ਰਿਤਸਰ ਤੋਂ ਬਟਾਲਾ ਵਿਖੇ ਐਂਟਰੀ ਕਰਦਿਆਂ ਖੂਬਸੂਰਤ ਚੌਂਕ ਉਸਾਰੇ ਗਏ ਬਨ। ਜਲੰਧਰ ਵਲੋਂ ਬਟਾਲਾ ਆਉਂਦਿਆਂ ਵੀ ਸ਼ਾਨਦਾਰ ਗੇਟ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ।ਇਸ ਮੌਕੇ ਚੇਅਰਮੈਨ ਮਾਨਿਕ ਮਹਿਤਾ, ਅੰਮ੍ਰਿਤ ਕਲਸੀ, ਐਸ.ਡੀ.ਓ ਰੋਹਿਤ ਉੱਪਲ, ਵਾਰਡ ਇੰਚਾਰਜ ਦਵਿੰਦਰ ਸਿੰਘ, ਗੁਰਪ੍ਰੀਤ ਸਿੰਘ ਰਾਜੂ, ਮਨਜੀਤ ਸਿੰਘ ਬਮਰਾਹ, ਭੁਪਿੰਦਰ ਸਿੰਘ, ਵੀਨੂੰ ਕਾਹਲੋਂ, ਲੰਬੜਦਾਰ ਅਮਰੀਕ ਸਿੰਘ, ਜਗਜੀਤ ਸਿੰਘ, ਸੰਜੀਵ ਕੁਮਾਰ, ਅਮਿਤ ਸੋਢੀ, ਪ੍ਰਦੀਪ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਵਾਰਡ ਵਾਸੀ ਮੌਜੂਦ ਸਨ।

## ਫ੍ਰੈਂਕਲਿਨ ਟੈਂਪਲਟਨ ਵੱਲੋਂ ਫ੍ਰੈਂਕਲਿਨ ਇੰਡੀਆ ਮਲਟੀ ਐਸੇਟ ਅਲੋਕੇਸ਼ਨ ਫੰਡ ਲਾਂਚ

**ਚੰਡੀਗੜ੍ਹ**: ਫ੍ਰੈਂਕਲਿਨ ਟੈਂਪਲਟਨ (ਇੰਡੀਆ) ਨੇ ਫ੍ਰੈਂਕਲਿਨ ਇੰਡੀਆ ਮਲਟੀ-ਏਸੇਟ ਏਲੋਕੇਸ਼ਨ ਫੰਡ( ਐੱਫਆਈਐੱਮਏਏਐੱਫ) ਦੇ ਸ਼ੁਭ ਆਰੰਭ ਦੀ ਘੋਸ਼ਣਾ ਕੀਤੀ।ਇਹ ਇੱਕ ਓਪਨ-ਐਂਡੇਡ ਮਲਟੀ ਏਸੈੱਟ ਐਲੋਕੇਸ਼ਨ ਫੰਕਸ਼ਨ ਹੈ ਜੋ ਇਕਵਿਟੀ, ਡੇਟ ਅਤੇ ਕੋਡਿਟੀਜ ਵਿੱਚ ਨਿਵੇਸ਼ ਕਰਦਾ ਹੈ।ਨਿਊਫਾਂਗ ਆਫਰ (ਐੱਨਐੱਫਓ) 11 ਜੁਲਾਈ ਤੋਂ 25 ਜੁਲਾਈ ਤੱਕ ਚੱਲੇਗਾ, ਯੂਨਿਟਸ 10 ਪ੍ਰਤੀ ਯੂਨਿਟ ਦੀ ਕੀਮਤ ਉਪਲਬਧ ਹੋਵੇਗੀ।ਲਾਂਚ ਫ੍ਰੈਂਕਲਿਨ ਟੈਂਪਲਟਨ-ਇੰਡੀਆ ਦੇ ਅਵਿਨਾਸ਼ ਸਤਵਤਾਕਰ ਨੇ ਕਿਹਾ ਕਿ ਇਸ ਫੰਡ ਨੂੰ ਲਾਂਚ ਕਰਨ ਮੌਕੇ ਆਪਣੇ ਗਾਹਕਾਂ ਦੀਆਂ ਤਰਜੀਹਾਂ, ਟੀਚੇ ਅਤੇ ਚੁਣੌਤੀਆਂ ਨੂੰ ਸਾਹਮਣੇ ਰੱਖਿਆ ਹੈ ਅਤੇ ਉਨ੍ਹਾਂ ਦੀ ਲੰਮੀ ਮਿਆਦ ਦੇ ਵਿੱਤੀ ਉਦੇਸ਼ਾਂ ਲਈ ਮੇਲ ਖਾਣ ਵਾਲੇ ਹੱਲ ਪ੍ਰਦਾਨ ਕਰਨ ਦੀ ਵੀ ਸੰਭਾਵਨਾ ਹੈ।

## ਸ਼ਹੀਦ ਭਾਈ ਮਨੀ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਗੁਰਮਤਿ ਸਮਾਗਮ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸੰਗਤ ਨੇ ਭਾਈ ਮਨੀ ਸਿੰਘ ਜੀ ਦੀਆਂ ਅਨਮੁੱਲੀਆਂ ਸੇਵਾਵਾਂ ਅਤੇ ਅਡੋਲ ਸ਼ਹਾਦਤ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸਤਿਕਾਰ ਭੇਟ ਕੀਤਾ।ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਸਰਵਣ ਕਰਵਾਇਆ। ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਲਿਆ। ਇਸ ਮੌਕੇ ਗਿਆਨੀ ਬਲਜੀਤ ਸਿੰਘ ਨੇ ਭਾਈ ਮਨੀ ਸਿੰਘ ਜੀ ਦੇ ਜੀਵਨ ਇਤਿਹਾਸ ਦੀ ਸਾਂਝ ਪਾਈ ਅਤੇ ਸੰਗਤ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਭਾਈ ਮਨੀ ਸਿੰਘ ਦੇ ਪਰਵਾਰ ਨੇ ਕਈ ਸ਼ਹਾਦਤਾਂ ਦੇ ਕੇ ਸਿੱਖ ਇਤਿਹਾਸ ਵਿੱਚ ਵੱਡਾ ਸਥਾਨ ਹਾਸਲ ਕੀਤਾ। ਗਿਆਨੀ ਬਲਜੀਤ ਸਿੰਘ ਨੇ ਕਿਹਾ ਕਿ ਭਾਈ ਸਾਹਿਬ ਨੇ ਬੰਦ-ਬੰਦ ਕਟਵਾ ਕੇ ਸਿੱਖੀ ਦੀਆਂ ਉੱਚੀਆਂ ਮਿਸਾਲਾਂ ਕਾਇਮ ਕੀਤੀਆਂ। ਉਨ੍ਹਾਂ ਸੰਗਤ ਨੂੰ ਭਾਈ ਸਾਹਿਬ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਬਤੀਤ ਕਰਨ ਲਈ ਪ੍ਰੇਰਿਆ। ਇਸ ਮੌਕੇ ਸਜਾਏ ਧਾਰਮਿਕ ਦੀਵਾਨ ਸਮੇਂ ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਤੇ ਢਾਡੀ ਭਾਈ ਗੁਰਪ੍ਰੀਤ ਸਿੰਘ ਭੰਗੂ ਦੇ ਜਥੇ ਨੇ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ।ਇਸ ਮੌਕੇ ਮੈਨੇਜਰ ਨਰਿੰਦਰ ਸਿੰਘ, ਰਾਜਿੰਦਰ ਸਿੰਘ ਰੂਬੀ, ਕਥਾਵਾਚਕ ਭਾਈ ਹਰਮਿੱਤਰ ਸਿੰਘ, ਵਧੀਕ ਮੈਨੇਜਰ ਗੁਰਪ੍ਰੀਤ ਸਿੰਘ, ਬਿਕਰਮਜੀਤ ਸਿੰਘ ਝੰਗੀ, ਯੁਵਰਾਜ ਸਿੰਘ, ਗੁਰਤਿੰਦਰਪਾਲ ਸਿੰਘ ਕਾਦੀਆਂ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।



## ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਐਜੂਕੇਸ਼ਨ ਪੰਧੇਰ 'ਚ ਲੈਕਚਰ ਸੀਰੀਜ਼

**ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਐਜੂਕੇਸ਼ਨ ਪੰਧੇਰ ਅੰਮ੍ਰਿਤਸਰ ਵੱਲੋਂ ਫੈਕਲਟੀ ਵਿਕਾਸ ਪ੍ਰੋਗਰਾਮ ਤਹਿਤ 5-ਰੋਜ਼ਾ ਆਨਲਾਈਨ ਲੈਕਚਰ ਸੀਰੀਜ਼ ਦਾ ਸਫਲ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦਾ ਮੁੱਖ ਉਦੇਸ਼ ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਨੂੰ ਉਤਸ਼ਾਹਿਤ ਕਰਨਾ ਸੀ ਅਤੇ ਉਹਨਾਂ ਨੂੰ ਨਵੀਨਤਮ ਅਕਾਦਮਿਕ ਰੁਝਾਨਾਂ ਅਤੇ ਤਕਨੀਕਾਂ ਤੋਂ ਜਾਣੂ ਕਰਵਾਉਣਾ ਸੀ। ਇਸ ਪ੍ਰੋਗਰਾਮ ਦੇ ਮੁੱਖ ਸਰਪ੍ਰਸਤ ਡਾ. ਹਰਜਿੰਦਰਪਾਲ ਕੌਰ ਕੰਗ (ਪ੍ਰਧਾਨ, ਐੱਸ.ਜੀ.ਆਰ.ਡੀ. ਕਾਲਜ ਆਫ਼ ਐਜੂਕੇਸ਼ਨ) ਅਤੇ ਪ੍ਰੋਗਰਾਮ ਦੀ ਕਨਵੀਨਰ ਡਾ. ਮੀਨੂੰ ਚੌਧਰੀ (ਪ੍ਰਿੰਸੀਪਲ ਅਤੇ ਡਾਇਰੈਕਟਰ, ਆਈ.ਕਿਊ.ਏ.ਸੀ.) ਸਨ। ਜਿਨ੍ਹਾਂ ਦੀ ਅਗਵਾਈ ਹੇਠ ਇਹ ਲੈਕਚਰ ਸੀਰੀਜ਼ ਸੁਚਾਰੂ ਢੰਗ ਨਾਲ ਚਲਾਈ ਗਈ। ਪੰਜ ਦਿਨਾਂ ਦੌਰਾਨ ਵੱਖ-ਵੱਖ ਖੇਤਰਾਂ ਦੇ ਮਾਹਰਾਂ ਅਤੇ ਨਾਮਵਰ ਸ਼ਖਸੀਅਤਾਂ ਨੇ ਵੱਖ ਵੱਖ ਵਿਸ਼ਿਆਂ 'ਤੇ ਲੈਕਚਰ ਦਿੱਤੇ ਅਤੇ ਅਧਿਆਪਕ ਦੇ ਹੁਨਰ ਅਤੇ ਵਿਕਾਸ ਵਿੱਚ ਵਾਧੇ ਲਈ ਆਪਣੇ ਵਿਚਾਰ ਪੇਸ਼ ਕੀਤੇ ਗਏ। ਡਾ. ਨਵਦੀਪ ਸਿੰਘ, ਪ੍ਰਿੰਸੀਪਲ ਸ੍ਰੀ ਸਾਈ ਕਾਲਜ ਆਫ਼ ਐਜੂਕੇਸ਼ਨ, ਬਧਾਨੀ, ਪਠਾਨਕੋਟ, ਡਾ. ਸਤਪਾਲ, ਪ੍ਰਿੰਸੀਪਲ, ਐਸ.ਕੇ.ਐਸ. ਕਾਲਜ ਆਫ਼ ਐਜੂਕੇਸ਼ਨ, ਕਿਮਰਚ, ਕੁਰੁਕਸ਼ੇਤਰ, ਹਰਿਆਣਾ, ਡਾ. ਪਰਗਟ ਸਿੰਘ ਗਰਚਾ, ਪ੍ਰਿੰਸੀਪਲ, ਜੀ.ਐਚ.ਜੀ. ਖਾਲਸਾ ਕਾਲਜ ਆਫ਼ ਐਜੂਕੇਸ਼ਨ, ਲੁਧਿਆਣਾ, ਡਾ. ਅਨੀਲ ਕੁਮਾਰ ਦੁਵੇਦੀ, ਐਸੋਸੀਏਟ ਪ੍ਰੋਫੈਸਰ, ਵੀ.ਐੱਸ.ਐੱਸ.ਡੀ. ਕਾਲਜ, ਕਾਨਪੁਰ, ਡਾ. ਅਮਰਿੰਦਰ ਸਿੰਘ, ਪ੍ਰਿੰਸੀਪਲ, ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ, ਜਲੰਧਰ ਨੇ ਵੱਖ ਵੱਖ ਦਿਨਾਂ ਵਿੱਚ ਆਪਣੇ ਲੈਕਚਰ ਦਿੱਤੇ ਜਿਸ ਵਿੱਚ ਅਕਾਦਮਿਕ ਖੋਜ, ਨਵੀਨਤਾ ਕਾਰੀ ਅਧਿਆਪਨ ਵਿਧੀਆਂ, ਤਕਨਾਲੋਜੀ ਦਾ ਸਿੱਖਿਆ ਵਿੱਚ ਉਪਯੋਗ, ਮਾਨਸਿਕ ਸਿਹਤ ਅਤੇ ਸਮਾਜਿਕ ਮੁੱਦਿਆਂ ਵਰਗੇ ਮਹੱਤਵਪੂਰਨ ਵਿਸ਼ੇ ਸ਼ਾਮਿਲ ਸਨ। ਇਸ ਲੈਕਚਰ ਸੀਰੀਜ਼ ਵਿੱਚ ਵੱਡੀ ਗਿਣਤੀ ਵਿੱਚ ਅਧਿਆਪਕਾਂ, ਖੋਜ ਵਿਦਿਆਰਥੀਆਂ ਅਤੇ ਸਿੱਖਿਆ ਸ਼ਾਸਤਰੀਆਂ ਨੇ ਭਾਗ ਲਿਆ। ਪ੍ਰੋਗਰਾਮ ਦੇ ਅੰਤ ਵਿੱਚ ਸਾਰੇ ਭਾਗੀਦਾਰਾਂ ਨੂੰ ਈ-ਸਰਟੀਫਿਕੇਟ ਦਿੱਤੇ ਗਏ ।ਕਾਲਜ ਮੈਨੇਜ਼ਮੈਂਟ ਨੇ ਇਸ ਪ੍ਰੋਗਰਾਮ ਦੀ ਸਫਲਤਾ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮ ਆਯੋਜਿਤ ਕਰਨ ਦਾ ਵਾਅਦਾ ਕੀਤਾ।

## ਆਧਾਰ ਹਾਊਸਿੰਗ ਫਾਇਨੈਂਸ ਦੀ ਜਨ-ਜਾਗਰੂਕਤਾ ਮੁਹਿੰਮ

**ਲੁਧਿਆਣਾ** : ਆਧਾਰ ਹਾਊਸਿੰਗ ਫਾਇਨੈਂਸ ਲਿਮਿਟੇਡ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ - ਸ਼ਹਿਰੀ 2.0 (ਪੀਐਮਏਵਾਈ - ਯੂ 2.0) ਦੇ ਤਹਿਤ ਜਨ-ਜਾਗਰੂਕਤਾ ਮੁਹਿੰਮ ਦੇ ਤੀਜੇ ਚਰਨ ਦੀ ਘੋਸ਼ਣਾ ਕੀਤੀ ਹੈ। ਇਸ ਚਰਨ ਦਾ ਵਿਸ਼ੇਸ਼ ਮਕਸਦ ਪੰਜਾਬ ਦੇ ਵਾਂਜੇ ਹੋਏ ਸਮੁਦਾਇਆਂ ਨੂੰ ਘਰ ਖਰੀਦਣ ਯੋਗ ਬਣਾਉਣਾ ਹੈ। ਕੰਪਨੀ 10 ਤੋਂ 13 ਜੁਲਾਈ 2025 ਤੱਕ ਲੁਧਿਆਣਾ ਵਿੱਚ ਪ੍ਰਧਾਨ ਮੰਤਰੀ ਆਵਾਸ ਯੋਜਨਾ (ਪੀਐਮਏਵਾਈ ) ਉਤਸਵ ਅਤੇ ਸਪਾਟ ਸੈਂਕਸ਼ਨ ਕੈਂਪ ਦਾ ਆਯੋਜਨ ਕਰੇਗੀ। ਇਹ ਪਹਿਲ ਪਹਿਲੇ ਚਰਨ ਦੀ ਸਫਲਤਾ ਨੂੰ ਅੱਗੇ ਵਧਾਉਂਦਿਆਂ ਸ਼ੁਰੂ ਕੀਤੀ ਜਾ ਰਹੀ ਹੈ, ਤਾਂ ਜੋ ਹਰ ਲੋੜਵੰਦ ਪਰਿਵਾਰ ਆਪਣੇ ਘਰ ਦੇ ਸੁਪਨੇ ਨੂੰ ਹਕੀਕਤ ਵਿੱਚ ਬਦਲ ਸਕੇ। ਦਸਤਾਵੇਜ਼ਾਂ ਦੀ ਜਾਂਚ ਤੋਂ ਬਾਅਦ ਯੋਗ ਲੋਕਾਂ ਨੂੰ ਮੌਕੇ 'ਤੇ ਹੀ ਹੋਮ ਲੋਨ ਦੀ ਮਨਜ਼ੂਰੀ ਦਾ ਪੱਤਰ ਦਿੱਤਾ ਜਾਵੇਗਾ।

## ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਮੁੱਖ ਮੰਤਰੀ ਦਾ ਪੁਤਲਾ ਸਾੜਿਆ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਕੇਂਦਰ ਅਤੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਅਤੇ ਦੇਸ਼ ਵਿਰੋਧੀ ਫੈਸਲਿਆਂ ਖਿਲਾਫ ਟਰੇਡ ਯੂਨੀਅਨਾਂ ਦੇ ਦੇਸ਼ ਵਿਆਪੀ ਹੜਤਾਲ ਦੇ ਸੱਦੇ ਤਹਿਤ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸ੍ਰੀ ਬੁਰਜ ਸਾਹਿਬ ਧਾਰੀਵਾਲ ਦੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਅਤੇ ਜਨਰਲ ਸਕੱਤਰ ਸਤਨਾਮ ਸਿੰਘ ਖਾਨਮਲੱਕ ਦੀ ਅਗਵਾਈ ਹੇਠ ਕਿਸਾਨ, ਮਜ਼ਦੂਰਾਂ ਨੇ ਪਿੰਡ ਧਾਰੀਵਾਲ ਕਲਾਂ ਵਿਖੇ ਰੋਸ ਪ੍ਰਦਰਸਨ ਕੀਤਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਸਾੜਿਆ ਅਤੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਦਿੱਲੀ ਕੱਟੜਾ ਐਕਸਪ੍ਰੈਸ ਵੇਅ ਅਧੀਨ ਆਉਂਦੀਆਂ ਜ਼ਮੀਨਾਂ ਦੇ ਬਿਨਾਂ ਪੈਸੇ ਦਿੱਤੇ ਕਬਜ਼ਾ ਨਹੀਂ ਹੋਣ ਦਿਆਂਗੇ। ਆਗੂਆਂ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵਾਰ ਵਾਰ ਵਾਅਦੇ ਅਤੇ ਭਰੋਸਾ ਦੇ ਕੇ ਤੋੜ ਨਾ ਨਿਭਾਉਂਦੇ ਹੋਏ ਬੀਤੇ ਦਿਨ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਨੰਗਲਝੌਰ ਵਿੱਚ ਦਿੱਲੀ ਕੱਟੜਾ ਐਕਸਪ੍ਰੈਸ ਵੇਅ ਅਧੀਨ ਆਉਂਦੀਆਂ ਜ਼ਮੀਨਾਂ ਦਾ ਬਣਦਾ ਰੇਟ ਦੇਣ ਬਜਾਏ ਸਗੋਂ ਜ਼ਮੀਨ ਵਿੱਚ ਬੀਜੀ ਫਸਲ ਵੀ ਮਸੀਨਾਂ ਫੇਰ ਕੇ ਤਬਾਹ ਕਰ ਦਿੱਤੀ। ਕਿਸਾਨਾਂ ਆਗੂਆਂ ਨੇ ਕਿਹਾ ਹਾਈਵੇਅ ਵਿੱਚ ਆਉਂਦੀਆਂ ਜ਼ਮੀਨਾਂ ਦੇ ਪੂਰਾ ਮੁੱਲ ਬਿਨਾਂ ਪੈਸੇ ਦਿੱਤੇ ਤੇ ਘੱਟ ਰੇਟ ਦੇ ਕੇ ਧੱਕੇ ਨਾਲ ਕਿਸਾਨਾਂ ਦੀਆਂ ਜ਼ਮੀਨਾਂ ਹੜੱਪ ਕਰਨਾ, ਹੱਕ ਮੰਗਦੇ ਕਿਸਾਨਾਂ ਉਪਰ



ਲਾਠੀਚਾਰਜ ਕਰਨ ਆਦਿ ਤੋਂ ਇਲਾਵਾ ਸਰਕਾਰ ਚਿੱਪ ਵਾਲੇ ਬਿਜਲੀ ਮੀਟਰ ਲਾ ਕੇ ਕਾਰਪੋਰੇਟ ਦੇ ਹੱਥ ਸਮੁੱਚੇ ਬਿਜਲੀ ਬੋਰਡ ਦਾ ਨਿੱਜੀਕਰਨ ਕਰਨਾ ਚਾਹੁੰਦੀ ਹੈ। ਇਸ ਮੌਕੇ ਹਰਚਰਨ ਸਿੰਘ, ਸਤਨਾਮ ਸਿੰਘ, ਰਣਜੀਤ ਸਿੰਘ, ਨਰੈਣ ਸਿੰਘ, ਗੁਰਦੇਵ ਸਿੰਘ, ਡਾ ਦਵਿੰਦਰ ਸਿੰਘ, ਬਲਵਿੰਦਰ ਕੌਰ, ਬੀਬੀ ਜੋਗਿੰਦਰੋ, ਮਨਦੀਪ ਕੌਰ, ਗੁਰਮੀਤ, ਸੁਵਿੰਦਰ, ਰਜੀ, ਦਲਬੀਰੋ, ਭੋਲੀ ਆਦਿ ਕਿਸਾਨ ਮਜ਼ਦੂਰ ਬੀਬੀਆਂ ਅਤੇ ਹੋਰ ਕਿਸਾਨ ਆਗੂ ਹਾਜ਼ਰ ਸਨ।

## ਸਬਜ਼ੀ ਮੰਡੀ ਵੱਲਾ ਦਾ ਅਤਿ ਮੰਦਾ ਹਾਲ

**● ਸਰਕਾਰਾਂ ਤੇ ਜ਼ਿਲ੍ਹਾ ਪ੍ਰਸ਼ਾਸਨ 'ਤੇ ਨਹੀ ਹੋ ਰਿਹਾ ਅਸਰ : ਨਿਜਾਮਪੁਰ, ਤੀਰਥਪੁਰ**

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਲੱਖਬੀਰ ਸਿੰਘ ਨਿਜਾਮਪੁਰ ਸੂਬਾ ਸਕੱਤਰ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਅਤੇ ਕਨਵੀਨਰ ਸਬਜ਼ੀ ਉੱਤਪਾਦਕ ਕਿਸਾਨ ਜਥੇਬੰਦੀ ਅਤੇ ਭੁਪਿੰਦਰ ਸਿੰਘ ਤੀਰਥਪੁਰ ਨੇ ਕਿਹਾ ਕਿ ਅੰਮ੍ਰਿਤਸਰ ਸਿਫ਼ਤੀ ਦਾ ਘਰ ਹੈ, ਪਰ ਇਥੋਂ ਦੀ ਸਬਜੀ ਮੰਡੀ ਗੰਦਗੀ ਦਾ ਘਰ ਬਣ ਚੁੱਕੀ ਹੈ। ਇਹ ਸਬਜ਼ੀ ਮੰਡੀ ਅੰਮ੍ਰਿਤਸਰ ਮਹਿਤਾ ਰੋਡ ਤੇ ਪਿੰਡ ਵੱਲਾ ਦੇ ਕੋਲ ਰੇਲਵੇ ਲਾਈਨ ਦੇ ਨਜ਼ਦੀਕ ਹੈ। ਹੁਣ ਇਸ ਰੇਲਵੇ ਲਾਈਨ 'ਤੇ



ਫਲਾਈਓਵਰ ਬਣ ਗਿਆ ਹੈ। ਇਸ ਫਲਾਈਓਵਰ ਦਾ ਪਾਣੀ ਵੀ ਸਬਜ਼ੀ ਮੰਡੀ ਵਿੱਚ ਜਾਂਦਾ ਹੈ।ਇਹ ਸਬਜ਼ੀ ਮੰਡੀ ਉੱਤਰੀ ਭਾਰਤ ਦੀ ਸਭ ਤੋਂ ਵੱਡੀ ਅਤੇ ਕਰੋੜਾਂ ਰੁਪਏ ਹਰ ਸਾਲ ਸਰਕਾਰ ਮਾਰਕੀਟ ਕਮੇਟੀ ਦੀ ਫੀਸ ਦਿੰਦੀ ਹੈ। ਪਰੰਤੂ ਮੰਡੀ ਦੀ ਹਾਲਤ ਅਤਿ ਚਿੰਤਾਜਨਕ ਹੈ। ਇਥੇ ਜਿਹੜੀਆਂ ਹਰੀਆਂ ਸਬਜ਼ੀਆਂ ਮੰਡੀ ਵਿੱਚ ਵਿਕਦੀਆਂ ਹਨ, ਉਹ ਗੰਦਗੀ ਅਤੇ ਬਦਬੂ ਮਾਰਦੇ ਪਾਣੀ ਵਿੱਚ ਵਿਕਦੀਆਂ ਹਨ। ਇਸ ਸਬੰਧੀ ਸਬਜ਼ੀ ਉੱਤਪਾਦਕ ਕਿਸਾਨ ਜਥੇਬੰਦੀ ਵੱਲੋਂ ਕਈ ਵਾਰ ਅਵਾਜ ਉਠਾਈ ਜਾਂਦੀ ਰਹੀ ਹੈ। ਕਿਸੇ ਵੀ ਸਰਕਾਰ ਭਾਵੇਂ ਉਹ ਅਕਾਲੀਆਂ, ਕਾਂਗਰਸੀਆਂ ਤੇ ਹੁਣ ਆਪ ਵਾਲਿਆਂ ਦੀ ਹੈ। ਇਸ ਮੰਡੀ ਦੀ ਸਮੱਸਿਆ ਨੂੰ ਹੱਲ ਕਰਨ ਵੱਲ ਕੋਈ ਧਿਆਨ ਨਹੀਂ ਦਿੰਦੀ। ਸੰਯੁਕਤ ਕਿਸਾਨ ਮੋਰਚੇ ਨਾਲ ਪੰਜਾਬ ਸਰਕਾਰ ਨਾਲ ਮੁੱਖ ਮੰਤਰੀ ਦੀ ਹਾਜ਼ਰੀ ਵਿੱਚ ਹੋਈਆਂ ਦੋ ਮੀਟਿੰਗਾਂ ਅੰਦਰ ਸਰਕਾਰ ਵੱਲੋਂ ਇਸ ਦਾ ਹੱਲ ਕਰਨ ਦਾ ਲਿਖਤੀ ਵਾਅਦਾ ਕਰਨ ਦੇ ਬਾਵਜੂਦ ਅੱਜ ਇਸ ਮੰਡੀ ਅੰਦਰ ਸੀਵਰੇਜ ਨਾ ਹੋਣ ਕਰਕੇ ਬਰਸਾਤ ਦੇ ਪਾਣੀ ਦਾ ਨਿਕਾਸ ਕਿਸੇ ਪਾਸੇ ਨਾ ਹੋਣ ਕਾਰਨ ਚਿੱਕੜ ਅਤੇ ਬਿਮਾਰੀਆਂ ਦੀ ਭਰਮਾਰ ਹੈ। ਅਸੀਂ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਵੱਲੋਂ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸਾਸ਼ਨ ਅਤੇ ਮੰਡੀਕਰਨ ਬੋਰਡ ਦੇ ਅਧਿਕਾਰੀਆਂ ਕੋਲੋਂ ਇਸ ਮੰਡੀ ਦੇ ਪੱਕੇ ਅਤੇ ਸਥਾਈ ਹੱਲ ਦੀ ਮੰਗ ਕੀਤੀ ਹੈ।

## ਲੋਕ ਅਦਾਲਤਾਂ ਦਾ ਮੁੱਖ ਮਨੋਰਥ ਰਾਜ਼ੀਨਾਮੇ ਰਾਹੀਂ ਅਦਾਲਤੀ ਕੇਸਾਂ ਦਾ ਫ਼ੈਸਲਾ ਕਰਵਾਉਣਾ

**ਗੁਰਦਾਸਪੁਰ (ਜਨਕ ਮਹਾਜਨ)**- ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਗੁਰਦਾਸਪੁਰ ਦੇ ਸਕੱਤਰ ਹਰਪ੍ਰੀਤ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਝਗੜਿਆਂ ਨੂੰ ਲੋਕ ਅਦਾਲਤਾਂ ਰਾਹੀਂ ਹੱਲ ਕਰਵਾਉਣ ਨੂੰ ਤਰਜੀਹ ਦੇਣ। ਉਨ੍ਹਾਂ ਕਿਹਾ ਕਿ ਗੰਭੀਰ ਕਿਸਮ ਦੇ ਫੌਜਦਾਰੀ ਕੇਸਾਂ ਨੂੰ ਛੱਡ ਕੇ ਹਰ ਤਰ੍ਹਾਂ ਦੇ ਕੇਸ ਜੋ ਵੱਖ-ਵੱਖ ਅਦਾਲਤਾਂ ਵਿੱਚ ਲੰਬਿਤ ਪਏ ਹੋਣ, ਲੋਕ ਅਦਾਲਤਾਂ ਵਿੱਚ ਫੈਸਲੇ ਲਈ ਸ਼ਾਮਲ ਕੀਤੇ ਜਾ ਸਕਦੇ ਹਨ। ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਲੋਕ ਅਦਾਲਤ ਵਿਚ ਕੇਸ ਲਗਾਉਣ ਦੇ ਚਾਹਵਾਨ ਵਿਅਕਤੀ, ਜੇਕਰ ਕੇਸ ਅਦਾਲਤ 'ਚ ਲੰਬਿਤ ਹੈ ਤਾਂ ਸਬੰਧਿਤ ਅਦਾਲਤ ਦੇ ਜੱਜ ਸਾਹਿਬਾਨ ਨੂੰ ਅਤੇ ਜੇਕਰ ਝਗੜਾ/ਕੇਸ ਅਦਾਲਤ 'ਚ ਲੰਬਿਤ ਨਹੀਂ ਹੈ ਤਾਂ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਨੂੰ ਲਿਖਤੀ ਦਰਖਾਸਤ ਰਾਹੀਂ ਬੇਨਤੀ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਮੁਫ਼ਤ ਕਾਨੂੰਨੀ ਸਹਾਇਤਾ ਲੈਣ ਅਤੇ ਲੋਕ ਅਦਾਲਤ ਵਿੱਚ ਕੇਸ ਲਗਵਾਉਣ ਲਈ ਜਿਲ੍ਹਾ ਤੇ ਸੈਸਨਜ਼-ਕਮ-ਚੇਅਰਮੈਨ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਗੁਰਦਾਸਪੁਰ ਜਾਂ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਗੁਰਦਾਸਪੁਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



ਨਵਾਂ ਜ਼ਮਾਨਾ
ਸ਼ੁੱਕਰਵਾਰ, 11 ਜੁਲਾਈ 2025

# ਮਹਾਂ ਝੂਠ

*ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਰੈਲੀ ਵਿੱਚ ਦਾਅਵਾ ਕੀਤਾ ਸੀ ਕਿ ਉਨ੍ਹਾ ਦੀ ਸਰਕਾਰ 80 ਕਰੋੜ ਲੋਕਾਂ ਨੂੰ ਮੁਫਤ ਅਨਾਜ ਦਿੰਦੀ ਹੈ, ਇਸ ਕਰਕੇ ਜੋ ਵੋਟ ਨਹੀਂ ਦੇਵੇਗਾ, ਉਸ ਨੂੰ ਪੁੰਨ ਨਹੀਂ ਮਿਲੇਗਾ। ਮੋਦੀ ਨੇ ਇਹ ਕਹਿ ਕੇ ਇੱਕ ਤਰ੍ਹਾਂ ਸਵੀਕਾਰ ਕੀਤਾ ਸੀ ਕਿ ਉਨ੍ਹਾ ਦੇ ਸ਼ਾਸਨ ਦੇ ਦਸਵੇਂ ਸਾਲ ਵੀ 80 ਕਰੋੜ ਲੋਕ ਸਰਕਾਰ ਤੋਂ ਮਿਲਣ ਵਾਲੇ ਮੁਫਤ ਅਨਾਜ ’ਤੇ ਨਿਰਭਰ ਹਨ। ਇਸ ਗਰੀਬੀ ਨੇ ਵੱਡੇ ਪੈਮਾਨੇ ’ਤੇ ਨਾਬਰਾਬਰੀ ਪੈਦਾ ਕੀਤੀ ਹੈ ਤੇ ਇਹ ਗੱਲ ਆਪੋਜ਼ੀਸ਼ਨ ਹੀ ਨਹੀਂ ਕਹਿੰਦੀ, ਕੇਂਦਰੀ ਮੰਤਰੀ ਨਿਤਿਨ ਗਡਕਰੀ ਵੀ ਕਹਿ ਰਹੇ ਹਨ, ਪਰ ਸਰਕਾਰੀ ਅਦਾਰੇ ਪ੍ਰੈੱਸ ਇਨਫਰਮੇਸ਼ਨ ਬਿਊਰੋ (ਪੀ ਆਈ ਬੀ) ਨੇ ਵਿਸ਼ਵ ਬੈਂਕ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਹੈ ਕਿ ਭਾਰਤ ਆਮਦਨ ਨਾਬਰਾਬਰੀ ਨੂੰ ਘੱਟ ਕਰਨ ਵਿੱਚ ਦੁਨੀਆ ਦਾ ਚੌਥਾ ‘ਸਭ ਤੋਂ ਬਰਾਬਰੀ ਵਾਲਾ ਦੇਸ਼’ ਬਣ ਗਿਆ ਹੈ। ਕੀ ਇਹ ਦੋਨੋਂ ਗੱਲਾਂ ਇੱਕੋ ਵੇਲੇ ਸੱਚ ਹੋ ਸਕਦੀਆਂ ਹਨ? ਸੰਸਾਰ ਭੁੱਖਮਰੀ ਸੂਚਕ ਅੰਕ-2024 ਮੁਤਾਬਕ ਭਾਰਤ 129 ਦੇਸ਼ਾਂ ਵਿੱਚੋਂ 105ਵੇਂ ਨੰਬਰ ’ਤੇ ਸੀ। ਭਾਰਤ ਵਿੱਚ ਭੁੱਖਮਰੀ ਦੀ ਹਾਲਤ ਏਨੀ ਗੰਭੀਰ ਹੈ ਕਿ ਗੁਆਂਢੀ ਸ੍ਰੀਲੰਕਾ, ਨੇਪਾਲ ਤੇ ਬੰਗਲਾਦੇਸ਼ ਸਾਥੋਂ ਬਿਹਤਰ ਹਾਲਤ ਵਿੱਚ ਹਨ। ਭਾਰਤ ਨੇ ਅਧਿਕਾਰਤ ਗਰੀਬੀ ਰੇਖਾ ਨੂੰ 2011 ਤੋਂ ਬਾਅਦ ਅਪਡੇਟ ਨਹੀਂ ਕੀਤਾ, ਜਿਸ ਕਰਕੇ ਗਰੀਬੀ ਵਿੱਚ ਕਮੀ ਦੇ ਦਾਅਵੇ ਗੁੰਮਰਾਹਕੁੰਨ ਹੋ ਸਕਦੇ ਹਨ।*

*ਗਡਕਰੀ ਨੇ 5 ਜੁਲਾਈ ਨੂੰ ਨਾਗਪੁਰ ਵਿੱਚ ਇੱਕ ਪ੍ਰੋਗਰਾਮ ’ਚ ਕਿਹਾ ਸੀ ਕਿ ਗਰੀਬਾਂ ਦੀ ਗਿਣਤੀ ਹੌਲੀ-ਹੌਲੀ ਵਧ ਰਹੀ ਹੈ ਅਤੇ ਧਨ ਕੁਝ ਅਮੀਰ ਲੋਕਾਂ ਦੇ ਹੱਥਾਂ ਵਿੱਚ ਸਿਮਟਦਾ ਜਾ ਰਿਹਾ ਹੈ। ਅਜਿਹਾ ਨਹੀਂ ਹੋਣਾ ਚਾਹੀਦਾ ਤੇ ਧਨ ਦਾ ਵਿਕੇਂਦਰੀਕਰਨ ਜ਼ਰੂਰੀ ਹੈ। ਗਡਕਰੀ ਦਾ ਇਹ ਬਿਆਨ ਸਰਕਾਰ ਦੇ ਦਾਅਵਿਆਂ ’ਤੇ ਸਵਾਲ ਉਠਾਉਂਦਾ ਹੈ, ਜਿਹੜੇ ਭਾਰਤ ਨੂੰ ਆਰਥਕ ਬਰਾਬਰੀ ਦੀ ਮਿਸਾਲ ਦੱਸਦੇ ਹਨ। ਪੀ ਆਈ ਬੀ ਨੇ 6 ਜੁਲਾਈ ਨੂੰ ਦਾਅਵਾ ਕੀਤਾ ਕਿ ਆਰਥਕ ਬਰਾਬਰੀ ਵਿੱਚ ਸਲੋਵਾਕ ਰਿਪਬਲਿਕ, ਸਲੋਵੇਨੀਆ ਤੇ ਬੇਲਾਰੂਸ ਹੀ ਭਾਰਤ ਨਾਲੋਂ ਬਿਹਤਰ ਸਥਿਤੀ ਵਿੱਚ ਹਨ। ਦੇਸ਼ ਦੀਆਂ ਸਰਕਰਦਾ ਅਖਬਾਰਾਂ ਨੇ ਬਿਨਾਂ ਪਰਖੇ ਇਸ ਦਾਅਵੇ ਨੂੰ ਲਿਸ਼ਕਾ ਕੇ ਛਾਪ ਦਿੱਤਾ।*

*ਦਰਅਸਲ ਸੰਸਾਰ ਬੈਂਕ ਦੀ ਰਿਪੋਰਟ ਨਾਲ ਫਰਜ਼ੀਵਾੜਾ ਕੀਤਾ ਗਿਆ। ਰਿਪੋਰਟ ਕਹਿੰਦੀ ਹੈ ਕਿ ਭਾਰਤ ਦਾ ਖਪਤ ਅਧਾਰਤ ਜਿਨੀ ਇੰਡੈਕਸ (ਸੂਚਕ ਅੰਕ) 25.5 ਹੈ, ਪਰ ਇਸ ਦੀ ਹੋਰਨਾਂ ਦੇਸ਼ਾਂ ਦੇ ਆਮਦਨ ਅਧਾਰਤ ਜਿਨੀ ਇੰਡੈਕਸ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਇਹ ਸੇਬ ਤੇ ਸੰਤਰੇ ਦੀ ਤੁਲਨਾ ਵਰਗੀ ਹੋਵੇਗੀ। ਅਸਲ ਵਿੱਚ ਭਾਰਤ ਦਾ ਆਮਦਨ ਅਧਾਰਤ ਜਿਨੀ ਇੰਡੈਕਸ 61 ਹੈ, ਜੋ ਭਾਰਤ ਨੂੰ ਸਭ ਤੋਂ ਵੱਧ ਨਾਬਰਾਬਰੀ ਵਾਲੇ ਦੇਸ਼ਾਂ ਦੀ ਸੂਚੀ ਵਿੱਚ 216 ਦੇਸ਼ਾਂ ਵਿੱਚ 176ਵੇਂ ਸਥਾਨ ’ਤੇ ਰੱਖਦਾ ਹੈ। ਪੀ ਆਈ ਬੀ ਨੇ ਖਪਤ ਤੇ ਆਮਦਨ ਅਧਾਰਤ ਇੰਡੈਕਸ ਨੂੰ ਰਲਗੱਡ ਕਰਕੇ ਗਲਤ ਨਤੀਜਾ ਕੱਢਿਆ। ਮਿਸਾਲ ਦੇ ਤੌਰ ’ਤੇ ਇੱਕ ਮਜ਼ਦੂਰ ਚਾਰ ਰੋਟੀਆਂ ਖਾਂਦਾ ਹੈ ਤੇ ਇੱਕ ਅਰਬਪਤੀ ਦੋ ਰੋਟੀਆਂ, ਇਸ ਦਾ ਮਤਲਬ ਇਹ ਨਹੀਂ ਕਿ ਮਜ਼ਦੂਰ ਅਮੀਰ ਹੈ। ਅਰਬਪਤੀ ਆਪਣੀ ਆਮਦਨ ਦਾ ਵੱਡਾ ਹਿੱਸਾ ਨਿਵੇਸ਼ ਜਾਂ ਬਚਤ ਵਿੱਚ ਲਾਉਂਦਾ ਹੈ, ਜਿਸ ਨੂੰ ਖਪਤ ਸਰਵੇਖਣ ਵਿੱਚ ਨਹੀਂ ਦੇਖਿਆ ਜਾ ਸਕਦਾ।*

*ਇਹ ਠੀਕ ਹੈ ਕਿ ਭਾਰਤ ਇੱਕ ਉਭਰਦੀ ਆਰਥਕ ਸ਼ਕਤੀ ਹੈ, ਪਰ ਇਸ ਦਾ ਫਾਇਦਾ ਕੁਝ ਮੁੱਠੀਭਰ ਲੋਕ ਉਠਾ ਰਹੇ ਹਨ। ਪੀ ਆਈ ਬੀ ਦਾ ਦਾਅਵਾ ਨਾ ਸਿਰਫ ਗਲਤ ਹੈ, ਸਗੋਂ ਇਹ ਗਡਕਰੀ ਦੇ ਬਿਆਨ ਦੇ ਬਾਅਦ ਜਾਣਬੁੱਝ ਕੇ ਭਰਮ ਫੈਲਾਉਣ ਦੀ ਕੋਸ਼ਿਸ਼ ਵੀ ਹੋ ਸਕਦਾ ਹੈ। ਸੰਸਾਰ ਨਾਬਰਾਬਰੀ ਡੈਟਾ ਦੱਸਦਾ ਹੈ ਕਿ ਭਾਰਤ ਵਿੱਚ ਨਾਬਰਾਬਰੀ ਬ੍ਰਿਟਿਸ਼ ਰਾਜ ਤੋਂ ਵੀ ਬੁਰੀ ਹਾਲਤ ਵਿੱਚ ਹੈ। ਇਸ ਹਾਲਤ ਦਾ ਸਾਹਮਣਾ ਕਰਨ ਦੀ ਲੋੜ ਹੈ, ਨਾ ਕਿ ਅੰਕੜਿਆਂ ਦਾ ਫਰਜ਼ੀਵਾੜਾ ਕਰਕੇ ਇਸ ਹਕੀਕਤ ’ਤੇ ਪਰਦਾ ਪਾਉਣ ਦੀ।*

# ਪੁਲਾੜ ’ਚ ਕਾਰਪੋਰੇਟ ਜੰਗ ਦਾ ਖਤਰਾ ਹੈ!

**ਪੇਸ਼ਕਸ਼ : ਡਾ. ਅਜੀਤਪਾਲ ਸਿੰਘ ਐੱਮ ਡੀ**

ਪਲਾੜ ਵਿੱਚ ਅੱਠ ਦਿਨਾਂ ਦੀ ਮੁਹਿੰਮ ’ਤੇ ਭੇਜੇ ਗਏ, ਪਰ ਨੌਂ ਮਹੀਨੇ ਉਥੇ ਹੀ ਲਟਕੇ ਰਹੇ ਚਾਰ ਯਾਤਰੀ ਧਰਤੀ ’ਤੇ ਵਾਪਸ ਆ ਗਏ। ਉਹਨਾਂ ਵਿੱਚ ਇਕ ਯਾਤਰੀ ਭਾਰਤੀ ਮੂਲ ਦੀ ਸੁਨੀਤਾ ਵਿਲੀਅਮ ਹੈ। ਇਸ ਮੁਹਿੰਮ ਵਿੱਚ ਨਾਸਾ ਨੂੰ ਦੁਨੀਆ ਦੇ ਸਭ ਤੋਂ ਵੱਡੇ ਧਨ ਕੁਬੇਰ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਯੋਜਕ ਐਲਨ ਮਸਕ ਦੀ ਨਿੱਜੀ ਕੰਪਨੀ ਸਪੇਸ ਐਕਸ ਤੋਂ ਮਦਦ ਲੈਣੀ ਪਈ। ਵੈਸੇ ਤਾਂ ਦੁਨੀਆਂ ਦੇ ਸਭ ਤੋਂ ਅਮੀਰ ਆਦਮੀ ਜੈਫ ਬੇਜੋਸ ਸੈਰ ਕਰਨ ਲਈ ਆਪਣੇ ਯਾਨ ਵਿੱਚ ਪਹਿਲਾਂ ਹੀ ਪੁਲਾੜ ਵਿੱਚ ਜਾ ਚੁੱਕੇ ਹਨ, ਪਰ ਮਸਕ-ਨਾਸਾ ਦੀ ਤਾਜ਼ਾ ਪਹਿਲ ਨੇ ਕੁਝ ਸਵਾਲ ਖੜੇ ਕੀਤੇ ਹਨ। ਅਗਲੇ ਵੀਹ-ਤੀਹ ਸਾਲਾਂ ’ਚ ਮੰਗਲ ’ਤੇ ਪਹੁੰਚਣ ਦੀਆਂ ਗੱਲਾਂ ਕਹਿ ਕੇ ਮਸਕ ਨੇ ਪੁਲਾੜ ਵਿੱਚ ਵਪਾਰ ਅਤੇ ਯੁੱਧ ਦੀ ਗਲਪ ਕਥਾ ਸਾਡੇ ਹੀ ਸਾਹਮਣੇ ਸਾਕਾਰ ਹੋਣ ਦੇ ਸੰਕੇਤ ਦੇ ਦਿੱਤੇ ਹਨ।

ਜੋ ਪੁਲਾੜ ਕਦੀ ਖੋਜ ਅਤੇ ਗਿਆਨ ਦਾ ਖੇਤਰ ਮੰਨਿਆ ਜਾਂਦਾ ਸੀ, ਉਹ ਹੁਣ ਹੌਲੀ-ਹੌਲੀ ਸੱਤਾ ਤੇ ਫੌਜੀ ਸ਼ਕਤੀ ਦਾ ਨਵਾਂ ਅਖਾੜਾ ਬਣਦਾ ਜਾ ਰਿਹਾ ਹੈ। ਇਸ ਨੂੰ ਲੈ ਕੇ ਸੰਯੁਕਤ ਰਾਸ਼ਟਰ ਨੇ ਚਿੰਤਾ ਵੀ ਜ਼ਾਹਰ ਕਰ ਦਿੱਤੀ ਹੈ। ਸੰਯੁਕਤ ਰਾਸ਼ਟਰ ਦੀ 20 ਅਕਤੂਬਰ 2023 ਦੀ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਗਿਆ ਸੀ ਕਿ ਪੁਲਾੜ ਦਾ ਤੇਜ਼ੀ ਨਾਲ ਫੌਜੀਕਰਨ ਹੋ ਰਿਹਾ ਹੈ ਜੋ ਭਵਿੱਖ ਦੇ ਖਤਰਿਆਂ ਨੂੰ ਜਨਮ ਦੇ ਸਕਦਾ ਹੈ। ਦੋ ਸਾਲ ਪਹਿਲਾਂ ਆਏ ਇਸ ਬਿਆਨ ਪਿੱਛੋਂ ਐਲਨ ਮਸਕ ਦੀ ਤਾਜ਼ਾ ਪਹਿਲ ਇਸ ਗੱਲ ਦਾ ਇਸ਼ਾਰਾ ਹੈ ਕਿ ਪੁਲਾੜ ਦੀ ਜੰਗ ਹੁਣ ਦੂਰ ਦੀ ਗੱਲ ਨਹੀਂ, ਬਲਕਿ ਅਸਲ ਖਤਰਾ ਬਣਾ ਚੁੱਕੀ ਹੈ। ਇਹ ਤਬਦੀਲੀ ਰਾਤੋ-ਰਾਤ ਨਹੀਂ ਆਈ। ਪੁਲਾੜ ਵਿੱਚ ਖੋਜ ਕਰਨ ਦੀ ਨੀਂਹ ਸ਼ੀਤ ਯੁੱਧ ਸਮੇਂ ਪੈ ਚੁੱਕੀ ਸੀ। ਉਸ ਦੌਰ ਵਿੱਚ ਅਮਰੀਕਾ ਤੇ ਸੋਵੀਅਤ ਸੰਘ ਨੇ ਇੱਕ-ਦੂਜੇ ਦੇ ਅੱਗੇ ਨਿਕਲਣ ਲਈ ਪੁਲਾੜ ਵਿੱਚ ਆਪਣਾ ਦਬਦਬਾ ਵਿਖਾਉਣ ਦੀ ਦੌੜ ਸ਼ੁਰੂ ਕਰ ਦਿੱਤੀ ਸੀ। 1957 ਵਿੱਚ ਸੋਵੀਅਤ ਸੰਘ ਨੇ ਸਪੂਤਨਿਕ-1 ਉਪਗ੍ਰਹਿ ਲਾਂਚ ਕੀਤਾ ਅਤੇ ਫਿਰ 1969 ਵਿੱਚ ਅਮਰੀਕਾ ਨੇ ਅਪੋਲੋ 11 ਨੂੰ ਚੰਦ ’ਤੇ ਭੇਜ ਕੇ ਇਤਿਹਾਸ ਰਚ ਦਿੱਤਾ। ਇਹ ਦੋਨੋਂ ਘਟਨਾਵਾਂ ਸਿਰਫ ਤਕਨੀਕੀ ਸਫਲਤਾਵਾਂ ਨਹੀਂ ਸਨ। ਅੱਜ ਇਹ ਕਹਾਣੀ ਬਹੁਤ ਅੱਗੇ ਜਾ ਚੁੱਕੀ ਹੈ। ਪੁਲਾੜ ਹੁਣੇ ਇੱਕ ਅਜਿਹਾ ਮੈਦਾਨ ਬਣ ਚੁੱਕਿਆ ਹੈ, ਜਿਥੇ ਹਰ ਦੇਸ਼ ਆਪਣੀ ਸੁਰੱਖਿਆ, ਨਿਗਰਾਨੀ ਅਤੇ ਸੰਚਾਰ ਲਈ ਮਜ਼ਬੂਤ ਪਕੜ ਬਣਾਉਣਾ ਚਾਹੁੰਦਾ ਹੈ। ਦੁਨੀਆ ਦੇ ਕਈ ਦੇਸ਼ ਹੁਣ ਧਰਤੀ, ਹਵਾ ਤੇ ਜਲ ਸੈਨਾ ਤੋਂ ਇਲਾਵਾ ਸਪੇਸ ਸੈਨਾ ਬਣਾ ਰਹੇ ਹਨ। ਦਸੰਬਰ 2019 ਵਿੱਚ ਅਮਰੀਕੀ ਰਾਸ਼ਟਰਪਤੀ ਨੇ ਅਧਿਕਾਰਿਤ ਤੌਰ ’ਤੇ ਦੁਨੀਆਂ ਦੀ ਪਹਿਲੀ ਸਪੇਸ ਫੋਰਸ ਦਾ ਗਠਨ ਕੀਤਾ। ਇਹ ਇੱਕ ਅਜੀਬੋ-ਗਰੀਬ ਘਟਨਾ ਸੀ, ਕਿਉਂਕਿ ਇਸ ਤੋਂ ਪਹਿਲਾਂ ਕਿਸੇ ਨੇ ਵੀ ਸੋਚਿਆ ਨਹੀਂ ਸੀ ਤੇ ਕੋਈ ਦੇਸ਼ ਸਪੇਸ ਦੇ ਲਈ ਇੱਕ ਸਮਰਪਿਤ ਸੈਨਾ ਬਣਾਏਗਾ। ਇਸ ਦੌਰਾਨ ਟਰੰਪ ਨੇ ਕਿਹਾ ਸੀ ਪੁਲਾੜ ਦੁਨੀਆ ਦਾ ਸਭ ਤੋਂ ਨਵਾਂ ਯੁੱਧ ਖੇਤਰ ਹੈ। ਅਮਰੀਕਾ ਦੇ ਇਸ ਕਦਮ ਤੋਂ ਸਿਰਫ ਦੋ ਸਾਲ ਬਾਅਦ 2021 ਵਿੱਚ ਚੀਨ ਨੇ ਇੱਕ ਸਫੈਦ ਪੱਤਰ ਜਾਰੀ ਕੀਤਾ, ਜਿਸ ਵਿੱਚ ਰਾਸ਼ਟਰੀ ਸ਼ੀ ਜਿਨਪਿੰਗ ਨੇ ਕਿਹਾ-ਚੀਨ ਨੂੰ ਪੁਲਾੜ ਸ਼ਕਤੀ ਬਣਨਾ ਸਾਡਾ ਸੁਪਨਾ ਹੈ ਅਤੇ ਇਸ ਦਿਸ਼ਾ ਵਿੱਚ ਅਸੀਂ ਸਾਰੇ ਜ਼ਰੂਰੀ ਕਦਮ ਉਠਾ ਰਹੇ ਹਾਂ। ਪਲਾੜ ਵਿੱਚ ਸਾਧਨਾਂ ਦੀ ਵਰਤੋਂ ਸਾਡੀ ਰਾਸਟਰੀ ਸੁਰੱਖਿਆ ਲਈ ਬੇਹੱਦ ਜ਼ਰੂਰੀ ਹੈ।

**ਉਪਗ੍ਰਹਿਆਂ ਦੀ ਬਦਲਦੀ ਭੂਮਿਕਾ** : ਉਪਗ੍ਰਹਿ ਕਦੇ ਸਿਰਫ ਵਿਗਿਆਨ ਦੇ ਉਪਕਰਨ ਸਨ। ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਉਹ ਅੱਜ ਵੀ ਕਾਫੀ ਅਹਿਮ ਹਨ। ਮੌਸਮ ਦਾ ਅਨੁਮਾਨ ਲਾਉਣਾ, ਜਲਵਾਯੂ ਤਬਦੀਲੀ ਨੂੰ ਸਮਝਣਾ ਅਤੇ ਜੀ ਪੀ ਐੱਸ ਆਦਿ ਦੀ ਵਰਤੋਂ ਅਸੀਂ ਸੈਟੇਲਾਈਟ ਦੀ ਮਦਦ ਰਾਹੀਂ ਹੀ ਕਰ ਪਾਉਂਦੇ ਹਾਂ। ਸਪੇਸਵਾਰ ਦੇ ਮੰਡਰਾਉਂਦੇ ਸ਼ੰਕਿਆਂ ਦੇ ਵਿੱਚ ਇਸ ਦੀ ਭੂਮਿਕਾ ਹੁਣ ਬਦਲ ਗਈ ਹੈ। ਹੁਣ ਆਮ ਧਾਰਨਾ ਹੈ ਕਿ ਪੁਲਾੜ ਵਿੱਚ ਉਸ ਦੇਸ਼ ਦੀ ਸਭ ਤੋਂ ਜ਼ਿਆਦਾ ਅਜਾਰੇਦਾਰੀ ਹੈ, ਜਿਸ ਕੋਲ ਸਭ ਤੋਂ ਜ਼ਿਆਦਾ ਸੈਟੇਲਾਈਟ ਹਨ। ਪੁਲਾੜ ਜੰਗ ਹੀ ਨਹੀਂ ਬਲਕਿ ਰਵਾਇਤੀ ਜੰਗ ਵਿੱਚ ਵੀ ਉਪਗ੍ਰਹਿਆਂ ਦੀ ਅਹਿਮ ਭੂਮਿਕਾ ਹੈ। ਅਮਰੀਕਾ ਸਪੇਸ ਕੋਰਸ ਦੇ ਚੀਫ ਆਫ ਸਪੇਸ ਅਪਰੇਸ਼ਨ ਜ਼ਨਰਲ ਜਾਨ ਰੇਮੰਡ ਨੇ ‘ਕੌਂਸਲ ਆਨ ਫੌਰਨ ਅਫੇਅਰਸ’ ਇਹ ਇੱਕ ਸੈਮੀਨਾਰ ਵਿੱਚ ਦੱਸਿਆ ਸੀ ਕਿ ਕਿਵੇਂ ਸੈਟਲਾਈਟ ਦਾ ਇੱਕ ਮਜਬੂਤ ਨੈੱਟਵਰਕ ਸਪੇਸ ਵਿੱਚ ਸ਼ਕਤੀ ਬਣਾਏ ਰੱਖਣ ਦੇ ਲਈ ਮਹੱਤਵਪੂਰਨ ਹੈ। ‘ਵਰਲਡ ਪਾਪੂਲੇਸ਼ਨ ਰੀਵਿਊ’ ਦੀ ਇੱਕ ਰਿਪੋਰਟ ਮੁਤਾਬਕ ਅਮਰੀਕਾ ਦੇ ਕੋਲ 247 ਫੌਜੀ ਅਤੇ ਜਸੂਸੀ ਉਪਗ੍ਰਹਿ ਹਨ, ਜੋ ਉਸ ਨੂੰ ਦੁਸ਼ਮਣ ਦੀਆਂ ਸਰਗਰਮੀਆਂ ’ਤੇ ਨਜ਼ਰ ਰੱਖਣ ਲਈ ਅਤੇ ਸਹੀ ਫੈਸਲੇ ਲੈਣ ਵਿੱਚ ਸਮਰੱਥ ਬਣਾਉਂਦੇ ਹਨ। ਰੂਸ ਦੇ ਪਾਸ ਕਰੀਬ 157 ਅਤੇ ਚੀਨ ਕੋਲ 110 ਫੌਜੀ ਉਪਗ੍ਰਹਿ ਹਨ, ਜੋ ਉਹਨਾਂ ਨੂੰ ਧਰਤੀ ’ਤੇ ਹਰ ਪਲ ਦੀ ਸਰਗਰਮੀ ’ਤੇ ਨਜ਼ਰ ਰੱਖਣੀ ’ਚ ਮਦਦ ਕਰਦੇ ਹਨ। ਅਮਰੀਕਾ ਕੋਲ ਦੁਨੀਆਂ ਦੇ ਸਭ ਤੋਂ ਉਨਤ ਜਾਸੂਸੀ ਉਪਗ੍ਰਹਿ ਵਿੱਚੋਂ ਕੁਝ ਮੌਜੂਦ ਹਨ। ਚੀਨ ਵੀ ਇਸ ਖੇਤਰ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਚੀਨ ਦੇ ਯਾਓਗਨ ਅਤੇ ਗਾਅਫੇਨ ਲੜੀ ਦੇ ਉਪਗ੍ਰਹਿ ਦੀ ਵਰਤੋਂ ਹਿੰਦ ਮਹਾਂਸਾਗਰ, ਪ੍ਰਸ਼ਾਂਤ ਅਤੇ ਦੱਖਣੀ ਚੀਨ ਸਾਗਰ ਵਿੱਚ ਸਮੁੰਦਰੀ ਸਰਗਰਮੀਆਂ ਦੀ ਨਿਗਰਾਨੀ ਦੀ ਲਈ ਕੀਤੀ ਜਾਂਦੀ ਹੈ, ਜਦ ਕਿ ਭਾਰਤ, ਅਮਰੀਕਾ, ਜਪਾਨ ਅਤੇ ਆਸਟਰੇਲੀਆ ਨੇ ਮਾਲਾਬਾਰ ਯੁੱਧ ਅਭਿਆਸ ਕੀਤਾ, ਤਾਂ ਚੀਨ ਨੇ ਆਪਣੇ ਉਪਗ੍ਰਹਿਆਂ ਰਾਹੀਂ ਇਸ ਖੇਤਰ ’ਤੇ ਪੈਨੀ ਨਜ਼ਰ ਰੱਖੀ ਸੀ। ਅਮਰੀਕਾ ਨੇ ਇਸ ’ਤੇ ਇਤਰਾਜ਼ ਜਤਾਇਆ ਸੀ।

‘ਐੱਸ ਪੀ ਐਵੀਏਸ਼ਨ’ ਦੀ ਰਿਪੋਰਟ ਮੁਤਾਬਕ ਉਪਗ੍ਰਹਿ ਦੀ ਫੌਜੀ ਵਰਤੋਂ ਯੁੱਧ ਦੀ ਸਥਿਤੀ ਵਿੱਚ ਕਈ ਤਰ੍ਹਾਂ ਨਾਲ ਫਾਇਦੇਮੰਦ ਹੁੰਦੀ ਹੈ। ਅਧੁਨਿਕ ਉਪਗ੍ਰਹਿਆਂ ਵਿੱਚ ਕੁਝ ਅਜਿਹੀਆਂ ਵਿਸ਼ੇਸ਼ਤਾਵਾਂ ਹਨ ਕਿ ਉਹ ਦੁਸ਼ਮਣ ਦੀਆਂ ਮਿਜ਼ਾਈਲਾਂ ਦੀ ਲੋਕੇਸ਼ਨ ਦਾ ਤੁਰੰਤ ਪਤਾ ਲਾ ਸਕਦੇ ਹਨ। ਅਜਿਹੇ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਸ ਵਿੱਚ ਉਪਗ੍ਰਹਿਆਂ ਨਾਲ ਸੰਬੰਧਤ ਸੂਚਨਾਵਾਂ ਦੀ ਵਰਤੋਂ ਟਕਰਾਵਾਂ ਵਿੱਚ ਕੀਤੀ ਜਾਂਦੀ ਹੈ। ਨਵੰਬਰ 2023 ਵਿੱਚ ਜਦ ਈਰਾਨ ਹਮਾਇਤੀ ਹੂਥੀ ਸਮੂਹ ਨੇ ਬਲਿਸਟਿਕ ਮਿਜ਼ਾਇਲ ਦਾਗੇ ਤਾਂ ਇਜ਼ਰਾਇਲੀ ਉਪਗ੍ਰਹਿ ਰਾਹੀਂ ਉਸ ਦੀ ਸਥਿਤੀ ਦਾ ਸਟੀਕ ਅੰਦਾਜ਼ਾ ਲਾ ਕੇ ਧਰਤੀ ਦੇ ਵਾਯੂਮੰਡਲ ਤੋਂ ਬਾਹਰ ਹੀ ਮਾਰ ਗਿਰਾਇਆ। ਮਾਹਰ ਇਸ ਨੂੰ ਪੁਲਾੜ ਵਿੱਚ ਹੋਣ ਵਾਲਾ ਪਹਿਲਾ ਹਮਲਾ ਦੱਸ ਰਹੇ ਹਨ। ਕਈ ਮੀਡੀਆ ਰਿਪੋਰਟਾਂ ਇਸ ਗੱਲ ਦਾ ਜ਼ਿਕਰ ਕਰਦੀਆਂ ਹਨ ਕਿ 2019 ’ਚ ਪੁਲਵਾਮਾ ਹਮਲੇ ਦੇ ਬਾਅਦ ਘਰੇਲੂ ਰੀਸੈਟ ਸੈਟੇਲਾਈਟ ਨੇ ਭਾਰਤੀ ਸੈਨਾ ਨੂੰ ਪਾਕਿਸਤਾਨ ਕਬਜ਼ੇ ਵਾਲੇ ਕਸ਼ਮੀਰ ਵਿੱਚ ਅੱਤਵਾਦੀ ਟਿਕਾਣਿਆਂ ਦਾ ਪਤਾ ਲਾਉਣ ਦੀ ਮਦਦ ਕੀਤੀ। ਉਸ ਪਿੱਛੋਂ ਹਮਲੇ ਨੂੰ ਅੰਜ਼ਾਮ ਦਿੱਤਾ ਗਿਆ। ਸੀ ਐੱਨ ਐੱਨ ਮੁਤਾਬਕ ਯੂਕਰੇਨ ਰੂਸ ਯੁੱਧ ਵਿੱਚ ਯੂਕਰੇਨੀ ਫੌਜ ਆਪਣੇ ਡਰੋਨ ਹਮਲੇ ਨੂੰ ਸਟੀਕ ਬਣਾਉਣ ਲਈ ਐਲਨ ਮਸਕ ਦੀ ਸੈਟੇਲਾਈਟ ਇੰਟਰਨੈਟ ਸਰਵਿਸ ਦੀ ਵਰਤੋਂ ਕਰ ਰਹੀ ਹੈ। ਸਰਵਿਸ ਦੀ ਮਦਦ ਨਾਲ ਯੂਕਰੇਨੀ ਫੌਜੀ ਡਰੋਨ ਤੋਂ ਲਾਈਵ ਫੀਡ ਸਾਂਝਾ ਕਰ ਪਾਉਂਦੇ ਹਨ ਅਤੇ ਉਹਨਾਂ ਖੇਤਰਾਂ ਵਿੱਚ ਸੰਪਰਕ ਕਰ ਪਾਉਂਦੇ ਹਨ, ਜਿੱਥੇ ਲੜਾਈ ਦੇ ਕਾਰਨ ਫੋਨ ਸੇਵਾ ’ਚ ਅੜਿਕਾ ਲੱਗ ਚੁੱਕਿਆ ਹੁੰਦਾ ਹੈ। ਇਹਨਾਂ ਘਟਨਾਵਾਂ ਤੋਂ ਸਾਫ ਹੈ ਕਿ ਉਪਗ੍ਰਹਿ ਹੁਣ ਸਿਰਫ ਸੰਚਾਰ ਦੇ ਸਾਧਨ ਨਹੀਂ ਹਨ, ਬਲਕਿ ਜਸੂਸੀ, ਨਿਗਰਾਨੀ ਤੇ ਫੌਜੀ ਉਦੇਸ਼ਾਂ ਦੇ ਅਹਿਮ ਉਪਕਰਨ ਬਣ ਚੁੱਕੇ ਹਨ।

**ਉਪ ਗ੍ਰਹਿ ਵਿਰੋਧੀ ਹਥਿਆਰਾਂ ਦਾ ਖਤਰਾ** : ਜਿਸ ਤਰ੍ਹਾਂ ਉਪਗ੍ਰਹਿਆਂ ਦੀ ਵਰਤੋਂ ਸਾਮਰਿਕ ਤਾਕਤ ਨੂੰ ਵਧਾਉਣ ਲਈ ਕੀਤੀ ਜਾ ਸਕਦੀ ਹੈ, ਉਵੇਂ ਹੀ ਐਂਟੀ ਸੈਟੇਲਾਈਟ ਯਾਨੀ ਉਪਗ੍ਰਹਿ-ਰੋਧੀ ਉਪਕਰਨਾਂ ਦੀ ਵਰਤੋਂ ਕਰਕੇ ਇਹਨਾਂ ਨੂੰ ਨਸ਼ਟ ਵੀ ਕੀਤਾ ਜਾ ਸਕਦਾ ਹੈ। ‘ਸਿਕਿਓਰ ਵਰਲਡ ਫਾਉਂਡੇਸ਼ਨ’ ਨੇ ਨਿਦੇਸ਼ਕ ਬਰਾਇਨ ਵੀਡੇਨ ਮੁਤਾਬਿਕ ਜਿੰਨੇ ਵੱਧ ਦੇਸ਼ ਐਂਟੀ ਸੈਟੇਲਾਈਟ ਹਥਿਆਰ ਬਣਾਉਣਗੇ, ਪੁਲਾੜ ਵਿੱਚ ਯੁੱਧ ਦਾ ਜੋਖਮ ਓਨਾ ਹੀ ਵੱਧ ਹੋਵੇਗਾ। ਚੀਨ, ਰੂਸ, ਅਮਰੀਕਾ ਅਤੇ ਭਾਰਤ ਵਰਗੇ ਦੇਸ਼ਾਂ ਦੇ ਕੋਲ ਏਨੀ ਸਮਰੱਥਾ ਹੈ। ਦਰਅਸਲ ਐਂਟੀ ਸੈਟੇਲਾਈਟ ਤਕਨੀਕ ਨੂੰ ਵਿਕਸਿਤ ਕਰਨ ਦਾ ਮਕਸਦ ਦੁਸ਼ਮਣ ਦੇ ਉਪਗ੍ਰਹਿਆਂ ਨੂੰ ਬੇਅਸਰ ਕਰਨਾ ਹੈ। ਇਹ ਤਕਨੀਕ ਮਿਜ਼ਾਇਲਾਂ, ਇਲੈਕਟ੍ਰੌਨਿਕ ਜੈਮਿੰਗ, ਮਾਈਕਰੋਵੇਵ ਵਿਕ੍ਰਨਨ ਅਤੇ ਲੇਜ਼ਰ ਵਰਗੇ ਹਥਿਆਰਾਂ ਦੀ ਵਰਤੋਂ ਕਰਕੇ ਉਪਗ੍ਰਹਿਆਂ ਨੂੰ ਨਸ਼ਟ ਕਰ ਸਕਦੀ ਹੈ। ਸੈਟਲਾਈਟ ਕਿਸੇ ਵੀ ਦੇਸ਼ ਦੀਆਂ ਅੱਖਾਂ ਅਤੇ ਕੰਨ ਹੁੰਦੇ ਹਨ, ਜੋ ਕਿਸੇ ਸੰਘਰਸ਼ ਦੇ ਸਮੇਂ ਪਹਿਲਾ ਨਿਸ਼ਾਨਾ ਬਣਦੇ ਹਨ। ਉਹ ਦੱਸਦੇ ਹਨ ਕਿ ਜ਼ਰੂਰੀ ਨਹੀਂ ਕਿ ਸੈਟੇਲਾਈਟ ਦਾ ਹਮਲਾ ਕਰਕੇ ਹੀ ਉਸ ਨੂੰ ਬੇਅਸਰ ਕੀਤਾ ਜਾਵੇ। ਉਸ ਨੂੰ ਹੇਠੋਂ ਜ਼ਮੀਨ ਤੋਂ ਮਾਰ ਕਰਕੇ ਬੇਅਸਰ ਵੀ ਕੀਤਾ ਜਾ ਸਕਦਾ ਹੈ। ਇਸ ਦੇ ਲਈ ਵਾਇਰਸ ਅਤੇ ਲੇਜ਼ਰ ਦੀ ਵਰਤੋਂ ਕੀਤੀ ਜਾ ਸਕਦੀ ਹੈ। ਉਹਨਾਂ ਦੇ ਮੁਤਾਬਕ ਇਸ ਹਮਲੇ ਵਿੱਚ ਖੂਨ ਨਹੀਂ ਡੁਲ੍ਹਦਾ। ਰੂਸ 24 ਫਰਵਰੀ 2022 ਨੂੰ ਅਜਿਹਾ ਕਰ ਚੁੱਕਿਆ ਹੈ। ‘ਦਾ ਇਕੋਨੋਮਿਸਟ’ ਦੀ ਇੱਕ ਰਿਪੋਰਟ ਮੁਤਾਬਕ ਯੂਕਰੇਨ ’ਤੇ ਰੂਸ ਦੇ ਇੱਕ ਟੈਂਕ ਹਮਲੇ ਨਾਲ ਕੁਝ ਸਮੇਂ ਪਹਿਲਾਂ ਹੀ ਰੂਸ ਨੇ ਅਮਰੀਕੀ ਕੰਪਨੀ ਵਾਈਸੈਟ ਦੇ ਕਾ-ਸੈਟ ਨੈੱਟਵਰਕ ਵਿੱਚ ਵਾਇਰਸ ਫੈਲਾਇਆ ਅਤੇ ਇਸ ਨੂੰ ਹੈਕ ਕਰ ਲਿਆ। ਨਤੀਜੇ ਵਜੋਂ 50 ਹਜ਼ਾਰ ਯੂਰਪੀ ਖਪਤਕਾਰਾਂ ਨੂੰ ਸੈਟੇਲਾਈਟ ਸੇਵਾ ਬੰਦ ਕੀਤੀ ਗਈ, ਜਿਸ ਵਿੱਚ ਕਈ ਯੂਕਰੇਨੀ ਫੌਜੀ ਇਕਾਈਆਂ ਵੀ ਸ਼ਾਮਿਲ ਸਨ। ਮਾਮਲਾ ਠੀਕ ਨਾ ਹੁੰਦਾ ਵੇਖ ਯੂਕਰੇਨੀ ਸੈਨਾ ਨੂੰ ਸਪੇਸ ਦੇ ਉਪਕਰਨ ਦੀ ਮਦਦ ਲੈਣੀ ਪਈ। ਰੂਸ ਦੀ ਇਹ ਪੱਛਮ ਨੂੰ ਚੇਤਾਵਨੀ ਸੀ ਕਿ ਕਾਰੋਬਾਰੀ ਪ੍ਰਣਾਲੀਆਂ ਵੀ ਹਮਲੇ ਦਾ ਨਿਸ਼ਾਨਾ ਬਣਾਈਆਂ ਜਾ ਸਕਦੀਆਂ ਹਨ। ਅਕਤੂਬਰ 2022 ਵਿੱਚ ਰੂਸ ਦੇ ਇੱਕ ਰਾਜਨਾਇਕ ਨੇ ਸੰਯੁਕਤ ਰਾਸ਼ਟਰ ਵਿੱਚ ਆਪਣੇ ਭਾਸ਼ਣ ਵਿੱਚ ਚੇਤਾਵਨੀ ਦਿੱਤੀ ਸੀ ਕਿ ਯੁੱਧ ਵਿੱਚ ਇਹ ਨਾਗਰਿਕ ਵਰਤੋਂ ਵਾਲੇ ਉਪਗ੍ਰਹਿ ਵੀ ਹਮਲੇ ਦਾ ਨਿਸ਼ਾਨਾ ਬਣ ਸਕਦੇ ਹਨ। ਰੂਸ ਹੀ ਨਹੀਂ, ਚੀਨ ਵੀ ਐਂਟੀ ਸੈਟੇਲਾਈਟ ਸਮਰਥਾਵਾਂ ਵਿੱਚ ਪਰਪੱਕ ਹੋ ਚੁੱਕਿਆ ਹੈ। ਦਰਅਸਲ ਪੁਲਾੜ ਵਿੱਚ ਕੰਟਰੋਲ ਰੱਖਣਾ ਹੁਣ ਜ਼ਮੀਨ, ਸਮੁੰਦਰ ਅਤੇ ਆਕਾਸ਼ ਵਿੱਚ ਦਬਦਬਾ ਰੱਖਣ ਜਿੰਨਾ ਹੀ ਅਹਿਮ ਹੋ ਗਿਆ ਹੈ। ਪੁਲਾੜ ਤਕਨੀਕ ਬਾਕੀ ਸਾਰੀਆਂ ਥਾਵਾਂ ’ਤੇ ਫੌਜਾਂ ਦੀ ਤਾਕਤ ਨੂੰ ਵਧਾਉਂਦੀ ਹੈ। ਗਿਣਤੀ ਦੀ ਗੱਲ ਕਰੀਏ ਤਾਂ ਅਮਰੀਕਾ ਤੇ ਰੂਸ ਕੋਲ ਸਭ ਤੋਂ ਜ਼ਿਆਦਾ ਉਪਗ੍ਰਹਿ-ਰੋਧੀ ਸਮਰਥਾਵਾਂ ਹਨ। ਇਸ ਤੋਂ ਪਿੱਛੋਂ ਚੀਨ ਦਾ ਨੰਬਰ ਆਉਂਦਾ ਹੈ। ਅਮਰੀਕਾ ਤੇ ਰੂਸ ਦੇ ਸ਼ੀਤ ਯੁੱਧ ਦੌਰਾਨ ਹੀ ਐਂਟੀਸੈਟੇਲਾਈਟ ਟੈਕਨਾਲੋਜੀ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ, ਜਦ ਕਿ ਚੀਨ 2000 ਦੇ ਦਹਾਕੇ ਵਿੱਚ ਇਸ ਵਿੱਚ ਬਹੁਤ ਅੱਗੇ ਨਿਕਲ ਗਿਆ। ਮਾਹਰ ਮੰਨਦੇ ਹਨ ਕਿ ਅਮਰੀਕਾ ਦੇ ਪਾਸ ਫਿਲਹਾਲ ਸਭ ਤੋਂ ਜ਼ਿਆਦਾ ਉਪਗ੍ਰਹਿ-ਰੋਧੀ ਸਮਰਥਾ ਹੈ, ਜਿਸ ਵਿੱਚ ਪੁਲਾੜ ਅਧਾਰਤ ਜੈਮਿੰਗ ਅਤੇ ਲੇਜ਼ਰ ਤਕਨੀਕ ਵੀ ਸ਼ਾਮਿਲ ਹੈ। ਚੀਨ ਉਸ ਤੋਂ ਅੱਗੇ ਨਹੀਂ ਤਾਂ ਪਿੱਛੇ ਵੀ ਨਹੀਂ ਹੈ। ਏਰੋਸਪੇਸ ਅਤੇ ਰੱਖਿਆ ਮਾਹਰ ਕੈਥਰੀਨ ਮੈਕਰੋਨ ਦਾ ਕਹਿਣਾ ਹੈ ਐਂਟੀਸੈਟੇਲਾਈਟ ਸਮਰਥਾਵਾਂ ਦਾ ਵਿਕਾਸ ਦੇਸ਼ ਨੂੰ ਇੱਕ ਤਰ੍ਹਾਂ ਦਾ ਪ੍ਰਤੀਰੋਧ ਪ੍ਰਦਾਨ ਕਰ ਸਕਦਾ ਹੈ, ਜਿਸ ਵਿੱਚ ਉਹਨਾਂ ਦੇ ਵਿਰੋਧੀ ਪੁਲਾੜ ਵਿੱਚ ਹਮਲਾਵਰ ਕਾਰਵਾਈ ਕਰਨ ਤੋਂ ਪਹਿਲੇ ਸੌ ਵਾਰ ਸੋਚਣਗੇ। ਸੌਖੇ ਸ਼ਬਦਾਂ ਵਿੱਚ ਸਮਝੀਏ ਤਾਂ ਜਿਸ ਤਰ੍ਹਾਂ ਨਾਲ ਪ੍ਰਮਾਣੂ ਹਥਿਆਰ ਰੱਖਣ ਵਾਲੇ ਦੇਸ਼ਾਂ ਤੇ ਹੋਰ ਪ੍ਰਮਾਣੂ ਸ਼ਕਤੀ ਸਮਰਥ ਦੇਸ਼ ਹਮਲਾ ਕਰਨ ਤੋਂ ਝਿਜਕਦੇ ਹਨ, ਉਸੇ ਤਰ੍ਹਾਂ ਉਪਗ੍ਰਹਿ-ਰੋਧੀ ਤਕਨੀਕ ਵੀ ਅਜਿਹੇ ਹਮਲਿਆਂ ਨੂੰ ਰੋਕਣ ਦਾ ਕੰਮ ਕਰੇਗੀ।

**ਪੁਲਾੜ ਵਿੱਚ ਧੰਦਾ** : ਸਪੇਸ ਦਾ ਫੌਜੀਕਰਨ ਹੀ ਖਤਰਾ ਨਹੀਂ, ਬਲਕਿ ਉਸ ਦਾ ਵਪਾਰੀਕਰਨ ਵੀ ਆਉਣ ਵਾਲੇ ਸਮੇਂ ਵਿੱਚ ਇੱਕ ਗੰਭੀਰ ਚੁਣੌਤੀ ਬਣ ਸਕਦਾ ਹੈ। ਦੁਨੀਆ ਭਰ ਦੇ ਦੇਸ਼ ਪੁਲਾੜ ਪ੍ਰੋਗਰਾਮਾਂ ਵਿੱਚ ਭਾਰੀ ਨਿਵੇਸ਼ ਕਰ ਰਹੇ ਹਨ। ਵਪਾਰਕ ਮਾਰਗਨ ਸਟੇਨਲੀ ਮੁਤਾਬਕ ਪਿਛਲੇ 15 ਸਾਲ ਵਿੱਚ ਪਲਾੜ ਵਿੱਚ ਕਾਰੋਬਾਰੀ ਸਰਗਰਮੀ ਤਿੰਨ ਗੁਣਾ ਵਧੀ ਹੈ। ਇਹ ਸਰਗਰਮੀਆਂ 2025 ਵਿੱਚ 8.41 ਲੱਖ ਕਰੋੜ ਤੋਂ ਵਧ ਕੇ 2020 ਵਿੱਚ 26.73 ਲੱਖ ਕਰੋੜ ’ਤੇ ਪਹੁੰਚ ਗਈਆਂ ਹਨ। 2040 ਤੱਕ ਇਸ ਦੇ 82.35 ਲੱਖ ਕਰੋੜ ਰੁਪਏ ਤੱਕ ਪਹੁੰਚਣ ਦਾ ਅਨੁਮਾਨ ਹੈ।

(● ਬਾਕੀ ਸਫ਼ਾ 9 ’ਤੇ)

# ਕੀ ਵਿਆਹ ਨਾਂਅ ਦੀ ਰਸਮ ਖਤਮ ਹੋ ਜਾਵੇਗੀ

**ਡਾ. ਸੁਖਰਾਜ ਸਿੰਘ ਬਾਜਵਾ**

ਬਦਲਦੇ ਸਮੇਂ ਦੇ ਨਾਲ-ਨਾਲ ਸਮਾਜ ਤੇ ਪਰਵਾਰ ਦੀ ਬਣਤਰ ਵਿਚ ਬਹੁਤ ਸਾਰੇ ਬਦਲਾਅ ਵੇਖਣ ਨੂੰ ਮਿਲ ਰਹੇ ਹਨ। ਜਿੱਥੇ ਸੰਯੁਕਤ ਪਰਵਾਰ ਟੁੱਟ ਕੇ ਛੋਟੇ ਪਰਵਾਰਾਂ ਵਿੱਚ ਵੰਡੇ ਗਏ ਹਨ, ਉਥੇ ਹੀ ਸਮਾਜਕ ਤਾਣੇ-ਬਾਣੇ ਵਿਚ ਵੀ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ। ਸਮਾਜ ਸਿਰਫ ਕਿਸੇ ਜ਼ਰੂਰੀ ਕੰਮ ਲਈ ਲੋਕਾਂ ਦੇ ਬੋਲਚਾਲ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਪਹਿਲਾਂ ਦੀ ਤਰ੍ਹਾਂ ਸੱਥਾਂ ਨਹੀਂ ਜੁੜਦੀਆਂ ਅਤੇ ਨਾ ਹੀ ਸਾਂਝੇ ਚੁੱਲ੍ਹੇ ਰਹਿ ਗਏ ਹਨ। ਲੋਕ ਆਪਣੇ ਆਪਣੇ ਘਰਾਂ ਵਿੱਚ ਬੰਦ ਹੋ ਕੇ ਰਹਿਣ ਨੂੰ ਹੀ ਪਹਿਲ ਦੇ ਰਹੇ ਹਨ। ਹੌਲੀ-ਹੌਲੀ ਆਧੁਨਿਕਤਾ ਦੇ ਦੌਰ ਵਿਚ ਪਰਵਾਰ ਦੇ ਮਾਇਨੇ ਬਦਲ ਰਹੇ ਹਨ। ਵਿਸ਼ਵੀਕਰਨ ਨੇ ਰਿਸ਼ਤਿਆਂ ਦੇ ਵਿਚ ਦੂਰੀਆਂ ਵਧਾ ਦਿੱਤੀਆਂ ਹਨ। ਬੱਚੇ ਉਚੇਰੀ ਸਿੱਖਿਆ ਲਈ ਜਾਂ ਨੌਕਰੀ ਲਈ ਦੂਰ-ਦੁਰੇਡੇ ਚਲੇ ਜਾਂਦੇ ਹਨ। ਏਥੋਂ ਤੱਕ ਕਿ ਸਕੂਲੀ ਸਿੱਖਿਆ ਦੌਰਾਨ ਵੀ ਸਵੇਰੇ ਜਲਦੀ ਸਕੂਲ ਚਲੇ ਜਾਣਾ ਤੇ ਆ ਕੇ ਟਿਊਸ਼ਨ ’ਤੇ ਫੇਰ ਰਾਤ ਥੱਕ ਕੇ ਸੌਂ ਜਾਣਾ। ਮਾਂ ਬਾਪ ਅਤੇ ਬੱਚਿਆਂ ਵਿਚ ਆਪਸੀ ਗੱਲਬਾਤ ਲਈ ਸਮਾਂ ਹੀ ਨਹੀਂ ਬਚਦਾ, ਜਿਸ ਕਾਰਨ ਬੱਚਿਆਂ ਦੀ ਆਪਣੇ ਪਰਵਾਰ ਨਾਲ ਮੋਹ ਦੀਆਂ ਤੰਦਾਂ ਕੱਚੀਆਂ ਰਹਿ ਜਾਂਦੀਆਂ ਹਨ। ਬੱਚਾ ਘਰ ਤੋਂ ਬਾਹਰ ਰਹਿ ਕੇ ਜਾਂ ਫੇਰ ਘਰ ਦੇ ਅੰਦਰ ਆਪਣੇ ਆਪ ਨੂੰ ਵੱਖ ਕਮਰੇ ਵਿਚ ਬੰਦ ਰੱਖ ਕੇ ਹੀ ਖੁਸ਼ ਰਹਿੰਦਾ ਹੈ। ਹੌਲੀ-ਹੌਲੀ ਬੱਚਾ ਆਪਣੇ ਮਾਂ-ਬਾਪ ਦੀ ਜਗ੍ਹਾ ਬਾਹਰ ਆਪਣੇ ਦੋਸਤਾਂ ਜਾਂ ਬਾਹਰੀ ਲੋਕਾਂ ’ਤੇ ਹੀ ਭਰੋਸਾ ਰੱਖਣਾ ਬਿਹਤਰ ਸਮਝਦਾ ਹੈ। ਇਕ ਵਾਰ ਆਪ ਕਮਾਈ ਕਰਨ ਲੱਗ ਜਾਣ ਤਾਂ ਬੱਚਿਆਂ ਲਈ ਮਾਂ-ਬਾਪ ਦੀ ਅਹਿਮੀਅਤ ਵੀ ਖਤਮ ਹੋਣ ਲਗਦੀ ਹੈ। ਸਮਾਜ ਦੇ ਆਧੁਨਿਕ ਯੁੱਗ ਵਿਚ ਵਿਆਹ ਵਰਗੇ ਰਿਸ਼ਤੇ ਖਤਮ ਹੋਣ ਕਿਨਾਰੇ ਹਨ। ਅੱਜ ਦੀ ਨੌਜਵਾਨ ਪੀੜ੍ਹੀ ਵਿਆਹ ਦੇ ਬੰਧਨ ਵਿਚ ਨਾ ਬੱਝ ਕੇ ਸਿਰਫ ਜ਼ਰੂਰਤ ਅਨੁਸਾਰ ਇੱਕ-ਦੂਸਰੇ ਨਾਲ ਅਸਥਾਈ ਰੂਪ ਵਿਚ ਰਹਿਣਾ ਪਸੰਦ ਕਰਨ ਲੱਗੀ ਹੈ। ਇਹੀ ਕਾਰਨ ਹੈ ਕਿ ਲਿਵ ਇਨ ਰਿਸ਼ਤਿਆਂ ਵਿਚ ਵਾਧਾ ਹੋ ਰਿਹਾ ਹੈ। ਇਹਨਾ ਰਿਸ਼ਤਿਆਂ ਵਿਚ ਕੋਈ ਬੋਝ ਜਾਂ ਬੰਧਨ ਨਹੀਂ ਹੁੰਦਾ। ਜਦ ਦਿਲ ਕਰੇ ਇਕ-ਦੂਸਰੇ ਤੋਂ ਵੱਖ ਹੋ ਕੇ ਨਵੇਂ ਸਾਥੀ ਲੱਭ ਲਵੋ। ਹੁਣ ਤਾਂ ਰਿਸ਼ਤੇ ਵੀ ਮੌਸਮ ਦੀ ਤਰ੍ਹਾਂ ਜਲਦੀ-ਜਲਦੀ ਬਦਲ ਰਹੇ ਹਨ ਅਤੇ ਨਵੇਂ-ਨਵੇਂ ਨਾਂਅ ਸੁਣਨ ਨੂੰ ਮਿਲ ਰਹੇ ਹਨ। ਨਵੇਂ ਨਾਂਅ ਵਾਲੇ ਰਿਸ਼ਤੇ ਹੈਰਾਨ ਤਾਂ ਕਰਦੇ ਹਨ, ਪਰ ਇਹ ਹੀ ਅੱਜ ਦੀ ਸੱਚਾਈ ਹੈ।

**ਨੈਨੋ ਰਿਲੇਸ਼ਨਸਿਪ**, ਜਿਸ ਵਿਚ ਸਿਰਫ ਕੁਝ ਦਿਨ ਲਈ ਲੜਕਾ-ਲੜਕੀ ਇਕ-ਦੂਸਰੇ ਨਾਲ ਰਹਿੰਦੇ ਹਨ। ਮੌਜ-ਮਸਤੀ ਕਰਦੇ ਹਨ, ਫੇਰ ਇਕ ਦੂਸਰੇ ਤੋ ਵੱਖ ਹੋ ਕੇ ਕਿਸੇ ਨਵੇਂ ਸਾਥੀ ਨਾਲ ਜੁੜ ਜਾਂਦੇ ਹਨ। ਅਜਿਹੇ ਰਿਸ਼ਤੇ ਕੁਝ ਵਿਆਹੇ ਜੋੜੇ ਵੀ ਬਣਾ ਰਹੇ ਹਨ ਜੋ ਸਿਰਫ ਕੁਝ ਚਿਰ ਲਈ ਬਦਲਾਅ ਦੇ ਨਾਂਅ ’ਤੇ ਅਜਿਹੇ ਰਿਸ਼ਤੇ ਬਣਾ ਲੈਂਦੇ ਹਨ ਅਤੇ ਫੇਰ ਵਾਪਸ ਆਪਣੇ ਘਰ ਮੁੜ ਜਾਂਦੇ ਹਨ।

**ਮਾਈਕਰੋ** ਰਿਲੇਸ਼ਨ ਵਿੱਚ ਲੜਕਾ-ਲੜਕੀ ਇਕ-ਦੂਸਰੇ ਨਾਲ ਦੋ ਤਿੰਨ ਮਹੀਨੇ ਲਈ ਜਾਂ ਉਸ ਤੋਂ ਥੋੜਾ ਵੱਧ ਸਮੇਂ ਲਈ ਇਕ-ਦੂਸਰੇ ਨਾਲ ਜੁੜਦੇ ਹਨ ਅਤੇ ਫੇਰ ਇਕ-ਦੂਸਰੇ ਤੋ ਅਲੱਗ ਹੋ ਜਾਂਦੇ ਹਨ।

**ਪਰਸਥਿਤੀ ਅਨੁਸਾਰ ਰਿਸ਼ਤੇ** - ਅਜਿਹੇ ਰਿਸ਼ਤੇ ਕਿਸੇ ਖ਼ਾਸ ਕਾਰਨ ਕਰਕੇ ਬਣਦੇ ਹਨ। ਜਿੱਦਾਂ ਕੇ ਆਪਣੇ ਪਿੰਡ ਜਾਂ ਸ਼ਹਿਰ ਤੋਂ ਦੂਰ ਪੜ੍ਹਾਈ ਲਈ ਆ ਰਹੇ ਵਿਦਿਆਰਥੀ ਜ਼ਿਆਦਾ ਕਰਕੇ ਅਜਿਹੇ ਰਿਸ਼ਤਿਆਂ ਵਿਚ ਜੁੜਦੇ ਹਨ। ਇਹ ਰਿਸ਼ਤੇ ਲਿਵ ਇਨ ਰਿਸ਼ਤੇ ਦੇ ਤੌਰ ’ਤੇ ਪ੍ਰਚੱਲਤ ਹਨ। ਇਹਨਾਂ ਰਿਸ਼ਤਿਆਂ ਵਿਚ ਲੜਕੀ ਦੀ ਜ਼ਰੂਰਤ ਰਹਿਣ ਲਈ ਜਗ੍ਹਾ ਅਤੇ ਪੈਸਾ ਹੁੰਦੀ ਹੈ ਅਤੇ ਲੜਕੇ ਦੀ ਜ਼ਰੂਰਤ ਲੜਕੀ ਦਾ ਸਰੀਰ। ਇਹ ਰਿਸ਼ਤੇ ਅਸਥਾਈ ਹੁੰਦੇ ਹਨ ਅਤੇ ਲੋੜ ਪੂਰੀ ਹੋਣ ਤੋਂ ਬਾਅਦ ਖਤਮ ਹੋ ਜਾਂਦੇ ਹਨ।

**ਕੁਫਿੰਗ ਜਾਂ ਮੌਸਮੀ ਰਿਸ਼ਤੇ** - ਅਜਿਹੇ ਰਿਸ਼ਤੇ ਸਿਰਫ ਇਕ ਖਾਸ ਮੌਸਮ ਵਿਚ ਬਣਦੇ ਹਨ, ਜਿਵੇਂ ਕਿ ਸਰਦੀ ਦੇ ਮੌਸਮ ਜਾਂ ਬਰਸਾਤ ਦੇ ਮੌਸਮ ਵਿਚ। ਜਿੱਦਾਂ ਹੀ ਮੌਸਮ ਵਿਚ ਬਦਲਾਅ ਆਉਣਾ ਸ਼ੁਰੂ ਹੁੰਦਾ ਹੈ, ਇਹ ਰਿਸ਼ਤੇ ਵੀ ਖਤਮ ਹੋ ਜਾਂਦੇ ਹਨ। ਵੇਖਣ ਵਿਚ ਆਇਆ ਹੈ ਕੇ ਬਹੁਤ ਸਾਰੇ ਵਿਦੇਸ਼ੀ ਜਾਂ ਐੱਨ ਆਰ ਆਈ ਜਦ ਭਾਰਤ ਆਉਂਦੇ ਹਨ ਤਾਂ ਉਹ ਅਜਿਹੇ ਰਿਸ਼ਤੇ ਬਣਾ ਲੈਂਦੇ ਹਨ। ਜਿੰਨਾ ਸਮਾਂ ਉਹ ਏਥੇ ਰੁਕਦੇ ਹਨ, ਉਹ ਆਪਣੇ ਸਾਥੀ ਨਾਲ ਮੌਜ ਮਸਤੀ ਵਿਚ ਗੁਜ਼ਾਰ ਦੇਂਦੇ ਹਨ, ਫੇਰ ਵਾਪਸ ਚਲੇ ਜਾਂਦੇ ਹਨ ਅਤੇ ਰਿਸ਼ਤੇ ਵੀ ਖਤਮ। ਅਗਲੀ ਵਾਰ ਨਵਾਂ ਰਿਸ਼ਤਾ। ਅਜਿਹੇ ਰਿਸ਼ਤੇ ਸਿਰਫ ਐੱਨ ਆਰ ਆਈ ਮਰਦ ਹੀ ਨਹੀਂ, ਔਰਤਾਂ ਵੱਲੋਂ ਵੀ ਬਣਾਏ ਜਾਂਦੇ ਹਨ।

**ਪਲੇਸਹੋਲਡਰ ਡੇਟਿੰਗ** - ਇਹਨਾਂ ਰਿਸ਼ਤਿਆਂ ਵਿਚ ਅਕਸਰ ਉਹ ਲੋਕ ਜੁੜੇ ਹੁੰਦੇ ਹਨ, ਜੋ ਇਕ ਦੂਸਰੇ ਨਾਲ ਰਹਿਣਾ ਨਹੀਂ ਚਾਹੁੰਦੇ, ਦੋਨੋਂ ਹੀ ਆਪਣੇ ਲਈ ਆਪਣਾ ਜੀਵਨ ਸਾਥੀ ਤਲਾਸ਼ ਕਰ ਰਹੇ ਹੁੰਦੇ ਹਨ, ਪਰ ਜਦ ਤੱਕ ਉਨ੍ਹਾਂ ਨੂੰ ਸਹੀ ਜੀਵਨ ਸਾਥੀ ਨਹੀਂ ਮਿਲ ਜਾਂਦਾ, ਉਹ ਇਕ-ਦੂਸਰੇ ਨਾਲ ਰਿਸ਼ਤੇ ਵਿਚ ਜੁੜੇ ਰਹਿੰਦੇ ਹਨ। ਅਜਿਹੇ ਰਿਸ਼ਤੇ ਨੂੰ ਉਨ੍ਹਾਂ ਵੱਲੋਂ ਦੋਸਤੀ ਦਾ ਨਾਂਅ ਦਿੱਤਾ ਜਾਂਦਾ ਹੈ, ਪਰ ਇਹ ਰਿਸ਼ਤੇ ਦੋਸਤੀ ਤੋਂ ਵੱਧ ਅਤੇ ਵਿਆਹ ਤੋਂ ਘੱਟ ਹੁੰਦੇ ਹਨ।

**ਬੈਂਚਿੰਗ**-ਅਜਿਹੇ ਰਿਸ਼ਤਿਆਂ ਵਿਚ ਦੋ ਲੋਕ ਆਪਸ ਵਿੱਚ ਤਾਂ ਜੁੜੇ ਹੀ ਹੁੰਦੇ ਹਨ, ਪਰ ਦੋਹਾਂ ਵੱਲੋਂ ਸਟੱਪਨੀ ਦੇ ਤੌਰ ’ਤੇ ਹੋਰ ਵੀ ਸਾਥੀ ਰੱਖੇ ਹੁੰਦੇ ਹਨ। ਅਜਿਹੇ ਰਿਸ਼ਤੇ ਲੰਮੇ ਸਮੇਂ ਤੱਕ ਚਲਦੇ ਰਹਿੰਦੇ ਹਨ, ਕਿਉਂਕਿ ਇਥੇ ਘੱਟੋ-ਘੱਟ ਇੱਕ-ਦੂਸਰੇ ਦੀ ਜ਼ਰੂਰਤ ਨੂੰ ਪੂਰਾ ਕਰਨ ਦਾ ਇਕ ਸਮਝੌਤਾ ਹੁੰਦਾ ਹੈ।

ਸਮਾਜ ਵਿਚ ਪ੍ਰਚੱਲਤ ਰਿਸ਼ਤਿਆਂ ਦੇ ਅਜਿਹੇ ਨਾਵਾਂ ਬਾਰੇ ਸੁਣ ਕੇ ਹੈਰਾਨੀ ਹੁੰਦੀ ਹੈ ਕਿ ਸਾਡੇ ਭਾਰਤ ਤੇ ਖਾਸ ਕਰਕੇ ਪੰਜਾਬ ਦਾ ਸਮਾਜ ਕਿੱਧਰ ਨੂੰ ਜਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਅਸੀਂ ਉਹਆਖਰੀ ਪੀੜ੍ਹੀ ਬਣਨ ਜਾ ਰਹੇ ਹਾਂ, ਜੋ ਸ਼ਾਇਦ ਆਪਣੇ ਬੱਚਿਆਂ ਨੂੰ ਵਿਆਹ ਦੇ ਬੰਧਨ ਵਿਚ ਬਝਦੇ ਵੇਖ ਸਕਾਂਗੇ ਅਤੇ ਆਪਣੇ ਹੱਥੀਂ ਆਪਣੀ ਔਲਾਦ ਦਾ ਵਿਆਹ ਪੂਰਨ ਰਸਮਾਂ-ਰਿਵਾਜਾਂ ਮੁਤਾਬਕ ਕਰ ਪਾਵਾਂਗੇ, ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਵਿਆਹ ਸ਼ਬਦ ਦੇ ਕੋਈ ਮਾਇਨੇ ਨਹੀਂ ਰਹਿ ਜਾਣਗੇ।

**# ਸੰਪਰਕ** : 78886-84597

# ਵਾਤਾਵਰਨ ਸ਼ੁੱਧਤਾ ’ਚ ਮਹੱਤਵਪੂਰਨ ਹੈ ਰੁੱਖਾਂ ਦਾ ਯੋਗਦਾਨ



ਦਲਜੀਤ ਰਾਏ ਕਾਲੀਆ

ਹਰ ਸਾਲ ਵਾਤਾਵਰਨ ਨੂੰ ਦਰਪੇਸ਼ ਚੁਣੌਤੀਆਂ ਦੇ ਢੁਕਵੇਂ ਹੱਲ ਲਈ ਅਤੇ ਸਮਾਜ ਵਿੱਚ ਜਾਗਰੂਕਤਾ ਵਧਾਉਣ ਲਈ ਅਸੀਂ ਰਸਮੀ ਤੌਰ ’ਤੇ ਪੰਜ ਜੂਨ ਨੂੰ ਵਿਸ਼ਵ ਵਾਤਾਵਰਨ ਦਿਵਸ ਮਨਾਉਂਦੇ ਹਾਂ। ਵਾਤਾਵਰਨ ਨੂੰ ਸੰਤੁਲਤ ਰੱਖਣ ਵਿੱਚ ਰੁੱਖਾਂ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਸਾਉਣ -ਭਾਦੋਂ (ਜੁਲਾਈ- ਅਗਸਤ) ਦੇ ਮਹੀਨੇ ਰੁੱਖਾਂ ਦੇ ਲਗਾਉਣ ਲਈ ਬਹੁਤ ਅਨੁਕੂਲ ਹੁੰਦੇ ਹਨ ਅਤੇ ਸਾਡੇ ਵੱਲੋਂ ਇਹਨਾਂ ਮਹੀਨਿਆਂ ਦੌਰਾਨ ਰੁੱਖ ਲਗਾਉਣ ਦਾ ਪ੍ਰਚਾਰ ਵੀ ਵੱਡੀ ਪੱਧਰ ’ਤੇ ਕੀਤਾ ਜਾਂਦਾ ਹੈ। ਸਰਕਾਰਾਂ ਵੱਲੋਂ ਵੀ ਵਣ ਮਹਾਂਉਤਸਵ ਦੇ ਪ੍ਰੋਗਰਾਮ ਮਨਾਏ ਜਾਂਦੇ ਹਨ। ਕਈ ਸਮਾਜਿਕ ਸੰਸਥਾਵਾਂ ਅਤੇ ਅਦਾਰਿਆਂ ਵੱਲੋਂ ਵੀ ਹਰਿਆਵਲ ਲਹਿਰਾਂ ਦੇ ਨਾਂ ’ਤੇ ਵੱਡੇ ਉੱਦਮ ਕੀਤੇ ਜਾਂਦੇ ਹਨ। ਛੋਟੇ-ਵੱਡੇ ਅਦਾਰੇ, ਬੈਂਕਾਂ, ਸਕੂਲ ਕਾਲਜ, ਖੇਡ ਕਲੱਬਾਂ, ਨਗਰ ਪਾਲਿਕਾਵਾਂ ਅਤੇ ਗ੍ਰਾਮ ਪੰਚਾਇਤਾਂ ਦੁਆਰਾ ਵੱਡੇ ਪੱਧਰ ’ਤੇ ਰੁੱਖਾਂ ਦੇ ਲਾਉਣ ਬਾਰੇ ਖਬਰਾਂ ਪ੍ਰਕਾਸ਼ਤ ਕਰਵਾਈਆਂ ਜਾਂਦੀਆਂ ਹਨ। ਜੇਕਰ ਇਸ ਪ੍ਰਕਾਰ ਰੁੱਖ ਲਗਾਏ ਗਏ ਹੁੰਦੇ ਤਾਂ ਹੁਣ ਨੂੰ ਸਾਰਾ ਪੰਜਾਬ ਹਰਿਆ ਭਰਿਆ ਹੋਣਾ ਸੀ, ਪਰ ਸਥਿਤੀ ਇਸ ਦੇ ਉਲਟ ਹੈ। ਜੇ ਅਸੀਂ ਬੀਤੇ ਸਮਿਆਂ ’ਤੇ ਝਾਤ ਮਾਰਦੇ ਹਾਂ ਤਾਂ ਹਰ ਪਿੰਡ ਕਸਬੇ ਵਿੱਚ ਰੁੱਖਾਂ ਦੀਆਂ ਝਿੜੀਆਂ ਹੁੰਦੀਆਂ ਸਨ, ਜਿੱਥੇ ਰੁੱਖ ਕਾਫੀ ਗਿਣਤੀ ਵਿੱਚ ਹੁੰਦੇ ਸਨ। ਪਿੰਡਾਂ ਵਿੱਚ ਚਰਾਂਦਾਂ ਵੀ ਹੁੰਦੀਆਂ ਸਨ, ਉਹਨਾਂ ਵਿੱਚ ਵੀ ਰੁੱਖ ਲੱਗੇ ਹੁੰਦੇ ਸਨ। ਰੁੱਖਾਂ ਦੇ ਝੁੰਡਾਂ ਵਿੱਚ ਸਾਉਣ ਮਹੀਨੇ ਮੋਰ ਕੂਕਦੇ ਅਤੇ ਪੈਲਾਂ ਪਾਉਂਦੇ ਸਨ, ਜਿਸ ਨਾਲ ਬੜਾ ਮਨਮੋਹਕ ਨਜ਼ਾਰਾ ਬੱਝਦਾ ਸੀ। ਹੋਰ ਪੰਛੀ ਵੀ ਚਹਿ-ਚਹਾਉਂਦੇ ਸਨ। ਅਸੀਂ ਬਾਲ ਅਵਸਥਾ ਵਿੱਚ ਮੋਰਾਂ ਦੇ ਖੰਭਾਂ ਨੂੰ ਆਪਣੀਆਂ ਪਾਠ ਪੁਸਤਕਾਂ ਵਿੱਚ ਰੱਖ ਕੇ ਵਿਦਿਆ ਪੜ੍ਹਾਈ ਦੇ ਬਹੁਤਾ ਆਉਣ ਦਾ ਭਰਮ ਪਾਲਦੇ ਰਹੇ ਹਾਂ। ਮੋਰਾਂ ਦੇ ਖੰਭ ਸਾਨੂੰ ਆਪਣੇ ਆਲੇ-ਦੁਆਲੇ ਤੋਂ ਹੀ ਮਿਲ ਜਾਂਦੇ ਸਨ।

ਭਾਵੇਂ ਕੁਝ ਕਲੱਬਾਂ, ਸੰਸਥਾਵਾਂ ਵੱਲੋਂ ਸਾਰਥਕ ਜਤਨ ਵੀ ਕੀਤੇ ਜਾਂਦੇ ਹਨ, ਪਰ ਵਧੇਰੇ ਸੰਸਥਾਵਾਂ ਫੋਕੀ ਵਾਹ-ਵਾਹ ਖੱਟਣ ਤੱਕ ਹੀ ਸੀਮਤ ਰਹਿੰਦੀਆਂ ਹਨ। ਕੇਵਲ ਰੁੱਖ ਲਗਾਉਂਦਿਆਂ ਦੀ ਫੋਟੋ ਸੋਸ਼ਲ ਮੀਡੀਆ ਜਾਂ ਪ੍ਰਿੰਟ ਮੀਡੀਆ ’ਤੇ ਆ ਜਾਣ ਨਾਲ ਹੀ ਸਾਡਾ ਫਰਜ਼ ਪੂਰਾ ਨਹੀਂ ਹੋ ਜਾਂਦਾ। ਸਾਨੂੰ ਰੁੱਖ ਲਗਾਉਣ ਅਤੇ ਉਹਨਾਂ ਦੇ ਪਾਲਣ ਲਈ ਸੁਹਿਰਦਤਾ ਨਾਲ ਜਤਨ ਕਰਨੇ ਪੈਣਗੇ, ਫਿਰ ਹੀ ਕੋਈ ਸਾਰਥਿਕ ਨਤੀਜੇ ਸਾਹਮਣੇ ਆ ਸਕਦੇ ਹਨ। ਰੇਲਵੇ ਲਾਈਨਾਂ, ਸੜਕਾਂ ਦੇ ਕਿਨਾਰੇ, ਨਹਿਰਾਂ ਦੇ ਕੰਢਿਆਂ, ਸਕੂਲਾਂ ,ਕਾਲਜਾਂ ਅਤੇ ਹੋਰ ਸਾਂਝੀਆਂ ਥਾਵਾਂ ’ਤੇ ਵੱਡੀ ਗਿਣਤੀ ਵਿੱਚ ਰੁੱਖ ਲਗਾਏ ਜਾ ਸਕਦੇ ਹਨ। ਸਰਕਾਰ ਦੇ ਅਦਾਰਿਆਂ ਸਕੂਲਾਂ, ਹਸਪਤਾਲਾਂ, ਕਾਲਜਾਂ, ਬਲਾਕ ਵਿਕਾਸ ਵਿਕਾਸ ਅਤੇ ਪੰਚਾਇਤ ਦਫਤਰਾਂ ਅਤੇ ਹੋਰ ਦਫਤਰਾਂ ਵਿੱਚ ਕਿਸੇ ਸਮੇਂ ਸਰਕਾਰਾਂ ਵੱਲੋਂ ਮਾਲੀ ਰੱਖੇ ਜਾਂਦੇ ਸਨ, ਜਿਨ੍ਹਾਂ ਦਾ ਕੰਮ ਉੱਥੇ ਫੁੱਲ, ਬੂਟੇ, ਰੁੱਖ ਲਗਾਉਣਾ ਅਤੇ ਉਹਨਾਂ ਦੀ ਸਾਂਭ-ਸੰਭਾਲ ਕਰਨਾ ਹੁੰਦਾ ਸੀ। ਉਸ ਦੀ ਜਵਾਬਦੇਹੀ ਬਣਦੀ ਸੀ। ਸਰਕਾਰੀ ਦਫਤਰਾਂ ਦੇ ਵੇਹੜੇ ਮਹਿਕਾਂ ਨਾਲ ਮਹਿਕਦੇ ਸਨ। ਦਫਤਰਾਂ ਵਿਚ ਕੰਮਕਾਰਾਂ ਲਈ ਆਉਣ ਵਾਲੇ ਲੋਕ ਰੁੱਖਾਂ ਹੇਠ ਬੈਠ ਕੇ ਆਪਣਾ ਸਮਾਂ ਪਾਸ ਕਰ ਲੈਂਦੇ ਸਨ, ਪਰ ਸਰਕਾਰਾਂ ਹੁਣ ਰੁੱਖਾਂ ਲਾਉਣ ਵੱਲ ਧਿਆਨ ਹੀ ਨਹੀਂ ਦੇ ਰਹੀਆਂ। ਮਾਲੀਆਂ ਦੀਆਂ ਪੋਸਟਾਂ ਖਤਮ ਕਰ ਦਿੱਤੀਆਂ ਹਨ।

ਰੁੱਖਾਂ ਅਤੇ ਮਨੁੱਖਾਂ ਦਾ ਆਪਸੀ ਅਟੁੱਟ ਰਿਸ਼ਤਾ ਹੈ। ਰੁੱਖ ਦੀ ਮਨੁੱਖ ਨਾਲ ਸਾਂਝ ਜੰਮਣ ਤੋਂ ਲੈ ਕੇ ਅੰਤਮ ਸਮੇਂ ਤੱਕ ਬਣੀ ਰਹਿੰਦੀ ਹੈ। ਪੁਰਾਣੇ ਸਮੇਂ ਵਿੱਚ ਲੱਕੜ ਦਾ ਗਡੀਰਾ ਬੱਚੇ ਨੂੰ ਤੁਰਨ ਦੀ ਜਾਂਚ ਸਿਖਾਉਂਦਾ ਸੀ। ਅੱਜਕੱਲ ਭਾਵੇਂ ਆਧੁਨਿਕ ਖਿਡਾਉਣੇ ਆ ਗਏ ਹਨ। ਵਿਆਹ-ਸ਼ਾਦੀ ਦੀਆਂ ਰਸਮਾਂ ਸਮੇਂ ਵੀ ਬੇਰੀ ਦੀਆਂ ਲੱਕੜਾਂ ਦਾ ਹਵਨ ਕਰਵਾਇਆ ਜਾਂਦਾ ਸੀ। ਮਨੁੱਖ ਦਾ ਅੰਤਮ ਸੰਸਕਾਰ ਵੀ ਰੁੱਖਾਂ ਦੀਆਂ ਲੱਕੜਾਂ ਨਾਲ ਹੀ ਕੀਤਾ ਜਾਂਦਾ ਸੀ/ਹੈ।

ਰੁੱਖਾਂ ਤੋਂ ਹੀ ਸਾਨੂੰ ਕਈ ਪ੍ਰਕਾਰ ਦੇ ਫਲ ਅਤੇ ਅਚਾਰ, ਮੁਰੱਬੇ ਬਣਾਉਣ ਲਈ ਵਸਤਾਂ ਮਿਲਦੀਆਂ ਹਨ। ਰੁੱਖ ਸਾਡੇ ਆਲੇ-ਦੁਆਲੇ ਦੀ ਹਵਾ ਨੂੰ ਸ਼ੁੱਧ ਕਰਨ ਦਾ ਵਿਸ਼ੇਸ਼ ਕਾਰਜ ਕਰਦੇ ਹਨ। ਰੁੱਖਾਂ ਤੋਂ ਸਾਨੂੰ ਮੁਫਤ ਵਿੱਚ ਆਕਸੀਜਨ ਮਿਲਦੀ ਹੈ। ਕਰੋਨਾ ਕਾਲ ਵਿੱਚ ਆਕਸੀਜਨ ਦੇ ਸਿਲੰਡਰਾਂ ਦੀ ਘਾਟ ਕਾਰਨ ਹੀ ਵੱਡੀ ਗਿਣਤੀ ਵਿੱਚ ਮਨੁੱਖਾਂ ਨੂੰ ਆਪਣੀਆਂ ਜਾਨਾਂ ਤੋਂ ਹੱਥ ਧੋਣੇ ਪਏ ਸਨ ਅਤੇ ਮਰੀਜ਼ਾਂ ਦੇ ਵਾਰਸ ਕਿਸੇ ਵੀ ਕੀਮਤ ’ਤੇ ਆਕਸੀਜਨ ਦੇ ਸਿਲੰਡਰ ਲੈਣ ਲਈ ਹੱਥ-ਪੈਰ ਮਾਰਦੇ ਰਹੇ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਜੇ ਮਨੁੱਖ ਦੇ ਰਹਿਣ ਸਥਾਨ ’ਤੇ ਦਸ ਰੁੱਖ ਲੱਗੇ ਹੋਣ ਤਾਂ ਉਸ ਦੀ ਉਮਰ ਸੱਤ ਸਾਲ ਵਧ ਜਾਂਦੀ ਹੈ। ਮਾਹਰਾਂ ਅਨੁਸਾਰ ਇੱਕ ਦਰੱਖਤ ਸਾਲਾਨਾ 20 ਟਨ ਜ਼ਹਿਰੀਲੀਆਂ ਗੈਸਾਂ ਹਜ਼ਮ ਕਰ ਲੈਂਦਾ ਹੈ।

ਸੜਕਾਂ ਨੂੰ ਚਾਰ-ਮਾਰਗੀ ਛੇ-ਮਾਰਗੀ ਬਣਾਉਣ ਸਮੇਂ ਸੜਕਾਂ ਦੇ ਆਸ-ਪਾਸ ਖੜੇ ਰੁੱਖਾਂ ਦਾ ਵੱਡੀ ਪੱਧਰ ’ਤੇ ਵਡਾਂਗਾ ਹੋਇਆ ਹੈ। ਸਦੀਆਂ ਪੁਰਾਣੇ ਰੁੱਖ ਕਾਰਪੋਰੇਟ ਜਗਤ ਵੱਲੋਂ ਕੁਝ ਸਮੇਂ ਵਿੱਚ ਹੀ ਖਤਮ ਕਰ ਦਿੱਤੇ ਗਏ ਹਨ, ਜਿਹਨਾਂ ਦੀ ਭਰਪਾਈ ਸਮਾਂ ਕਦੇ ਵੀ ਨਹੀਂ ਕਰ ਸਕੇਗਾ। ਵੱਖ-ਵੱਖ ਸਰਕਾਰੀ ਦਫਤਰਾਂ, ਨਹਿਰਾਂ ਦੇ ਕੰਢਿਆਂ ਤੋਂ ਵੀ ਸਰਕਾਰੀ ਅਫਸਰਾਂ ਦੀ ਮਿਲੀ-ਭੁਗਤ ਨਾਲ ਰੁੱਖਾਂ ਨੂੰ ਕੌਡੀਆਂ ਦੇ ਭਾਅ ਵੇਚ ਦਿੱਤਾ ਜਾਂਦਾ ਹੈ ਜਾਂ ਚੁੱਪ-ਚੁਪੀਤੇ ਰਾਤੋ ਰਾਤ ਖੁਰਦ-ਬੁਰਦ ਕਰ ਦਿੱਤਾ ਜਾਂਦਾ ਹੈ। ਕਿਸੇ ਸਮੇਂ 1970 ਦੇ ਦਹਾਕੇ ਦੌਰਾਨ ਵਰਤਮਾਨ ਉੱਤਰਾਖੰਡ ਰਾਜ (ਪੁਰਾਣਾ ਨਾਂਅ ਉਤਰਾਂਚਲ) ਵਿੱਚ ਚਿਪਕੋ ਨਾਂਅ ਦਾ ਇੱਕ ਜਮੀਨੀ ਪੱਧਰ ਦਾ ਵਾਤਾਵਰਨ ਅੰਦੋਲਨ ਸ਼ੁਰੂ ਹੋਇਆ ਸੀ। ਸਥਾਨਕ ਭਾਸ਼ਾ ਵਿੱਚ ਚਿਪਕੋ ਦਾ ਅਰਥ ਹੈ, ਗਲੇ ਲਗਾਉਣਾ ਜਾਂ ਚੰਬੜਨਾ। ਜਦੋਂ ਠੇਕੇਦਾਰਾਂ ਦੇ ਕਰਿੰਦੇ ਰੁੱਖ ਕੱਟਣ ਆਉਂਦੇ ਸਨ ਤਾਂ ਸਥਾਨਕ ਲੋਕ ਉਹਨਾਂ ਨਾਲ ਚੁੰਬੜ ਜਾਂਦੇ ਸਨ ਅਤੇ ਰੁੱਖ ਕੱਟਣ ਗਏ ਕਾਮਿਆਂ ਨੂੰ ਖਾਲੀ ਹੱਥ ਵਾਪਸ ਪਰਤਨਾ ਪੈਂਦਾ ਸੀ। ਇਸ ਅੰਦੋਲਨ ਦੇ ਉੱਘੇ ਨੇਤਾ ਵਾਤਾਵਰਨ ਪ੍ਰੇਮੀ ਸੁੰਦਰ ਲਾਲ ਬਹੁਗੁਣਾ ਸਨ ਅਤੇ ਉਹਨਾ ਦੇਸ ਵਿੱਚ ਬਹੁਤ ਲੰਮੀ ਪੈਦਲ ਯਾਤਰਾ ਵੀ ਕੀਤੀ ਸੀ। ਇਸ ਅੰਦੋਲਨ ਨੇ ਨਤੀਜੇ ਵਜੋਂ ਸਰਕਾਰ ਵੱਲੋਂ ਕਈ ਜੰਗਲਾਂ ਨੂੰ ਸੁਰੱਖਿਅਤ ਘੋਸ਼ਿਤ ਕੀਤਾ ਗਿਆ ਸੀ। ਵਰਤਮਾਨ ਸਮੇਂ ਅਜਿਹੀ ਲੋਕ ਲਹਿਰ ਵੱਡੀ ਪੱਧਰ ’ਤੇ ਉਸਾਰਨ ਦੀ ਬਹੁਤ ਜ਼ਿਆਦਾ ਲੋੜ ਹੈ।

ਕਿਸੇ ਸਮੇਂ ਪੰਜਾਬ ਦੇ ਪਿੰਡਾਂ ਵਿੱਚ ਹਰ ਖੂਹ ਦੇ ਉੱਤੇ ਪੰਜ-ਚਾਰ ਰੁੱਖ ਆਮ ਲੱਗੇ ਹੁੰਦੇ ਸਨ ਅਤੇ ਫਿਰ ਟਿਊਬਵੈੱਲਾਂ ਦਾ ਯੁੱਗ ਆਇਆ, ਉਸ ਸਮੇਂ ਵੀ ਟਿਊਬਵੈੱਲਾਂ ਵਾਲੀ ਥਾਂ ’ਤੇ ਦੋ ਚਾਰ ਰੁੱਖ ਲੱਗੇ ਮਿਲ ਜਾਂਦੇ ਸਨ, ਪਰ ਹੁਣ ਖੇਤਾਂ ਵਿੱਚ ਦੂਰ, ਦੂਰ ਤੱਕ ਮੁਸ਼ਕਲ ਨਾਲ ਹੀ ਕੋਈ ਰੁੱਖ ਦਿਖਾਈ ਦੇਵੇਗਾ। ਹੋਰਨਾਂ ਖੇਤਰਾਂ ਦੀ ਤਰ੍ਹਾਂ ਹੁਣ ਕਿਸਾਨੀ ਵੀ ਇੱਕ ਧੰਦਾ ਬਣ ਗਈ ਹੈ। ਪੁਰਾਣੇ ਸਮਿਆਂ ਵਿੱਚ ਕਿਸਾਨ ਪੰਛੀਆਂ, ਜਨੌਰਾਂ ਦੇ ਨਾਂਅ ’ਤੇ , ਰਾਹੀ ਪਾਂਧੀ ਦੇ ਨਾਂਅ ’ਤੇ ਖੇਤਾਂ ਵਿੱਚ ਛੱਟਾ ਦਿਆ ਕਰਦੇ ਸਨ। ਖੇਤ ਦੇ ਇੱਕ ਨੁਕਰੇ ਬੋਦੀ ਛੱਡਦੇ ਹੁੰਦੇ ਸਨ, ਜਿਸ ਨੂੰ ਪਿੰਡ ਦਾ ਕੋਈ ਵੀ ਲੋੜਵੰਦ ਲਿਜਾ ਸਕਦਾ ਸੀ। ਇਸੇ ਪ੍ਰਕਾਰ ਉਪਜ ਘਰ ਆਉਣ ’ਤੇ ਰੀੜੀ ਦੇਣ ਦਾ ਰਿਵਾਜ ਵੀ ਸੀ, ਪਰ ਸਮੇਂ ਦਾ ਪਹੀਆ ਘੁੰਮਿਆ, ਹੁਣ ਕਈ ਕਿਸਾਨਾਂ ਵੱਲੋਂ ਲਾਲਚ ਵੱਸ ਸਰਕਾਰੀ ਰਾਹਾਂ, ਸੇਮ ਨਾਲਿਆ ਨੂੰ ਰੋਕ ਕੇ ਇਸ ਜਗ੍ਹਾ ਉੱਪਰ ਖੇਤੀ ਕੀਤੀ ਜਾਂਦੀ ਹੈ। ਸਿਤਮ ਦੀ ਗੱਲ ਇਹ ਹੈ ਕਿ ਹਾੜ੍ਹੀ ਅਤੇ ਸਾਉਣੀ ਦੀ ਫਸਲ ਆਉਣ ਤੋਂ ਬਾਅਦ ਕਿਸਾਨਾਂ ਵੱਲੋਂ ਖੇਤਾਂ ਨੂੰ ਅਗਨ ਭੇਟ ਕਰ ਦਿੱਤਾ ਜਾਂਦਾ ਹੈ। ਖੇਤਾਂ ਨੂੰ ਅੱਗ ਲਗਾਉਣ ਨਾਲ ਸੜਕਾਂ, ਰਾਹਾਂ, ਪਹਿਆਂ, ਨਹਿਰਾਂ ਦੁਆਲੇ ਖੜੇ ਰੁੱਖ ਵੀ ਅੱਗ ਦੀ ਲਪੇਟ ਵਿੱਚ ਆ ਕੇ ਸੜ ਜਾਂਦੇ ਹਨ ਅਤੇ ਉਹਨਾਂ ਉੱਤੇ ਜਿਹਨਾਂ ਪੰਛੀਆਂ ਦੇ ਆਲ੍ਹਣੇ ਬਣਾਏ ਹੁੰਦੇ ਹਨ, ਉਹ ਪੰਛੀ ਆਪਣੇ ਬੋਟਾਂ ਸਮੇਤ ਸੜ-ਭੁਜ ਜਾਂਦੇ ਹਨ। ਦੂਸਰੇ ਪਾਸੇ ਖੇਤਾਂ ਨੂੰ ਅੱਗ ਲਗਾਉਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਖਤਮ ਹੁੰਦੀ ਹੈ ਅਤੇ ਪ੍ਰਦੂਸ਼ਣ ਵੀ ਫੈਲਦਾ ਹੈ।

ਵਾਤਾਵਰਨ ਦੇ ਮਾਹਰਾਂ ਅਨੁਸਾਰ ਸਾਵੀਂ-ਪੱਧਰੀ ਜ਼ਿੰਦਗੀ ਲਈ ਭੂਮੀ ਦਾ 33 ਫੀਸਦੀ ਹਿੱਸਾ ਜੰਗਲਾਂ ਹੇਠ ਹੋਣਾ ਚਾਹੀਦਾ ਹੈ, ਪਰ ਮੋਟੇ ਅੰਦਾਜ਼ੇ ਅਨੁਸਾਰ ਭਾਰਤ ਵਿੱਚ ਇਸ ਤੋਂ ਕੇਵਲ ਅੱਧਾ ਹਿੱਸਾ ਹੀ ਜੰਗਲਾਂ ਹੇਠ ਹੈ। ਜੇਕਰ ਪੰਜਾਬ ਦੇ ਪ੍ਰਸੰਗ ਵਿੱਚ ਗੱਲ ਕਰਨੀ ਹੋਵੇ ਤਾਂ ਸਥਿਤੀ ਬਹੁਤ ਹੀ ਤਰਸਯੋਗ ਬਣ ਜਾਂਦੀ ਹੈ। ਪੰਜਾਬ ਦੇ ਕੁੱਲ 50,362 ਵਰਗ ਕਿਲੋਮੀਟਰ ਰਕਬੇ ਵਿੱਚੋਂ ਕੇਵਲ 2868 ਵਰਗ ਕਿਲੋਮੀਟਰ ਰਕਬਾ ਹੀ ਜੰਗਲਾਂ ਹੇਠ ਹੈ, ਉੱਥੇ ਵੀ ਕੇਵਲ ਝਾੜੀ ਨੁਮਾ ਜੰਗਲ ਹੀ ਹਨ। ਪੰਜਾਬ ਦੇ ਬਸ਼ਿੰਦਿਆਂ ਅਤੇ ਸਰਕਾਰ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਕਿ ਜਿੱਥੇ ਵੀ ਸੰਭਵ ਹੋਵੇ, ਉੱਥੇ ਰੁੱਖ ਵੱਡੀ ਗਿਣਤੀ ਵਿੱਚ ਲਗਾਏ ਜਾਣ ਅਤੇ ਉਹਨਾਂ ਦੀ ਪੂਰੀ ਤਰ੍ਹਾਂ ਸਾਂਭ-ਸੰਭਾਲ ਕੀਤੀ ਜਾਵੇ। ਪੰਜਾਬ ਵਿੱਚ ਵੱਡੇ ਪੱਧਰ ’ਤੇ ਰਵਾਇਤੀ ਰੁੱਖਾਂ ਨੂੰ ਲਗਾਇਆ ਜਾਣਾ ਚਾਹੀਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਰੁੱਖਾਂ ਦੀ ਸੰਭਾਲ ਲਈ ਕਾਮੇ ਰੱਖੇ ਜਾਣ ਅਤੇ ਉਹਨਾਂ ਨੂੰ ਇੱਕ ਨਿਸਚਿਤ ਉਜਰਤ ਦਿੱਤੀ ਜਾਵੇ।

ਪ੍ਰਦੂਸ਼ਣ ਕਾਰਨ ਧਰਤੀ ਦੇ ਦੁਆਲੇ ਕਵਚ ਦਾ ਕੰਮ ਕਰ ਰਹੀ ਓਜ਼ੋਨ ਪਰਤ ਅਲੋਪ ਹੋ ਰਹੀ ਹੈ। ਵਿਗਿਆਨੀਆਂ ਅਨੁਸਾਰ ਓਜ਼ੋਨ ਪਰਤ ਧਰਤੀ ਦੀ ਸਤ੍ਹਾ ਤੋਂ 20 ਕਿਲੋਮੀਟਰ ਦੀ ਉਚਾਈ ਤੋਂ ਸ਼ੁਰੂ ਹੋ ਕੇ ਲਗਭਗ 30 ਕਿਲੋਮੀਟਰ ਤੱਕ ਫੈਲੀ ਹੋਈ ਹੈ। ਇਹ ਸੂਰਜ ਤੋਂ ਆ ਰਹੀਆਂ ਪਰਾਬੈਂਗਨੀ ਕਿਰਨਾਂ ਨੂੰ ਧਰਤੀ ’ਤੇ ਆਉਣ ਤੋਂ ਰੋਕਦੀ ਹੈ। ਇਹਨਾਂ ਕਿਰਨਾਂ ਨਾਲ ਚਮੜੀ ਦਾ ਕੈਂਸਰ ਹੋ ਸਕਦਾ ਹੈ। ਵਾਤਾਵਰਨਿਕ ਤਬਦੀਲੀਆਂ ਕਾਰਨ ਓਜ਼ੋਨ ਪਰਤ ਵਿੱਚ ਮਘੋਰੇ ਹੋ ਰਹੇ ਹਨ। ਮਨੁੱਖੀ ਸਰਗਰਮੀਆਂ ਕਰਕੇ ਵਾਯੂਮੰਡਲ ਵਿੱਚ ਛੱਡੀਆਂ ਜਾ ਰਹੀਆਂ ਗੈਸਾਂ ਦੇ ਕਾਰਨ ਅੱਜ ਸਭ ਤੋਂ ਵੱਡਾ ਵਾਤਾਵਰਨ ਸੰਕਟ ਪੈਦਾ ਹੋ ਗਿਆ ਹੈ। ਜੰਗਲਾਂ ਦੀ ਬੇਤਹਾਸ਼ਾ ਕਟਾਈ ਨਾਲ ਵਾਤਾਵਰਨ ਅਸੰਤੁਲਨ ਪੈਦਾ ਹੋ ਗਿਆ ਹੈ।

**# ਸੰਪਰਕ** : 97812-00168

# ਬਿਜਲੀ ਕਾਮਿਆਂ ਵੱਲੋਂ ਕੇਂਦਰ ਸਰਕਾਰ ਵਿਰੁੱਧ ਗੇਟ ਰੈਲੀਆਂ



ਮਹਿਲ ਕਲਾਂ



ਦੋਰਾਹਾ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸਬ ਡਵੀਜ਼ਨ ਕਮੇਟੀਆਂ ਟੀ ਐੱਸ ਯੂ ਤੇ ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਨੇ ਸਬ ਡਵੀਜ਼ਨ ਪ੍ਰਧਾਨ ਨਰਿੰਦਰ ਕੁਮਾਰ ਦੀ ਪ੍ਰਧਾਨਗੀ ਹੇਠ ਗੇਟ ਰੈਲੀ ਕੀਤੀ ਗਈ।ਸਰਕਲ ਆਗੂ ਚਰਨਜੀਤ ਸਿੰਘ ਖਿਆਲੀ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਕਿਸਾਨ ਮਜ਼ਦੂਰ ਮੁਲਾਜ਼ਮ ਮਾਰੂ ਨੀਤੀਆਂ ਕਾਰਨ ਅੱਜ ਹਰੇਕ ਵਰਗ ਆਰਥਿਕ ਮੰਦੀ ਵਿੱਚੋਂ ਗੁਜ਼ਰ ਰਿਹਾ ਹੈ।ਕੇਂਦਰ ਸਰਕਾਰ ਬਿਜਲੀ ਮੁਲਾਜ਼ਮਾਂ ਉੱਪਰ ਵੀ ਬਿਜਲੀ ਐਕਟ-2003 ਜਬਰੀ ਲਾਗੂ ਕੀਤਾ ਜਾ ਰਿਹਾ ਹੈ, ਜਿਸ ਦਾ ਪੰਜਾਬ ਦੇ ਬਿਜਲੀ ਕਾਮੇ ਡੱਟ ਕੇ ਵਿਰੋਧ ਕਰਕੇ ਮੂੰਹ ਤੋੜਵਾਂ ਜਵਾਬ ਦੇਣਗੇ।ਟੀ ਐੱਸ ਯੂ ਸਰਕਲ ਸਕੱਤਰ ਕੁਲਵੀਰ ਸਿੰਘ ਔਲ਼ਖ ਨੇ ਕਿਹਾ ਕਿ ਅੱਜ ਹਰੇਕ ਵਰਗ ਮੋਦੀ ਸਰਕਾਰ ਦੀਆਂ ਨੀਤੀਆਂ ਤੋਂ ਤੰਗ ਹੈ, ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਮੋਦੀ ਸਰਕਾਰ ਦੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਤਰਲੋਮੱਛੀ ਹੋਈ ਪਈ ਹੈ, ਜਿਸ ਦਾ ਵਿਰੋਧ ਪਾਵਰਕਾਮ ਕਾਮੇ ਆਪਣੇ ਤਿੱਖੇ ਸੰਘਰਸ਼ਾਂ ਰਾਹੀਂ ਕਰ ਰਹੇ ਹਨ।ਪਾਵਰਕਾਮ ਮੈਨੇਜਮੈਂਟ ਕਾਮਿਆਂ ਨਾਲ ਵਾਰ ਵਾਰ ਸਮੌਝਤੇ ਕਰਕੇ ਮੁੱਕਰ ਰਹੀ ਹੈ, ਮੰਨੀਆਂ ਮੰਗਾਂ ਲਾਗੂ ਕਰਨ ਤੋਂ ਆਨਾਕਾਨੀ ਕਰ ਰਹੀ ਹੈ, ਜਿਸ ਕਾਰਨ ਕਾਮਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਸਿਕੰਦਰ ਸਿੰਘ ਮਹਿਲ ਖ਼ੁਰਦ, ਸਾਥੀ ਚਮਕੌਰ ਸਿੰਘ, ਜਸਵਿੰਦਰ ਸਿੰਘ ਚੰਨਣਵਾਲ ਨੇ ਕਿਹਾ ਕਿ ਪਾਵਰਕਾਮ ਮੈਨੇਜਮੈਂਟ ਵੱਲੋਂ ਕਾਮਿਆਂ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ, ਜਿਸ ਦੇ ਰੋਸ ਵਜੋਂ ਪੰਜਾਬ ਦੇ ਟੈਕਨੀਕਲ ਟੀ ਐੱਸ ਯੂ ਦੇ ਕਾਮੇ ਤੇ ਪਾਵਰਕਾਮ ਐਂਡ ਟ੍ਰਾਂਸਕੋ ਦੇ ਕਾਮੇ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਇੱਕ ਰੋਜ਼ਾ ਸਫਲ ਹੜਤਾਲ ਕਰ ਰਹੇ ਹਨ।ਰੈਲੀ ਨੂੰ ਸੰਤੋਖ ਸਿੰਘ ਕੁਰੜ, ਨਰਿੰਦਰ ਕੁਮਾਰ ਜਲਾਲਦੀਵਾਲ, ਗੁਰਪ੍ਰੀਤ ਸਿੰਘ ਛੀਨੀਵਾਲ, ਕੁਲਵਿੰਦਰ ਸਿੰਘ ਸਹਿਜੜਾ ਨੇ ਸੰਬੋਧਨ ਕਰਦਿਆਂ ਕੇਂਦਰ ਸਰਕਾਰ, ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

**ਦੋਰਾਹਾ (ਹਰਮਿੰਦਰ ਸੇਠ)** : ਟੈਕਨੀਕਲ ਸਰਵਿਸਿਜ਼ ਯੂਨੀਅਨ ਪੰਜਾਬ ਤੇ ਕੋਆਰਡੀਨੇਸ਼ਨ ਕਮੇਟੀ ਆਫ ਪਾਵਰਕਾਮ ਆਊਟਸੋਰਸਡ ਮੁਲਾਜ਼ਮ ਜਥੇਬੰਦੀਆਂ ਤੇ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਵਿੱਚ ਸ਼ਾਮਲ ਜਥੇਬੰਦੀਆਂ ਨੇ ਮੁਕੰਮਲ ਹੜਤਾਲ ਕਰਕੇ ਰੋਸ ਰੈਲੀ ਕੀਤੀ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜਗਦੀਸ਼ ਸਿੰਘ ਤੇ ਅਮਰੀਕ ਸਿੰਘ ਨੇ ਕਿਹਾ ਕਿ ਰੈਲੀ ਵਿੱਚ ਭਰਾਤਰੀ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਆਲ ਇੰਡੀਆ ਕਿਸਾਨ ਸਭਾ, ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ ਐਂਡ ਟ੍ਰਾਂਸਕੋ ਡਵੀਜ਼ਨ ਦੋਰਾਹਾ ਤੇ ਸਬ ਡਵੀਜ਼ਨਾਂ ਵਿੱਚ ਕਲੈਰੀਕਲ ਕਾਮਿਆਂ ਨੇ ਵੀ ਹੜਤਾਲ ਕਰਕੇ ਰੈਲੀ ਵਿੱਚ ਸ਼ਮੂਲੀਅਤ ਕੀਤੀ।ਵੱਖ ਵੱਖ ਆਗੂਆਂ ਅਵਤਾਰ ਸਿੰਘ, ਗੁਰਬਖਸ਼ੀਸ਼ ਸਿੰਘ, ਮਾਸਟਰ ਰਜਿੰਦਰ ਸਿੰਘ ਸਿਆੜ, ਜਸਵੀਰ ਸਿੰਘ ਝੱਜ, ਤਰਸੇਮ ਲਾਲ, ਬੁੱਧ ਸਿੰਘ, ਬਲਵੰਤ ਸਿੰਘ ਘੁਡਾਣੀ, ਜਸਵਿੰਦਰ ਸਿੰਘ ਨੇ ਦੱਸਿਆ ਕਿ ਇਹ ਹੜਤਾਲ ਵਿਭਾਗੀ ਮੰਗਾਂ ਤੋਂ ਅਗਾਂਹ ਸਾਮਰਾਜੀ ਦਿਸ਼ਾ ਨਿਰਦੇਸ਼ਤ ਨਿੱਜੀਕਰਨ ਦੇ ਤਬਾਹਕੁੰਨ ਹਮਲੇ ਵਿਰੁੱਧ ਤੇ ਦੇਸ਼ ਦੇ ਸਮੂਹ ਮਿਹਨਤਕਸ਼ ਲੋਕਾਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਦੇ ਸਾਂਝੇ ਹਿੱਤਾਂ ਨੂੰ ਬਚਾਉਣ ਲਈ ਦੇਸ਼ ਦੇ ਪੈਦਾਵਾਰੀ ਵਸੀਲਿਆਂ ਦੀ ਰਾਖੀ ਲਈ ਵਿਸ਼ੇਸ਼ ਮਹੱਤਵ ਪੂਰਨ ਸੀ। ਆਗੂਆਂ ਵੱਲੋਂ ਇਸ ਹੜਤਾਲ ਦੀ ਸਫਲਤਾ ਲਈ ਬਿਜਲੀ ਮੁਲਾਜ਼ਮਾਂ ਦੇ ਨਾਲ ਨਾਲ ਸਮੂਹ ਮਿਹਨਤਕਸ਼ ਲੋਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਗਿਆ ਕਿ ਇਹ ਸਾਡੇ ਨਿੱਜੀਕਰਨ ਵਿਰੁੱਧ ਸੰਘਰਸ਼ ਦੀ ਸਫਲਤਾ ਦੀ ਬੁਨਿਆਦ ਹੈ, ਇਸ ਲਈ ਇਸ ਹੜਤਾਲ ਦੀ ਸਫਲਤਾ ਨੂੰ ਦੇਖਦੇ ਹੋਏ ਅਵੇਸਲੇ ਹੋਣ ਦੀ ਥਾਂ ਭਵਿੱਖ ਦੇ ਵਿਸ਼ਾਲ ਏਕਤਾ ਵਾਲੇ ਲੰਬੇ ਤੇ ਤਿੱਖੇ ਘੋਲਾਂ ਦੀ ਉਸਾਰੀ ਲਈ ਸਾਂਝੇ ਯਤਨ ਜੁਟਾਉਣ ਦੇ ਰਾਹ ਪੈਣ ਦੀ ਸਾਂਝੀ ਲੋੜ ਹੈ।ਸਟੇਜ ਦੀ ਕਾਰਵਾਈ ਸਾਥੀ ਰਾਮਪਾਲ ਸਿੰਘ ਵੱਲੋਂ ਚਲਾਈ ਗਈ।

## ਸਕੂਲ ਬੱਸ ਪਲਟਣ ਨਾਲ ਕੰਡਕਟਰ ਦੀ ਮੌਤ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਥਾਨਕ ਕਸਬੇ ਦੇ ਇੱਕ ਨਿੱਜੀ ਸਕੂਲ ਦੀ ਬੱਸ ਕ੍ਰਿਪਾਲ ਸਿੰਘ ਵਾਲਾ ਲਿੰਕ ਸੜਕ 'ਤੇ ਅਚਾਨਕ ਪਲਟ ਜਾਣ ਕਾਰਨ 30 ਸਾਲਾ ਕੰਡਕਟਰ ਦੀ ਮੌਤ ਹੋ ਗਈ, ਜਦਕਿ ਬੱਸ ਵਿੱਚ ਸਵਾਰ ਡਰਾਈਵਰ ਤੇ ਸਾਰੇ ਸਕੂਲੀ



ਬੱਚੇ ਸੁਰੱਖਿਅਤ ਬਚ ਗਏ। ਇਸ ਮੌਕੇ ਥਾਣਾ ਮਹਿਲ ਕਲਾਂ ਦੇ ਮੁਖੀ ਸ਼ੇਰਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਹਾਦਸੇ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ ਗਈ। ਬੱਸ ਹੇਠਾਂ ਦੱਬੇ ਹੋਏ ਕੰਡਕਟਰ ਦੀ ਲਾਸ਼ ਨੂੰ ਬਾਹਰ ਕੱਢ ਕੇ ਕਬਜ਼ੇ 'ਚ ਲਿਆ ਗਿਆ ਅਤੇ ਲੋਕਾਂ ਦੀ ਮਦਦ ਨਾਲ ਸਾਰੇ ਬੱਚਿਆਂ ਨੂੰ ਸਹੀ-ਸਲਾਮਤ ਬੱਸ 'ਚੋਂ ਬਾਹਰ ਕੱਢ ਲਿਆ ਗਿਆ। ਮ੍ਰਿਤਕ ਦੀ ਪਛਾਣ ਅੰਮ੍ਰਿਤਪਾਲ ਸਿੰਘ ਪੁੱਤਰ ਜਗਦੇਵ ਸਿੰਘ ਵਾਸੀ ਕਲਾਲ ਮਾਜਰਾ ਵਜੋਂ ਹੋਈ ਹੈ। ਪੁਲਸ ਮੁਤਾਬਕ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਹੀ ਅਗਲੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਮੌਕੇ ਕਮਿਊਨਿਟੀ ਹੈਲਥ ਸੈਂਟਰ ਮਹਿਲ ਕਲਾਂ ਦੀ ਸੀਨੀਅਰ ਮੈਡੀਕਲ ਅਫਸਰ ਡਾ. ਗੁਰਤੇਜਿੰਦਰ ਕੌਰ (ਲੁਧਿਆਣਾ) ਨੇ ਦੱਸਿਆ ਕਿ ਹਸਪਤਾਲ ਲਿਆਂਦੇ ਜਾਣ ਤੋਂ ਪਹਿਲਾਂ ਹੀ ਕੰਡਕਟਰ ਦੀ ਮੌਤ ਹੋ ਚੁੱਕੀ ਸੀ।

ਇਸ ਮੌਕੇ ਮ੍ਰਿਤਕ ਦੇ ਚਾਚਾ ਸਾਧੂ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਮੌਕੇ 'ਤੇ ਪਹੁੰਚ ਕੇ ਦੇਖਿਆ ਕਿ ਨੌਜਵਾਨ ਬੱਸ ਹੇਠਾਂ ਦੱਬਣ ਕਾਰਨ ਜਾਨੋਂ ਹੱਥ ਧੋ ਬੈਠਾ ਸੀ। ਉਨ੍ਹਾਂ ਕਿਹਾ ਕਿ ਜਦ ਤੱਕ ਪਰਿਵਾਰ ਨੂੰ ਇਨਸਾਫ ਨਹੀਂ ਮਿਲਦਾ, ਉਦੋਂ ਤੱਕ ਅੰਮ੍ਰਿਤਪਾਲ ਸਿੰਘ ਦਾ ਅੰਤਿਮ ਸੰਸਕਾਰ ਨਹੀਂ ਕੀਤਾ ਜਾਵੇਗਾ।

## ਸਰਕਾਰ ਲੋਕਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ : ਡਾ. ਬਲਜੀਤ ਕੌਰ

**ਮਲੋਟ/ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਓਮ ਪ੍ਰਕਾਸ਼ ਸੇਖੂ/ਪੂਜਾ)**

ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਹਲਕਾ ਮਲੋਟ ਦੇ ਪਿੰਡਾਂ ਨੂੰ ਪੰਜਾਬ ਸਰਕਾਰ ਵੱਲੋਂ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਦੇਣ ਦਾ ਐਲਾਨ ਕੀਤਾ ਗਿਆ। ਸੋਸ਼ਲ ਮੀਡੀਆ ਖਾਤੇ 'ਤੇ ਲਾਈਵ ਹੋ ਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸੇ ਵਚਨਬੱਧਤਾ ਤਹਿਤ ਪਿੰਡਾਂ ਦੇ ਲੋਕਾਂ ਖਾਸ ਕਰਕੇ ਐਸ.ਸੀ. ਭਾਈਚਾਰੇ ਨਾਲ ਸਬੰਧਤ ਵਰਗਾਂ ਨੂੰ ਹਰ ਲੋੜੀਂਦੀ ਸਹੂਲਤ ਮੁਹੱਈਆ ਕਰਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਐਲਾਨੀਆਂ ਗਈਆਂ ਗ੍ਰਾਂਟਾਂ 'ਚ ਘੱਗਾ ਪਿੰਡ ਨੂੰ ਰਸਤਾ ਪੱਕਾ ਕਰਨ ਲਈ 50 ਲੱਖ ਰੁਪਏ, ਪਿੰਡ ਫਕਰਸਰ ਵਿਖੇ ਆਧੁਨਿਕ ਬੱਸ ਸਟਾਪ ਲਈ 10 ਲੱਖ ਰੁਪਏ ਜਦਕਿ ਈਨਾ ਖੇੜਾ, ਔਲਖ, ਚੱਕ ਦੂਹੇਵਾਲਾ, ਰੱਥੜੀਆ, ਰੁਪਾਣਾ, ਦਾਨੇਵਾਲਾ, ਅਬੁਲ ਖੁਰਾਣਾ ਤੇ ਜੰਡਵਾਲਾ ਪਿੰਡਾਂ ਨੂੰ ਬੱਸ ਅੱਡੇ ਦੇ ਮਾਡਰਨ ਸ਼ੈੱਡ ਲਈ 5-5 ਲੱਖ ਰੁਪਏ ਸ਼ਾਮਲ ਹਨ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਸੇ ਹੀ ਤਰ੍ਹਾਂ ਹੀ ਚੱਕ ਦੂਹੇਵਾਲਾ ਦੇ ਛੱਪੜ ਤੇ ਐਸ.ਸੀ ਕਮਿਊਨਟੀ ਲਈ 10 ਲੱਖ ਰੁਪਏ, ਪਿੰਡ ਵਿਰਕ ਖੇੜਾ ਦੇ ਲੋਕਾਂ ਨੂੰ ਪੀਣ ਵਾਲਾ ਪਾਣੀ ਦੀਆਂ ਪਾਈਪ ਲਾਈਨ ਦੀ ਸਪਲਾਈ ਲਈ 4.5 ਲੱਖ ਰੁਪਏ, ਪਿੰਡ ਸੇਖੂ ਛੱਪੜ ਦੀ ਸਫਾਈ ਲਈ ਸੋਲਰ ਮੋਟਰ, ਲੇਕ ਪੂਰੀ ਕਰਨ ਤੇ ਪਾਣੀ ਦੀ ਨਿਕਾਸੀ ਲਈ 26 ਲੱਖ ਰੁਪਏ ਦੀ ਗਰਾਂਟ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿੰਡ ਭੰਗਚੜੀ 'ਚ ਸਾਫ ਸਫਾਈ ਅਤੇ ਪਾਣੀ ਦੀਆਂ ਪਾਈਪਾਂ ਲਈ 10 ਲੱਖ ਰੁਪਏ, ਪਿੰਡ ਲੱਕੜਵਾਲਾ 'ਚ ਵੀ ਪਾਣੀ ਦੀਆਂ ਪਾਈਪਾਂ ਲਈ 3.50 ਲੱਖ ਰੁਪਏ ਅਤੇ ਗੰਦੇ ਪਾਣੀ ਦੀ ਨਿਕਾਸੀ ਲਈ 8.50 ਲੱਖ ਰੁਪਏ ਦਿੱਤੇ ਜਾ ਰਹੇ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪਿੰਡ ਫੂਲੇਵਾਲਾ ਦੀ ਸ਼ਮਸ਼ਾਨਘਾਟ ਲਈ 5 ਲੱਖ ਰੁਪਏ, ਪਿੰਡ ਚੱਕ ਤਾਮਕੋਟ ਦੇ ਵਿਕਾਸ ਕਾਰਜਾਂ ਲਈ 20 ਲੱਖ ਰੁਪਏ, ਪਿੰਡ ਮਲਵਾਲਾ ਲਈ 20 ਲੱਖ ਰੁਪਏ ਅਤੇ ਪਿੰਡ ਰਾਮਨਗਰ ਦੇ ਐਸ.ਸੀ. ਭਾਈਚਾਰੇ ਦੇ ਪਲਾਟਾਂ ਲਈ 20 ਲੱਖ ਰੁਪਏ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪਿੰਡ ਸਾਉਂ ਕੇ ਦੇ ਵਿਕਾਸ ਕਾਰਜਾਂ ਲਈ 13 ਲੱਖ ਰੁਪਏ, ਪਿੰਡ ਰੱਥੜੀਆਂ ਦੀ ਸਹਿਕਾਰੀ ਸੁਸਾਇਟੀ ਦੀ ਇਮਾਰਤ ਲਈ 22 ਲੱਖ ਰੁਪਏ ਅਤੇ ਪਿੰਡ ਦੇ ਵਿਕਾਸ ਲਈ 13.5 ਲੱਖ ਰੁਪਏ ਦਿੱਤੇ ਗਏ ਹਨ।

## ਯਮਨ 'ਚ ਨਰਸ ਮਨੀਸ਼ਾ ਪ੍ਰਿਆ ਨੂੰ ਮੌਤ ਦੀ ਸਜ਼ਾ ਨੂੰ ਖਤਮ ਕਰਨ ਦੀ ਅਪੀਲ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਗੁਰੂ ਗ੍ਰੰਥ ਸਾਹਿਬ ਵਿਚ ਜੋ ਗੁਰੂ ਸਾਹਿਬਾਨ ਨੇ ਔਰਤ ਵਰਗ ਨੂੰ ਮਰਦ ਦੇ ਬਰਾਬਰ ਦਾ ਮਾਣ-ਸਨਮਾਨ ਦੇ ਕੇ ਤੇ ਆਪਣੇ ਮੁਖਾਰਬਿੰਦ ਤੋਂ 'ਸੋ ਕਿਉ ਮੰਦਾ ਆਖਿਐ, ਜਿਤੁ ਜੰਮੈ ਰਾਜ਼ਾਨ' ਦੇ ਰਾਹੀ ਸਮੁੱਚੇ ਸੰਸਾਰ ਨੂੰ ਔਰਤ ਵਰਗ ਦੇ ਹੱਕ ਤੇ ਸਨਮਾਨ ਪ੍ਰਤੀ ਜੋ ਅਰਥ ਭਰਪੂਰ ਸੰਦੇਸ਼ ਦਿੱਤਾ ਹੈ, ਉਸ ਨੂੰ ਮੁੱਖ ਰੱਖਦੇ ਹੋਏ ਤੇ ਸਮੁੱਚੇ ਸੰਸਾਰ ਵਿਚ ਔਰਤ ਵਰਗ ਉਤੇ ਹੋਣ ਵਾਲੇ ਜਬਰ ਜ਼ੁਲਮਾਂ ਦਾ ਖਾਤਮਾ ਕਰਨ ਦੀ ਸੋਚ ਨੂੰ ਲੈ ਕੇ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਯਮਨ ਦੇ ਪ੍ਰੈਜ਼ੀਡੈਂਟ ਨੂੰ ਪੱਤਰ ਲਿਖਦੇ ਹੋਏ ਕੇਰਲਾ ਦੀ ਇਕ ਨਰਸ ਬੀਬੀ ਮਨੀਸ਼ਾ ਪ੍ਰਿਆ, ਜਿਸ ਨੂੰ ਯਮਨ ਮੁਲਕ ਵੱਲੋਂ ਇੱਕ ਕਤਲ ਕੇਸ ਵਿਚ 16 ਜੁਲਾਈ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਰਹੀ ਹੈ, ਉਸ ਦੀ ਮੌਤ ਦੀ ਸਜ਼ਾ ਮੁਆਫ਼ੀ ਲਈ ਇਨਸਾਨੀਅਤ ਬਿਨ੍ਹਾ 'ਤੇ ਇਕ ਲਿਖਤੀ ਗੁਹਾਰ ਲਾਈ ਹੈ ਤਾਂ ਜੁ ਸੰਸਾਰ ਪੱਧਰ ਤੇ ਔਰਤ ਵਰਗ ਦੇ ਮਾਣ-ਸਨਮਾਨ ਤੇ ਔਰਤ ਵਰਗ ਦੇ ਹੱਕ ਹਕੂਕਾ ਦੀ ਸੁਰੱਖਿਆ ਹੋਣ ਵਿਚ ਵਾਧਾ ਹੋ ਸਕੇ ਅਤੇ ਸਭ ਮੁਲਕਾਂ ਤੇ ਵਰਗਾਂ ਦੇ ਨਿਵਾਸੀ ਔਰਤ ਵਰਗ ਨੂੰ ਬਣਦਾ ਮਾਣ ਸਨਮਾਨ ਦੇਣ ਵਿਚ ਪੂਰਨ ਯਕੀਨ ਰੱਖ ਸਕਣ।

ਉਨ੍ਹਾਂ ਆਪਣੇ ਇਸ ਪੱਤਰ ਵਿਚ ਇਸ ਗੱਲ ਦਾ ਵੀ ਜਿਕਰ ਕੀਤਾ ਹੈ ਕਿ ਸੰਸਾਰ ਦੇ 192 ਮੁਲਕਾਂ ਵਿਚੋਂ 160-65 ਮੁਲਕਾਂ ਨੇ ਜਦੋਂ ਮੌਤ ਦੀ ਸਜ਼ਾ ਵਿਰੁੱਧ ਆਪੋ ਆਪਣੇ ਮੁਲਕਾਂ ਦੀਆਂ ਪਾਰਲੀਮੈਂਟਾਂ ਵਿਚ ਕਾਨੂੰਨ ਪਾਸ ਕਰ ਦਿੱਤੇ ਹਨ ਅਤੇ ਮੌਤ ਦੀ ਸਜ਼ਾ ਨੂੰ ਖਤਮ ਕਰਨ ਦੀ ਸੋਚ ਨੂੰ ਮਜਬੂਤ ਕੀਤਾ ਹੈ ਤਾਂ ਯਮਨ ਦੇ ਪ੍ਰੈਜ਼ੀਡੈਂਟ ਜਨਾਬ ਰਸਦ-ਅਲ-ਅਲੀਮੀ ਨੂੰ ਵੀ ਸਾਡੀ ਸਮੁੱਚੀ ਸਿੱਖ ਕੌਮ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਜਥੇਬੰਦੀ ਵੱਲੋਂ ਇਹ ਜ਼ੋਰਦਾਰ ਬੇਨਤੀ ਹੈ ਕਿ ਉਹ ਬੀਬੀ ਮਨੀਸ਼ਾ ਪ੍ਰਿਆ ਨੂੰ ਵੀ ਇਸ ਮੌਤ ਦੀ ਸਜ਼ਾ ਤੋ ਸੁਰੂਖਰ ਕਰਕੇ ਕੌਮਾਂਤਰੀ ਪੱਧਰ 'ਤੇ ਮੌਤ ਦੀ ਸਜ਼ਾ ਵਿਰੁੱਧ ਉੱਠੀ ਲਹਿਰ ਤੇ ਸੋਚ ਨੂੰ ਜਿਥੇ ਮਜਬੂਤ ਕਰਨ ਉਥੇ ਔਰਤ ਵਰਗ ਦੇ ਹੱਕ ਵਿਚ ਵੱਖ-ਵੱਖ ਮੁਲਕਾਂ ਅਤੇ ਵਰਗਾਂ ਵਿਚ ਉੱਠਣ ਵਾਲੀ ਆਵਾਜ਼ ਨੂੰ ਹੋਰ ਬਲ ਦੇਣ।

## ਕਾਤਰਾਂ

### ਹਮੀਦੀ 'ਚ ਸੱਜਣ ਸਿੰਘ ਅਕਾਲੀ ਦਾ ਦੇਹਾਂਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਹਮੀਦੀ ਦੇ ਪ੍ਰਧਾਨ ਹਰਪ੍ਰੀਤ ਸਿੰਘ ਹੈਪੀ ਦਿਉਲ ਤੇ ਗੁਰਦੀਪ ਸਿੰਘ ਦਿਉਲ ਦੇ ਪਰਵਾਰ ਉਸ ਸਮੇ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸੱਜਣ ਸਿੰਘ ਅਕਾਲੀ ਦਾ ਸੰਖੇਪ ਬਿਮਾਰੀ ਉਪਰੰਤ ਦਿਹਾਂਤ ਹੋ ਗਿਆ।ਇਸ ਦੁਖਦਾਈ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਐਡਵੋਕੇਟ ਹਰਿੰਦਰਪਾਲ ਸਿੰਘ ਰਾਣੂ, ਜਥੇ: ਨਾਥ ਸਿੰਘ ਹਮੀਦੀ, ਹਰਦਿਆਲ ਸਿੰਘ ਮਾਂਗਟ, ਰਮਨਦੀਪ ਸਿੰਘ ਦੀਪੀ, ਜਥੇ: ਉਦੇ ਸਿੰਘ ਹਮੀਦੀ, ਗ੍ਰਾਮ ਪੰਚਾਇਤ, ਵੱਖ-ਵੱਖ ਸਿਆਸੀ, ਧਾਰਮਿਕ ਅਤੇ ਸਮਾਜਿਕ ਆਗੂਆਂ ਨੇ ਪੀੜਤ ਦਿਉਲ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ।

### ਅਸ਼ਵਨੀ ਸ਼ਰਮਾ ਨੂੰ ਕਾਰਜਕਾਰੀ ਪ੍ਰਧਾਨ ਬਣਾਏ ਜਾਣ 'ਤੇ ਸਮਰਥਕਾਂ 'ਚ ਖ਼ੁਸ਼ੀ

**ਬਠਿੰਡਾ (ਰਾਜੀਵ ਗੋਇਲ)**-ਬੀ.ਜੇ.ਪੀ ਵੱਲੋਂ ਅਸ਼ਵਨੀ ਸ਼ਰਮਾ ਨੂੰ ਪੰਜਾਬ ਦਾ ਮੁੜ ਕਾਰਜਕਾਰੀ ਪ੍ਰਧਾਨ ਬਣਾਏ ਜਾਣ 'ਤੇ ਭਾਜਪਾ 'ਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ, ਕਿਉਂਕਿ ਅਕਾਲੀ ਦਲ ਨਾਲੋਂ ਨਾਤਾ ਤੋੜਨ ਤੋਂ ਬਾਅਦ ਭਾਜਪਾ ਵੱਲੋਂ ਸੂਬੇ ਅੰਦਰ ਆਪਣੇ ਵੋਟ ਬੈਂਕ 'ਚ ਵਾਧਾ ਦਰਜ ਕੀਤਾ ਗਿਆ ਹੈ, ਜਿਸ ਕਾਰਨ ਭਾਜਪਾਈ ਬਾਗੋਬਾਗ ਹਨ। ਗੱਲ ਭਾਜਪਾ ਦੇ ਹੇਠਲੇ ਪੱਧਰ ਦੇ ਆਗੂਆਂ ਦੀ ਕੀਤੀ ਜਾਵੇ ਤਾਂ ਉਹ ਅਕਾਲੀ ਦਲ ਨਾਲ ਦੁਬਾਰਾ ਨਾਤਾ ਜੋੜਨਾ ਹੀ ਨਹੀਂ ਚਾਹੁੰਦੇ, ਕਿਉਂਕਿ ਪਿਛਲੇ ਸਮੇਂ ਸੂਬੇ ਅੰਦਰ ਗਠਜੋੜ ਦੀ ਸਰਕਾਰ ਵੇਲੇ ਇਨ੍ਹਾਂ ਆਗੂਆਂ ਨੂੰ ਖੁੱਡੇਲਾਇਨ ਲਾ ਕੇ ਰੱਖਿਆ ਗਿਆ ਸੀ, ਪਰ ਹੁਣ ਭਾਜਪਾ ਦੇ ਮੈਦਾਨ ਵਿੱਚ ਇਕੱਲਿਆਂ ਹੋਣ ਕਾਰਨ ਇਹ ਆਗੂ ਵੀ ਬਾਗੋਬਾਗ ਹਨ ਤੇ ਖੁੱਲ੍ਹਦਿਲੀ ਨਾਲ ਆਪਣੀ ਪਾਰਟੀ ਲਈ ਮਿਹਨਤ ਕਰ ਰਹੇ ਹਨ। ਭਾਜਪਾ ਦੇ ਸੀਨੀਅਰ ਆਗੂ ਗੁਰਬਿੰਦਰ ਭਗਤਾ ਵੱਲੋਂ ਜਿੱਥੇ ਅਸ਼ਵਨੀ ਸ਼ਰਮਾ ਨੂੰ ਪ੍ਰਧਾਨ ਬਣਨ ਦੀ ਵਧਾਈ ਦਿੱਤੀ ਗਈ, ਉੱਥੇ ਹੀ ਉਨ੍ਹਾਂ ਵੱਲੋਂ ਸ਼ਰਮਾ ਦੀ ਅਗਵਾਈ ਹੇਠ ਪਾਰਟੀ ਦੀ ਹੋਰ ਤਰੱਕੀ ਦੀ ਕਾਮਨਾ ਵੀ ਕੀਤੀ ਗਈ ਹੈ।

### ਕੱਪੜਾ ਵਪਾਰੀ ਸੰਜੇ ਵਰਮਾ ਨੂੰ ਵਿਧਾਨ ਸਭਾ 'ਚ ਸ਼ਰਧਾਂਜਲੀ

**ਅਬੋਹਰ (ਨਿਸ਼ਾ ਸ਼ਰਮਾ)**-ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੌਰਾਨ ਕੱਪੜਾ ਵਪਾਰੀ ਸ੍ਰੀ ਸੰਜੇ ਵਰਮਾ ਨੂੰ ਸ਼ਰਧਾਂਜਲੀ ਦਿੱਤੀ ਗਈ। ਇਹ ਸ਼ਧਾਂਜਲੀ ਬੱਲੂਆਣਾ ਦੇ ਵਿਧਾਇਕ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਵੱਲੋਂ ਰੱਖੇ ਪ੍ਰਸਤਾਵ 'ਤੇ ਦਿੱਤੀ ਗਈ। ਗੋਲਡੀ ਮੁਸਾਫਰ ਨੇ ਕਿਹਾ ਕਿ ਸੰਜੇ ਵਰਮਾ ਅਬੋਹਰ ਦੀ ਪਛਾਣ ਸਨ, ਜਿਨ੍ਹਾਂ ਨੇ ਇਸ ਛੋਟੇ ਸ਼ਹਿਰ ਵਿੱਚ ਇੱਕ ਵੱਡਾ ਕਾਰੋਬਾਰ ਆਪਣੇ ਪਰਵਾਰ ਦੀ ਸਖਤ ਮਿਹਨਤ ਨਾਲ ਸਥਾਪਤ ਕੀਤਾ। ਉਨ੍ਹਾਂ ਵੱਲੋਂ ਰੱਖੇ ਪ੍ਰਸਤਾਵ ਨੂੰ ਸਪੀਕਰ ਵੱਲੋਂ ਪ੍ਰਵਾਨ ਹੋਣ ਤੋਂ ਬਾਅਦ ਵਿਸ਼ੇਸ਼ ਵਿਅਕਤੀਆਂ ਦੇ ਨਾਲ-ਨਾਲ ਸ੍ਰੀ ਸੰਜੇ ਵਰਮਾ ਨੂੰ ਵੀ ਵਿਧਾਨ ਸਭਾ ਵਿੱਚ ਸ਼ਰਧਾਂਜਲੀ ਦਿੱਤੀ ਗਈ।

## ਕਾਰਪੋਰੇਟ ਦੇ ਦਬਾਅ ਹੇਠ ਕਿਰਤ ਕਾਨੂੰਨਾਂ ਨੂੰ ਤੋੜਨਾ ਬੰਦ ਕੀਤਾ ਜਾਵੇ : ਕਾਮਰੇਡ ਵਿਰਕ




**ਸਿਰਸਾ (ਸੁਰਿੰਦਰ ਪਾਲ ਸਿੰਘ)**

ਦੇਸ਼ ਦੀਆਂ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆਂ ਸਮੇਤ ਦੇਸ਼ ਦੇ ਕਿਰਤੀ ਕਾਮਿਆਂ ਵੱਲੋਂ ਪਿਛਲੇ ਦਿਨੀਂ ਕੀਤੀ ਗਈ ਦੇਸ਼ ਵਿਆਪੀ ਹੜਤਾਲ ਕਾਰਨ ਬੇ-ਸ਼ੱਕ ਯਾਤਰੀਆਂ ਸਮੇਤ ਹੋਰਨਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਪਰ ਪੂਰੇ ਸਿਰਸਾ ਜ਼ਿਲ੍ਹੇ ਵਿੱਚ ਸਰਵ ਕਰਮਚਾਰੀ ਸੰਘ ਦੇ ਸੱਦੇ 'ਤੇ ਕੀਤੀ ਗਈ ਹੜਤਾਲ ਸਫਲ ਰਹੀ। ਪ੍ਰਮੁੱਖ ਕਰਮਚਾਰੀ ਆਗੂ ਮਦਨ ਲਾਲ ਖੋਥ, ਰਮੇਸ਼ ਕੁਮਾਰ ਸੈਣੀ, ਮਾ: ਵੀਰ ਸਿੰਘ, ਦਵਿੰਦਰ ਕੁਮਾਰ, ਅਸ਼ੋਕ ਪਟਵਾਰੀ, ਮਾ: ਬੂਟਾ ਸਿੰਘ, ਅਜਾਇਬ ਸਿੰਘ, ਮਹਿੰਦਰ ਸ਼ਰਮਾ, ਮੈਡਮ ਪ੍ਰੋਮਿਲਾ ਤੇ ਰਾਜਬਾਲਾ ਸਮੇਤ ਖੱਬੇ ਪੱਖੀ ਚਿੰਤਕ ਕਾ: ਸਵਰਨ ਸਿੰਘ ਵਿਰਕ ਦਾ ਕਹਿਣਾ ਸੀ ਕਿ ਸਰਕਾਰ ਨੂੰ ਵਾਰ-ਵਾਰ ਚੇਤਾਵਨੀ ਦੇਣ ਤੋਂ ਬਾਅਦ ਵੀ ਕਿਸਾਨਾਂ, ਮਜ਼ਦੂਰਾਂ, ਕਰਮਚਾਰੀਆਂ ਸਮੇਤ ਕਿਰਤੀ ਵਰਗ ਦੀਆਂ ਮੰਗਾਂ ਨਹੀਂ ਮੰਨੀਆਂ ਗਈਆਂ ਤਾਂ ਹੋਰ ਵੱਡੇ ਅੰਦੋਲਨਾਂ ਤੋਂ ਦੇਸ਼ ਦੇ ਕਿਰਤੀ ਵਰਗ ਪਿੱਛੇ ਨਹੀਂ ਹਟਣਗੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ ਸੰਘਰਸ਼ ਜਾਰੀ ਰਹਿਣਗੇ। ਤੁਹਾਨੂੰ ਦੱਸ ਦੇਈਏ ਕਿ ਕਰਮਚਾਰੀਆਂ ਤੇ ਕਿਰਤੀਆਂ ਦੀਆਂ ਮੁੱਖ ਮੰਗਾਂ ਵਿੱਚ ਦੇਸ਼ ਤੇ ਰਾਜਾਂ ਵਿੱਚ ਅਸਥਾਈ ਕਰਮਚਾਰੀਆਂ ਨੂੰ ਸਥਾਈ ਕਰਨ ਲਈ ਇੱਕ ਸਥਾਈ ਕਾਨੂੰਨ ਬਣਾਇਆ ਜਾਵੇ। ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਸਰਕਾਰ ਸਾਰੇ ਜਨਤਕ ਸੇਵਾ ਵਿਭਾਗਾਂ ਨੂੰ ਨਿੱਜੀ ਹੱਥਾਂ ਵਿੱਚ ਵੇਚਣਾ ਬੰਦ ਕਰੇ ਤੇ ਖਾਲੀ ਅਸਾਮੀਆਂ 'ਤੇ ਸਥਾਈ ਭਰਤੀ ਕੀਤੀ ਜਾਵੇ, ਕਿਰਤ ਕਾਨੂੰਨਾਂ ਨੂੰ ਤੋੜਨਾ ਬੰਦ ਕੀਤਾ ਜਾਵੇ, ਧਰਮਾਂ ਦਾ ਸਿਆਸੀਕਰਨ ਬੰਦ ਹੋਵੇ, ਦੇਸ਼ ਦੇ ਕਿਰਤੀ ਵਰਗ ਨੂੰ ਕਾਰਪੋਰੇਟ ਦੇ ਖ਼ੂਨੀ ਪੰਜੇ ਤੋਂ ਮੁਕਤ ਕੀਤਾ ਜਾਵੇ ਸਮੇਤ ਬਹੁਤ ਸਾਰਆਂ ਮੰਗਾਂ ਇਸ ਸੰਘਰਸ਼ ਵਿੱਚ ਸ਼ਾਮਲ ਸਨ। ਇਨ੍ਹਾਂ ਕਰਮਚਾਰੀ ਆਗੂਆਂ ਨੇ ਕੇਂਦਰੀ ਤੇ ਰਾਜ ਪੱਧਰ 'ਤੇ ਵੱਖ-ਵੱਖ ਵਿਭਾਗੀ ਯੂਨੀਅਨਾਂ ਦਾ ਹੜਤਾਲ ਨੂੰ ਸਫਲ ਬਣਾਉਣ 'ਤ ਵਿਸੇਸ਼ ਧੰਨਵਾਦ ਵੀ ਕੀਤਾ।

## ਟੈਕਨੀਕਲ ਸਰਵਿਸ ਯੂਨੀਅਨ ਦੀ ਨਵੀਂ ਕਮੇਟੀ ਦੀ ਚੋਣ

**ਫਿਰੋਜ਼ਪੁਰ (ਗੁਰਬਚਨ ਸਿੰਘ)**

ਟੈਕਨੀਕਲ ਸਰਵਿਸ ਯੂਨੀਅਨ ਫਿਰੋਜ਼ਪੁਰ ਮੰਡਲ ਸ਼ਹਿਰੀ ਡਵੀਜ਼ਨ ਦੀ ਚੋਣ ਵਿਗਿਆਨਕ ਸੰਘਰਸ਼ਸ਼ੀਲ ਗਰੁੱਪ ਤੇ ਇਨਕਲਾਬੀ ਗਰੁੱਪ ਦੇ ਸੀਨੀਅਰ ਆਗੂਆਂ ਸੁਰਿੰਦਰ ਸ਼ਰਮਾ, ਸ਼ਿੰਗਾਰ ਚੰਦ, ਮਨਜੀਤ ਸਿੰਘ, ਸੁਭਾਸ਼ ਚੰਦ ਤੇ ਜਗਤਾਰ ਸਿੰਘ ਦੀ ਅਗਵਾਈ ਹੇਠ ਕਰਵਾਈ ਗਈ।ਚੋਣ ਪ੍ਰਕਿਰਿਆ ਵਿੱਚ ਵੱਖ-ਵੱਖ ਸਬ-ਡਵੀਜ਼ਨਾਂ ਦੇ ਡੈਲੀਗੇਟ ਸਾਥੀਆਂ ਨੇ ਹਿੱਸਾ ਲਿਆ।ਨਵੀਂ ਚੁਣੀ ਗਈ ਕਮੇਟੀ ਵਿੱਚ ਜਗਸੀਰ ਸਿੰਘ ਢੀਂਡਸਾ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ, ਜਦਕਿ ਰਮਨਦੀਪ ਸਿੰਘ ਨੂੰ ਮੀਤ ਪ੍ਰਧਾਨ, ਗੁਰਦੇਵ ਸਿੰਘ ਨੂੰ ਸਕੱਤਰ, ਤਰਸੇਮ ਕੁਮਾਰ ਨੂੰ ਸਹਾਇਕ ਸਕੱਤਰ ਤੇ ਸੁਸ਼ੀਲ ਪਾਠਕ ਨੂੰ ਖਜ਼ਾਨਚੀ ਦੀ ਜ਼ਿੰਮੇਵਾਰੀ ਸੌਂਪੀ ਗਈ।ਚੋਣ ਉਪਰੰਤ ਆਪਣੇ ਸੰਬੋਧਨ ਵਿੱਚ ਨਵੇਂ ਪ੍ਰਧਾਨ ਜਗਸੀਰ ਸਿੰਘ ਢੀਂਡਸਾ ਨੇ ਕਿਹਾ ਕਿ ਮੈਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਮੈਂ ਪੂਰੀ ਤਨਦੇਹੀ, ਸਮਰਪਣ ਤੇ ਇਮਾਨਦਾਰੀ ਨਾਲ ਨਿਭਾਵਾਂਗਾ।

ਸਾਡੀ ਜਥੇਬੰਦੀ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣ ਲਈ ਅਸੀਂ ਸੰਘਰਸ਼ ਜਾਰੀ ਰੱਖਾਂਗੇ।ਇਸ ਮੌਕੇ ਹਾਜ਼ਰ ਸੀਨੀਅਰ ਆਗੂਆਂ ਨੇ ਵੀ ਨਵੀਂ ਕਮੇਟੀ ਨੂੰ ਵਧਾਈ ਦਿੱਤੀ ਤੇ ਉਮੀਦ ਜਤਾਈ ਕਿ ਨਵੀਂ ਲੀਡਰਸ਼ਿਪ ਜਥੇਬੰਦੀ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਵੇਗੀ।

## ਬੱਚਿਆਂ ਦੇ ਸਹੀ ਵਿਕਾਸ ਲਈ ਸਰਵਪੱਖੀ ਯਤਨਾਂ ਦੀ ਲੋੜ : ਫ਼ਰਿਆਲ ਰਹਿਮਾਨ

### 'ਹੱਥ ਮਿੱਟੀ ਵਿੱਚ ਤੇ ਦਿਲ ਵਤਨਾਂ ਦੇ ਨਾਲ' ਮੁਹਿੰਮ ਦਾ ਉਦਘਾਟਨ




**ਮਾਲੇਰਕੋਟਲਾ (ਅਸਗਰ ਪਰਿਹਾਰ)**-ਚਿਲਡਰਨ ਇਸਲਾਮਿਕ ਆਰਗੇਨਾਈਜ਼ੇਸ਼ਨ ਦੀ ਸਥਾਨਕ ਇਕਾਈ ਵੱਲੋਂ ਸਥਾਨਕ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਇੱਕ ਸਮਾਰੋਹ ਦੌਰਾਨ 'ਹੱਥ ਮਿੱਟੀ ਵਿੱਚ ਤੇ ਦਿਲ ਵਤਨਾਂ ਦੇ ਨਾਲ' ਮੁਹਿੰਮ ਦਾ ਉਦਘਾਟਨ ਕੀਤਾ ਗਿਆ।ਮੁਹਿੰਮ ਦਾ ਰਸਮੀ ਉਦਘਾਟਨ ਕਰਦਿਆਂ ਸਥਾਨਕ ਵਿਧਾਇਕ ਡਾ. ਜਮੀਲ ਉਰ ਰਹਿਮਾਨ ਦੀ ਪਤਨੀ ਤੇ 'ਆਪ' ਆਗੂ ਬੀਬੀ ਫ਼ਰਿਆਲ ਰਹਿਮਾਨ ਨੇ ਸਪੱਸ਼ਟ ਕੀਤਾ ਕਿ ਵਿਦਿਆਰਥੀਆਂ ਦੇ ਉਚਿਤ ਮਾਨਸਿਕ ਵਿਕਾਸ ਲਈ ਉਨ੍ਹਾਂ ਨੂੰ ਆਮ ਸਮਾਜ ਨੂੰ ਦਰਪੇਸ਼ ਚੁਣੌਤੀਆਂ ਬਾਰੇ ਜਾਗਰੂਕ ਕਰਨ ਦੇ ਨਾਲ ਨਾਲ ਅਮਲੀ ਸਰਗਰਮੀਆਂ ਵਿੱਚ ਵੀ ਸ਼ਾਮਲ ਕੀਤੇ ਜਾਣਾ ਜ਼ਰੂਰੀ ਹੈ।

ਸਮਾਰੋਹ ਦੀ ਮੁੱਖ ਮਹਿਮਾਨ ਤੇ ਸਥਾਨਕ 'ਉਏਸਿਸ ਪਬਲਿਕ ਸਕੂਲ' ਦੀ ਨਿਰਦੇਸ਼ਕਾ ਮੈਡਮ ਰਿਹਾਨਾ ਸਲੀਮ ਨੇ ਦਾਅਵਾ ਕੀਤਾ ਕਿ ਬੱਚਿਆਂ ਨੂੰ ਸਖ਼ਤ ਮਿਹਨਤ ਦੇ ਆਦੀ ਤੇ ਆਹਲਾ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਬਣਾਉਣ ਲਈ ਮਾਪੇ, ਅਧਿਆਪਕ ਤੇ ਸਮਾਜ ਸੇਵੀ ਸੰਸਥਾਵਾਂ ਬਰਾਬਰ ਦੀਆਂ ਜ਼ਿੰਮੇਵਾਰ ਹਨ।ਸਮਾਰੋਹ ਦੇ ਕਨਵੀਨਰ ਜਨਾਬ ਸ਼ੀਰਾਜ਼ ਅਹਿਮਦ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦਿਆਂ ਦੱਸਿਆ ਕਿ ਚਿਲਡਰਨ ਇਸਲਾਮਿਕ ਆਰਗੇਨਾਈਜ਼ੇਸ਼ਨ ਵੱਲੋਂ ਉਲੀਕੀ ਇਸ ਮੁਹਿੰਮ ਦੌਰਾਨ ਜਿੱਥੇ ਜਨਤਕ ਸੈਮੀਨਾਰਾਂ, ਰੈਲੀਆਂ ਤੇ ਹੋਰ ਢੰਗ ਤਰੀਕਿਆਂ ਨਾਲ ਲੋਕਾਂ ਨੂੰ ਵਾਤਾਵਰਨ ਸੁਧਾਰ ਤੇ ਬੂਟਿਆਂ ਦੇ ਮਹੱਤਵ ਬਾਰੇ ਦੱਸਿਆ ਜਾਵੇਗਾ।ਸਮਾਰੋਹ ਨੂੰ ਸੰਬੋਧਨ ਕਰਨ ਵਾਲੇ ਹੋਰ ਪਤਵੰਤਿਆਂ ਵਿੱਚ ਡਾ. ਅਨਮ ਭੱਟੀ ਐੱਮ.ਡੀ., ਮਾਸਟਰ ਰਮਜ਼ਾਨ ਸਈਦ, ਮਾਸਟਰ ਮੁਹੰਮਦ ਨਜ਼ੀਰ, ਅਨਵਾਰ ਬੱਤੇ, ਬੀਬੀ ਮੈਮੂਨਾ ਰਊਫ਼, ਬੀਬੀ ਖ਼ਨਸਾ ਅਲਤਾਫ਼, ਬੀਬੀ ਸਾਦੀਆ ਖ਼ਾਂ ਰੁਹੀੜਾ, ਬੀਬੀ ਸਕੀਨਾ ਅਮਰਗੜ੍ਹ ਤੇ ਬੀਬੀ ਸੁਲਤਾਨਾ ਨੌਧਰਾਨੀ ਦੇ ਨਾਂ ਜ਼ਿਕਰਯੋਗ ਹਨ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਬੀਬੀ ਫ਼ਾਤਮਾ ਨੇ ਨਿਭਾਈ ਤੇ ਅੰਤ ਵਿੱਚ ਬੀਬੀ ਤਾਹਿਰਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਬੋਰੀ 'ਚੋਂ ਮਿਲੀ ਲਾਸ਼ ਦੀ ਗੁੱਥੀ ਸੁਲਝੀ, 3 ਕਾਬੂ

**ਲੁਧਿਆਣਾ (ਰੈਕਟਰ ਕਥੂਰੀਆ)**-ਬੁੱਧਵਾਰ ਲੁਧਿਆਣਾ 'ਚ ਦੋ ਵਿਅਕਤੀਆਂ ਨੇ ਬੋਰੀ 'ਚ ਪਾ ਕੇ ਇੱਕ ਮਹਿਲਾ ਦੀ ਲਾਸ਼ ਫਿਰੋਜ਼ਪੁਰ ਰੋਡ ਦੇ ਡਿਵਾਈਡਰ 'ਤੇ ਸੁੱਟ ਦਿੱਤੀ ਸੀ।ਇਸ ਖਬਰ ਦੀ ਵੀਡੀਓ ਵਾਇਰਲ ਹੋਣ ਨਾਲ ਸ਼ਹਿਰ 'ਚ ਕਾਫੀ ਸਨਸਨੀ ਫੈਲ ਗਈ।ਪੁਲਸ ਨੇ ਬੜੀ ਫੁਰਤੀ ਨਾਲ ਇਸ ਸਾਰੇ ਮਾਜਰੇ ਨੂੰ ਸੁਲਝਾਉਂਦਿਆਂ ਇਸ ਮਾਮਲੇ ਵਿੱਚ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।ਮੁਲਜ਼ਮਾਂ ਦੀ ਪਛਾਣ ਮ੍ਰਿਤਕਾ ਦੇ ਸਹੁਰਾ ਕਿਸ਼ਨ, ਸੱਸ ਦੁਲਾਰੀ ਅਤੇ ਅਜੈ ਵਜੋਂ ਹੋਈ ਹੈ।ਉਨ੍ਹਾਂ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ।ਸਹੁਰਾ ਕ੍ਰਿਸ਼ਨ ਉਰਫ ਕੱਲੂ, ਸੱਸ ਦੁਲਾਰੀ ਤੇ ਅਜੇ ਇਹ ਸਾਰੇ ਲਖਨਊ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਸਨ, ਪਾਰ ਅੱਜਕਲ੍ਹ ਪੰਜਾਬ ਵਿੱਚ ਰਹਿ ਰਹੇ ਸਨ।ਇਨ੍ਹਾਂ ਦੀ ਗ੍ਰਿਫ਼ਤਾਰ 9 ਜੁਲਾਈ ਨੂੰ ਹੀ ਹੋ ਗਈ ਸੀ ਅਤੇ ਇਨ੍ਹਾਂ ਕੋਲੋਂ ਜੁਰਮ ਵਿੱਚ ਵਰਤੇ ਗੰਦੇ ਪਲਾਸਟਿਕ ਦੇ ਦੋ ਥੈਲੇ, ਚਾਦਰ ਅਤੇ ਮੋਟਰਸਾਈਕਲ ਦੀ ਬਰਾਮਦੀ ਵੀ ਕੀਤੀ ਗਈ।ਪੁਲਸ ਨੇ ਦੱਸਿਆ ਕਿ ਇਹ ਲੋਕ ਦੋ ਕੁ ਮਹੀਨੇ ਪਹਿਲਾਂ ਹੀ ਯੂ ਪੀ ਤੋਂ ਪੰਜਾਬ ਆਏ ਹਨ।ਜਾਣਕਾਰੀ ਮੁਤਾਬਕ ਕਤਲ ਕੀਤੀ ਗਈ ਰੇਸ਼ਮਾ ਦੀ ਉਸ ਦੇ ਸੱਸ ਤੇ ਸਹੁਰੇ ਨਾਲ ਅਕਸਰ ਲੜਾਈ ਹੁੰਦੀ ਰਹਿੰਦੀ ਸੀ, ਕਿਉਂਕਿ ਸਹੁਰੇ ਪਰਿਵਾਰ ਨੂੰ ਰੇਸ਼ਮਾ ਦੇ ਚਾਲ ਚੱਲਣ 'ਤੇ ਸ਼ੱਕ ਸੀ, ਜਿਸ ਕਾਰਨ ਉਨ੍ਹਾ ਰੇਸ਼ਮਾ ਦਾ ਕਤਲ ਕਰ ਦਿੱਤਾ ਤੇ ਲਾਸ਼ ਨੂੰ ਬੋਰੀ 'ਚ ਪਾ ਕੇ ਫਿਰੋਜ਼ਪੁਰ ਰੋਡ ਦੇ ਡਿਵਾਈਡਰ 'ਤੇ ਸੁੱਟ ਦਿੱਤੀ।

## ਪੰਜਾਬ ਦੇ 40000 ਤੇ ਫਿਰੋਜ਼ਪੁਰ ਦੇ 313 ਕਿੱਲੇ ਜ਼ਮੀਨ ਨੂੰ ਹੜੱਪਣਾ ਚਾਹੁੰਦੀ ਐ ਆਪ ਸਰਕਾਰ : ਰਾਣਾ ਸੋਢੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**

ਪੰਜਾਬ ਦੇ ਪਿੰਡਾਂ ਦੀ ਰੀੜ੍ਹ ਦੀ ਹੱਡੀ ਕਿਸਾਨੀ ਤੇ ਜ਼ਮੀਨ ਅੱਜ ਜ਼ਬਰਦਸਤੀ ਹੜੱਪਣ ਦੀ ਕੋਸ਼ਿਸ਼ ਕਰ ਰਹੀ ਸਰਕਾਰ। ਜਿੱਥੇ ਕਿਸਾਨ ਆਪਣੇ ਹੱਕ ਲਈ ਲੜ ਰਹੇ ਹਨ, ਓਥੇ ਸਾਬਕਾ ਕੈਬਨਿਟ ਮੰਤਰੀ ਤੇ ਭਾਜਪਾ ਦੇ ਰਾਸ਼ਟਰੀ ਕਾਰਜਕਾਰਨੀ ਮੈਂਬਰ ਅਤੇ ਚਾਰ ਵਾਰ ਬਤੌਰ ਐੱਮ ਐੱਲ ਏ ਵਿਧਾਨ ਸਭਾ ਵਿੱਚ ਲੋਕਾਂ ਦੀ ਆਵਾਜ਼ ਉਠਾਉਣ ਵਾਲੇ ਰਾਣਾ ਗੁਰਮੀਤ ਸਿੰਘ ਸੋਢੀ ਕਿਸਾਨੀ ਦੇ ਹੱਕ ਵਿੱਚ ਖੜੇ ਹੋ ਕੇ ਇੱਕ ਬੁਲੰਦ ਆਵਾਜ਼ ਬਣ ਕੇ ਉੱਭਰੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸ਼ਰੇਆਮ ਪੰਜਾਬ ਦੇ ਕਿਸਾਨਾਂ ਨਾਲ ਧੱਕਾ ਕਰ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਆਪਣੀ ਪੌਲਸੀ ਮੁਤਾਬਿਕ ਫਿਰੋਜ਼ਪੁਰ ਦੀ 313 ਕਿੱਲੇ ਜ਼ਮੀਨ ਨੂੰ ਹੜੱਪਣਾ ਚਾਹੁੰਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਪਹਿਚਾਣ ਪਿੰਡਾਂ ਕਰਕੇ ਹੈ, ਜਦਕਿ ਸਰਕਾਰ ਸ਼ਹਿਰੀਕਰਨ ਕਰਕੇ ਪੰਜਾਬ ਦੀ ਧਰਤੀ ਨੂੰ ਬੰਜਰ ਬਣਾਉਣਾ ਚਾਹੁੰਦੀ ਹੈ। ਉਨ੍ਹਾ ਕਿਹਾ ਕਿ ਪਿੰਡਾਂ ਵਿੱਚ ਖੇਤਾਂ ਕਰਕੇ ਹੀ ਪੂਰੇ ਦੇਸ਼ ਵਿੱਚ ਪੰਜਾਬ ਅੰਨ ਦਾ ਭੰਡਾਰ ਕਹਾਉਂਦਾ ਹੈ। ਉਨ੍ਹਾ ਕਿਹਾ ਕਿ ਸਰਕਾਰ ਨੇ ਸਾਰੇ ਅਧਿਕਾਰ ਚੀਫ ਸੈਕਟਰੀ ਨੂੰ ਦੇ ਦਿੱਤੇ ਹਨ ਤੇ ਸਰਕਾਰ ਚੀਫ ਸੈਕਟਰੀ ਨੂੰ ਕਹਿ ਕੇ ਕੁਝ ਵੀ ਆਰਡਰ ਪਾਸ ਕਰਵਾ ਕੇ ਆਮ ਲੋਕਾਂ ਦੇ ਨਾਲ ਧੱਕਾ ਕਰ ਰਹੀ ਹੈ।

ਰਾਣਾ ਸੋਢੀ ਨੇ ਆਮ ਆਦਮੀ ਪਾਰਟੀ ਸਰਕਾਰ ਦੀ ਉਹ ਦਲੀਲ ਖੰਡਣ ਕੀਤੀ ਹੈ, ਜਿਸ ਤਹਿਤ ਐੱਲਏਆਰਆਰ-2013 ਐਕਟ ਨੂੰ ਤੋੜ ਮਰੋੜ ਕੇ "ਪਬਲਿਕ ਯੂਟਿਲਿਟੀ" ਦੇ ਨਾਂ 'ਤੇ ਕਿਸਾਨਾਂ ਦੀ ਜ਼ਮੀਨ

### ਪੰਜਾਬ ਦੀ ਜ਼ਮੀਨ ਤੇ ਹੱਕਾਂ ਲਈ ਰਾਣਾ ਸੋਢੀ ਲੋਕਾਂ ਦੀ ਬਣੇ ਆਵਾਜ਼

ਹੜੱਪਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਇਹ ਨਾ ਸਿਰਫ ਕਿਸਾਨਾਂ ਦੀ ਰੋਟੀ ਨੂੰ ਖੋਹਣ ਦੀ ਕੋਸ਼ਿਸ਼ ਹੈ, ਸਗੋਂ ਇਹ ਪੰਜਾਬ ਦੀ ਮਿੱਟੀ, ਇਤਿਹਾਸ ਤੇ ਵਿਰਾਸਤ ਉੱਤੇ ਸਿੱਧਾ ਹਮਲਾ ਹੈ। ਪੰਜਾਬ ਦੇ ਲੁਧਿਆਣਾ, ਅੰਮ੍ਰਿਤਸਰ, ਮੋਗਾ, ਮੋਹਾਲੀ, ਪਟਿਆਲਾ, ਫਿਰੋਜ਼ਪੁਰ, ਗੁਰਦਾਸਪੁਰ, ਮਾਨਸਾ ਤੇ ਨਵਾਂਸ਼ਹਿਰ ਵਿੱਚ ਸੈਂਕੜੇ ਏਕੜ ਜ਼ਮੀਨ, ਜਿਨ੍ਹਾਂ 'ਤੇ ਲੋਕ ਸਾਲਾਂ ਤੋਂ ਵੱਸਦੇ ਆ ਰਹੇ ਹਨ, ਅੱਜ ਉਨ੍ਹਾਂ ਤੋਂ ਇਹ ਜ਼ਮੀਨ ਖੋਹਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਰਾਣਾ ਸੋਢੀ ਨੇ ਕਿਹਾ ਕਿ ਇਹ ਕੋਈ ਵਿਕਾਸ ਨਹੀਂ, ਇਹ ਕਿਸਾਨੀ ਦੀ ਮੌਤ ਦੀ ਪੇਸ਼ਗੀ ਹੈ। ਪੰਜਾਬ ਵਿੱਚ 42 ਪ੍ਰਤੀਸ਼ਤ ਲੋਕ ਸਿੱਧੇ ਤੌਰ ਤੇ ਕਿਸਾਨੀ ਨਾਲ ਜੁੜੇ ਹੋਏ ਹਨ। ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਵੇਲੇ ਜਿਹੜੇ ਵਾਅਦੇ ਕੀਤੇ ਸੀ, ਉਹ ਸਿਰਫ ਝੂਠ ਤੇ ਧੋਖੇ ਸਾਬਿਤ ਹੋਏ ਹਨ।

ਰਾਣਾ ਸੋਢੀ ਨੇ ਆਪਣੇ ਹਲਕੇ ਫਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ ਤੋਂ ਲੈ ਕੇ ਸੂਬਾ ਪੱਧਰ 'ਤੇ ਕਿਸਾਨਾਂ ਨਾਲ ਖੜਾ ਹੋਣ ਦਾ ਐਲਾਨ ਕੀਤਾ। ਉਨ੍ਹਾਂ ਗੰਭੀਰ ਰੂਪ ਵਿੱਚ ਕਿਹਾ ਕਿ ਜੇਕਰ ਕਿਸੇ ਵੀ ਪਿੰਡ ਦੀ ਜ਼ਮੀਨ ਨੂੰ ਬਿਨਾਂ ਕਿਸੇ ਸਹਿਮਤੀ ਦੇ ਹੜੱਪਿਆ ਗਿਆ, ਤਾਂ ਉਹ ਲੋਕਾਂ ਨਾਲ ਮਿਲ ਕੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਦਾ ਵਿਸਫੋਟਕ ਰੂਪ ਵਿੱਚ ਵਿਰੋਧ ਕਰਨਗੇ।

## ਦਰੱਖਤ ਵੱਢ ਕੇ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰਨ 'ਤੇ ਪਿਤਾ ਤੇ ਪੁੱਤਰਾਂ ਖਿਲਾਫ਼ ਮਾਮਲਾ ਦਰਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੂੰਮਕਲਾਂ ਪੁਲਸ ਵੱਲੋਂ ਮੰਡ ਚੌਂਤਾ ਜੰਗਲ 'ਚੋਂ ਸਰਕਾਰੀ ਰੁੱਖਾਂ ਨੂੰ ਕੱਟ ਕੇ ਜ਼ਮੀਨ ਉੱਪਰ ਕਬਜ਼ਾ ਕਰਨ ਦੇ ਕਥਿਤ ਦੋਸ਼ ਹੇਠ ਪਿਓ ਮਹਿੰਦਰ ਸਿੰਘ ਤੇ ਉਸ ਦੇ ਪੁੱਤਰਾਂ ਰਜਿੰਦਰ ਸਿੰਘ ਤੇ ਮਨਜੀਤ ਸਿੰਘ ਵਾਸੀ ਮੰਡ ਚੌਂਤਾ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਉੱਚ ਅਧਿਕਾਰੀਆਂ ਨੂੰ ਦਿੱਤੇ ਪੱਤਰ ਵਿੱਚ ਵਣ ਰੇਂਜ ਅਫ਼ਸਰ ਮੱਤੇਵਾੜਾ ਨੇ ਦੱਸਿਆ ਕਿ ਬਲਾਕ ਅਫ਼ਸਰ ਦਵਿੰਦਰ ਸਿੰਘ ਤੇ ਵਣ ਗਾਰਡ ਸਤਪਾਲ ਸਿੰਘ ਨੇ ਮੰਡ ਚੌਂਤਾ ਦੇ ਜੰਗਲ ਵਿੱਚ ਗਸ਼ਤ ਦੌਰਾਨ ਦੇਖਿਆ ਕਿ ਟੁੱਕੜਾ ਨੰਬਰ 4 ਵਿੱਚ ਉਕਤ ਵਿਅਕਤੀਆਂ ਦਾ ਘਰ ਜੰਗਲ ਦੀ ਹੱਦ ਨਾਲ ਲੱਗਦਾ ਹੈ। ਉਨ੍ਹਾਂ ਵੱਲੋਂ ਰਾਤ ਸਮੇਂ ਜੰਗਲ 'ਚੋਂ ਖੈਰ ਦੇ 7 ਰੁੱਖ ਪੁੱਟ ਕੇ ਖਾਲੀ ਰਕਬੇ ਵਿੱਚ ਆਪਣੇ ਟ੍ਰੈਕਟਰ ਨਾਲ ਤਕਰੀਬਨ 5.5 ਕਨਾਲ ਰਕਬਾ ਵਾਹੀ ਕਰਕੇ ਸਰਕਾਰੀ ਜੰਗਲ ਦੀ ਚਾਰਦੀਵਾਰੀ ਤੋੜ ਨਜਾਇਜ਼ ਕਬਜ਼ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਘਟਨਾ ਤੋਂ ਬਾਅਦ ਜਦੋਂ ਕਰਮਚਾਰੀਆਂ ਵੱ ਦੋਸ਼ੀਆਂ ਨਾਲ ਸੰਪਰਕ ਕਰਕੇ ਇਸ ਦੇ ਨੁਕਸਾਨ ਬਾਰੇ ਪੁੱਛਿਆ ਤਾਂ ਇਨ੍ਹਾਂ ਵਿਅਕਤੀਆਂ ਨੇ ਕਰਮਚਾਰੀਆਂ ਨਾਲ ਗਾਲੀ ਗਲੋਚ ਕਰਦਿਆਂ ਧਮਕੀ ਦਿੰਦੇ ਹੋਏ ਕਿਹਾ ਕਿ ਤੁਸੀਂ ਜੋ ਮਰਜ਼ੀ ਕਰ ਲਓ, ਅਸੀਂ ਇਸੇ ਤਰ੍ਹਾਂ ਸਰਕਾਰੀ ਰੁੱਖ ਕੱਟ ਕੇ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰਾਂਗੇ, ਸਾਨੂੰ ਕਿਸੇ ਦਾ ਡਰ ਨਹੀਂ ਹੈ। ਉਨ੍ਹਾਂ ਵੱਲੋਂ ਸਰਕਾਰੇ ਦਰਬਾਰੇ ਆਪਣਾ ਰਸੂਖ ਹੋਣ ਦੀ ਵੀ ਧੌਂਸ ਦਿੱਤੀ ਗਈ। ਵਿਭਾਗ ਦੇ ਰਿਕਾਰਡ ਅਨੁਸਾਰ ਇਹ ਦੋਸ਼ੀ ਪਹਿਲਾਂ ਤੋਂ ਸਰਕਾਰ ਦਾ ਨੁਕਸਾਨ ਕਰਨ ਦੇ ਆਦੀ ਹਨ ਤੇ ਬਦਮਾਸ਼ ਕਿਸਮ ਦੇ ਰਵੱਈਏ ਲਈ ਮਸ਼ਹੂਰ ਹਨ। ਪੁਲਸ ਵੱਲੋਂ ਇਸ ਸਬੰਧੀ ਸ਼ਿਕਾਇਤ ਮਿਲਣ 'ਤੇ ਮਹਿੰਦਰ ਸਿੰਘ, ਰਜਿੰਦਰ ਸਿੰਘ ਤੇ ਮਨਜੀਤ ਸਿੰਘ ਖਿਲਾਫ਼ ਬੀ.ਐੱਨ.ਸੀ. ਦੀਆਂ ਵੱਖ-ਵੱਖ ਧਾਰਾਵਾਂ ਤੇ ਭਾਰਤੀ ਵਣ ਸੁਰੱਖਿਆ ਐਕਟ 1927 ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਜ਼ਿਲ੍ਹਾ ਪ੍ਰਧਾਨ ਥਾਪੇ ਜਾਣ 'ਤੇ ਰੋਜ਼ੀ ਬਰਕੰਦੀ ਗੁਰਦੁਆਰਾ ਸਾਹਿਬ ਹੋਏ ਨਤਮਸਤਕ

### ਵਾਹਿਗੁਰੂ ਦਾ ਅਦਾ ਕੀਤਾ ਸ਼ੁਕਰਾਨਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜ਼ਿਲ੍ਹਾ ਪ੍ਰਧਾਨ ਥਾਪੇ ਗਏ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਸੀਨੀਅਰ ਲੀਡਰਸ਼ਿਪ ਤੇ ਵਰਕਰਾਂ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਵਾਹਿਗੁਰੂ ਦਾ ਸ਼ੁਕਰਾਨਾ ਅਦਾ ਕੀਤਾ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਤੇ ਸੀਨੀਅਰ ਲੀਡਰਸ਼ਿਪ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਦੇ ਨਾਲ ਹੀ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਵੱਲੋਂ ਜ਼ਿਲ੍ਹੇ ਦੀ ਨਵੀਂ ਟੀਮ ਦਾ ਗਠਨ ਕਰਨ ਦੀ ਸ਼ੁਰੂਆਤ ਵੀ ਕਰ ਦਿੱਤੀ ਗਈ ਹੈ।

ਉਧਰ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਨੇ ਕਿਹਾ ਕਿ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਇੱਕ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਉਹ ਭਰੋਸਾ ਦਿਵਾਉਂਦੇ ਹਨ ਕਿ ਜਿਸ ਤਰ੍ਹਾਂ ਉਹ ਪਿਛਲੇ ਲੰਬੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸੇਵਾ ਕਰਦੇ ਆ ਰਹੇ ਨੇ, ਉਸੇ ਤਰ੍ਹਾਂ ਹੁਣ ਵੀ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਅਦਾ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਨੂੰ ਸਿਖਰਾਂ 'ਤੇ ਲੈ ਕੇ ਜਾਣਗੇ। ਅੰਤ ਵਿੱਚ ਉਨ੍ਹਾਂ ਇੱਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੂਹ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦੇ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਆਪਣੀ ਸਰਕਾਰ ਬਣਾਏਗੀ। ਇਸ ਮੌਕੇ ਸੀਨੀਅਰ ਲੀਡਰਸ਼ਿਪ ਵਿੱਚ ਹੀਰਾ ਸਿੰਘ ਚੜ੍ਹੇਵਾਨ, ਨਵਤੇਜ ਸਿੰਘ ਕਾਉਣੀ ਐੱਸਜੀਪੀਸੀ ਮੈਂਬਰ, ਗੁਰੂ ਹਰਸਹਾਏ ਤੋਂ ਨੋਨੀ ਮਾਨ, ਗੁਰਦੇਵ ਮਾਨ, ਬੀਬੀ ਗੁਰਦਿਆਲ ਕੌਰ ਮੱਲਣ, ਸਾਬਕਾ ਵਿਧਾਇਕ ਹਰਪ੍ਰੀਤ ਸਿੰਘ ਕੋਟਭਾਈ, ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ, ਸਾਬਕਾ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ, ਜ਼ਿਲ੍ਹਾ ਜਨਰਲ ਸਕੱਤਰ ਬਿੰਦਰ ਗੋਨਿਆਣਾ, ਪੂਰਨ ਸਿੰਘ ਲੰਡੇ ਰੋਡੇ, ਗੁਰਦੀਪ ਸਿੰਘ ਮੜਮੱਲੂ, ਸੰਜੀਵ ਧੂੜੀਆ, ਵਰਿੰਦਰ ਸਿੰਘ ਜਵਾਰੇਵਾਲਾ, ਚਾਨਣ ਸਿੰਘ ਮੰਮੂਖੇੜਾ, ਬਗੀਚਾ ਸਿੰਘ ਪ੍ਰਧਾਨ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਬਲਦੇਵ ਸਿੰਘ, ਮਨਿੰਦਰ ਸਿੰਘ ਐਡੀਸ਼ਨਲ ਮੈਨੇਜਰ, ਨਿਰਮਲਜੀਤ ਸਿੰਘ ਐਡੀਸ਼ਨਲ ਮੈਨੇਜਰ, ਸੁਖਦੇਵ ਸਿੰਘ ਮੀਤ ਮੈਨੇਜਰ, ਕੁਲਵੰਤ ਸਿੰਘ ਮੀਤ ਮੈਨੇਜਰ, ਗੁਰਜੀਤ ਸਿੰਘ ਤੋਂ ਇਲਾਵਾ ਵਰਕਿੰਗ ਕਮੇਟੀ ਮੈਂਬਰ ਤੇ ਜ਼ਿਲ੍ਹੇ ਦੇ ਚਾਰ ਹਲਕਿਆਂ ਦੇ ਵਰਕਰ ਮੌਜੂਦ ਸਨ।

## ਪੇਂਡੂ ਔਰਤਾਂ ਤੇ ਕੁੜੀਆਂ ਦੀ ਸਿਹਤ ਤੇ ਪੋਸ਼ਣ 'ਚ ਆਇਆ ਸਾਰਥਿਕ ਬਦਲਾਅ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਗੁਰੂ ਗੋਬਿੰਦ ਸਿੰਘ ਰਿਫਾਇਨਰੀ (ਫੂਲੋਂ ਖਾਲੀ) ਨੇ ਮਮਤਾ ਹੈਲਥ ਇੰਸਟੀਚਿਊਟ ਦੇ ਸਹਿਯੋਗ ਨਾਲ ਪੇਂਡੂ ਭਾਈਚਾਰਿਆਂ ਵਿੱਚ ਸਰਬਪੱਖੀ ਵਿਕਾਸ ਤੇ ਜਾਗਰੂਕਤਾ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਪੰਜਾਬ ਦੇ ਬਠਿੰਡਾ ਜ਼ਿਲ੍ਹੇ ਦੇ 46 ਪਿੰਡਾਂ ਵਿੱਚ ਔਰਤਾਂ ਤੇ ਕਿਸ਼ੋਰ ਲੜਕੀਆਂ ਲਈ ਇੱਕ ਸੰਪੂਰਨ ਸਿਹਤ ਅਤੇ ਪੋਸ਼ਣ ਪ੍ਰੋਗਰਾਮ ਚਲਾਇਆ।ਇਹ ਪਹਿਲ ਔਰਤਾਂ ਤੇ ਕਿਸ਼ੋਰ ਲੜਕੀਆਂ ਨੂੰ ਉਨ੍ਹਾਂ ਦੀ ਸਿਹਤ, ਪੋਸ਼ਣ, ਸਵੱਛਤਾ ਤੇ ਸਵੈ-ਸਸ਼ਕਤੀਕਰਨ ਬਾਰੇ ਸੰਵੇਦਨਸ਼ੀਲ ਬਣਾਉਣ 'ਤੇ ਕੇਂਦਰਤ ਹੈ।ਸ਼ੁਰੂ ਵਿੱਚ ਮਾਹਵਾਰੀ ਸਵੱਛਤਾ ਨਾਲ ਸਬੰਧਤ ਪ੍ਰੋਗਰਾਮ 27 ਪਿੰਡਾਂ ਵਿੱਚ ਸ਼ੁਰੂ ਕੀਤਾ ਗਿਆ ਸੀ, ਜੋ ਹੌਲੀ-ਹੌਲੀ 46 ਪਿੰਡਾਂ ਵਿੱਚ ਫੈਲ ਗਿਆ ਤੇ ਹੁਣ ਇੱਕ ਵਿਆਪਕ ਸਿਹਤ ਅੰਦੋਲਨ ਬਣ ਗਿਆ ਹੈ।ਹੁਣ ਤੱਕ 2,000 ਤੋਂ ਵੱਧ ਔਰਤਾਂ ਤੇ ਕਿਸ਼ੋਰ ਕੁੜੀਆਂ ਨੂੰ ਇਸ ਪ੍ਰੋਗਰਾਮ ਦਾ ਸਿੱਧਾ ਲਾਭ ਮਿਲਿਆ ਹੈ।

ਇਸ ਪ੍ਰੋਜੈਕਟ ਵਿੱਚ ਔਰਤਾਂ ਤੇ ਕਿਸ਼ੋਰ ਕੁੜੀਆਂ ਨੂੰ ਸਿਹਤ ਨਾਲ ਸਬੰਧਤ ਫੈਸਲਿਆਂ ਵਿੱਚ ਸ਼ਾਮਲ ਕਰਨ ਲਈ ਇੰਟਰਐਕਟਿਵ ਵਿਦਿਅਕ ਸੈਸ਼ਨ, ਰੋਲ-ਪਲੇਅ, ਖੇਡ-ਅਧਾਰਤ ਸਿਖਲਾਈ, ਰਸੋਈ ਬਾਗਬਾਨੀ (ਪੋਸ਼ਣ ਵਾਟਿਕਾ) ਤੇ ਚਿੱਤਰਕਾਰੀ ਫਲਿੱਪਬੁੱਕ ਵਰਗੇ ਸਧਾਰਨ, ਪਰ ਪ੍ਰਭਾਵਸ਼ਾਲੀ ਸਾਧਨਾਂ ਦੀ ਵਰਤੋਂ ਕੀਤੀ ਗਈ।ਇਨ੍ਹਾਂ ਸੈਸ਼ਨਾਂ ਦਾ ਮਕਸਦ ਸਿਰਫ ਜਾਣਕਾਰੀ ਦੇਣਾ ਨਹੀਂ ਸੀ ਬਲਕਿ ਉਨ੍ਹਾਂ ਨੂੰ ਜਾਗਰੂਕ ਅਤੇ ਆਤਮ ਨਿਰਭਰ ਬਣਾਉਣਾ ਸੀ।ਇਸ ਮੁਹਿੰਮ ਤਹਿਤ 46 ਪਿੰਡਾਂ ਦੀਆਂ ਆਸ਼ਾ ਤੇ ਆਂਗਣਵਾੜੀ ਵਰਕਰਾਂ ਨੂੰ ਚਾਰ ਬੈਚਾਂ ਵਿੱਚ ਸਿਖਲਾਈ ਦਿੱਤੀ ਗਈ।

ਪ੍ਰੋਗਰਾਮ ਦੇ ਹਿੱਸੇ ਵਜੋਂ ਰਾਸ਼ਟਰੀ ਡੀ-ਵਾਰਮਿੰਗ ਦਿਵਸ 'ਤੇ ਪੰਜ ਪਿੰਡਾਂ ਵਿੱਚ ਜਾਗਰੂਕਤਾ ਪ੍ਰੋਗਰਾਮਾਂ ਸਮੇਤ ਕਈ ਭਾਈਚਾਰਕ ਸਮਾਗਮ ਵੀ ਆਯੋਜਿਤ ਕੀਤੇ ਗਏ, ਜਿਸ ਵਿੱਚ ਬਿਮਾਰੀਆਂ ਦੇ ਕਾਰਨਾਂ ਅਤੇ ਰੋਕਥਾਮ ਬਾਰੇ ਇੰਟਰਐਕਟਿਵ ਗਤੀਵਿਧੀਆਂ ਤੇ ਨਾਟਕ ਪੇਸ਼ ਕੀਤੇ ਗਏ।ਇਨ੍ਹਾਂ ਸੈਸ਼ਨਾਂ ਵਿੱਚ ਔਰਤਾਂ ਤੇ ਕਿਸ਼ੋਰ ਲੜਕੀਆਂ ਨੂੰ ਖੇਡਾਂ, ਕੁਇਜ਼, ਸੱਪ ਤੇ ਪੌੜੀ, ਫਲੈਸ਼ ਕਾਰਡ, ਕਾਮਿਕ ਕਿਤਾਬਾਂ ਅਤੇ ਵੀਡੀਓ ਜ਼ਰੀਏ ਪੋਸ਼ਣ, ਮਾਨਸਿਕ ਸਿਹਤ, ਮਾਹਵਾਰੀ ਦੀ ਸਫਾਈ, ਪਰਿਵਾਰ ਨਿਯੋਜਨ ਅਤੇ ਗੈਰ-ਸੰਚਾਰੀ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ ਗਈ।ਪੱਕਾ ਖੁਰਦ ਦੀ ਆਂਗਣਵਾੜੀ ਵਰਕਰ ਸਰਬਜੀਤ ਕੌਰ ਨੇ ਕਿਹਾ ਕਿ ਪਹਿਲਾਂ ਔਰਤਾਂ ਮਾਹਵਾਰੀ ਬਾਰੇ ਖੁੱਲ੍ਹ ਕੇ ਗੱਲ ਨਹੀਂ ਕਰਦੀਆਂ ਸਨ, ਹੁਣ ਔਰਤਾਂ ਇਸ ਵਿਸ਼ੇ 'ਤੇ ਖੁੱਲ੍ਹ ਕੇ ਗੱਲ ਕਰਦੀਆਂ ਹਨ ਅਤੇ ਸਫਾਈ ਉਤਪਾਦਾਂ ਦੀ ਵਰਤੋਂ ਕਰਦੀਆਂ ਹਨ।31 ਸਾਲਾ ਘਰੇਲੂ ਔਰਤ ਇੰਦਰਜੀਤ ਕੌਰ ਨੇ ਕਿਹਾ ਕਿ ਉਹ ਮਮਤਾ ਤੇ ਐਚਐਮਈਐਲ ਦੇ ਸਹਿਯੋਗ ਨਾਲ ਆਪਣੀ ਖੁਰਾਕ ਵਿੱਚ ਪੋਸ਼ਣ ਦੀ ਮਹੱਤਤਾ ਨੂੰ ਸਮਝਦੀ ਹੈ।ਹੁਣ ਉਹ ਖੁਦ ਸਬਜ਼ੀਆਂ ਉਗਾਉਂਦੇ ਹਨ, ਜਿਸ ਨਾਲ ਉਨ੍ਹਾਂ ਦੇ ਬੱਚਿਆਂ ਦੀ ਸਿਹਤ ਵਿੱਚ ਸੁਧਾਰ ਹੋਇਆ ਹੈ ਤੇ ਘਰੇਲੂ ਖਰਚੇ ਵੀ ਘੱਟ ਹੋਏ ਹਨ।20 ਸਾਲਾ ਵਿਦਿਆਰਥਣ ਸੁਮਨਦੀਪ ਕੌਰ ਨੇ ਕਿਹਾ ਕਿ ਉਹ ਪਹਿਲਾਂ ਪੋਸ਼ਣ ਜਾਂ ਮਾਹਵਾਰੀ ਬਾਰੇ ਜ਼ਿਆਦਾ ਨਹੀਂ ਜਾਣਦੀ ਸੀ, ਪਰ ਜਦੋਂ ਮਮਤਾ ਤੇ ਐਚਐਮਈਐਲ ਦੀ ਟੀਮ ਨੇ ਇਨ੍ਹਾਂ ਵਿਸ਼ਿਆਂ 'ਤੇ ਵਿਸ਼ਵਾਸ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਨ੍ਹਾਂ ਵਿਸ਼ਿਆਂ ਬਾਰੇ ਖੁੱਲ੍ਹ ਕੇ ਗੱਲ ਕਰਨਾ ਜ਼ਰੂਰੀ ਸੀ।

## ਅਨਮੋਲ ਕੌਰ ਵੱਲੋਂ ਤਿੰਨ ਗੋਲਡ ਤੇ ਇੱਕ ਕਾਂਸੇ ਦਾ ਤਮਗਾ ਫੁੰਡਣ 'ਤੇ ਹਲਕੇ ਨੂੰ ਮਾਣ : ਗਿਆਸਪੁਰਾ



**ਦੋਰਾਹਾ (ਹਰਮਿੰਦਰ ਸੇਠ)**

ਏ ਐਸ ਆਈ ਅਨਮੋਲ ਕੌਰ ਪੁੱਤਰੀ ਹਰਜਿੰਦਰ ਸਿੰਘ ਦੀ ਪੁੱਤਰੀ, ਜੋ ਪੁਲਸ ਵਿਭਾਗ ਵਿੱਚ ਜਲੰਧਰ ਵਿਖੇ ਤਾਇਨਾਤ ਹੈ, ਨੇ ਵਰਲਡ ਪੁਲਸ ਐਂਡ ਫਾਇਰ ਖੇਡਾਂ 2025, ਯੂਐਸਏ 'ਚ ਤਿੰਨ ਗੋਲਡ ਮੈਡਲ ਅਤੇ ਇਕ ਕਾਂਸ਼ੀ ਦਾ ਤਮਗਾ ਫੁੰਡਣ 'ਤੇ ਹਲਕੇ ਨੂੰ ਮਾਣ ਵਧਾਇਆ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਇਸ ਬੇਟੀ ਦਾ ਸਨਮਾਨ ਕਰਦਿਆਂ ਕੀਤਾ।ਉਨ੍ਹਾਂ ਬੇਟੀ ਦੇ ਦੋਰਾਹਾ ਸਥਿਤ ਗ੍ਰਹਿ ਵਿਖੇ ਸਨਮਾਨ ਕਰਦਿਆਂ ਕਿਹਾ ਕਿ ਮਾਪਿਆਂ ਨੂੰ ਧੀਆਂ ਪ੍ਰਤੀ ਉਦਾਰਤਾ ਨਾਲ ਸਮਾਜ ਵਿੱਚ ਵਿਚਰਨ ਦਾ ਮੌਕਾ ਪ੍ਰਦਾਨ ਕਰਨਾ ਚਾਹੀਦਾ ਹੈ।ਧੀਆਂ ਹਰ ਖੇਤਰ ਵਿੱਚ ਮਰਦਾਂ ਦੇ ਬਰਾਬਰ ਭਾਗ ਲੈ ਕੇ ਸਿਆਣੇ ਪੁੱਤ ਦਾ ਰੋਲ਼ ਅਦਾ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਦੋਰਾਹਾ ਪਹੁੰਚਣ 'ਤੇ ਅਨਮੋਲ ਕੌਰ ਦਾ ਸਨਮਾਨ ਕਰਕੇ ਮੈਨੂੰ ਬੇਹੱਦ ਮਾਣ ਹੋਇਆ।

ਇਹ ਸਿਰਫ ਅਨਮੋਲ ਦੀ ਜਿੱਤ ਨਹੀਂ, ਸਾਡੀ ਪੂਰੀ ਕੌਮ ਦੀ ਜਿੱਤ ਹੈ, ਸਾਡੀਆਂ ਕੁੜੀਆਂ ਵੀ ਹਰ ਖੇਤਰ ਵਿੱਚ ਅੱਗੇ ਹਨ।ਵਰਲਡ ਪੁਲਸ ਐਂਡ ਫਾਇਰ ਖੇਡਾਂ 2025, ਯੂਐਸਏ 'ਚ ਅਨਮੋਲ ਕੌਰ ਨੇ ਹੈਮਰ ਥਰੋ, ਡਿਸਕਸ ਅਤੇ ਸ਼ਾਟਪੁੱਟ ਵਿੱਚ ਗੋਲਡ ਮੈਡਲ ਤੇ ਜੈਵਲਿਨ ਵਿੱਚ ਬ੍ਰਾਂਜ਼ ਮੈਡਲ ਜਿੱਤ ਕੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਹੈ।ਮੈਡਲ ਜਿੱਤ ਕੇ ਦੋਰਾਹਾ ਪੁੱਜੀ ਏ ਐਸ ਆਈ ਅਨਮੋਲ ਕੌਰ ਨੇ ਕਿਹਾ ਕਿ ਮੈਨੂੰ ਆਪਣੇ ਪਿਤਾ ਤੇ ਪਤੀ ਪਰਵਾਰ ਤੋਂ ਬਹੁਤ ਸਹਿਯੋਗ ਮਿਲਿਆ, ਜਿਸ ਕਰਕੇ ਮੈਂ ਮਾਣਮੱਤੀ ਪ੍ਰਾਪਤੀ ਕੀਤੀ ਹੈ।

## ਸਲਾਈਟ ਲੌਂਗੋਵਾਲ 'ਚ ਆਈ ਐਸ-ਆਰ ਆਈ ਏ-2025 ਆਯੋਜਿਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਲੌਂਗੋਵਾਲ ਦੇ ਕੈਮੀਕਲ ਇੰਜੀਨੀਅਰਿੰਗ ਵਿਭਾਗ ਵੱਲੋਂ ਉਦਯੋਗਿਕ ਸੁਰੱਖਿਆ- ਖ਼ਤਰੇ ਦੀ ਪਛਾਣ ਤੇ ਮੁਲਾਂਕਣ ਲਈ ਸੰਦ ਅਤੇ ਤਕਨੀਕਾਂ (ਆਈ.ਐਸ-ਆਰ.ਆਈ.ਏ.-2025) ਵਿਸ਼ੇ 'ਤੇ ਇੱਕ ਹਫਤੇ ਦਾ ਵੱਡਾ ਫੈਕੇਲਟੀ ਵਿਕਾਸ ਕਾਰਜਕ੍ਰਮ (ਐਫ.ਡੀ.ਪੀ) ਤੇ ਛੋਟੇ ਸਮੇਂ ਦੀ ਟ੍ਰੇਨਿੰਗ ਪ੍ਰੋਗਰਾਮ (ਐਸ.ਟੀ.ਟੀ.ਪੀ.) ਦੀ ਸ਼ੁਰੂਆਤ ਹਾਈਬ੍ਰਿਡ ਮੋਡ ਵਿੱਚ ਕੀਤੀ ਗਈ ਸੀ।ਉਦਘਾਟਨੀ ਸਮਾਰੋਹ ਦੀ ਅਗਵਾਈ ਮੁੱਖ ਮਹਿਮਾਨ ਪ੍ਰੋ. ਮਣੀ ਕਾਂਤ ਪਸਵਾਨ, ਨਿਰਦੇਸ਼ਕ ਸਲਾਈਟ ਨੇ ਕੀਤੀ।

ਉਨ੍ਹਾਂ ਆਧੁਨਿਕ ਇੰਜਨੀਅਰਿੰਗ ਅਤੇ ਟੈਕਨੋਲੋਜੀਕਲ ਪ੍ਰਣਾਲੀਆਂ ਵਿੱਚ ਉਦਯੋਗਿਕ ਸੁਰੱਖਿਆ ਦੇ ਵਧਦੇ ਮਹੱਤਵ 'ਤੇ ਜ਼ੋਰ ਦਿੱਤਾ ਅਤੇ ਭਾਗੀਦਾਰਾਂ ਨੂੰ ਨਵੀਨਤਮ ਅਤੇ ਵਿਸ਼ਲੇਸ਼ਣਾਤਮਕ ਢੰਗ ਅਪਣਾਉਣ ਲਈ ਉਤਸ਼ਾਹਤ ਕੀਤਾ।ਵਿਸ਼ੇਸ਼ ਮਹਿਮਾਨ ਡੀਨ (ਅਕਾਦਮਿਕ) ਪ੍ਰੋ. ਏ. ਐਸ. ਸ਼ਾਹੀ ਨੇ ਵੀ ਸ਼ਿਰਕਤ ਕੀਤੀ।ਉਨ੍ਹਾਂ ਵਿੱਦਿਅਕ ਤੇ ਪੇਸ਼ੇਵਰ ਪੱਧਰ 'ਤੇ ਢਾਂਚਾਗਤ ਸੁਰੱਖਿਆ ਸਿੱਖਿਆ ਦੀ ਲੋੜ ਨੂੰ ਉਜਾਗਰ ਕੀਤਾ ਤੇ ਵਿਭਾਗ ਵੱਲੋਂ ਇੰਜਨੀਅਰੀ ਤੇ ਉਦਯੋਗਿਕ ਤਾਲਮੇਲ ਵਾਲੀ ਇਸ ਕੋਸ਼ਿਸ਼ ਦੀ ਪ੍ਰਸ਼ੰਸਾ ਕੀਤੀ।ਸਮਾਰੋਹ ਵਿੱਚ ਸੰਸਥਾ ਦੇ ਕਈ ਉੱਚ ਅਧਿਕਾਰੀਆਂ ਪ੍ਰੋ. ਸੁਰਿੰਦਰ ਸਿੰਘ (ਡੀਨ ਰਿਸਰਚ ਅਤੇ ਕਨਸਲਟੈਂਸੀ), ਪ੍ਰੋ. ਕਮਲੇਸ਼ ਕੁਮਾਰੀ (ਡੀਨ ਪਲੈਨਿੰਗ ਤੇ ਡਿਵੈਲਪਮੈਂਟ), ਪ੍ਰੋ. ਕਮਲੇਸ਼ ਪ੍ਰਸਾਦ (ਡੀਨ ਫੈਕਲਟੀ ਅਤੇ ਸਟਾਫ ਵੈਲਫੇਅਰ), ਪ੍ਰੋ. ਵਿਕਾਸ ਨੰਦਾ (ਹੁਡ, ਫੂਡ ਇੰਜੀਨੀਅਰਿੰਗ ਐਂਡ ਟੈਕਨੋਲੋਜੀ) ਤੇ ਪ੍ਰੋ. ਐਚ.ਆਰ. ਘਟਕ (ਹੁਡ, ਕੈਮੀਕਲ ਇੰਜਨੀਅਰਿੰਗ) ਨੇ ਹਾਜ਼ਰੀ ਦਿੱਤੀ ਤੇ ਨਾਲ ਹੀ ਵਿੱਦਿਅਕ ਅਧਿਆਪਕ, ਰਿਸਰਚ ਸਕਾਲਰ, ਵਿਦਿਆਰਥੀ, ਉਦਯੋਗਿਕ ਪੇਸ਼ੇਵਰ ਅਤੇ ਆਮੰਤਰਿਤ ਵਿਸ਼ੇਸ਼ ਮਹਿਮਾਨ ਵੀ ਮੌਜੂਦ ਸਨ।ਆਈ.ਐਸ-ਆਰ.ਆਈ.ਏ.-2025 ਦੇ ਕੋਆਰਡੀਨੇਟਰ ਡਾ. ਅਮਿਤ ਰਾਇ ਨੇ ਮਹਿਮਾਨਾਂ ਦਾ ਸਵਾਗਤ ਕੀਤਾ।ਸਮਾਰੋਹ ਦੇ ਸੰਚਾਲਕ ਤੇ ਆਈ.ਐਸ-ਆਰ.ਆਈ.ਏ.-2025 ਦੇ ਕਨਵੀਨਰ ਪ੍ਰੋ. ਐਚ. ਆਰ. ਘਾਟਕ ਨੇ ਕਾਰਜਕ੍ਰਮ ਦੀ ਰੂਪਰੇਖਾ ਪੇਸ਼ ਕੀਤੀ।ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ ਭਾਗੀਦਾਰਾਂ ਨੂੰ ਜ਼ੋਖ਼ਮ ਮੁਲਾਂਕਣ, ਖ਼ਤਰੇ ਦੀ ਪਛਾਣ (ਐਚ.ਏ.ਜੈਡ.ਓ.ਪੀ, ਐਫ.ਐਮ.ਈ.ਏ., ਫ਼ਜ਼ੀ ਲੌਜਿਕ), ਫਾਲਟ ਤੇ ਇਵੈਂਟ ਟਰੀ ਵਿਸ਼ਲੇਸ਼ਣ, ਸੇਫਟੀ ਆਡਿਟ ਤੇ ਹਿਊਮਨ ਐਰਰ ਮੁਲਾਂਕਣ ਲਈ ਆਧੁਨਿਕ ਤਕਨੀਕਾਂ ਨਾਲ ਲੈੱਸ ਕਰਨ ਦੀ ਕੋਸ਼ਿਸ਼ ਹੈ।ਇਸ ਦੌਰਾਨ ਆਈਆਈਟੀ, ਐਨਆਈਟੀ, ਸੀਐਫਟੀਆਈ, ਨੈਸ਼ਨਲ ਲੇਬਰ ਇੰਸਟੀਚਿਊਟ ਤੇ ਉਦਯੋਗਾਂ ਤੋਂ ਆਏ ਵਿਸ਼ੇਸ਼ ਅਧਿਕਾਰੀਆਂ ਵੱਲੋਂ ਲੈਕਚਰ ਲਏ ਜਾਣਗੇ।ਇਸ ਦੌਰਾਨ ਦੇਸ਼ ਭਰ ਤੋਂ ਲਗਭਗ 125 ਭਾਗੀਦਾਰਾਂ ਨੇ ਇਸ ਹਾਈਬ੍ਰਿਡ ਮੋਡ ਪ੍ਰੋਗਰਾਮ ਲਈ ਆਪਣਾ ਨਾਂਅ ਦਰਜ ਕਰਾਇਆ ਹੈ, ਜੋ ਅਕਾਦਮਿਕ, ਰਿਸਰਚ ਅਤੇ ਉਦਯੋਗਿਕ ਖੇਤਰਾਂ ਨਾਲ ਸਬੰਧਤ ਹਨ।

## ਖੁੱਡੀਆਂ ਵੱਲੋਂ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ



**ਲੰਬੀ/ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨ ਦੀ ਰਸਮ ਅਦਾ ਕੀਤੀ। ਕੈਬਨਿਟ ਮੰਤਰੀ ਖੁੱਡੀਆਂ ਪਿੰਡ ਭਾਈ ਕੇ ਕੇਰਾ ਵਿਖੇ ਹੈਲਥ ਵੈਲਨੈਸ ਸੈਂਟਰ, ਪਿੰਡ ਖੇਮਾਖੇੜਾ ਵਿਖੇ ਆਂਗਣਵਾੜੀ ਸੈਂਟਰ ਅਤੇ ਢਾਣੀ ਤੇਲੀਆਂ 'ਚ ਨਿਕਾਸੀ ਪਾਈਪਲਾਈਨ ਦੇ ਪ੍ਰੋਜੈਕਟ ਲੋਕ ਅਰਪਿਤ ਕੀਤੇ ਗਏ। ਮੰਤਰੀ ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਲੋੜ ਮੁਤਾਬਕ ਵਿਕਾਸ ਪ੍ਰੋਜੈਕਟ ਉਲੀਕੇ ਜਾ ਰਹੇ ਹਨ ਤਾਂ ਜੁ ਲੋਕਾਂ ਦਾ ਪੈਸਾ ਸਹੀ ਢੰਗ ਨਾਲ ਵਰਤਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਪਿੰਡਾਂ ਵਿੱਚ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਦੂਰ ਕਰਨ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਉਹ ਸਮੇਂ-ਸਮੇਂ 'ਤੇ ਪਿੰਡਾਂ ਦੇ ਵਿਕਾਸ ਲਈ ਅਜਿਹੇ ਪ੍ਰੋਜੈਕਟਾਂ ਨੂੰ ਪੜਾਅਵਾਰ ਅਮਲੀ ਜਾਮਾ ਪਹਿਨਾ ਰਹੇ ਹਨ ਤਾਂ ਜੋ ਲੋਕਾਂ ਦੀ ਸੇਵਾ ਕੀਤੀ ਜਾ ਸਕੇ।

## ਅੰਮ੍ਰਿਤਪਾਲ ਕੌਰ ਨੇ ਹੈਲਥ ਸੁਪਰਵਾਈਜ਼ਰ ਦਾ ਅਹੁਦਾ ਸੰਭਾਲਿਆ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਮਲਟੀਪਰਪਜ਼ ਹੈਲਥ ਵਰਕਰ ਫੀਮੇਲ ਤੋਂ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਫੀਮੇਲ ਦੀਆਂ ਕੀਤੀਆਂ ਗਈਆਂ ਪਦਉਨਤੀਆਂ 'ਚ ਸਬ ਸੈਂਟਰ ਮੁਬਾਰਕਪੁਰ ਤੋਂ ਪਦਉਨਤ ਹੋਏ ਅੰਮ੍ਰਿਤਪਾਲ ਕੌਰ ਨੇ ਆਰ ਐਚ ਕੁਠਾਲਾ ਵਿਖੇ ਆਪਣਾ ਅਹੁਦਾ ਸੰਭਾਲ ਲਿਆ ਹੈ।ਇਸ ਮੌਕੇ ਮਾਰਕੀਟ ਕਮੇਟੀ ਸੰਦੌੜ ਦੇ ਚੇਅਰਮੈਨ ਕਰਮਜੀਤ ਸਿੰਘ ਕੁਠਾਲਾ, ਐਡਵੋਕੇਟ ਹਰਨੇਕ ਸਿੰਘ, ਫੀਲਿੰਗ ਸਟੇਸ਼ਨ ਕੁਠਾਲਾ ਦੇ ਐੱਮ ਡੀ ਇੰਜ: ਗੁਰਿੰਦਰਜੀਤ ਸਿੰਘ, ਮੈਡੀਕਲ ਅਫਸਰ ਡਾ. ਕਾਜ਼ਮ ਮੁਹੰਮਦ, ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਦੇ ਬਲਾਕ ਪ੍ਰਧਾਨ ਰਾਜੇਸ਼ ਰਿਖੀ ਪੰਜਗਰਾਈਆਂ, ਹਰਪ੍ਰੀਤ ਕੌਰ ਬੀ ਈ ਈ, ਹੈਲਥ ਸੁਪਰਵਾਈਜ਼ਰ ਚਰਨਜੀਤ ਕੌਰ, ਸਤਿੰਦਰ ਸਿੰਘ, ਹਰਭਜਨ ਸਿੰਘ, ਹਰਭਗਵਾਨ ਸਿੰਘ, ਨਿਰਭੈ ਸਿੰਘ, ਮੁਹੰਮਦ ਫੈਜ਼ਲ ਸਮੇਤ ਸਟਾਫ ਮੈਂਬਰ ਹਾਜ਼ਰ ਸਨ।

## ਕਿਸਾਨਾਂ ਨੇ ਮਾਨ ਸਰਕਾਰ ਦਾ ਪੁਤਲਾ ਫੂਕਿਆ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਕਿਸਾਨ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਆਗੂ ਧਰਮ ਸਿੰਘ ਸਿੱਧੂ ਤੇ ਜ਼ੋਨ ਪ੍ਰਧਾਨ ਗੁਰਬਖਸ਼ ਸਿੰਘ ਦੀ ਅਗਵਾਈ ਵਿੱਚ ਗੋਲੂ ਕਾ ਮੋੜ ਵਿਖੇ ਭਗਵੰਤ ਮਾਨ ਸਰਕਾਰ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਕਿਸਾਨਾਂ ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ ਗਈ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਮੰਗਲ ਸਿੰਘ ਗੁੱਦੜ ਢੰਡੀ ਤੇ ਹੋਰ ਕਿਸਾਨਾਂ ਨੇ ਦੱਸਿਆ ਕਿ ਬੀਤੇ ਦਿਨ ਜ਼ਿਲ੍ਹਾ ਗੁਰਦਾਸਪੁਰ ਵਿਖੇ ਪੰਜਾਬ ਪੁਲਸ ਵੱਲੋਂ ਨਿਹੱਥੇ ਕਿਸਾਨਾਂ 'ਤੇ ਤਸ਼ੱਦਦ ਕਰਕੇ ਕੇਂਦਰ ਦੀ ਕਠਪੁਤਲੀ ਬਣ ਕੇ ਬਿਨਾਂ ਮੁਆਵਜ਼ਾ ਦਿੱਤੇ ਕਿਸਾਨਾਂ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਹੈ, ਪਰ ਕਿਸਾਨਾਂ ਦੇ ਜੁਝਾਰੂ ਲੋਕ ਇਹ ਧੱਕਾ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ ਤੇ ਆਉਂਦੇ ਦਿਨਾਂ 'ਚ ਵੱਡਾ ਅੰਦੋਲਨ ਕਰ ਕੇ ਸਰਕਾਰ ਦੇ ਨੱਕ ਵਿੱਚ ਦਮ ਕਰਕੇ ਜ਼ਮੀਨਾਂ ਦਾ ਪੂਰਾ ਮੁਆਵਜ਼ਾ ਲੈ ਕੇ ਹਾਈਵੇ ਲਈ ਜ਼ਮੀਨ ਦਿੱਤੀ ਜਾਵੇਗੀ।ਇਸ ਮੌਕੇ ਮੇਜਰ ਸਿੰਘ, ਮੰਗਲ ਸਿੰਘ, ਸਤਨਾਮ ਸਿੰਘ, ਅਵਤਾਰ ਸਿੰਘ, ਪਿਆਰਾ ਸਿੰਘ, ਮਿਹਰ ਸਿੰਘ, ਗੁਰਬਖਸ਼ ਸਿੰਘ, ਬਿੰਦਰ ਸਿੰਘ ਆਦਿ ਕਿਸਾਨ ਹਾਜ਼ਰ ਸਨ।

## ਪਾਰਸ ਸ਼ਰਮਾ ਦਾ ਡਾਕਟਰ ਸੁੱਖੀ ਤੇ ਸਾਥੀਆਂ ਵੱਲੋਂ ਸਨਮਾਨ



**ਸਮਾਣਾ (ਗੁਰਪ੍ਰਸਾਦ ਸਿੰਘ ਬੱਲ)**-ਪੰਜਾਬ ਯੂਥ ਡਿਵੈਲਪਮੈਂਟ ਬੋਰਡ ਦੇ ਨਵੇਂ ਬਣੇ ਡਾਇਰੈਕਟਰ ਪਾਰਸ ਸ਼ਰਮਾ ਦਾ ਸਥਾਨਕ ਅਰਗਮੈਨ ਚੌਕ ਵਿਖੇ ਪਹੁੰਚਣ 'ਤੇ ਡਾ. ਸੁੱਖੀ (ਸੁੱਖੀ ਮੈਡੀਕੋਜ਼), ਲਖਵਿੰਦਰ ਸਿੰਘ ਜਵੰਦਾ, ਡਾ. ਮਨੋਜ ਗੁਲਾਟੀ ਤੇ ਸਾਥੀਆਂ ਵੱਲੋਂ ਹਾਰ ਪਾ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪਾਰਸ ਸ਼ਰਮਾ ਨੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਲਈ ਲਗਾਤਾਰ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਨੂੰ ਵੱਧ ਤੋਂ ਵੱਧ ਖੁਸ਼ਹਾਲ ਵੇਖਣਾ ਚਾਹੁੰਦੇ ਹਨ।ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਰੇ ਪੰਜਾਬੀਆਂ ਲਈ 10 ਲੱਖ ਦਾ ਮੁਫਤ ਇਲਾਜ ਬੀਮਾ ਯੋਜਨਾ ਸ਼ੁਰੂ ਕੀਤੀ ਗਈ ਹੈ, ਜੋ ਪੰਜਾਬੀ ਪੰਜਾਬੀਆਂ ਲਈ ਬਹੁਤ ਲਾਹੇਵੰਦ ਸਕੀਮ ਹੈ, ਜਿਸ ਦਾ ਗਰੀਬ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ।ਉਨ੍ਹਾ ਕਿਹਾ ਕਿ ਪੰਜਾਬ ਦੇ ਜੂਥ ਨੂੰ ਖੇਡਾਂ ਪ੍ਰਤੀ ਪ੍ਰੇਰਿਤ ਕਰਨ ਲਈ ਪਿੰਡਾਂ ਤੇ ਸ਼ਹਿਰਾਂ ਵਿੱਚ ਯੂਥ ਕਲੱਬ ਬਣਾਏ ਜਾਣਗ, ਜਿਨ੍ਹਾਂ ਨੂੰ ਖੇਡਾਂ ਦਾ ਸਾਮਾਨ ਵੀ ਮੁਹੱਈਆ ਕਰਵਾਇਆ ਜਾਵੇਗਾ ਤਾਂ ਜੋ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਵੱਲ ਪ੍ਰੇਰਿਤ ਕੀਤਾ ਜਾ ਸਕੇ।

## ਕੁੱਲ ਹਿੰਦ ਕਿਸਾਨ ਸਭਾ ਵੱਲੋਂ ਹੜਤਾਲ ਦੇ ਸਮਰਥਨ 'ਚ ਰੋਸ ਪ੍ਰਦਰਸ਼ਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿੰਡ ਝੜੌਦੀ ਵਿਖੇ ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਸਮਰਾਲਾ ਵੱਲੋਂ ਪ੍ਰਧਾਨ ਨਿੱਕਾ ਸਿੰਘ ਖੇੜਾ ਦੀ ਅਗਵਾਈ 'ਚ ਦੇਸ਼ ਭਰ ਦੇ ਕਿਰਤੀਆਂ ਵੱਲੋਂ ਦੇਸ਼ ਵਿਆਪੀ ਹੜਤਾਲ ਦੇ ਸੱਦੇ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਕਾਮਰੇਡ ਨਿੱਕਾ ਸਿੰਘ ਖੇੜਾ ਨੇ ਕਿਹਾ ਕਿ ਕੇਂਦਰ ਸਰਕਾਰ ਕਿਰਤੀ ਤੇ ਮਜ਼ਦੂਰਾਂ ਦੀ ਅੰਨ੍ਹੀਂ ਲੁੱਟ ਕਰ ਰਹੀ ਹੈ ਅਤੇ ਦੇਸ਼ ਦੇ ਕਿਰਤੀ ਵਰਗ ਵੱਲੋਂ ਸੰਘਰਸ਼ ਕਰਕੇ ਖਤਮ ਕਰਵਾਏ ਚਾਰ ਲੇਬਰ ਕੋਡ ਨੂੰ ਮੁੜ ਲਾਗੂ ਕਰ ਰਹੀ ਹੈ, ਜਿਸ ਵਿੱਚ 8 ਘੰਟੇ ਦੀ ਬਜਾਏ 12 ਘੰਟੇ ਮਜ਼ਦੂਰੀ ਸਮਾਂ ਤੈਅ ਕੀਤਾ ਗਿਆ ਹੈ, ਜੋ ਮਜ਼ਦੂਰਾਂ ਦਾ ਸਿੱਧੇ ਤੌਰ 'ਤੇ ਸ਼ੋਸ਼ਣ ਹੈ। ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ 4 ਲੇਬਰ ਕੋਡ ਕਾਨੂੰਨ ਨੂੰ ਵਾਪਸ ਲਵੇ ਤੇ ਪਹਿਲਾਂ ਤੋਂ ਚੱਲ ਰਹੇ ਮਜ਼ਦੂਰ ਪੱਖੀ ਕਾਨੂੰਨਾਂ ਨੂੰ ਬਹਾਲ ਕਰੇ ਅਤੇ ਲੈਂਡ ਪੂਲਿੰਗ ਸਕੀਮ ਰੱਦ ਕਰੇ। ਪ੍ਰਧਾਨ ਖੇੜਾ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਲਗਾਤਾਰ ਲੋਕ ਵਿਰੋਧੀ ਨੀਤੀਆਂ ਲਾਗੂ ਕਰ ਰਹੀਆਂ ਹਨ, ਜਿਸ ਖਿਲਾਫ਼ ਦੇਸ਼ ਦੇ ਮਿਹਨਤਕਸ਼ ਲੋਕ ਲਗਾਤਾਰ ਸੰਘਰਸ਼ ਕਰ ਰਹੇ ਹਨ। ਇਸ ਮੌਕੇ ਹਰਦੇਵ ਸਿੰਘ ਬਾਗ, ਪ੍ਰਕਾਸ਼ ਸਿੰਘ ਉਦੋਵਾਲ, ਅਸ਼ੋਕ ਖੇੜਾ, ਬਾਬੂ ਸਿੰਘ ਝੜੌਦੀ, ਜਸਪਾਲ ਸਿੰਘ ਲੁਬਾਣਗੜ੍ਹ, ਬਲਕਾਰ ਸਿੰਘ ਜੁਲਫ਼ਗੜ੍ਹ, ਜਗਦੀਪ ਸਿੰਘ ਲੱਖੋਵਾਲ, ਸ਼ਾਮ ਸਿੰਘ ਰੁੜੇਵਾਲ, ਧਰਮਵੀਰ ਸਿੰਘ ਬੁੱਲੇਵਾਲ, ਮੰਗਤ ਮਾਛੀਵਾੜਾ ਸਾਹਿਬ, ਹਰਜੀਤ ਸਿੰਘ ਬੁੱਲੇਵਾਲ, ਜਸਨਦੀਪ ਸਿੰਘ, ਵਰਿੰਦਰ ਸਿੰਘ, ਰਣਜੀਤ ਸਿੰਘ, ਜਸਵਿੰਦਰ ਸਿੰਘ, ਅਨਮੋਲ ਬਾਗ, ਗੁਰਜੀਤ ਸਿੰਘ, ਛਿੰਦਰਪਾਲ ਸਿੰਘ, ਬਲਕਾਰ ਸਿੰਘ, ਚਤਰ ਸਿੰਘ, ਰਾਹੁਲ ਕੁਮਾਰ, ਚੰਦਨ ਮੋਹਨ ਮੌਜੂਦ ਸਨ।

## ਤਲਵੰਡੀ ਭੰਗੇਰੀਆਂ ਪਾਰਟੀ ਦੇ ਟਕਸਾਲੀ ਆਗੂ : ਸੰਨੀ ਗਿੱਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜਿੱਥੇ ਸਮੁੱਚੇ ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਹੈ, ਉਥੇ ਉਨ੍ਹਾਂ ਵੱਲੋਂ ਟਕਸਾਲੀ ਆਗੂ ਨਿਹਾਲ ਸਿੰਘ ਭੁੱਲਰ ਤਲਵੰਡੀ ਭੰਗੇਰੀਆਂ ਨੂੰ ਮੋਗਾ ਜ਼ਿਲ੍ਹੇ ਦਾ ਪ੍ਰਧਾਨ ਨਿਯੁਕਤ ਕਰਨ ਨਾਲ ਸਮੁੱਚੇ ਅਕਾਲੀ ਦਲ ਖੇਮੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਤੇ ਉਨ੍ਹਾਂ ਦੀ ਨਿਯੁਕਤੀ 'ਤੇ ਉਹ ਆਪਣੇ ਵੱਲੋਂ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਦੇ ਹਨ।ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।ਉਨ੍ਹਾ ਕਿਹਾ ਕਿ ਨਿਹਾਲ ਸਿੰਘ ਤਲਵੰਡੀ ਭੰਗੇਰੀਆਂ ਪਾਰਟੀ ਦੇ ਉਨ੍ਹਾਂ ਆਗੂਆਂ ਵਿੱਚ ਆਉਂਦੇ ਹਨ, ਜਿਨ੍ਹਾਂ ਦਾ ਪਾਰਟੀ ਵਿੱਚ ਹੀ ਨਹੀਂ ਸਗੋਂ ਉਹ ਲੋਕ ਮਨਾਂ ਦੇ ਵੀ ਆਗੂ ਹਨ। ਉਨ੍ਹਾਂ ਦੇ ਜ਼ਿਲ੍ਹਾ ਪ੍ਰਧਾਨ ਬਣਨ ਨਾਲ ਜ਼ਿਲ੍ਹੇ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤੀ ਮਿਲੇਗੀ। ਸੰਨੀ ਗਿੱਲ ਨੇ ਇਸ ਮੌਕੇ ਨਿਹਾਲ ਸਿੰਘ ਤਲਵੰਡੀ ਭੰਗੇਰੀਆਂ ਨੂੰ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਮੁਬਾਰਕਬਾਦ ਦਿੱਤੀ।

## ਇੱਕ ਰੁੱਖ ਮਾਂ ਦੇ ਨਾਂਅ ਮੁਹਿੰਮ ਤਹਿਤ ਪੌਦੇ ਲਗਾਏ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਯੂਨੀਵਰਸਲ ਕਾਲਜ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਇੱਕ ਰੁੱਖ ਮਾਂ ਦੇ ਨਾਮ ਮੁਹਿੰਮ ਤਹਿਤ ਪਿੰਡ ਕਰਤਾਰਪੁਰ ਵਿਖੇ ਪੌਦੇ ਲਗਾਏ ਗਏ।ਇਸ ਮੁਹਿੰਮ ਦੀ ਸ਼ੁਰੂਆਤ ਇੰਜੀਨੀਅਰ ਇੰਦਰਜੀਤ ਸਿੰਘ ਐਕਸੀਅਨ ਪਾਵਰਕਾਮ ਪਾਤੜਾਂ, ਭਗਵਾਨ ਸ਼ਰਮਾ ਐੱਸਡੀਓ ਪਾਵਰਕਾਮ ਪਾਤੜਾਂ ਨੇ ਪੌਦੇ ਲਗਾ ਕੇ ਕੀਤੀ ਗਈ।ਕਾਲਜ ਮੈਨੇਜਮੈਂਟ ਦੇ ਚੇਅਰਮੈਨ ਬਲਜੀਤ ਸਿੰਘ, ਵਾਈਸ ਚੇਅਰਮੈਨ ਵੀਰਇੰਦਰ ਸਿੰਘ ਧਾਲੀਵਾਲ ਤੇ ਸੈਕਟਰੀ ਪਰਮਿੰਦਰ ਸਿੰਘ ਘੱਗਾ ਵੱਲੋਂ ਮੌਕੇ 'ਤੇ ਪਹੁੰਚੇ ਮਹਿਮਾਨਾਂ ਦਾ ਸਵਾਗਤ ਕੀਤਾ।ਇਸ ਦੇ ਨਾਲ ਹੀ ਬੱਚਿਆਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਇਹ ਸਾਨੂੰ ਛਾਂ ਤੇ ਆਕਸੀਜਨ ਪ੍ਰਦਾਨ ਕਰਦੇ ਹਨ।ਹਰ ਇਨਸਾਨ ਨੂੰ ਜ਼ਿੰਦਗੀ ਵਿੱਚ ਇੱਕ ਰੁੱਖ ਤਾਂ ਜ਼ਰੂਰ ਲਗਾਉਣਾ ਚਾਹੀਦਾ ਹੈ।ਇਸ ਦੇ ਨਾਲ ਹੀ ਵਿਦਿਆਰਥੀਆਂ ਨੇ 150 ਦੇ ਕਰੀਬ ਪੌਦੇ ਲਗਾਏ।ਕਾਲਜ ਦੇ ਡਾਇਰੈਕਟਰ ਡਾ. ਅਮਰੀਸ਼ ਧਵਨ ਤੇ ਪ੍ਰਿੰਸੀਪਲ ਯਾਦਵਿੰਦਰ ਸਿੰਘ ਵੱਲੋਂ ਸਮੂਹ ਸਟਾਫ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

# ਕੇਂਦਰ ਨੇ ਗਰੀਬ ਤੇ ਮੱਧ ਵਰਗੀ ਲੋਕਾਂ ਨੂੰ ਸੌਖੇ ਕਰਨ ਲਈ ਕੋਈ ਨੀਤੀ ਨਹੀਂ ਘੜੀ : ਡਾ. ਇੰਦਰਵੀਰ ਗਿੱਲ

### ਪਬਲਿਕ ਅਦਾਰਿਆਂ ਨੂੰ ਲਗਾਤਾਰ ਕਮਜ਼ੋਰ ਕਰਦੇ ਹੋਏ ਕੰਮ ਦਿਹਾੜੀ ਸਮਾਂ 8 ਤੋਂ 12 ਘੰਟੇ ਕੀਤਾ ਜਾ ਰਿਹੈ : ਗੁਰਜੰਟ ਕੋਕਰੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਬੀਤੇ ਦਿਨ ਦੇਸ਼ ਵਿਆਪੀ ਹੜਤਾਲ ਦੇ ਸਮਰਥਨ ਵਿੱਚ ਮੋਗਾ ਜ਼ਿਲ੍ਹੇ ਵਿੱਚ ਕੰਮ ਕਰਦੀਆਂ ਵੱਖ-ਵੱਖ ਮਜ਼ਦੂਰ, ਮੁਲਾਜ਼ਮ, ਪੈਨਸ਼ਨਰ, ਜਥੇਬੰਦੀਆਂ ਨੇ ਸ਼ਹੀਦ ਨਛੱਤਰ ਭਵਨ ਮੋਗਾ ਵਿਖੇ ਭਾਰੀ ਇਕੱਤਰਤਾ ਕੀਤੀ।ਡਾ. ਇੰਦਰਵੀਰ ਗਿੱਲ ਨੇ ਬੋਲਦਿਆਂ ਭਾਰਤ ਸਰਕਾਰ ਵੱਲੋਂ ਗਰੀਬ ਤੇ ਮੱਧਵਰਗੀ ਲੋਕਾਂ ਨੂੰ ਸੌਖੇ ਕਰਨ ਲਈ ਕੋਈ ਨੀਤੀ ਨਹੀਂ ਘੜੀ ਗਈ, ਸਗੋਂ ਪਹਿਲਾਂ ਹੀ ਅਮੀਰਾਂ ਨੂੰ ਹੋਰ ਅਮੀਰ ਕਰਨ ਲਈ ਭਾਰੀ ਕਰਜ਼ੇ ਦਿੱਤੇ ਜਾ ਰਹੇ ਹਨ।ਰੋਡਵੇਜ਼ ਕਾਮਿਆਂ ਦੇ ਆਗੂ ਗੁਰਜੰਟ ਕੋਕਰੀ ਨੇ ਕਿਹਾ ਕਿ ਪਬਲਿਕ ਅਦਾਰਿਆਂ ਨੂੰ ਲਗਾਤਾਰ ਕਮਜ਼ੋਰ ਕਰਦੇ ਹੋਏ, ਕੰਮ ਦਿਹਾੜੀ ਸਮਾਂ 8 ਤੋਂ 12 ਘੰਟੇ ਕੀਤਾ ਜਾ ਰਿਹਾ ਹੈ।ਕਿਰਤ ਕਾਨੂੰਨਾਂ ਨੂੰ ਤੋੜ ਕੇ ਸਰਮਾਏਦਾਰਾਂ ਦੇ ਹੱਥ ਹੋਰ ਮਜ਼ਬੂਤ ਕੀਤੇ ਜਾ ਰਹੇ ਹਨ।ਸਾਲ 2014 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਪੈਨਸ਼ਨ ਨਹੀਂ ਦਿੱਤੀ ਜਾ ਰਹੀ ਤੇ ਨਾ ਹੀ ਲੋਕਾਂ ਨੂੰ ਭਾਰੀ ਸਹੂਲਤਾਂ ਦੇਣ ਵਾਲੇ ਰੋਡਵੇਜ਼ ਅਦਾਰੇ ਨੂੰ ਬਚਾਉਣ ਲਈ ਮੌਜੂਦਾ ਸਰਕਾਰ ਕੋਈ ਕਦਮ ਉਠਾ ਰਹੀ ਹੈ।ਬੈਂਕ ਜਥੇਬੰਦੀ ਦੇ ਆਗੂ ਜਗਤਾਰ ਸਿੰਘ ਤੇ ਸੰਜੀਵ ਕੁਮਾਰ ਨੇ ਸਰਕਾਰੀ ਬੈਂਕਾਂ ਨੂੰ ਲਗਾਤਾਰ ਤੋੜਨ ਦੀ ਨੀਤੀ 'ਤੇ ਸਵਾਲ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਵੋਟ ਦਾ ਇਸਤੇਮਾਲ ਉਨ੍ਹਾਂ ਧਿਰਾਂ ਦੇ ਹਿੱਤ ਵਿੱਚ ਕਰਨ ਜਿਹੜੀਆਂ ਧਿਰਾਂ ਪਬਲਿਕ ਅਦਾਰਿਆਂ ਨੂੰ ਮਜ਼ਬੂਤ ਕਰਦੀਆਂ ਹੋਣ। ਏਕਤਾ ਉਗਰਾਹਾਂ ਦੇ ਆਗੂ ਗੁਰਦੇਵ ਸਿੰਘ ਤੇ ਬਲੌਰ ਸਿੰਘ ਘਾਲੀ ਨੇ ਕਿਹਾ ਕਿ ਸਰਕਾਰਾਂ ਦੀਆਂ ਮਾਰੂ ਨੀਤੀਆਂ ਦਾ ਠੋਸ ਵਿਰੋਧ ਕੀਤਾ ਜਾਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਖੇਤੀ ਸੈਕਟਰ ਨੂੰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ, ਪਰ ਸਰਕਾਰਾਂ ਕਿਸਾਨਾਂ ਦੀ ਜ਼ਮੀਨ ਸਸਤੇ ਭਾਅ ਕਾਰਪੋਰੇਟਰਾਂ ਨੂੰ ਵੇਚ ਰਹੀਆਂ ਹਨ।ਖੇਤੀ ਯੋਗ ਜ਼ਮੀਨ ਦਾ ਘਟਨਾ ਪੰਜਾਬ ਵਰਗੇ ਸੂਬੇ ਲਈ ਬੇਹੱਦ ਘਾਤਕ ਸਾਬਿਤ ਹੋਵੇਗਾ।ਪੈਨਸ਼ਨਰ ਐਸੋਏਸ਼ਨ ਦੇ ਭਜਨ ਸਿੰਘ ਗਿੱਲ, ਸੁਰਿੰਦਰ ਰਾਮ ਕੁੱਸਾ ਨੇ ਕਿਹਾ ਕਿ ਅੱਜ ਦੇਸ਼ ਵਿੱਚ ਸਰਕਾਰਾਂ ਖਿਲਾਫ ਰੋਸ ਪ੍ਰਦਰਸ਼ਨ ਹੋ ਰਹੇ ਹਨ।ਸੂਬਾ ਤੇ ਕੇਂਦਰ ਸਰਕਾਰਾਂ ਕੇਵਲ ਨਵਾਂ ਰੁਜ਼ਗਾਰ ਨਹੀਂ ਖੋ ਰਹੀਆਂ, ਬਲਕਿ ਪਹਿਲਾਂ ਮਿਲ ਰਹੀਆਂ ਪੈਨਸ਼ਨਾਂ ਨੂੰ ਵੀ ਖਤਮ ਕਰ ਰਹੀਆਂ ਹਨ।ਆਂਗਣਵਾੜੀ ਔਰਤਾਂ ਨੇ ਵੀ ਐਕਸ਼ਨ ਵਿੱਚ ਬੇਮਿਸਾਲ ਸ਼ਮੂਲੀਅਤ ਕੀਤੀ।ਉਨ੍ਹਾਂ ਦੇ ਆਗੂ ਗੁਰਚਰਨ ਕੌਰ ਤੇ ਗੁਰਪ੍ਰੀਤ ਚਗਾਵਾਂ ਨੇ ਕਿਹਾ ਕਿ ਆਂਗਣਵਾੜੀ ਕਰਮਚਾਰੀਆਂ ਨੂੰ ਗੁਜ਼ਾਰੇ ਯੋਗੀ ਤਨਖਾਹ ਵੀ ਨਹੀਂ ਦਿੱਤੀ ਜਾ ਰਹੀ, ਜਦੋਂ ਕਿ ਉਨ੍ਹਾਂ ਤੋਂ ਕੰਮ ਸਰਕਾਰ ਆਪਣੀ ਮਰਜ਼ੀ ਨਾਲ ਲੈ ਰਹੀ ਹੈ।ਟਰੇਡ ਯੂਨੀਅਨ ਮੋਗਾ ਕੌਂਸਲ ਦੇ ਆਗੂ ਜਗਸੀਰ ਖੋਸਾ ਨੇ ਅੱਜ ਦੇ ਐਕਸ਼ਨ ਨੂੰ ਕਾਮਯਾਬ ਕਰਨ ਲਈ ਪਹੁੰਚੇ ਸਮੂਹ ਸਾਥੀਆਂ ਦਾ ਧੰਨਵਾਦ ਕੀਤਾ।ਐਕਸ਼ਨ ਵਿੱਚ ਪੰਜਾਬ ਸਬਾਰਡੀਨੇਟ ਸਰਵਿਸ ਫੈਡਰੇਸ਼ਨ ਦੇ ਆਗੂ ਰਜਿੰਦਰ ਰਿਆੜ ਸਰਬਜੀਤ ਸਿੰਘ ਦੌਧਰ, ਬਲੌਰ ਸਿੰਘ ਗਿੱਲ, ਦਲਬੀਰ ਸਿੰਘ ਢਿੱਲੋਂ, ਸਵਰਨ ਸਿੰਘ ਖੋਸਾ, ਰਾਜਾ ਇੰਟਕ ਆਗੂ, ਗਿਆਨ ਸਿੰਘ ਰਿਟਾਇਰ ਡੀ.ਪੀ.ਆਰ.ਓ. ਆਦਿ ਆਗੂ ਹਾਜ਼ਰ ਸਨ।

# ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਵੱਲੋਂ ਤਹਿਸੀਲ ਕੰਪਲੈਕਸ 'ਚ ਧਰਨਾ



**ਜਲਾਲਾਬਾਦ (ਰਣਬੀਰ ਕੌਰ ਢਾਬਾਂ)**-ਸਥਾਨਕ ਤਹਿਸੀਲ ਕੰਪਲੈਕਸ ਵਿਖੇ ਦੇਸ਼ ਵਿਆਪੀ ਹੜਤਾਲ ਦੇ ਸਮਰਥਨ 'ਚ ਸਾਂਝੇ ਮੋਰਚੇ ਵੱਲੋਂ ਇੱਕ ਵਿਸ਼ਾਲ ਧਰਨਾ ਦਿੱਤਾ ਗਿਆ।ਇਸ ਧਰਨੇ ਦੀ ਅਗਵਾਈ ਬਲਬੀਰ ਸਿੰਘ ਪੁਆਰ ਪ੍ਰਧਾਨ ਪੈਨਸ਼ਨਰਜ਼ ਐਸੋਸੀਏਸ਼ਨ, ਸੁਰਿੰਦਰ ਕੁਮਾਰ ਕੰਬੋਜ ਸੂਬਾ ਜਨਰਲ ਸਕੱਤਰ ਗੌਰਮਿੰਟ ਟੀਚਰ ਯੂਨੀਅਨ ਪੰਜਾਬ, ਸ੍ਰੀਮਤੀ ਸਰੋਜ ਰਾਣੀ ਛੱਪੜੀ ਵਾਲਾ ਸੂਬਾ ਪ੍ਰਧਾਨ ਆਂਗਨਵਾੜੀ ਵਰਕਰਜ਼ ਹੈਲਪਰਜ਼ ਯੂਨੀਅਨ, ਕੰਸਟਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ (ਰਜਿ:) ਏਟਕ ਦੇ ਸੂਬਾ ਮੀਤ ਸਕੱਤਰ ਐਡਵੋਕੇਟ ਪਰਮਜੀਤ ਸਿੰਘ ਢਾਬਾਂ, ਕਾਮਰੇਡ ਹਰੀ ਚੰਦ ਹਿੰਦ ਮਜ਼ਦੂਰ ਯੂਨੀਅਨ ਨੇ ਕੀਤੀ।ਇਸ ਰੋਸ ਧਰਨੇ ਵਿੱਚ ਸ਼ਾਮਲ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ, ਪੈਨਸ਼ਨਰਜ਼, ਕਿਸਾਨ, ਮਜ਼ਦੂਰ ਮਾਰੂ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਇਸ ਧਰਨੇ ਨੂੰ ਸੰਬੋਧਤ ਕਰਦਿਆਂ ਨਿਰਮਲਜੀਤ ਸਿੰਘ ਬਰਾੜ, ਨੱਥਾ ਸਿੰਘ, ਸਰੋਜ ਛੱਪੜੀਵਾਲਾ, ਦੇਸ ਰਾਜ ਗਾਂਧੀ, ਦੂਨੀ ਚੰਦ ਬੱਤਰਾ, ਪ੍ਰੇਮ ਪ੍ਰਕਾਸ਼ ਕਾਨੂੰਗੋ, ਸੁਭਾਸ਼ ਮਦਾਨ, ਗੁਰਮੀਤ ਸਿੰਘ ਸੀਨੀ. ਮੀਤ ਪ੍ਰਧਾਨ ਭਾਕਿਯੂ ਏਕਤਾ ਉਗਰਾਹ, ਡਾ. ਪ੍ਰਕਾਸ਼ ਦੋਸ਼ੀ, ਸਤੀਸ਼ ਚਰਾਇਆ, ਕ੍ਰਿਸ਼ਨ ਬਲਦੇਵ ਵਾਟਰ ਸਪਲਾਈ, ਫੁੰਮਣ ਸਿੰਘ ਕਾਠਗੜ੍ਹ, ਸੁਨੀਲ ਕੌਰ ਬੇਦੀ, ਦਰਸ਼ਨ ਭੁੱਲਰ, ਸੁਖਚੈਨ ਸਿੰਘ, ਦਰਸ਼ਨ ਸਿੰਘ ਭੁੱਲਰ, ਮਦਨ ਲਾਲ ਕਿੱਕਰ ਖੇੜਾ, ਪ੍ਰਵੇਸ਼ ਖੰਨਾ, ਰਾਜ ਕੁਮਾਰ, ਰਾਜ ਕੁਮਾਰ ਮਾਹਮੂ ਜੋਈਆ, ਹਰਭਜਨ ਸਿੰਘ ਠਠਰਾ, ਨਰਿੰਦਰ ਢਾਬਾਂ, ਪਰਮਜੀਤ ਸਿੰਘ ਸੋਟਣ ਸਾਂਦਰ, ਅਰਜਨ ਸਿੰਘ ਨੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਦੀ ਆਲੋਚਨਾ ਕੀਤੀ ਤੇ ਸਮੂਹ ਮੰਗਾਂ ਮਸਲਿਆਂ ਦਾ ਹੱਲ ਤੁਰੰਤ ਕਰਨ ਦੀ ਮੰਗ ਕੀਤੀ।

ਇਸ ਮੌਕੇ ਸਟੇਜ ਦੀ ਕਾਰਵਾਈ ਪ੍ਰਵੇਸ਼ ਖੰਨਾ ਨੇ ਬਾਖੂਬੀ ਨਿਭਾਈ।ਧਰਨੇ ਦੇ ਅੰਤ ਵਿੱਚ ਬਲਬੀਰ ਸਿੰਘ ਪੁਆਰ ਨੇ ਸਾਰੀਆਂ ਜਥੇਬੰਦੀਆਂ ਨੂੰ ਇੱਕ ਸਾਂਝੀ ਕੋਆਰਡੀਨੇਸ਼ਨ ਕਮੇਟੀ ਬਣਾਉਣ ਦੀ ਅਪੀਲ ਕੀਤੀ ਤੇ ਆਏ ਹੋਏ ਸਮੂਹ ਸਾਥੀਆਂ ਦਾ ਧੰਨਵਾਦ ਕੀਤਾ। ਅਧਿਆਪਕ ਆਗੂ ਸੁਰਿੰਦਰ ਕੰਬੋਜ ਤੇ ਹੋਰ ਆਗੂਆਂ ਨੇ ਮੰਗ ਕੀਤੀ ਕਿ ਚਾਰ ਲੇਬਰ ਕੋਡ ਰੱਦ ਕੀਤੇ ਜਾਣ, ਕਿਸਾਨਾਂ ਦੀਆਂ ਮੰਦਾਂ ਜਾ ਹੱਲ ਕੀਤਾ ਜਾਵੇ, ਕਿਰਤੀਆਂ ਦੇ ਹੱਕਾਂ 'ਤੇ ਡਾਕੇ ਮਾਰਨੇ ਬੰਦ ਕੀਤੇ ਜਾਣ, ਸਕੂਲਾਂ ਵਿੱਚ ਖਾਲੀ ਪਈਆਂ ਪੋਸਟਾਂ ਭਰੀਆਂ ਜਾਣ, ਹਰੇਕ ਵਿਭਾਗ 'ਚ ਸੇਵਾਵਾਂ ਦੇ ਰਹੇ ਹਰ ਕੈਟਾਗਿਰੀ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ, ਪੰਜਾਬ ਦੇ ਹਲਾਤ ਸੁਖਾਵੇ ਬਣਾਏ ਜਾਣ।

## ਲਲਹੇੜੀ ਰੋਡ ਚੌਕ ਤੇ ਸਮਰਾਲਾ ਚੌਕ ਦੀਆਂ ਟ੍ਰੈਫਿਕ ਲਾਈਟਾਂ ਬੰਦ, ਲੋਕ ਪ੍ਰੇਸ਼ਾਨ

**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਪਿਛਲੇ ਲੰਮੇ ਸਮੇਂ ਤੋਂ ਖੰਨਾ ਸ਼ਹਿਰ ਦੇ ਲਲਹੇੜੀ ਰੋਡ ਚੌਕ ਤੇ ਸਮਰਾਲਾ ਚੌਕ ਦੀਆਂ ਟ੍ਰੈਫਿਕ ਲਾਈਟਾਂ ਬੰਦ ਪਈਆਂ ਹਨ, ਜਿਸ ਕਾਰਨ ਵਾਹਨ ਚਾਲਕਾਂ ਤੇ ਆਮ ਲੋਕਾਂ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਸਬੰਧੀ ਸਮਾਜ ਸੇਵੀ ਐਡਵੋਕੇਟ ਹਰਸ਼ ਭੱਲਾ ਨੇ ਕਿਹਾ ਕਿ ਖੰਨਾ ਸ਼ਹਿਰ ਦੇ ਇਹ ਦੋਵੇਂ ਚੌਕ ਬਹੁਤ ਭੀੜ ਭੜੱਕੇ ਵਾਲੇ ਚੌਕ ਹਨ, ਇਸ ਚੌਕਾਂ ਤੋਂ ਸਵੇਰੇ 7 ਵਜੇ ਤੋਂ ਲੈ ਕੇ ਰਾਤ 9 ਵਜੇ ਤੱਕ ਬੱਚੇ, ਬਜ਼ੁਰਗ ਗੁਜ਼ਰਦੇ ਰਹਿੰਦੇ ਹਨ। ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਨ੍ਹਾਂ ਚੌਕਾਂ ਦੀਆਂ ਬੰਦ ਪਈਆਂ ਟ੍ਰੈਫਿਕ ਲਾਈਟਾਂ ਨੂੰ ਜਲਦੀ ਤੋਂ ਜਲਦੀ ਚਾਲੂ ਕੀਤਾ ਜਾਵੇ ਤਾਂ ਕਿ ਖੰਨਾ ਸ਼ਹਿਰ ਵਾਸੀਆਂ ਨੂੰ ਟ੍ਰੈਫਿਕ ਸਮੱਸਿਆ ਤੋਂ ਨਿਜਾਤ ਮਿਲ ਸਕੇ।ਇਸ ਸਬੰਧੀ ਡੀਐੱਸਪੀ ਟ੍ਰੈਫਿਕ ਕਰਨੈਲ ਸਿੰਘ ਨਾਲ ਗੱਲ ਕਰਨ 'ਤੇ ਉਨ੍ਹਾਂ ਕਿਹਾ ਕਿ ਇਨ੍ਹਾਂ ਟ੍ਰੈਫਿਕ ਲਾਈਟਾਂ ਦੀ ਤਾਰ ਕੋਈ ਅਣਪਛਾਤਾ ਵਿਅਕਤੀ ਕੱਟ ਕੇ ਲੈ ਗਿਆ ਹੈ।ਇਸ ਸਬੰਧੀ ਨਗਰ ਕੌਂਸਲ ਖੰਨਾ ਵੱਲੋਂ ਪੁਲਸ ਨੂੰ ਦਰਖਾਸਤ ਵੀ ਦਿੱਤੀ ਹੋਈ ਹੈ।ਨਗਰ ਕੌਂਸਲ ਨੇ ਇਨ੍ਹਾਂ ਲਾਈਟਾਂ ਦਾ ਐਸਟੀਮੇਟ ਬਣਾ ਦਿੱਤਾ ਹੈ ਤੇ ਇਸ ਹਫਤੇ ਵਿੱਚ ਹੀ ਟ੍ਰੈਫਿਕ ਲਾਈਟਾਂ ਮੁੜ ਚਾਲੂ ਕਰਵਾ ਦਿੱਤੀਆਂ ਜਾਣੀਆਂ।

# ਕੇਂਦਰ ਤੇ ਸੂਬਾ ਸਰਕਾਰ ਸਮੁੱਚੇ ਵਰਗ ਦੀ ਲੁੱਟ ਕਰ ਰਹੀ ਹੈ : ਪ ਸ ਸ ਫ




**ਜ਼ੀਰਾ (ਨਰਿੰਦਰ ਅਨੇਜਾ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਝੰਡੇ ਹੇਠ ਵੱਖ ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਆਪਣੇ ਦਫਤਰਾਂ ਅੰਦਰ ਕੰਮ ਬੰਦ ਕਰਕੇ ਦੇਸ਼ ਵਿਆਪੀ ਹੜਤਾਲ ਦਾ ਸਮਰਥਨ ਕਰਦਿਆਂ ਕੇਂਦਰ ਦੀ ਭਾਜਪਾ ਤੇ ਪੰਜਾਬ ਦੀ ਆਮ ਆਦਮੀ ਸਰਕਾਰ ਦੀਆਂ ਮੁਲਾਜ਼ਮ, ਮਜ਼ਦੂਰ, ਕਿਸਾਨ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਇਸ ਮੌਕੇ ਪ ਸ ਸ ਫ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ, ਵਾਈਸ ਪ੍ਰਧਾਨ ਮਹਿੰਦਰ ਸਿੰਘ ਬਰਾੜ, ਵਾਈਸ ਪ੍ਰਧਾਨ ਕੰਵਲਜੀਤ ਕੌਰ, ਕੌਰ ਸਿੰਘ ਬਲਾਕ ਪ੍ਰਧਾਨ ਜ਼ੀਰਾ, ਸੁਲੱਖਣ ਸਿੰਘ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਤੇ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਮੁਲਾਜ਼ਮਾਂ, ਪੈਨਸ਼ਨਰਾਂ, ਕਿਸਾਨਾਂ ਤੇ ਮਜ਼ਦੂਰਾਂ ਤੋਂ ਇਲਾਵਾ ਮੱਧ ਵਰਗੀ ਕਾਰੋਬਾਰੀਆਂ ਨੂੰ ਨਿਘਾਰ ਵੱਲ ਧੱਕ ਰਹੀਆਂ ਹਨ। ਉਨ੍ਹਾਂ ਕਿਹਾ ਕਿ ਵਪਾਰੀਕਰਨ ਤੇ ਨਿੱਜੀਕਰਨ ਕਰਕੇ ਆਪਣੇ ਦਲਾਲਾਂ, ਪੂੰਜੀਪਤੀਆਂ ਨੂੰ ਸਰਕਾਰੀ ਦਫਤਰਾਂ, ਹਸਪਤਾਲ, ਰੇਲਵੇ, ਏਅਰਪੋਰਟ ਆਦਿ ਦੇ ਕੰਮਕਾਜ ਚਲਾਉਣ ਲਈ ਕਾਰਪੋਰੇਟ ਘਰਾਣਿਆਂ ਨੂੰ ਠੇਕਾ ਪ੍ਰਣਾਲੀ ਉੱਪਰ ਦਿੱਤੇ ਜਾ ਰਹੇ ਹਨ ਤੇ ਵੱਡੇ ਵੱਡੇ ਮੌਲ ਉਸਾਰ ਕੇ ਮੱਧ ਵਰਗੀ ਦੁਕਾਨਦਾਰਾਂ ਦੇ ਕਾਰਬੋਰ ਠੱਪ ਕਰ ਦਿੱਤੇ ਹਨ, ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਲਈ ਹਾਈਵੇਅ ਬਣਾਉਣ ਦੇ ਨਾਮ ਥੱਲੇ ਲੁੱਟ ਕੀਤੀ ਜਾ ਰਹੀ ਹੈ, ਮਜ਼ਦੂਰਾਂ ਨੂੰ ਨਰੇਗਾ ਅਧੀਨ ਕੰਮ ਦੇ ਕੇ ਨਾਮਾਤਰ ਦਿਹਾੜੀ 'ਤੇ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਸ ਮੌਕੇ ਜੰਗਲਾਤ ਵਰਕਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਿਸ਼ਾਨ ਸਿੰਘ, ਜਨਰਲ ਸਕੱਤਰ ਗੁਰਬੀਰ ਸਿੰਘ, ਮਹਿਲ ਸਿੰਘ, ਸਤਨਾਮ ਸਿੰਘ ਬਲਾਕ ਪ੍ਰਧਾਨ, ਰਾਜ ਕੁਮਾਰ ਬਲਾਕ ਪ੍ਰਧਾਨ ਮੱਖੂ, ਕੁਲਵਿੰਦਰ ਸਿੰਘ ਬੱਧਣ ਬਲਾਕ ਪ੍ਰਧਾਨ ਘੱਲ ਖੁਰਦ, ਦਰਸ਼ਨ ਸਿੰਘ ਭੁੱਲਰ ਬਲਾਕ ਪ੍ਰਧਾਨ ਗੁਰੂ ਹਰਸਹਾਏ, ਜੋਗਿੰਦਰ ਸਿੰਘ ਕੜਾਹੇ ਵਾਲਾ, ਸਤਨਾਮ ਸਿੰਘ ਬਲਾਕ ਪ੍ਰਧਾਨ ਫਿਰੋਜ਼ਪੁਰ ਆਦਿ ਤੋਂ ਇਲਾਵਾ ਸਮੂਹ ਮੁਲਾਜ਼ਮ ਹਾਜ਼ਰ ਸਨ।

# ਪੇਂਡੂ ਜਲ ਸਪਲਾਈ ਸਕੀਮਾਂ 'ਤੇ ਸੇਵਾਵਾਂ ਦੇ ਰਹੇ ਵਰਕਰਾਂ ਨੂੰ ਮੁਸ਼ਕਲਾਂ ਸੰਬੰਧੀ ਚਰਚਾ



**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਅਹੁਦੇਦਾਰਾਂ ਦਾ ਇੱਕ ਵਫ਼ਦ ਉਪ ਮੰਡਲ ਇੰਜੀਨੀਅਰ ਅਰਵਿੰਦ ਬਿਨੋਨਾ ਨੂੰ ਮਿਲਿਆ ਤੇ ਪੇਂਡੂ ਜਲ ਸਪਲਾਈ ਸਕੀਮਾਂ ਤੇ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਨੂੰ ਲੋਕਲ ਪੱਧਰ 'ਤੇ ਆ ਰਹੀਆਂ ਮੁਸ਼ਕਲਾਂ ਨੂੰ ਲੈ ਕੇ ਮੀਟਿੰਗ ਕੀਤੀ ਗਈ। ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਸਤਨਾਮ ਸਿੰਘ ਫ਼ਲੀਆਂਵਾਲਾ, ਸਰਕਲ ਸਕੱਤਰ ਜਸਵਿੰਦਰ ਸਿੰਘ ਚੱਕ ਜਾਨੀਸਰ, ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਆਲਮਕੇ, ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਨੂਰ ਸਮੰਦ, ਬ੍ਰਾਂਚ ਪ੍ਰਧਾਨ ਰਾਕੇਸ਼ ਸਿੰਘ ਹੀਰੇਵਾਲਾ ਤੇ ਦਫ਼ਤਰੀ ਸਟਾਫ਼ ਦੀ ਸਬ ਕਮੇਟੀ ਦੇ ਆਗੂ ਸੁਖਚੈਨ ਸਿੰਘ ਸੋਢੀ ਮੌਜੂਦ ਰਹੇ। ਇਸ ਦੌਰਾਨ ਯੂਨੀਅਨ ਦੇ ਵਫ਼ਦ ਵੱਲੋਂ ਪਿੰਡਾਂ ਵਿੱਚ ਵਰਕਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਜਾਣੂ ਕਰਾਇਆ ਗਿਆ ਤੇ ਵਾਟਰ ਸਪਲਾਈ ਸਕੀਮਾਂ ਤੇ ਵਰਕਰਾਂ ਨੂੰ ਲੋੜੀਦਾ ਸਮਾਨ ਦੇਣਾ, ਪਾਣੀ ਖਪਤਕਾਰਾਂ ਕੋਲੋਂ ਬਿੱਲ ਲੈਣ ਤੇ ਪਿੰਡਾਂ ਵਿੱਚ ਵਰਕਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਜਾਣੂ ਕਰਾਇਆ ਗਿਆ ਤੇ ਮਸਲਿਆਂ ਦਾ ਹੱਲ ਕਰਨ ਦੀ ਮੰਗ ਕੀਤੀ ਗਈ ਹੈ, ਜਿਸ 'ਤੇ ਐਸ.ਡੀ.ਓ. ਵੱਲੋਂ ਯੂਨੀਅਨ ਦੇ ਆਗੂਆਂ ਨੂੰ ਭਰੋਸਾ ਦਿੱਤਾ ਕਿ ਫੀਲਡ 'ਚ ਵਰਕਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਆਉਦੀ ਹੈ ਤਾਂ ਉਹ ਜੇਈ ਜਾਂ ਮੇਰੇ ਨਾਲ ਸੰਪਰਕ ਕੀਤਾ ਜਾਵੇ, ਉਸ ਮਸਲੇ ਦਾ ਹੱਲ ਕੀਤਾ ਜਾਵੇਗਾ। ਐਸ.ਡੀ.ਓ. ਅਰਵਿੰਦ ਨੇ ਕਿਹਾ ਕਿ ਪਿੰਡਾਂ ਵਿੱਚ ਪਾਣੀ ਦੇ ਬਿੱਲ ਇਕੱਠੇ ਕੀਤੇ ਜਾਣ। ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਪਾਣੀ ਦੇ ਬਿੱਲ ਭਰੇ ਜਾਣ।

# ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਲੇਬਰ ਕੋਡ ਬਣਾਉਣ ਦਾ ਡਟਵਾਂ ਵਿਰੋਧ




**ਲਹਿਰਾਗਾਗਾ (ਰੀਤਵਾਲ)**-ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪੂੰਜੀਪਤੀਆਂ ਦੇ ਦਬਾਅ ਹੇਠ ਦੇਸ਼ ਭਰ ਦੇ ਪਾਵਰ ਸੈਕਟਰ ਸਮੇਤ ਸਮੁੱਚੇ ਪਬਲਿਕ ਸੈਕਟਰ ਨੂੰ ਅੰਨ੍ਹੇਵਾਹ ਨਿੱਜੀ ਹੱਥਾਂ ਵਿੱਚ ਦੇਣ ਖਿਲਾਫ਼ ਅਤੇ 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਬਣਾਉਣ ਦੀ ਲੋਕ ਵਿਰੋਧੀ ਨੀਤੀ ਵਿਰੁੱਧ ਕੇਂਦਰੀ ਟਰੇਡ ਯੂਨੀਅਨਾਂ, ਅਜ਼ਾਦ ਫੈਡਰੇਸ਼ਨਾਂ ਦੇ ਸੱਦੇ 'ਤੇ ਅਤੇ ਸੰਯੁਕਤ ਕਿਸਾਨ ਮੋਰਚੇ ਦੀ ਹਮਾਇਤ ਪ੍ਰਾਪਤ ਦੇਸ਼ ਵਿਆਪੀ ਹੜਤਾਲ ਵਿੱਚ ਬਿਜਲੀ ਕਾਮਿਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ।ਇਸ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਿਜਲੀ ਕਾਮਿਆਂ ਦੇ ਆਗੂਆਂ ਪੂਰਨ ਸਿੰਘ ਖਾਈ, ਦਵਿੰਦਰ ਸਿੰਘ ਪਿਸੌਰ,ਜੱਗੀਰ ਸਿੰਘ, ਗੁਰਮੀਤ ਸਿੰਘ,ਰਾਮ ਚੰਦਰ ਸਿੰਘ ਖਾਈ,ਗੁਰਚਰਨ ਸਿੰਘ,ਜਗਦੇਵ ਸਿੰਘ, ਜਗਸੀਰ ਸਿੰਘ, ਜਸਵੀਰ ਸਿੰਘ, ਭੂਰਾ ਸਿੰਘ, ਬਲਵਿੰਦਰ ਪਾਲ ਕੌਸ਼ਿਕ ਤੇ ਸੀਤਾ ਰਾਮ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਲਗਾਤਾਰ ਕਿਸਾਨ, ਮਜ਼ਦੂਰ, ਮੁਲਾਜ਼ਮ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ, 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਚਾਰ ਲੇਬਰ ਕੋਡ ਬਣਾ ਕੇ ਕੰਮ ਕਰਨ ਦੇ ਘੰਟਿਆਂ ਨੂੰ ਵਧਾਉਣ ਦੀ ਨੀਤੀ ਤਹਿਤ ਪੂੰਜੀਪਤੀਆਂ ਦੇ ਹਿੱਤ ਪਾਲ ਰਹੀ ਹੈ।ਪੱਕੇ ਰੁਜ਼ਗਾਰ ਦੀ ਜਗ੍ਹਾ ਕੱਚਾ ਰੁਜ਼ਗਾਰ ਦੇਣ ਦੀ ਨੀਤੀ ਨੂੰ ਪੂਰੇ ਦੇਸ਼ ਵਿੱਚ ਧੜੱਲੇ ਨਾਲ ਲਾਗੂ ਕੀਤਾ ਜਾ ਰਿਹਾ ਹੈ।ਬਿਜਲੀ ਕਾਮਿਆਂ ਨੇ ਪਾਵਰਕਾਮ ਦੇ ਵੱਖ ਵੱਖ ਸਰਕਲਾਂ ਵਿੱਚ ਹੜਤਾਲ ਕਰਨ ਉਪਰੰਤ ਸਮੁੱਚੇ ਕਿਰਤੀ ਵਰਗ ਨਾਲ ਰਲ ਕੇ ਕੇਂਦਰ ਸਰਕਾਰ ਦੀਆਂ ਨੀਤੀਆਂ ਵਿਰੁੱਧ ਰੋਸ ਮੁਜ਼ਾਹਰਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ।ਆਗੂਆਂ ਨੇ ਕਿਹਾ ਕਿ ਪੰਜਾਬ ਅੰਦਰ ਬਿਜਲੀ ਅਦਾਰੇ ਅੰਦਰ ਕਿਸੇ ਵੀ ਤਰ੍ਹਾਂ ਦਾ ਨਿੱਜੀਕਰਨ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ ਤੇ ਨਾ ਹੀ ਲੇਬਰ ਕੋਡ ਲਾਗੂ ਹੋਣ ਦਿੱਤੇ ਜਾਣਗੇ।ਆਗੂਆਂ ਨੇ ਪਾਵਰਕਾਮ ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਕਿ ਜੇਕਰ 2 ਜੂਨ ਦੀ ਮੀਟਿੰਗ ਸਮੇਂ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਤਾਂ ਸਮੁੱਚਾ ਬਿਜਲੀ ਕਾਮਾ 27 ਜੁਲਾਈ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ 'ਤੇ ਸੂਬਾ ਪੱਧਰ ਦਾ ਵੱਡਾ ਰੋਸ ਧਰਨਾ ਲਗਾਉਣ ਉਪਰੰਤ ਅਗਸਤ ਦੇ ਪਹਿਲੇ ਹਫ਼ਤੇ ਤੋਂ ਸਮੂਹਕ ਛੁੱਟੀ 'ਤੇ ਚਲਾ ਜਾਵੇਗਾ।

## ਸਰਕਾਰ ਵਪਾਰੀਆਂ ਦੀ ਸੁਰੱਖਿਆ ਯਕੀਨੀ ਬਣਾਏ : ਸ਼ਾਮ ਸੁੰਦਰ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਅਬੋਹਰ ਦੇ ਵਪਾਰੀ ਸੰਜੇ ਵਰਮਾ 'ਤੇ ਹੋਏ ਕਾਤਲਾਨਾ ਹਮਲੇ ਤੇ ਉਸ ਕਾਰਨ ਹੋਈ ਮੌਤ 'ਤੇ ਸਮਾਜ ਸੇਵੀ ਤੇ ਪ੍ਰਮੁੱਖ ਵਪਾਰੀ ਨੇਤਾ ਸ਼ਾਮ ਸੁੰਦਰ ਕਾਮਰੇਡ ਨੇ ਗਹਿਰੇ ਦੁੱਖ ਤੇ ਰੋਸ ਦਾ ਇਜ਼ਹਾਰ ਕੀਤਾ ਹੈ।

ਉਨ੍ਹਾਂ ਕਿਹਾ ਕਿ ਵਪਾਰੀ ਵਰਗ ਖਿਲਾਫ ਵਧ ਰਹੇ ਹਿੰਸਕ ਹਮਲੇ ਚਿੰਤਾ ਦਾ ਵਿਸ਼ਾ ਹੈ ਤੇ ਸਰਕਾਰ ਨੂੰ ਇਸ ਮਾਮਲੇ 'ਚ ਤੁਰੰਤ ਕੰਮ ਕਰਦਿਆਂ ਵਪਾਰੀਆਂ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ।

ਜੇਕਰ ਸਰਕਾਰਾਂ ਵੱਲੋਂ ਵਪਾਰੀ ਵਰਗ ਦੀਆਂ ਚਿੰਤਾਵਾਂ 'ਤੇ ਧਿਆਨ ਨਾ ਦਿੱਤਾ ਗਿਆ ਤਾਂ ਵਪਾਰੀ ਭਾਈਚਾਰੇ ਨੂੰ ਆਪਣੀ ਸੁਰੱਖਿਆ ਲਈ ਕੋਈ ਹੋਰ ਰਸਤਾ ਅਪਣਾਉਣ 'ਤੇ ਮਜਬੂਰ ਹੋਣਾ ਪਵੇਗਾ। ਇਸ ਮੌਕੇ ਪ੍ਰਧਾਨ ਸੁਰਿੰਦਰ ਕੁਮਾਰ, ਹਰਬੰਸ ਲਾਲ, ਜਗਦੀਸ਼ ਕੁਮਾਰ ਦੀਸ਼ਾ, ਗੁਰਪ੍ਰੀਤ ਸਿੰਘ, ਸੋਨੀ ਸਿੰਘ, ਰਾਜ ਕੁਮਾਰ ਸੰਘੇੜਾ, ਰਿੰਕੂ ਬੁਰਜ ਹਮੀਰਾ ਆਦਿ ਮੈਂਬਰ ਹਾਜ਼ਰ ਸਨ।

# ਪੰਜਾਬ ਦੇ ਰਾਜਪਾਲ ਨੇ ਦੀਵਾਨ ਟੋਡਰ ਮੱਲ ਹਵੇਲੀ ਦੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲਿਆ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਦੀਵਾਨ ਟੋਡਰ ਮੱਲ ਹਵੇਲੀ ਦੇ ਚੱਲ ਰਹੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲਿਆ।ਆਪਣੇ ਦੌਰੇ ਦੌਰਾਨ ਉਨ੍ਹਾਂ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਦੇ ਅਹੁਦੇਦਾਰਾਂ ਨਾਲ ਗੱਲਬਾਤ ਕੀਤੀ।ਉਨ੍ਹਾਂ ਨੇ ਹਵੇਲੀ ਦੇ ਨਿਰਮਾਣ ਲਈ ਅਪਣਾਈ ਜਾ ਰਹੀ ਕਾਰਜ ਵਿਧੀ ਅਤੇ ਵਰਤੀ ਜਾ ਰਹੀ ਨਿਰਮਾਣ ਸਮੱਗਰੀ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ।ਸ੍ਰੀ ਕਟਾਰੀਆ ਨੇ ਕਿਹਾ ਕਿ ਦੀਵਾਨ ਟੋਡਰ ਮੱਲ ਵੱਲੋਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੇ ਸਸਕਾਰ ਲਈ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰਕੇ ਨਵਾਬ ਵਜੀਦ ਖਾਂ ਪਾਸੋਂ ਖਰੀਦੀ ਗਈ ਜਗ੍ਹਾ, ਦੁਨੀਆ ਦੀ ਸਭ ਤੋਂ ਕੀਮਤੀ ਜਗ੍ਹਾ ਹੈ ਤੇ ਇਹੋ ਜਿਹੀ ਮਿਸਾਲ ਦੁਨੀਆਂ ਵਿੱਚ ਹੋਰ ਕਿਤੇ ਨਹੀਂ ਮਿਲਦੀ।ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਇਸ ਉੱਦਮ ਲਈ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਦੀ ਸ਼ਲਾਘਾ ਕੀਤੀ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਤਿਹਾਸ ਨਾਲ ਜੋੜਨ ਲਈ ਕੀਤੇ ਜਾ ਰਹੇ ਇਸ ਉਪਰਾਲੇ ਨੂੰ ਸਰਾਹਿਆ।ਫਾਊਂਡੇਸ਼ਨ ਦੇ ਪ੍ਰਧਾਨ ਲਖਵਿੰਦਰ ਸਿੰਘ ਕਾਹਨਕੇ ਦੀ ਅਗਵਾਈ ਵਿੱਚ ਫਾਊਂਡੇਸ਼ਨ ਮੈਂਬਰਾਂ ਵੱਲੋਂ ਪੰਜਾਬ ਦੇ ਰਾਜਪਾਲ ਸ੍ਰੀ ਕਟਾਰੀਆ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਜਹਾਜ਼ੀ ਹਵੇਲੀ ਦੀ ਪੁਰਾਤਨ ਦਿੱਖ ਬਹਾਲ ਕਰਨ ਤੇ ਦੀਵਾਨ ਟੋਡਰ ਮੱਲ ਨਾਲ ਸਬੰਧਤ ਸਮੁੱਚਾ ਇਤਿਹਾਸ ਸੰਭਾਲਨ ਲਈ ਕਾਰਜ ਨਿਰੰਤਰ ਚੱਲ ਰਹੇ ਹਨ।

## ਪੰਜਾਬ ਨੰਬਰਦਾਰ ਯੂਨੀਅਨ ਸਮਰਾ ਦੀ ਤਹਿਸੀਲ ਪੱਧਰੀ ਮੀਟਿੰਗ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਪੰਜਾਬ ਨੰਬਰਦਾਰ ਯੂਨੀਅਨ (ਸਮਰਾ) ਦੀ ਤਹਿਸੀਲ ਪੱਧਰੀ ਮੀਟਿੰਗ ਇਤਿਹਾਸਿਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਵਿਖੇ ਹੋਈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਦਰਸ਼ਨ ਸਿੰਘ ਕੋਟਦੁੱਨਾ ਨੇ ਸਮੂਹ ਨੰਬਰਦਾਰ ਭਾਈਚਾਰੇ ਨੂੰ ਆਪਣੀਆਂ ਭਖਦੀਆਂ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਜਥੇਬੰਦਕ ਸ਼ਕਤੀ ਨੂੰ ਮਜ਼ਬੂਤ ਬਣਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਚੋਣਾਂ ਦੌਰਾਨ ਕੀਤੇ ਵਾਅਦੇ ਅਜੇ ਤੱਕ ਪੂਰੇ ਨਹੀਂ ਹੋਏ।

ਉਨ੍ਹਾਂ ਮੰਗ ਕੀਤੀ ਕਿ ਸਰਕਾਰ ਮੈਨੀਫੈਸਟੋ 'ਚ ਮੰਨੀਆਂ ਮੰਗਾਂ ਨੂੰ ਤੁਰੰਤ ਲਾਗੂ ਕਰੇ ਜਿਵੇ ਨੰਬਰਦਾਰਾਂ ਨੂੰ ਮੁਫ਼ਤ ਬੱਸ ਸਫਰ, ਟੋਲ ਟੈਕਸ ਮੁਆਫ਼ੀ, ਜੱਦੀ ਪੁਸ਼ਤੀ ਅਨੁਸਾਰ ਨੰਬਰਦਾਰ ਦੇ ਵਾਰਿਸ ਨੂੰ ਹੀ ਨੰਬਰਦਾਰ ਬਣਾਇਆ ਜਾਵੇ ਅਤੇ ਵਧਾਇਆ ਮਾਣ ਭੱਤਾ ਤੁਰੰਤ ਲਾਗੂ ਕੀਤਾ ਜਾਵੇ। ਨੰਬਰਦਾਰ ਮਹਿੰਦਰ ਸਿੰਘ ਸਹੌਰ, ਬਲਵੀਰ ਸਿੰਘ ਮਹਿਲ ਖੁਰਦ, ਸੁਖਵਿੰਦਰ ਸਿੰਘ ਠੁੱਲੀਵਾਲ ਨੇ ਸ਼ਪੱਸ਼ਟ ਕਿਹਾ ਕਿ ਜੇਕਰ ਸਰਕਾਰ ਨੇ ਨੰਬਰਦਾਰਾਂ ਦੀਆਂ ਭਖਦੀਆਂ ਮੰਗਾਂ ਨੂੰ ਲਾਗੂ ਨਾ ਕੀਤਾ ਤਾਂ ਸੂਬਾਈ ਲੀਡਰਸ਼ਿਪ ਦੀ ਅਗਵਾਈ ਹੇਠ ਜਥੇਬੰਦੀ ਵੱਲੋਂ ਤਿੱਖੇ ਸੰਘਰਸ਼ ਦਾ ਬਿਗੁਲ ਵਜਾਇਆ ਜਾਵੇਗਾ।

# ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿਖੇ ਡਾਕਟਰ ਦਿਵਸ ਉਤਸ਼ਾਹ ਨਾਲ ਮਨਾਇਆ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਵਿਖੇ ਰਾਸ਼ਟਰੀ ਡਾਕਟਰ ਦਿਵਸ ਬਹੁਤ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ, ਜਿਸ ਵਿੱਚ ਡਾਕਟਰੀ ਭਾਈਚਾਰੇ ਦੇ ਉੱਤਮ ਪੇਸ਼ੇ ਤੇ ਨਿਰਸਵਾਰਥ ਸੇਵਾ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦੇ ਮਾਣਯੋਗ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਨੇ ਆਪਣੀ ਵਿਸ਼ੇਸ਼ ਹਾਜ਼ਰੀ ਨਾਲ ਸਮਾਗਮ ਦੀ ਰੌਣਕ ਵਧਾਈ।ਵਾਈਸ ਚਾਂਸਲਰ ਡਾ. ਸੂਦ ਨੇ ਆਪਣੇ ਮੁੱਖ ਭਾਸ਼ਣ ਵਿੱਚ ਡਾਕਟਰ ਦਿਵਸ ਦੀ ਮਹੱਤਤਾ 'ਤੇ ਚਾਨਣਾ ਪਾਇਆ, ਡਾ. ਬਿਧਾਨ ਚੰਦਰ ਰਾਏ ਦੇ ਜੀਵਨ ਤੇ ਵਿਰਾਸਤ ਨੂੰ ਸ਼ਰਧਾਂਜਲੀ ਭੇਟ ਕੀਤੀ, ਜਿਨ੍ਹਾਂ ਦੇ ਨਾਮ 'ਤੇ ਇਹ ਦਿਨ ਮਨਾਇਆ ਜਾਂਦਾ ਹੈ।

ਇਸ ਤੋਂ ਬਾਅਦ ਇੱਕ ਸਨਮਾਨ ਸਮਾਰੋਹ ਹੋਇਆ, ਜਿਸ ਵਿੱਚ ਸਮਰਪਤ ਫੈਕਲਟੀ ਮੈਂਬਰਾਂ ਨੂੰ ਉਨ੍ਹਾਂ ਦੀ ਮਿਸਾਲੀ ਸੇਵਾ ਲਈ ਸਨਮਾਨਤ ਕੀਤਾ ਗਿਆ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਅਕਾਦਮਿਕ ਤੇ ਸਹਿ-ਪਾਠਕ੍ਰਮ ਪ੍ਰਾਪਤੀਆਂ ਲਈ ਸ਼ਲਾਘਾ ਕੀਤੀ ਗਈ।ਇਸ ਸਮਾਗਮ ਵਿੱਚ ਫੈਕਲਟੀ ਆਫ਼ ਅਲਾਈਡ ਮੈਡੀਕਲ ਸਾਇੰਸਿਜ਼ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ (ਸੰਗੀਤ, ਨਾਚ ਤੇ ਕਲਾ) ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਇਸ ਜਸ਼ਨ ਦੀ ਸ਼ਾਨਦਾਰ ਸਫਲਤਾ ਦਾ ਸਿਹਰਾ ਪ੍ਰਿੰਸੀਪਲ ਡਾ. ਸੰਜੇ ਗੁਪਤਾ ਦੀ ਦੂਰਦਰਸ਼ੀ ਅਗਵਾਈ ਨੂੰ ਜਾਂਦਾ ਹੈ, ਜਿਨ੍ਹਾਂ ਦੇ ਅਣਥੱਕ ਯਤਨਾਂ, ਸੁਚੱਜੀ ਯੋਜਨਾਬੰਦੀ ਤੇ ਅਟੁੱਟ ਵਚਨਬੱਧਤਾ ਨੇ ਇਸ ਸਮਾਗਮ ਨੂੰ ਸ਼ਾਨ ਤੇ ਪ੍ਰੇਰਣਾ ਦਿੱਤੀ।ਉਨ੍ਹਾਂ ਦੀ ਨਿਰੰਤਰ ਅਗਵਾਈ ਸੰਸਥਾ ਦੀ ਉੱਤਮਤਾ ਤੇ ਨੈਤਿਕਤਾ ਨੂੰ ਬਰਕਰਾਰ ਰੱਖਣ ਵਿੱਚ ਇੱਕ ਮਾਰਗਦਰਸ਼ਕ ਸ਼ਕਤੀ ਬਣੀ ਹੋਈ ਹੈ।ਵਾਈਸ ਚਾਂਸਲਰ ਡਾ. ਰਾਜੀਵ ਸੂਦ ਤੇ ਉਨ੍ਹਾਂ ਦੀ ਸਤਿਕਾਰਯੋਗ ਟੀਮ ਦਾ ਉਨ੍ਹਾਂ ਦੀ ਮੌਜੂਦਗੀ ਤੇ ਨਿਰੰਤਰ ਸਮਰਥਨ ਲਈ ਦਿਲੋਂ ਧੰਨਵਾਦ ਕੀਤਾ ਗਿਆ।ਵਿਦਿਆਰਥੀ ਪ੍ਰੀਸ਼ਦ, ਫੈਕਲਟੀ ਮੈਂਬਰਾਂ, ਸਹਾਇਕ ਸਟਾਫ਼ ਤੇ ਪਰਦੇ ਪਿੱਛੇ ਯੋਗਦਾਨ ਪਾਉਣ ਵਾਲਿਆਂ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਨ੍ਹਾਂ ਦੇ ਸਮੂਹਕ ਯਤਨਾਂ ਨੇ ਇਸ ਸਮਾਗਮ ਨੂੰ ਯਾਦਗਾਰੀ ਸਫਲ ਬਣਾਇਆ।

# ਆਰਟੀਫੀਸ਼ਲ ਜਵੈਲਰੀ ਦੀ ਟ੍ਰੇਨਿੰਗ ਪ੍ਰਾਪਤ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ



**ਸੰਗਰੂਰ (ਪ੍ਰਵੀਨ ਸਿੰਘ)**-ਸਟੇਟ ਬੈਂਕ ਆਫ ਇੰਡੀਆ ਤੇ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਪੇਂਡੂ ਸਵੈ-ਰੋਜ਼ਗਾਰ ਸਿਖਲਾਈ ਸੰਸਥਾਨ ਪਿੰਡ ਬਡਰੁੱਖਾਂ ਵਿਖੇ ਆਰਟੀਫੀਸ਼ਲ ਜਵੈਲਰੀ ਬਣਾਉਣ ਦੇ ਕੋਰਸ ਦਾ ਸਮਾਪਤੀ ਸਮਾਰੋਹ ਹੋਇਆ।ਇਸ ਮੌਕੇ ਮੁੱਖ ਮਹਿਮਾਨ ਰਾਜੀਵ ਚੋਪੜਾ ਚੀਫ ਮੈਨੇਜਰ ਸਟੇਟ ਬੈਂਕ ਆਫ ਇੰਡੀਆ ਮੇਨ ਬਰਾਂਚ ਸੰਗਰੂਰ, ਸੁਰਮੁੱਖ ਸਿੰਘ ਲੀਡ ਬੈਂਕ ਮੈਨੇਜਰ ਸੰਗਰੂਰ ਤੇ ਡਾਇਰੈਕਟਰ ਆਰਸੇਟੀ ਦਿਲੀਪ ਕੁਮਾਰ ਵੱਲੋਂ ਸਾਰੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ।ਇਸ ਆਰਟੀਫੀਸ਼ਲ ਜਵੈਲਰੀ ਬਣਾਉਣ ਦੇ ਕੋਰਸ ਨੂੰ 25 ਸਿਖਿਆਰਥੀਆਂ ਨੇ ਮੁਕੰਮਲ ਕੀਤਾ ਤੇ ਕੋਰਸ ਦੇ ਅਖ਼ੀਰਲੇ ਦਿਨ ਆਰਟੀਫੀਸ਼ਲ ਜਵੈਲਰੀ ਬਣਾਉਣ ਦੇ ਕੋਰਸ ਦੇ ਸਮਾਪਤੀ ਸਮਾਰੋਹ ਮੌਕੇ ਡਾਇਰੈਕਟਰ ਆਰਸੇਟੀ ਨੇ ਸਿਖਿਆਰਥੀਆਂ ਨੂੰ ਸਿਖਲਾਈ ਮੁਕੰਮਲ ਕਰਨ 'ਤੇ ਮੁਬਾਰਕਾਂ ਦਿੱਤੀਆਂ।ਰਾਜੀਵ ਚੋਪੜਾ ਚੀਫ ਮੈਨੇਜਰ ਮੇਨ ਬਰਾਂਚ ਸੰਗਰੂਰ ਨੇ ਇੰਸ਼ੋਰੈਂਸ ਬਾਰੇ ਸਿਖਿਆਰਥੀਆਂ ਨੂੰ ਬਹੁਤ ਸਾਰੀਆਂ ਸਕੀਮਾਂ ਬਾਰੇ ਜਾਗਰੂਕ ਕੀਤਾ ਤੇ ਸਿੱਖਿਆਰਥੀਆਂ ਨੂੰ ਐੱਸ ਸੀ ਵਿਭਾਗ ਵੱਲੋਂ 50% ਦੀ ਸਬਸਿਡੀ ਦੇ ਨਾਲ ਕਈ ਕੰਮਾਂ ਲਈ ਲੋਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਡਾਇਰੈਕਟਰ ਆਰਸੇਟੀ ਦਿਲੀਪ ਕੁਮਾਰ ਨੇ ਸਾਈਬਰ ਕ੍ਰਾਇਮ ਤੋਂ ਬਚਣ ਸਬੰਧੀ ਜਾਣਕਾਰੀ ਦਿੱਤੀ।ਇਸ ਮੌਕੇ ਡਾਇਰੈਕਟਰ ਆਰਸੇਟੀ ਨੇ ਸਿਖਿਆਰਥੀਆਂ ਨੂੰ ਬੈਂਕ ਮੁਦਰਾ ਲੋਨ ਸਕੀਮਾਂ ਬਾਰੇ ਦੱਸਦੇ ਹੋਏ, ਲੋਨ ਲੈ ਕੇ ਨਿਰਧਾਰਤ ਸਮੇਂ ਸਿਰ ਵਾਪਸ ਕਰਨ ਲਈ ਕਿਹਾ ਤੇ ਜਿਸ ਕੰਮ ਲਈ ਲੋਨ ਲਿਆ ਹੈ, ਉਸੇ ਕੰਮ ਨੂੰ ਸ਼ੁਰੂ ਕਰਨ ਜਾਂ ਵਧਾਉਣ ਲਈ ਕਿਹਾ।ਉਨ੍ਹਾਂ ਐੱਸ. ਬੀ. ਆਈ. ਆਰਸੇਟੀ ਬਡਰੁੱਖਾਂ ਵਿਖੇ ਕਈ ਤਰ੍ਹਾਂ ਦੀਆਂ ਕਿੱਤਾਮੁਖੀ ਟ੍ਰੇਨਿੰਗਾਂ, ਜੋ ਬਿਲਕੁਲ ਮੁਫਤ ਕਰਵਾਈਆਂ ਜਾਂਦੀਆਂ ਹਨ, ਦਾ ਲਾਭ ਲੈਣ ਤੇ ਇਸ ਮੌਕੇ ਸਿਖਿਆਰਥੀਆਂ ਨੇ ਐੱਸ. ਬੀ. ਆਈ. ਆਰਸੇਟੀ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੁਰਮੁੱਖ ਸਿੰਘ ਲੀਡ ਬੈਂਕ ਮੈਨੇਜਰ ਸੰਗਰੂਰ, ਬਾਲ ਕ੍ਰਿਸ਼ਨ (ਫੈਕਲਟੀ), ਅਮਨਦੀਪ ਠਾਕੁਰ (ਫੈਕਲਟੀ), ਮਦਨਜੀਤ ਸ਼ਰਮਾ (ਕਲਰਕ), ਹਰਦੀਪ ਸਿੰਘ, ਮੱਖਣ ਸਿੰਘ ਆਦਿ ਮੌਜੂਦ ਸਨ।

## ਸਰਕਾਰੀ ਸਕੂਲ 'ਚੋਂ ਸਾਮਾਨ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਕਾਰੀ ਮਿਡਲ ਸਕੂਲ ਲੋਹੁਕੇ ਖੁਰਦ ਵਿਖੇ ਅਣਪਛਾਤੇ ਚੋਰਾਂ ਵੱਲੋਂ ਸਾਮਾਨ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਮੱਲਾਂਵਾਲਾ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਇੱਕ ਪੱਤਰ ਬਲਵਿੰਦਰ ਸਿੰਘ ਮੁੱਖ ਅਧਿਆਪਕ ਸਰਕਾਰੀ ਮਿਡਲ ਸਕੂਲ ਲੋਹੁਕੇ ਖੁਰਦ ਵੱਲੋਂ ਮੌਸੂਲ ਹੋਇਆ ਕਿ ਮਿਤੀ 1 ਜੁਲਾਈ 2025 ਨੂੰ ਤਰਕੀਬਨ ਰਾਤ 1.45 ਏਐੱਮ ਰਾਤ ਅਣਪਛਾਤੇ ਚੋਰਾਂ ਵੱਲੋਂ ਸਕੂਲ ਦਾ ਦਫਤਰ ਤੋੜ ਕੇ 1 ਐੱਲਸੀਡੀ, 1 ਏਸੀ, ਇਕ ਪ੍ਰਿੰਟਰ, ਯੂਪੀਐੱਸ ਤੇ ਭੰਨ ਤੋੜ ਕਰਕੇ ਲਗਭਗ 70 ਹਜ਼ਾਰ ਰੁਪਏ ਦਾ ਸਾਮਾਨ ਚੋਰੀ ਕਰਕੇ ਲੈ ਗਏ ਹਨ। ਜਾਂਚਕਰਤਾ ਸੁਖਪਾਲ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।


SOUTH INDIAN Bank

ਬਰਾਂਚ ਦਾ ਪਤਾ : ਡੋਰ ਨੰ. 218, ਓਮ ਸ਼ਾਂਤੀ ਕੰਪਲੈਕਸ, ਇੰਡਸਟਰੀਅਲ ਏਰੀਆ ਏ, ਚੀਮਾ ਚੌਂਕ, ਲੁਧਿਆਣਾ-141003, ਬਰਾਂਚ ਮੇਲ ਆਈ ਡੀ : br0411@sib.co.in

**ਬੈਂਕ ਕੋਲ ਰਹਿਣ ਸੋਨੇ ਦੀ ਨਿਲਾਮੀ**

ਜਦੋਂ ਕਿ ਦਾ ਸਾਊਥ ਇੰਡੀਅਨ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਨੇ ਕਰਜ਼ਦਾਰ ਨੂੰ ਉਸ ਵੱਲੋਂ ਪ੍ਰਾਪਤ ਕੀਤੇ ਗਏ ਸੋਨੇ ਦੇ ਕਰਜ਼ੇ ਦੇ ਬਕਾਏ ਨੂੰ ਨਿਬੇੜਨ ਲਈ ਸੱਦਾ ਦਿੰਦਾ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਿਹਾ ਹੈ, ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਸਖਤੀ ਨਾਲ "ਜਿਵੇਂ ਹੈ ਜੋ ਹੈ ਅਧਾਰ" ਅਤੇ "ਉਥੇ ਜੋ ਵੀ ਹੈ ਦੇ ਅਧਾਰ" ਅਤੇ ਬਿਨਾਂ ਕਿਸੇ ਸਹਾਰੇ ਦੇ ਅਧਾਰ 'ਤੇ ਸੋਨੇ ਦੇ ਗਹਿਣਿਆਂ ਦੀ ਆਨਲਾਈਨ ਨਿਲਾਮੀ ਕਰੇਗਾ। ਕਰਜ਼ਦਾਰ ਸ੍ਰੀ ਖੇਤ ਸਿੰਘ ਖਾਤਾ ਨੰ. 0411653000001019 ਲਈ ਨਿਲਾਮੀ https://egold.auctiontiger.net ਰਾਹੀਂ 21.07.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ ਦੇ 03.00 ਵਜੇ ਤੱਕ ਆਨਲਾਈਨ ਕੀਤੀ ਜਾਵੇਗੀ।

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਕਸ਼ਨ ਟਾਈਗਰ ਨਾਲ 6352632523 'ਤੇ ਸੰਪਰਕ ਕੀਤਾ ਜਾਵੇ।

ਸਹੀ/- ਮੈਨੇਜਰ
ਦਾ ਸਾਊਥ ਇੰਡੀਅਨ ਬੈਂਕ ਲਿਮਟਿਡ

AXIS BANK

**Retail Asset Centre:** AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
**Corporate Office:** 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
**Registered Office:** 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

**ਅੰਤਿਕਾ iv [ਰੂਲ 8 (1) ਦਾ ਹਵਾਲਾ ਲਵੋ] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (2002 ਦਾ 54) ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਹਰੇਕ ਖਾਤੇ ਵਿਰੁੱਧ ਦਰਸਾਈਆਂ ਮਿਤੀਆਂ 'ਤੇ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਨ੍ਹਾਂ ਨੂੰ ਦਰਸਾਏ ਰੂਲ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਵਰਨਣ ਜਾਇਦਾਦ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਮਿਤੀਆਂ ਨੂੰ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਨ 'ਤੇ ਰਕਮ ਅਤੇ ਉਸ ਉਪਰ ਵਿਆਜ ਐਕਸਿਸ ਬੈਂਕ ਲਿ. ਦੀ ਦੇਣਦਾਰੀ ਦਾ ਵਿਸ਼ਾ ਹੋਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ ਅਤੇ ਪਤਾ | ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|---|---|---|
| 1. | 1. ਸ੍ਰੀ ਰਾਹੁਲ ਸਹਿਗਲ ਪੁੱਤਰ ਬਲਦੇਵ ਸਹਿਗਲ (ਕਰਜ਼ਦਾਰ/ਰਹਿਣਕਾਰ) ਅਤੇ 2 ਸ੍ਰੀ ਰੋਹਿਤ ਸਹਿਗਲ ਪੁੱਤਰ ਬਲਦੇਵ ਸਹਿਗਲ (ਸਹਿ-ਕਰਜ਼ਦਾਰ/ਰਹਿਣਕਾਰ) | ਬੈਨਾਮਾ ਵਸੀਕਾ ਨੰ. 14050 ਮਿਤੀ 05.02.2018 ਰਾਹੀਂ ਸ੍ਰੀ ਰਾਹੁਲ ਸਹਿਗਲ ਪੁੱਤਰ ਬਲਦੇਵ ਸਹਿਗਲ ਅਤੇ ਸ੍ਰੀ ਰੋਹਿਤ ਕੁਮਾਰ ਸਹਿਗਲ ਪੁੱਤਰ ਬਲਦੇਵ ਸਹਿਗਲ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 80, ਰਕਬਾ 79 ਵਰਗ ਗਜ਼, (ਲੰਬਾਈ 32' * ਚੌੜਾਈ 22') ਖਸਰਾ ਨੰ. 191 ਮਿਨ, ਤੁੰਗਪਾਈ ਸਬ-ਅਰਬਨ ਅਬਾਦੀ ਟੰਡਨ ਨਗਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਸੜਕ, ਪੱਛਮ : ਵਿਕਰੇਤਾ ਰਮੇਸ਼ ਚੰਦਰ ਅਤੇ ਪ੍ਰੇਮ ਕਾਂਤਾ ਦੀ ਮਲਕੀਅਤ, ਉੱਤਰ : ਵਿਕਰੇਤਾ ਰਮੇਸ਼ ਚੰਦਰ ਅਤੇ ਪ੍ਰੇਮ ਕਾਂਤਾ ਦੀ ਮਲਕੀਅਤ, ਦੱਖਣ : ਮਾਲਕ ਮੁਣਸ਼ੀ ਰਾਮ। | 31 ਅਗਸਤ 2022 | 08 ਜੁਲਾਈ 2025 | ਰੁਪਏ 31,15,687/- (ਇਕੱਤੀ ਲੱਖ ਪੰਦਰਾਂ ਹਜ਼ਾਰ ਛੇ ਸੌ ਸਤਾਸੀ ਰੁਪਏ ਕੇਵਲ) |

ਉਪਰੋਕਤ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ ਨੂੰ ਰਕਮ ਵਾਪਸ ਮੋੜਨ ਲਈ 30 ਦਿਨਾਂ ਦਾ ਨੋਟਿਸ ਦਿੱਤਾ ਗਿਆ ਹੈ, ਨਹੀਂ ਤਾਂ ਰਹਿਣ ਕੀਤੀਆਂ ਜਾਇਦਾਦਾਂ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 30 ਦਿਨ ਗੁਜ਼ਰ ਜਾਣ 'ਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਦੀਆਂ ਵਿਵਸਥਾਵਾਂ ਤਹਿਤ ਜਾਇਦਾਦਾਂ ਵੇਚ ਦਿੱਤੀਆਂ ਜਾਣਗੀਆਂ।

ਮਿਤੀ : 11.07.2025 ਸਹੀ/- (ਅਧਿਕਾਰਤ ਅਫਸਰ) ਐਕਸਿਸ ਬੈਂਕ ਲਿਮਟਿਡ

11- July - Page - 7.qxd 7/10/2025 10:43 PM Page 1



# ਪਲਾਸਟਿਕ ਦੀ ਵਰਤੋਂ ਸੰਬੰਧੀ ਭਾਸ਼ਣ ਮੁਕਾਬਲਾ ਕਰਾਇਆ





**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਵਿਖੇ 8ਵੀਂ ਤੇ 9ਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਲਈ ਇੱਕ ਡੀਬੇਟ ਤੇ ਭਾਸ਼ਣ ਮੁਕਾਬਲਾ ਸਫ਼ਲਤਾਪੂਰਵਕ ਆਯੋਜਤ ਕੀਤਾ ਗਿਆ।ਮੁਕਾਬਲੇ ਦੇ ਮੁੱਖ ਵਿਸ਼ੇ 'ਪਲਾਸਟਿਕ ਦੀ ਘੱਟ ਵਰਤੋਂ, ਆਬਾਦੀ ਤੇ ਵਾਤਾਵਰਣ ਪ੍ਰਦੂਸ਼ਣ' ਸਨ, ਜਿਸ 'ਤੇ ਵਿਦਿਆਰਥੀਆਂ ਨੇ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੁਕਾਬਲੇ ਵਿੱਚ ਕੁੱਲ 30 ਵਿਦਿਆਰਥੀਆਂ ਨੇ ਹਿੱਸਾ ਲਿਆ।ਵਿਦਿਆਰਥੀਆਂ ਨੇ ਆਪਣੇ ਦਲੀਲਾਂ ਤੇ ਪੇਸ਼ਕਾਰੀ ਨਾਲ ਨਾ ਸਿਰਫ਼ ਦਰਸ਼ਕਾਂ ਨੂੰ ਪ੍ਰਭਾਵਤ ਕੀਤਾ, ਸਗੋਂ ਸਮਾਜਿਕ ਜਾਗਰੂਕਤਾ ਵੀ ਫੈਲਾਈ। ਅਧਿਆਪਕ ਬਲਜਿੰਦਰ ਸਿੰਘ ਨੇ ਮੁਕਾਬਲੇ ਵਿੱਚ ਜੱਜ ਦੀ ਭੂਮਿਕਾ ਨਿਭਾਈ ਤੇ ਨਿਰਪੱਖ ਫ਼ੈਸਲੇ ਦੇ ਆਧਾਰ 'ਤੇ ਪਹਿਲੇ, ਦੂਜੇ ਅਤੇ ਤੀਜੇ ਸਥਾਨ ਦੇ ਜੇਤੂਆਂ ਦਾ ਐਲਾਨ ਕੀਤਾ।ਸਕੂਲ ਦੇ ਪ੍ਰਿੰਸੀਪਲ ਰਪਿੰਦਰ ਪਟਿਆਲ ਨੇ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਦੇ ਹੋਏ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਦੇ ਸ਼ਖ਼ਸੀਅਤ ਵਿਕਾਸ ਦੇ ਨਾਲ-ਨਾਲ ਸਮਾਜਿਕ ਮੁੱਦਿਆਂ ਦੀ ਸਮਝ ਨੂੰ ਡੂੰਘਾ ਕਰਦੇ ਹਨ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਮਨਿੰਦਰ ਸਿੰਘ ਸਿੱਧੂ ਤਹਿਸੀਲਦਾਰ ਕਮ ਸਹਾਇਕ ਕੁਲੈਕਟਰ ਦਰਜਾ ਪਹਿਲਾ ਸ਼ਾਹਕੋਟ ।

ਮਾਲ ਰਿਕਾਰਡ ਪਿੰਡ ਕਾਕੜਾ ਕਲਾਂ ਵਿਚ ਲਾਡੀ ਪੁੱਤਰ ਫਕੀਰ ਚੰਦ ਤੋਂ ਬਦਲ ਕੇ ਰਣਜੀਤ ਰਾਮ ਪੁੱਤਰ ਫਕੀਰ ਚੰਦ ਪਿੰਡ ਕਾਕੜਾ ਕਲਾਂ, ਤਹਿਸੀਲ ਸ਼ਾਹਕੋਟ ਕਰਨ ਬਾਰੇ।

ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਅਦਾਲਤ ਵਿਚ ਦਰਖਾਸਤ ਪ੍ਰਾਪਤ ਹੋਈ ਹੈ ਕਿ ਮਾਲ ਰਿਕਾਰਡ ਵਿਚ ਰਣਜੀਤ ਰਾਮ ਪੁੱਤਰ ਫਕੀਰ ਚੰਦ ਗਲਤੀ ਨਾਲ ਲਾਡੀ ਪੁੱਤਰ ਫਕੀਰ ਚੰਦ ਲਿਖਿਆ ਗਿਆ ਹੈ । ਸਹੀ ਨਾਂਅ ਰਣਜੀਤ ਰਾਮ ਪੁੱਤਰ ਫਕੀਰ ਚੰਦ ਬਾਰੇ ਦਰਖਾਸਤ ਪੇਸ਼ ਕੀਤੀ ਹੈ। ਮਾਲ ਰਿਕਾਰਡ ਲਾਡੀ ਪੁੱਤਰ ਫਕੀਰ ਚੰਦ ਦਾ ਸਹੀ ਨਾਂਅ ਰਣਜੀਤ ਰਾਮ ਪੁੱਤਰ ਫਕੀਰ ਚੰਦ ਕਰਨ ਵਿਚ ਅਗਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਮਿਤੀ 18-07-2025 ਤੱਕ ਇਸ ਅਦਾਲਤ ਵਿਚ ਅਸਾਲਤਨ/ਵਕਾਲਤਨ ਜਾਂ ਕਿਸੇ ਮੁਖਤਾਰ ਰਾਹੀਂ ਪੇਸ਼ ਹੋ ਕੇ ਇਤਰਾਜ਼ ਪੇਸ਼ ਕਰ ਸਕਦਾ ਹੈ। ਨਿਸ਼ਚਿਤ ਮਿਤੀ 'ਤੇ ਹਾਜ਼ਰ ਨਾ ਆਉਣ ਦੀ ਸੂਰਤ ਵਿਚ ਦਰਖਾਸਤ ਦਾ ਫੈਸਲਾ ਨਿਯਮਾਂ ਅਨੁਸਾਰ ਕਰ ਦਿੱਤਾ ਜਾਵੇਗਾ।

ਅੱਜ ਮਿਤੀ 30-06-2025 ਨੂੰ ਮੇਰੇ ਹਸਤਾਖਰ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਨੰਬਰ : 673/ਰੀਡਰ

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਸ਼ਾਹਕੋਟ।

## COURT NOTICE

(U/o 5 Rule 20 CPC)
(Succession Case)
In The Court of
**Parminder Kaur Bains**
Civil Judge (Senior Division), Amritsar
CNR No. PBAS02-002105-2025
Next Date:- 25-07-2025

Sukhwant Kaur D/O Gurmukh Singh W/O Baldev Singh R/O H.no. 1030/7, Near Murgi Khana Bazar, New Partap Nagar, Amritsar

Vs.

General Public

Succ

Notice To: General Public
Whom May Its Concern

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 25-07-2025 at 10 a.m.

For details logon to https://highcourtchd.gov.in/?trs=district_notice&district=Amritsar

Civil Judge (Senior Division) Amritsar

Dated, this day of 09-07-2025

## ਉੱਤਰ ਰੇਲਵੇ

**ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ**
**ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ**

ਟੈਂਡਰ ਨੋਟਿਸ ਨੰ.:-08/2025-2026 — ਮਿਤੀ 09.07.2025

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁਖ ਸਮਗਰੀ ਪ੍ਰਬੰਧਕ/ ਉਤਰ ਰੇਲਵੇ /ਭੰਡਾਰ ਡਿਪੋ/ਯਾਂਤਰਿਕ ਕਾਰਖਾਨਾ/ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. ਨੰ. | ਨਿਵਿਦਾ ਨੰ. | ਮਾਲ ਦਾ ਵੇਰਵਾ | ਮਾਤਰਾ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|
| 1 | 62255172 | Lock Bolt and Collar of various Size | 186240 Sets of various sizes | 04.08.25 |
| 2 | 62245359B | ARGON GAS + (1-5%) O2 GAS for SS WELDING AS PER IS NO 5760 - 1998 GR-3 REAFFIRMED 2010 | 99840 Cums. | 18.08.25 |

**ਨਿਵਿਦਾ ਸ਼ਰਤਾਂ:**- ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇੱਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।

2079/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

**ਖੁਲੀ ਟੈਂਡਰ ਸੂਚਨਾ**

ਸੀਨੀ. ਮੰਡਲ ਵਿਦੁਤ ਇੰਜੀਨੀਅਰ/ਟੀ.ਆਰ./ਜੰਮੂ ਤਵੀ, ਉ.ਰੇ., ਜੰਮੂ ਡਵੀਜਨ ਦੇ ਲਈ ਅਤੇ ਭਾਰਤ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ ਆਖਰੀ ਮਿਤੀ **01.08.2025** ਨੂੰ **15:00 ਵਜੇ** ਤਕ ਮੰਗ ਕੀਤੀ ਜਾਂਦੀ ਹੈ । ਟੈਂਡਰਕਾਰਕ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ **01.08.2025** ਨੂੰ **15:00 ਵਜੇ** ਤਕ ਪੇਸ਼ ਕਰ ਸਕਦੇ ਹਨ । ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹੈ ।

| ਟੈਂਡਰ ਨੰਬਰ : 753-ਟੀ.ਆਰ.ਡੀ.-ਜੰਮੂ ਤਵੀ-2025-26 |
|---|
| **ਕੰਮਾਂ ਦਾ ਵੇਰਵਾ :** ਜੰਮੂ ਸੰਭਾਗ ਵਿਚ DEE/TRD/JT ਅਤੇ DEE/Cord/BDGM ਦੇ ਅਧਿਕਾਰ ਖੇਤਰ ਵਿਚ OHE ਦੀ ਵਿਸ਼ਵਸਨੀਯਤਾ ਵਧਾਣ ਦੇ ਲਈ ਪ੍ਰਮੁੱਖ ਸਟੇਸ਼ਨਾਂ ਅਤੇ ਸੈਕਸ਼ਨਾਂ ਦੀ ਸੈਕਸ਼ਨਿੰਗ ਵਿਵਸਥਾ 'ਚ ਸੁਧਾਰ । |
| **ਅਨੁਮਾਨਿਤ ਲਾਗਤ (ਰੁ:) :** 2,65,47,633.39 |
| **ਟੈਂਡਰ ਦੀ ਕੀਮਤ (ਰੁ:) :** ਸਿਫਰ |
| **ਟੈਂਡਰ ਦੀ ਪੂਰਾ ਕਰਨ ਦੀ ਮਿਤੀ ਤੇ ਸਮਾਂ :** 01.08.2025, 15:00 ਵਜੇ ਤਕ |
| **ਬਿਆਨਾ ਰਾਸ਼ੀ (ਰੁ:) :** 2,82,700/- |
| **ਕੰਮ ਦਾ ਸਮਾਂ :** 06 ਮਹੀਨੇ |
| **ਟੈਂਡਰ ਖੁਲਣ ਦੀ ਮਿਤੀ ਤੇ ਸਮਾਂ :** 01.08.2025,15:00 ਵਜੇ ਦੇ ਬਾਦ |
| **ਵੈੱਬਸਾਈਟ :** www.ireps.gov.in |

**ਨੋਟ :** # ਟੈਂਡਰਕਰਤਾ ਕ੍ਰਿਪਾ ਧਿਆਨ ਦੇਵੇ ਕਿ ਬੋਲੀ ਸੁਰੱਖਿਆ ਦੇ ਬਗੈਰ ਪ੍ਰਾਪਤ ਪ੍ਰਸਤਾਵ ਜਾਂ ਤਾ ਈ-ਪੇਮੇਂਟ ਗੇਟਵੇ ਦੇ ਦੁਵਾਰਾ ਤੋਂ ਨਗਦ ਵਿਚ ਜਾਂ ਭਾਰਤ ਦੇ ਕਿਸੀ ਅਨੁਸੂਚਿਤ ਵਾਣਿਜਿਯਕ ਬੈਂਕ ਤੋਂ ਬੈਂਕ ਗਰੰਟੀ ਬਾਂਡ ਦੇ ਰੂਪ ਵਿਚ ਜਾਂ ਟੈਂਡਰ ਦਸਤਾਵੇਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਅਵੱਧੀ ਦੇ ਲਈ ਵੈਧ ਹੈ । ਬੋਲੀ ਦੀ ਵੈਧਤਾ ਅਵੱਧੀ ਦੇ ਬਾਦ 90 ਦਿਨਾਂ ਦੇ ਲਈ, ਅਧੂਰੇ ਅਤੇ ਅਮਾਨਯ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸਦੇ ਲਈ ਠੇਕੇਦਾਰ ਦਾ ਰੇਲਵੇ ਉਤੇ ਕੋਈ ਦਾਵਾ ਨਹੀਂ ਹੋਵੇਗਾ ।

ਨੰ: 753-ਟੀ.ਆਰ.ਡੀ.-ਜੰਮੂ ਤਵੀ-2025-26 ਮਿਤੀ : 09.07.2025 — 2088/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਰਜਿੰਦਰ ਸਿੰਘ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ

ਕੇਸ ਅਨੁਵਾਨ : ਸੁਖਦੇਵ ਸਿੰਘ ਵਗੈਰਾ ਬਨਾਮ ਗੁਰਮੀਤ ਸਿੰਘ ਵਗੈਰਾ ਆਦਿ

ਵਾਕਿਆ : ਪਿੰਡ ਲਾਲੋਵਾਲ ਹ. ਬ. ਨੰ. 409 — ਕਿਸਮ ਕੇਸ : ਤਕਸੀਮ

ਦਰਖਾਸਤ ਬਰਾਏ ਅਧੀਨ ਧਾਰਾ 111 ਆਫ ਪੰਜਾਬ ਲੈਂਡ ਰੈਵੀਨਿਊ ਐਕਟ ਬਾਬਤ ਜ਼ਮੀਨ ਕਨਾਲ ਮਰਲੇ, ਖੇਵਟ ਨੰ: 42 ਖਤੌਨੀ 93 ਤੋਂ 104 ਮੁਤਾਬਕ ਜਮ੍ਹਾਂਬੰਦੀ ਸਾਲ 2017-18 ਵਾਕਿਆ ਪਿੰਡ ਲਾਲੋਵਾਲ, ਹ. ਬ. ਨੰ: 409, ਤਹਿਸੀਲ ਕਲਾਨੌਰ, ਜ਼ਿਲ੍ਹਾ ਗੁਰਦਾਸਪੁਰ।

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਹੇਠ ਲਿਖੇ ਉੱਤਰਵਾਦੀਆਂ ਦੀ ਇਤਲਾਹ ਸਾਧਾਰਨ ਤਰੀਕੇ ਨਾਲ ਹੋਣੀ ਸੰਭਵ ਨਹੀਂ ਹੈ। ਇਸ ਨੋਟਿਸ ਦੇ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹਾਂ ਕਿ ਉਕਤ ਅਨੁਵਾਨ ਕੇਸ ਨੂੰ ਲੈ ਕੇ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਤਰੀਕ ਪੇਸ਼ੀ 5.08.2025 ਨੂੰ ਅਸਾਲਤਨ ਜਾਂ ਵਕਾਲਤਨ ਹਾਜ਼ਰ ਹੋ ਕੇ ਆਪਣਾ ਪੱਖ ਪੇਸ਼ ਕਰ ਸਕਦੇ ਹਨ। ਹਾਜ਼ਰ ਨਾ ਹੋਣ ਦੀ ਸੂਰਤ ਵਿਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਵਿਚ ਕੋਈ ਉਜ਼ਰ/ਇਤਰਾਜ਼ ਨਹੀਂ ਸੁਣਿਆ ਜਾਵੇਗਾ।

ਇਹ ਨੋਟਿਸ ਅੱਜ ਮਿਤੀ 03-07-2025 ਨੂੰ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਹੇਠ ਜਾਰੀ ਕੀਤਾ ਗਿਆ।

**1 Sukhdev Singh, 2 Gurdev Singh sons of Mohinder Singh R/o village Lalowal Tehsil and Distt. Gurdaspur. ....Applicant**

**Vs**

**1. Gurmeet Singh @Toni, 2. Daljit Singh, 3. Harjeet Singh, 4. Kabul Singh sons of Harbhajan Singh, 5. Tarlok Singh s/o Banta Singh, 6. Ajaib Singh S/o Inder Singh deceased through legal heirs (i) Mukhtar Singh (ii) Bhupinder Singh, (iii) Davinder Singh sons of Ajaib Singh, 7. Daljit Singh, 8. Lakhwinder Singh, 9. Harjinder Singh sons of Gian Singh, 10. Bachan Singh S/o Ghanesa Singh. 11. Joginder Kaur W/o Vasan Singh, 12. Baljit Kaur D/o Vasan Singh, 13. Balkar Singh, 14. Manjit Singh, 15. Paramjit Singh sons of Vasan Singh, 16. Mohan Singh S/o Mela Singh, 17. Ravel Singh S/o Manohar Singh, 18. Lakhwinder Singh, 19. Jagdish Singh, 20. Balwinder Singh, 21. Sukhwinder Singh sons of Harbans Singh, 22. Joga Singh S/o Mohan Singh, all R/o village Lalowal Tehsil Kalanaur, Distt. Gurdaspur. .....Respondents**

ਨੰ: 385 ਮਿਤੀ : 08.07.25 — ਸਹਾਇਕ ਕੁਲੈਕਟਰ ਦਰਜਾ ਪਹਿਲਾ, ਕਲਾਨੌਰ

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਵਦੀਪ ਸਿੰਘ ਭੋਗਲ ਜ਼ਿਲ੍ਹਾ ਮਾਲ ਅਫਸਰ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ ਫਾਰ ਫਾਸਟ ਟਰੈਕ ਕੋਰਟ ਫਾਰ ਐਨ.ਆਰ.ਆਈਜ਼ ਕਪੂਰਥਲਾ।

ਕੇਸ ਨੰਬਰ **01-05/DRO/FTC/NRI** ਤਾਰੀਖ ਦਾਇਰ 07/01/2025 ਕਿਸਮ ਮੁਕੱਦਮਾ ਤਕਸੀਮ

ਤਕਸੀਮ ਖੇਵਟ ਨੰਬਰ 99,135,136,137,275

ਖਤੌਨੀ ਨੰਬਰ 117,164,167, 168, 169, 170,171,172, 173,174,175,358 ਮੁਤਾਬਕ ਜਮ੍ਹਾਂਬੰਦੀ ਸਾਲ 2022-2023 ਵਾਕਿਆ ਅਰਾਜੀ ਪਿੰਡ ਚੁਗਾਵਾਂ, ਤਹਿਸੀਲ ਭੁਲੱਥ ਜ਼ਿਲ੍ਹਾ ਕਪੂਰਥਲਾ।

1. ਲਖਵਿੰਦਰ ਸਿੰਘ ਪੁੱਤਰ ਸਰਦਾਰ ਸਿੰਘ **R/o International City Greece L12 Flat No. 201, Dubai, UAE** ਹਾਲ ਵਾਸੀ ਪਿੰਡ ਚੁਗਾਵਾਂ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ। (ਧਿਰ ਅੱਵਲ)

ਬਨਾਮ

1. ਗੁਰਨਾਮ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਹੀਰਾ ਸਿੰਘ 2. ਕੁਲਦੀਪ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਖਜਾਨ ਸਿੰਘ 3. ਇਕਬਾਲ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਖਜਾਨ ਸਿੰਘ 4. ਸਰਬਸੁੱਖ ਸਿੰਘ ਪੁੱਤਰ ਰਵੇਲ ਸਿੰਘ ਪੁੱਤਰ ਜੋਗਿੰਦਰ ਸਿੰਘ 5. ਗੁਰਬਚਨ ਕੌਰ ਵਿਧਵਾ ਸਰਦਾਰ ਸਿੰਘ ਪੁੱਤਰ ਬੂੜਾ ਮੱਲ 6. ਵੀਰ ਕੌਰ ਪੁੱਤਰੀ ਸਰਦਾਰ ਸਿੰਘ ਪੁੱਤਰ ਬੂੜਾ ਮੱਲ 7. ਗੁਰਨਾਮ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਹੀਰਾ ਸਿੰਘ 8. ਮਾਨ ਸਿੰਘ ਪੁੱਤਰ ਸਰਦਾਰ ਸਿੰਘ ਪੁੱਤਰ ਬੂੜਾ ਮੱਲ 9. ਬਲਵਿੰਦਰ ਸਿੰਘ ਪੁੱਤਰ ਬੰਤਾ ਸਿੰਘ ਪੁੱਤਰ ਮੁਨਸ਼ਾ ਸਿੰਘ 10. ਸਤਿੰਦਰਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਪੁੱਤਰ ਬੰਤਾ ਸਿੰਘ 11. ਚਰਨ ਕੌਰ ਮਾਤਾ ਨਰੰਜਣ ਸਿੰਘ ਪੁੱਤਰ ਬੰਤਾ ਸਿੰਘ 12. ਸੁਰਜੀਤਪਾਲ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਬੰਤਾ ਸਿੰਘ 13. ਗਗਨਦੀਪ ਸਿੰਘ ਪੁੱਤਰ ਮੰਗਤ ਸਿੰਘ ਪੁੱਤਰ ਬੰਤਾ ਸਿੰਘ 14. ਮਲਕੀਤ ਸਿੰਘ ਪੁੱਤਰ ਬੰਤਾ ਸਿੰਘ ਪੁੱਤਰ ਮੁਨਸ਼ਾ ਸਿੰਘ 15. ਬਲਰਾਜਵੀਰ ਸਿੰਘ ਪੁੱਤਰ ਬਲਵਿੰਦਰ ਸਿੰਘ ਪੁੱਤਰ ਬੰਤਾ ਸਿੰਘ 16. ਅਜੀਤਪਾਲ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਬੰਤਾ ਸਿੰਘ 17. ਜਗਨਦੀਪ ਸਿੰਘ ਪੁੱਤਰ ਮੰਗਤ ਸਿੰਘ ਪੁੱਤਰ ਬੰਤਾ ਸਿੰਘ 18. ਸੁਰਜੀਤ ਕੌਰ ਵਿਧਵਾ ਜੋਗਿੰਦਰ ਸਿੰਘ ਪੁੱਤਰ ਕ੍ਰਿਪਾ ਸਿੰਘ 19. ਸੁਖਵਿੰਦਰ ਸਿੰਘ ਪੁੱਤਰ ਵਿਰਸਾ ਸਿੰਘ ਪੁੱਤਰ ਕਰਮ ਸਿੰਘ 20. ਹਰਪ੍ਰੀਤ ਸਿੰਘ ਪੁੱਤਰ ਵਿਰਸਾ ਸਿੰਘ ਪੁੱਤਰ ਕਰਮ ਸਿੰਘ 21. ਚਰਨਪ੍ਰੀਤ ਸਿੰਘ ਪੁੱਤਰ ਪਿਆਰਜੀਤ ਸਿੰਘ ਪੁੱਤਰ ਵਿਰਸਾ ਸਿੰਘ 22. ਬਲਵੀਰ ਸਿੰਘ ਪੁੱਤਰ ਜਗਤ ਸਿੰਘ ਪੁੱਤਰ ਹੀਰਾ ਸਿੰਘ 23. ਬਲਵਿੰਦਰ ਕੌਰ ਪਤਨੀ ਮਲਕੀਤ ਸਿੰਘ ਪੁੱਤਰ ਬੰਤਾ ਸਿੰਘ 24. ਗੁਰਦਾਸ ਕੌਰ ਵਿਧਵਾ ਰੇਸ਼ਮ ਸਿੰਘ ਪੁੱਤਰ ਸ਼ੰਕਰ ਸਿੰਘ 25. ਮਲਕੀਤ ਸਿੰਘ ਪੁੱਤਰ ਰੇਸ਼ਮ ਸਿੰਘ ਪੁੱਤਰ ਸ਼ੰਕਰ ਸਿੰਘ 26. ਬਲਕਾਰ ਸਿੰਘ ਪੁੱਤਰ ਰੇਸ਼ਮ ਸਿੰਘ ਪੁੱਤਰ ਸ਼ੰਕਰ ਸਿੰਘ 27. ਬਖਤਾਵਰ ਸਿੰਘ ਪੁੱਤਰ ਰੇਸ਼ਮ ਸਿੰਘ ਪੁੱਤਰ ਸ਼ੰਕਰ ਸਿੰਘ 28. ਗੁਰਮੇਜ ਕੌਰ ਵਿਧਵਾ ਫੌਜਾ ਸਿੰਘ ਪੁੱਤਰ ਸ਼ੰਕਰ ਸਿੰਘ 29. ਮੰਗਤ ਸਿੰਘ ਪੁੱਤਰ ਰੇਸ਼ਮ ਸਿੰਘ 30. ਰਮਨਦੀਪ ਸਿੰਘ ਪੁੱਤਰ ਹਰਚਰਨ ਸਿੰਘ ਪੁੱਤਰ ਧਿਆਨ ਸਿੰਘ 31. ਗੁਰਮੀਤ ਕੌਰ ਪਤਨੀ ਤਰਸੇਮ ਸਿੰਘ ਪੁੱਤਰ ਤੇਜਾ ਸਿੰਘ 32. ਪ੍ਰਵਿੰਦਰਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਹਰੀ ਸਿੰਘ 33. ਮਨਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਹਰੀ ਸਿੰਘ 34. ਮਲਕੀਤ ਸਿੰਘ ਪੁੱਤਰ ਹਰੀ ਸਿੰਘ ਪੁੱਤਰ ਲਛਮਣ ਸਿੰਘ, ਸਾਰੇ ਵਾਸੀਆਨ ਪਿੰਡ ਚੁਗਾਵਾਂ, ਤਹਿਸੀਲ ਭੁਲੱਥ ਜ਼ਿਲ੍ਹਾ ਕਪੂਰਥਲਾ। (ਧਿਰ ਦੋਮ)

ਉਪਰੋਕਤ ਅਨੁਵਾਨ ਮੁਕੱਦਮਾ ਤਕਸੀਮ ਵਿੱਚ ਫਰੀਕ ਦੋਇਮ ਦੇ ਕੁਝ ਫਰੀਕ ਪਿੰਡ ਵਿੱਚ ਰਿਹਾਇਸ਼ ਨਹੀਂ ਰੱਖਦੇ ਹਨ।ਇਸ ਕਰਕੇ ਫਰੀਕ ਦੋਇਮ ਦੀ ਅਸਾਲਤਨ ਇਤਲਾਹ ਨਹੀਂ ਹੋ ਸਕੀ।ਜਿਸ ਤੋਂ ਪਾਇਆ ਗਿਆ ਕਿ ਫਰੀਕ ਦੋਇਮਾਂ ਦੀ ਸਾਧਾਰਨ ਤਰੀਕੇ ਨਾਲ ਤਾਮੀ ਹੋਣੀ ਮੁਸ਼ਕਲ ਹੈ।ਉਕਤ ਅਨੁਵਾਨ ਕੇਸ ਵਿੱਚ ਅਗਲੀ ਤਾਰੀਖ ਪੇਸ਼ੀ ਮਿਤੀ 21/07/2025 ਨਿਸ਼ਚਿਤ ਕਰ ਕੇ ਫਰੀਕ ਦੋਇਮਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਨਿਰਧਾਰਿਤ ਤਾਰੀਖ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਉਣ।ਉਕਤ ਨਿਰਧਾਰਤ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 10/07/2025 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਹੋਇਆ।

ਨੰਬਰ : 137/ਰੀਡਰ ਮਿਤੀ : 10/7/25

ਸਹੀ/- ਜ਼ਿਲ੍ਹਾ ਮਾਲ ਅਫਸਰ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਰ ਫਾਸਟ ਟਰੈਕ ਕੋਰਟ ਫਾਰ ਐਨ.ਆਰ.ਆਈਜ਼ ਕਪੂਰਥਲਾ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਤਹਿਸੀਲਦਾਰ -ਕਮ- ਸਹਾਇਕ ਕੁਲੈਕਟਰ ਦਰਜਾ ਪਹਿਲਾ/ ਦੂਜਾ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ

ਵਿਸ਼ਾ : ਤਕਸੀਮ ਕੇਸ ਵੱਲੋਂ ਰੁਪਿੰਦਰ ਕੌਰ ਪਤਨੀ ਗੁਰਮੀਤ ਸਿੰਘ ਪੁੱਤਰ ਅਜਾਇਬ ਸਿੰਘ ਵਾਸੀ ਬੁਰਜ ਹਮੀਰਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ।

ਖੇਵਟ ਨੰਬਰ 431 ਖਤੌਨੀ ਨੰਬਰ 677 ਵਾਕਿਆ ਰਕਬਾ ਪਿੰਡ ਖੋਟਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ।

ਉਪਰੋਕਤ ਅਨੁਵਾਨ ਕੇਸ ਦੀ ਤਾਰੀਖ ਪੇਸ਼ੀ ਮਿਤੀ 15-7-2025 ਮੁਕੱਰਰ ਹੈ । ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਾਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ । ਇਸ ਲਈ ਉਹਨਾਂ ਦੇ ਖਿਲਾਫ ਆਰਡਰ 5 ਰੂਲ 20 ਸੀ.ਪੀ.ਸੀ ਦੀ ਕਾਰਵਾਈ ਆਰੰਭੀ ਜਾ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ । ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ ।

1) ਜਸਪਾਲ ਸਿੰਘ ਪੁੱਤਰ ਕੇਵਲ ਸਿੰਘ ਉਰਫ ਜਗਤਾਰ ਸਿੰਘ ਪੁੱਤਰ ਹਰਦੇਵ ਸਿੰਘ (2) ਮਲਕੀਤ ਕੌਰ ਮਾਤਾ ਦਲਜੀਤ ਸਿੰਘ ਪੁੱਤਰ ਹਰਦੇਵ ਸਿੰਘ (3) ਹਰਦੀਪ ਕੌਰ ਪਤਨੀ ਕੇਵਲ ਸਿੰਘ ਉਰਫ ਜਗਤਾਰ ਸਿੰਘ ਪੁੱਤਰ ਹਰਦੇਵ ਸਿੰਘ (4) ਨਾਜਮ ਸਿੰਘ ਪੁੱਤਰ ਨਛੱਤਰ ਸਿੰਘ ਪੁੱਤਰ ਕਿਸ਼ਨ ਸਿੰਘ (5) ਹਰਦੀਪ ਕੌਰ ਪਤਨੀ ਜਗਤਾਰ ਸਿੰਘ ਪੁੱਤਰ ਹਰਦੇਵ ਸਿੰਘ, ਸਾਰੇ ਵਾਸੀਆਨ ਪਿੰਡ ਖੋਟਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਨਿਹਾਲ ਸਿੰਘ ਵਾਲਾ ( ਮੋਗਾ)

## COURT NOTICE

(U/o 5 Rule 20 CPC)
(Succession Case)
In The Court of
**Dr. Sushil Bodh**
Additional Civil Judge (Senior Division), Jalandhar
CNR No. PBJL02-000995-2025
Next Date:- 12-08-2025

Krishana Devi

Vs.

General Public

Notice To: General Public
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 12-08-2025 at 10 a.m.

For details logon to https://highcourtchd.gov.in/?mod=district_notice&district=Jalandhar

Additional Civil Judge (Senior Division) Jalandhar

Dated, this day of 07-07-2025

## COURT NOTICE

(U/o 5 Rule 20 CPC)
(Under Guardian And Ward Act)
In The Court of
**Sh. Vineet Kumar Narang**
Additional Principal Judge Family Court-1, Jalandhar
CNR No. PBJL01-011165-2020
Next Date:- 08-08-2025

Ripu Raman aged about 39 years son of Shinder Paul resident of H.No. BX-1616, V.P.O. Lamba Pind, Jalandhar

Vs.

1. Vipan W/o Ripu Raman, daughter of Ram Bangar, Resident of H.No. B-IX-49/83, New Hardyal Nagar, P.O. Sheikhe, Old Hoshiarpur Road, Jalandhar
2. General Public

Petition Under Guardian and Wards Act

Notice To: General Public
General Public

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 08-08-2025 at 10:00 a.m.

For details logon to https://highcourtchd.gov.in/?mod=district_notice&district=Jalandhar

Additional Principal Judge Family Court-I, Jalandhar

Dated, this day of 05-07-2025

## COURT NOTICE

(U/o 5 Rule 20 CPC)
In The Court of
**Sh. Manpreet Sohi**
Civil Judge (Junior Division), Dasuya
CNR No. PBHOA0-000157-2025
Next Date:- 04-08-2025

Tirlochan Singh S/o Gurmail Singh R/o Village Unchi Bassi, PO. Lamin, Tehsil Dasuya, District Hoshiarpur. ...Plaintiff

Vs.

General Public And Others ....Defendants

Suit For Declaration.

Publication Issued To:
1) General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 04-08-2025 at 10:00 a.m.

For details logon to https://highcourtchd.gov.in/?mod=district_notice&district=Hoshiarpur

Civil Judge (Junior Division) Dasuya

Dated, this day of 03-06-2025

## COURT NOTICE

(U/O 5 Rule 20 Cpc)
In The Court of
**Ms. Harmandeep Kaur**
Civil Judge Junior Division-3, Ferozepur
CNR No. PBFZ02-001240-2024
Next Date:- 30-07-2025

Rajinder Kumar

Vs.

Kiranjit Kaur widow

PUBLICATION ISSUED TO:

(1) Kiranjit Kaur widow Spouse: Balwinder Singh (ii) Harmanjit Kaur minor daughter of Balwinder Singh (iii) Pushpinder Singh minor S/o Balwinder Singh Village Bahmani Wala, Tehsil Jalalabad, Distt. Fazilka, PUNJAB

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 30-07-2025 at 10:00 a.m.

For details logon to https://highcourtchd.gov.in/?mod=district_notice&district=moga-court

Civil Judge Junior Division-3 Ferozepur

Dated, this day of 08-07-2025




## Change of Name

I Shudh Parkash S/O Kanhaiya Lal Khanna R/O 10, Gali Tiwarian New Abadi, I/S Lohgarh Gate, Amritsar Have Change My Name to Shudh Parkash Khanna.all Concerned Please Note.

I, Baljit Kaur W/o Harpreet Singh R/o VPO Dharowali, Tahsil Dera Baba Nanak, Distt Gurdaspur. I have changed my name from Baljit Kaur to Surjeet Kaur. Please concerned note.

I, Kirandeep Kaur daughter of Satnam Singh Village Marhana Tehsil Patti District Tarntaran Have Changed my Name From Kirandeep kaur to Kirndeep Kaur All Concerned please note it.

I, Sarbjit Singh S/o Amrik Singh R/o Village Chohak Kalan, PO. Ladhewali Jalandhar declare that my given name as Sarbjit & my Surname as Singh. Please note.

I, Varinder Kumar Bhardwaj Resident-47, Radhe Enclave, Chohak Kalan, PO. Ladhewali Jalandhar has changed my name from Varinder Kumar Bhardwaj to Varinder Kumar. Please note. (12233)

I Gurpeet Singh S/o Charnjit Singh R/o H.NO.B-III/177 Guru Nanak Nagar Bhullar Road Batala, District Gurdaspur. I Declare that my name Gurpreet Singh and Gurpreet Singh Kalsi both names are Mine and Same one Person. Please concerned Note.

I Gurpreet Singh S/o Charnjit Singh R/o H.NO.B-III/177 Guru Nanak Nagar Bhullar Road Batala, District Gurdaspur. I Declare that my name Gurpreet Singh and Gurpreet Singh Kalsi both names are Mine and Same one Person. Please concerned Note.

I, Satvinder Kaur W/o Sat Paul R/o Vill. Hussainpur, PO. Kalyanpur, Distt. Jalandhar have changed my name as Satvinder Kaur Sidhu. Please All concerns note it

I, Arjun Thaper S/o Sukhdev Singh R/o V. Partappura Po.Lohar Partappura Distt.Jalandhar have changed my name from Arjun to Arjun Thaper.(Thaper as Surname) All Please note.

I, hitherto known as Ashni Kumar son of Jaginder Pal residing at H. No. 161, Ward No. 11, Alawalpur, Jalandhar 144301 Punjab, India have changed my name and shall hereafter be known as Ashwani Kumar.

I, Naveen Kumar S/o Puran Chand Mukhija R/o Flat No. K-401, Jalandhar Height-1, Jalandhar, 144026, Punjab, India, have changed my name from Naveen Kumar to Naveen Kumar Mukhija. Please Note.

I, Varinderjit Kaur W/o Shamsher Singh Sidhu R/o Vill Sidhwan PO Jaffarwal (Gurdaspur) have changed my name to Varinderjit Kaur Sidhu. Concerned note.

I, Veeru Singh S/o Bahadar Singh R/o Chabba, Chabba, Amritsar have changed my name from Veeru Singh to Veeru.

I, Mona Daughter of Vijay Kumar resident of VPO. Rahimpur, Jalandhar, Punjab have changed my name from Mona to Mona Kaur. All concerned please note.

I, Surmeet Singh Son Of Waryam Singh Resident Of H. No. B 31/720 Dhiman Nagar, Kapurthala Road Jalandhar, Punjab, India Have Changed My Name To Surmit Singh. All Concerned Please Note.

I, Rohit Kumar S/o Satpal R/o VPO. Sofi Pind, Distt. Jalandhar, Punjab-144024 have changed my name from Rohit Kumar to Given Name as Rohit & Surname as Kumar. All concerned please note.

I, Prabhjot Singh S/o Harwinder Singh R/o VPO. Massanian, Tehsil Batala, Distt. Gurdaspur, Punjab have changed my name from Parbhjot Singh to Prabhjot Singh. Concerned Note.

I Raman Deep Kaur wife of Jaswinder Singh resident of village Khera Bet, District Kapurthala, Punjab, India have changed my name from Raman Deep Kaur to Kaur Raman Deep . All Concerned please note.

I Nikhal s/o Amandeep Singh r/o Vill. Mehli, Teh. Banga, Distt. Shaheed Bhagat Singh Nagar have changed my name from Nikhal to Nikhal Singh.

I, Renu w/o Rachpal Singh r/o H.No. 95, Gurjepal Nagar, Distt. Jalandhar, Punjab have changed my name from Renu to Reena Kumari. All Please Note.

I, Paviter Singh s/o Charmel Singh r/o VPO. Jamsher Khas, Mohalla Bagichi, Distt. Jalandhar (PB) have changed my name from Pavitar Singh to Paviter Singh. All Please Note.

I, Ramandeep s/o Paramjeet r/o VPO.Chomon, Adampur, Distt. Jalandhar, Punjab- 144102 have changed my name and shall hereafter be known as Ramandeep Singh.

I, Mandeep Kaur d/o Malwinder Singh Darian r/o B11/53/9, Near Guru Nanak, Medical Hall Kahnuwan Road Batala, Distt.Gurdaspur have added my surname to Mandeep Kaur Darian. All Please Note.

I, Jyoti W/o Sandeep Kumar R/o S-159, Industrial Area, Jalandhar, Punjab have changed my name from Jyoti to Jyoti Aggarwal. All Please Note.

I, Babbly W/o Dilbagh Rai R/o VPO. Mohadipur Arayian, Distt. Jalandhar, Punjab have changed my name from Babbly to Babli. All Please Note.

I, Lata Alias Gurbax Lata W/o Tara Chand Uppal R/o Mohalla Uppalan, Sultanpur Lodhi, Distt. Kapurthala, Punjab have changed my name to Lata Uppal. All Please Note.

I, Rajwinder Kaur W/o Ranjit Singh R/o VPO. Nussi, Distt. Jalandhar, Punjab have changed the spelling of my name from Rajwinder Kaur to Rajvinder Kaur. All Please Note.

I, Pitor S/o Azik Lal R/o VPO. Kahlwan, Distt. Jalandhar, Punjab have changed my name from Pitor to Peter. All Please Note.

I, Manjit W/o Peter R/o VPO. Kahlwan, Distt. Jalandhar, Punjab have changed my name from Manjit to Manjeet Kaur. All Please Note.

I, Vandana Rani W/o Rajiv Kumar R/o H.No. 3407, Near Guru Ravidass Chowk, Boota Mandi, Jalandhar, Punjab have changed my minor daughter name from Rishika to Rishika Bhatia. All Please Note.

## Change of Name

I, Kartar Singh Sandhu S/O Gurdit Singh R/O E3/168, San Sahib Road, Opp. Children Park, Krishna Nagar, Chheharta, Amritsar,Punjab have changed my name from Kartar Singh Sandhu to Kartar Singh. Concerned note.

I, Kuljit Kaur W/o Rupinder Singh R/o Vill. Mehendipur, P.O. Abdulapur, Teh. Mukerian (Hoshiarpur) Punjab declare that my given name as Kuljit and my Surname as Kaur. Please note.I, Jamila Begum Wife of Nawab Ud Din, Resident of Village Ghug, Post Office Sudana, District Jalandhar, Punjab have changed my name from JAMILA BEGUM to JAMILA BEGAM.

I Sandeep Kaur Gill W/o Rajan Sidhu R/o H.No. 56-L, A-Block, Model House, Jalandhar, Punjab, have changed my name from Sandeep Kaur Gill to Sandeep Kaur Sidhu . All concerned please note.

I Harish Pal S/o Kalu Ram R/o H.No. 884/37, Manjit Nagar, Basti Sheikh , Jalandhar-144001, Punjab, have changed my name from Harish Pal to Harish Sikka. All concerned please note.

## ਨਾਂਅ ਦੀ ਬਦਲੀ

[illegible]

## ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ: ਟੀ 61 ਏ ਪੀ 070510 ਐਕਸ, [illegible] ਵਿਖੇ ਇੱਕ (1) ਮਹੀਨੇ ਦੇ ਅੰਦਰ-ਅੰਦਰ ਦਰਜ ਕਰਵਾ ਸਕਦਾ ਹੈ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ: ਟੀ 61 ਏ ਪੀ 071480 ਐਕਸ, [illegible] (1) ਮਹੀਨੇ ਦੇ ਅੰਦਰ-ਅੰਦਰ ਦਰਜ ਕਰਵਾ ਸਕਦਾ ਹੈ।

ਕੁਲਵੰਤ ਸਿੰਘ ਪੁੱਤਰ ਗੁਰਦਿਆਲ ਸਿੰਘ, ਵਾਸੀ ਬੁਟਾਰੀ (ਅੰਮ੍ਰਿਤਸਰ), ਨਾਮ ਚੱਲਦਾ ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ ਏ.ਪੀ.09/629 ਨੂੰ ਗੁਰਿੰਦਰ ਸਿੰਘ ਪੁੱਤਰ ਮੋਹਣ ਸਿੰਘ, ਵਾਸੀ ਬੁਟਾਰੀ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ, ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਉਪ ਮੰਡਲ ਬੁਟਾਰੀ ਪੁੱਜਣ ।

ਰਾਜਬੀਰ ਸਿੰਘ ਪੁੱਤਰ ਸੁਰਜੀਤ ਸਿੰਘ, ਵਾਸੀ ਭਿੰਡਰ (ਅੰਮ੍ਰਿਤਸਰ), ਨਾਮ ਚੱਲਦਾ ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ 09604 ਨੂੰ ਕਮਲਬੀਰ ਸਿੰਘ ਪੁੱਤਰ ਸਰਦੂਲ ਸਿੰਘ, ਵਾਸੀ ਭਿੰਡਰ ਨਾਮ ਕਰਨ ਦੀ ਦਰਖਾਸਤ ਪੁੱਜੀ ਹੈ, ਇਤਰਾਜ 15 ਦਿਨਾਂ ਅੰਦਰ ਦਫਤਰ ਪਾਵਰਕਾਮ ਉਪ ਮੰਡਲ ਬੁਟਾਰੀ ਪੁੱਜਣ ।

ਮੋਟਰ ਕੁਨੈਕਸ਼ਨ ਖਾਤਾ ਨੰਬਰ (ਏਪੀ-24/219) ਐੱਲ ਕੇ-219, ਜੋ ਕਿ ਬਚਿੱਤ ਸਿੰਘ ਪੁੱਤਰ ਰਾਮ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਹਰਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਰਕਬਾ ਪਿੰਡ ਲੋਹਕੇ ਖੁਰਦ ਨੇ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐੱਸ ਡੀ ਓ ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਐੱਲ ਕੇ-150, ਜੋ ਕਿ ਬਚਿੱਤ ਸਿੰਘ ਪੁੱਤਰ ਰਾਮ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਹਰਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਰਕਬਾ ਪਿੰਡ ਲੋਹਕੇ ਖੁਰਦ ਨੇ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐੱਸ ਡੀ ਓ ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: **AP31/976, 3 BHP,** ਜੋ ਸ੍ਰੀ ਗੁਰਦੇਵ ਸਿੰਘ **S/o** ਪ੍ਰੀਤਮ ਸਿੰਘ, ਦੇ ਨਾਂਅ 'ਤੇ ਪਿੰਡ ਜਾਹਦਪੁਰ ਵਿਖੇ ਚੱਲਦਾ ਹੈ, ਬਦਲ ਕੇ ਸ੍ਰੀ ਸੁਖਵਿੰਦਰ ਸਿੰਘ ਅਤੇ ਦਵਿੰਦਰ ਸਿੰਘ **S/o** ਅਰਜਨ ਸਿੰਘ, ਜਾਹਦਪੁਰ, ਤਹਿ. ਬਟਾਲਾ ਦੇ ਨਾਂਅ ਕਰਨਾ ਹੈ। ਜਿਸ ਕਿਸੇ ਨੂੰ ਇਤਰਾਜ਼ ਹੋਵੇ ਉਹ 07 ਦਿਨ ਦੇ ਅੰਦਰ-ਅੰਦਰ ਉੱਪ ਮੰਡਲ ਅਫਸਰ ਪੱਛਮ ਸ/ਡ ਉਮਰਪੁਰਾ ਬਟਾਲਾ ਦੇ ਦਫਤਰ ਅਰਜ਼ੀ ਦੇਵੇ।

ਮੋਟਰ ਕੁਨੈਕਸ਼ਨ ਖਾਤਾ ਨੰਬਰ 3003140585 (12. 5 ਬੀ ਐੱਚ ਪੀ), ਜੋ ਕਿ ਇੰਦਰਪਾਲ ਸਿੰਘ ਪੁੱਤਰ ਚਰਨਜੀਤ ਸਿੰਘ ਰਕਬਾ ਮੋਟਰ ਪਿੰਡ ਵਡਾਲਾ ਕਲਾਂ, ਕਪੂਰਥਲਾ ਦੇ ਨਾਂਅ ਪਰ ਚੱਲ ਰਹੀ ਹੈ, ਨੂੰ ਗੁਰਵਿੰਦਰ ਕੌਰ ਪਤਨੀ ਰਵਨੀਤ ਸਿੰਘ ਵਾਸੀ ਪਿੰਡ ਮੈਣਵਾਂ, ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ ਪਰ ਕਰਵਾਉਣ ਲਈ ਅਰਜ਼ੀ ਦਿੱਤੀ ਹੈ। ਇਸ ਸੰਬੰਧ ਵਿਚ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਪਾਵਰਕਾਮ ਦੇ ਦਫ਼ਤਰ ਸਬ-ਅਰਬਨ ਸ/ਡ ਕਪੂਰਥਲਾ, ਸਾਹਮਣੇ ਔਜਲਾ ਫਾਟਕ, ਕਪੂਰਥਲਾ ਵਿਖੇ ਇਤਰਾਜ਼ ਪੇਸ਼ ਕਰੇ।

ਮੋਟਰ ਕੁਨੈਕਸ਼ਨ ਖਾਤਾ ਨੰਬਰ 3003140583 (12. 5 ਬੀ ਐੱਚ ਪੀ) ਜੋ ਕਿ ਦਰਸ਼ਨ ਸਿੰਘ ਪੁੱਤਰ ਚਰਨਜੀਤ ਸਿੰਘ ਰਕਬਾ ਮੋਟਰ ਪਿੰਡ ਵਡਾਲਾ ਕਲਾਂ, ਕਪੂਰਥਲਾ ਦੇ ਨਾਂਅ ਪਰ ਚੱਲ ਰਹੀ ਹੈ, ਨੂੰ ਰਵਨੀਤ ਸਿੰਘ ਪੁੱਤਰ ਬਲਵਿੰਦਰ ਪਾਲ ਸਿੰਘ ਵਾਸੀ ਪਿੰਡ ਮੈਣਵਾਂ, ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ ਪਰ ਕਰਵਾਉਣ ਲਈ ਅਰਜ਼ੀ ਦਿੱਤੀ ਹੈ। ਇਸ ਸੰਬੰਧ ਵਿਚ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਪਾਵਰਕਾਮ ਦੇ ਦਫ਼ਤਰ ਸਬ-ਅਰਬਨ ਸ/ਡ ਕਪੂਰਥਲਾ, ਸਾਹਮਣੇ ਔਜਲਾ ਫਾਟਕ, ਕਪੂਰਥਲਾ ਵਿਖੇ ਇਤਰਾਜ਼ ਪੇਸ਼ ਕਰੇ।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਮੋਟਰ ਕੁਨੈਸ਼ਨ ਨੰਬਰ ਏ ਪੀ 32-2095 ਏ. ਸਰਵਨ ਸਿੰਘ ਪੁੱਤਰ ਪਿਆਰਾ ਸਿੰਘ ਦੇ ਨਾਮ ਤੇ ਰਕਬਾ ਪਿੰਡ ਕਾਹਨੂੰਵਾਨ ਵਿੱਚ ਚੱਲ ਰਹੀ ਹੈ। ਜਿਸਨੂੰ ਹੁਣ ਆਫਤਾਬ ਸਿੰਘ ਪੁੱਤਰ ਸੁਖਜਿੰਦਰ ਸਿੰਘ ਨੇ ਆਪਣੇ ਨਾਮ ਤੇ ਤਬਦੀਲ ਕਰਾਉਣ ਲਈ ਐਪਲੀਕੇਸ਼ਨ ਦਫਤਰ ਪੀ.ਐਸ.ਪੀ.ਸੀ.ਐਲ ਕਾਹਨੂੰਵਾਨ ਵਿਖੇ ਪੇਸ਼ ਕੀਤੀ । ਇਸ ਸੰਬਧੀ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਆਪਣਾ ਇਤਰਾਜ 15 ਦਿਨਾ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਦਫਤਰ ਪੀ.ਐਸ.ਪੀ.ਸੀ.ਐਲ ਕਾਹਨੂੰਵਾਨ ਵਿਖੇ ਪੇਸ਼ ਕਰੇ ਇਸ ਤੋ ਬਾਅਦ ਕੀਤਾ ਇਤਰਾਜ ਮੰਨਜੂਰ ਨਹੀ ਕੀਤਾ ਜਾਵੇਗਾ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਐੱਚ 14 ਏ ਪੀ 160339, ਜੋ ਕਿ ਦਰਸ਼ਨ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਝੱਜੀ ਪਿੰਡ ਦੇ ਨਾਂਅ 'ਤੇ ਚੱਲ ਰਿਹਾ ਹੈ, ਹੁਣ ਇਸ ਦਾ ਨਾਂਅ ਬਦਲ ਕੇ ਹਰਵਿੰਦਰ ਸਿੰਘ ਭੇਲਾ ਪੁੱਤਰ ਦਰਸ਼ਨ ਸਿੰਘ, ਪਿੰਡ ਝੱਜੀ ਪਿੰਡ ਦੇ ਨਾਂਅ ਹੋਣ ਜਾ ਰਿਹਾ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਵੀ ਇਤਰਾਜ਼ ਹੋਵੇ ਤਾਂ ਉਹ ਬਿਜਲੀ ਦਫ਼ਤਰ ਸਬ-ਅਰਬਨ ਟਾਂਡਾ ਵਿਖੇ ਸੰਪਰਕ ਕਰ ਸਕਦਾ ਹੈ।

## ਆਮ ਸੂਚਨਾ

ਮੈਂ, ਨਕੁਲ ਕੁਮਾਰ ਪੁੱਤਰ ਰਜਿੰਦਰ ਸ਼ਰਮਾ ਵਾਸੀ ਬੁਲੰਦਪੁਰ, ਡਾਕਖਾਨਾ ਨੂਰਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਮਨੂ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨਾਲ ਆਪਣੇ ਸਾਰੇ ਸੰਬੰਧ ਤੋੜਦਾ ਹਾਂ। ਇਸ ਦੇ ਨਾਲ ਸੰਬਧਤ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੀ ਮੇਰੀ ਜਾਂ ਮੇਰੇ ਬਾਕੀ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀ ਹੋਵੇਗੀ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ ਯੋਗਿੰਦਰ ਕੁਮਾਰ ਪੁੱਤਰ ਦਰਸ਼ਨ ਕੁਮਾਰ ਵਾਸੀ ਪਿੰਡ ਚੌੜਾਂ, ਡਾਕਖਾਨਾ ਅਜਨੋਹਾ, ਤਹਿਸੀਲ ਗੜ੍ਹਸ਼ੰਕਰ, ਜਿਲ੍ਹਾ ਹੁਸ਼ਿਆਰਪੁਰ, ਪੰਜਾਬ, ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ 'ਦਵਿੰਦਰ ਕੁਮਾਰ' ਅਤੇ ਉਸਦੀ ਪਤਨੀ 'ਮਨਦੀਪ ਕੌਰ' ਨੂੰ ਅਖਵਾਰ ਰਾਹੀਂ ਬੇਦਖਲ ਕੀਤਾ ਸੀ । ਪਰ ਹੁਣ ਮੇਰਾ ਲੜਕਾ 'ਦਵਿੰਦਰ ਕੁਮਾਰ' ਅਤੇ ਉਸਦੀ ਪਤਨੀ 'ਮਨਦੀਪ ਕੌਰ' ਮੇਰੇ ਕਹਿਣੇ ਵਿਚ ਹਨ ਇਸ ਕਰਕੇ ਮੈਂ ਇਨ੍ਹਾਂ ਦੀ ਬੇਦਖਲੀ ਰੱਦ ਕਰਦਾ ਹਾਂ । ਹੁਣ ਮੇਰਾ ਲੜਕਾ 'ਦਵਿੰਦਰ ਕੁਮਾਰ' ਅਤੇ ਉਸਦੀ ਪਤਨੀ 'ਮਨਦੀਪ ਕੌਰ' ਮੇਰੀ ਸਾਰੀ ਚੱਲ-ਅਚੱਲ ਜਾਇਦਾਦ ਦੇ ਕਾਨੂੰਨੀ ਵਾਰਸ, ਹੱਕਦਾਰ ਹੋਣਗੇ । ਸਾਰੇ ਸਬੰਧਤ ਨੋਟ ਕਰਨ।

ਅਸੀਂ, ਵਿਨੋਦ ਕੁਮਾਰ ਪੁੱਤਰ ਰੋਸ਼ਨ ਲਾਲ ਅਤੇ ਏਕਤਾ ਰਾਣੀ ਪਤਨੀ ਵਿਨੋਦ ਕੁਮਾਰ ਵਾਸੀ ਮਕਾਨ ਨੰ. 35, ਗਲੀ ਨੰ: 10, ਅਜਨਾਲਾ ਰੋਡ, ਸਾਹਿਬਜ਼ਾਦਾ ਜੁਝਾਰ ਸਿੰਘ ਐਵੀਨਿਊ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਵਿਨੋਦ ਕੁਮਾਰ ਦਾ ਸਾਲਾ ਰਾਹੁਲ ਵਰਮਾ ਤੇ ਏਕਤਾ ਰਾਣੀ ਦਾ ਭਰਾ ਅਤੇ ਇਸ ਦੀ ਪਤਨੀ ਸੁਮਨ ਕੁਮਾਰੀ ਅਤੇ ਇਨ੍ਹਾਂ ਦੇ ਬੱਚੇ ਪਲਵੀ, ਸ਼ਾਕਸੀ ਦਮਨ ਤੇ ਜਤਿਨ ਨਰੇਸ਼ ਵਾਸੀ ਫਗਵਾੜਾ, ਮੁਹੱਲਾ ਭਗਤਪੁਰਾ, ਜੋ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਅਸੀਂ ਇਨ੍ਹਾਂ ਨਾਲੋਂ ਆਪਣੇ ਸੰਬੰਧ ਤੋੜਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗਗਨਦੀਪ ਕੌਰ ਪਤਨੀ ਪਰਗਟ ਸਿੰਘ ਵਾਸੀ ਕੇਵਲ ਪੱਤੀ, ਪੰਜਗਰਾਈਂ ਕਲਾਂ, ਪੰਜ ਗਰੀਨ ਕਲਾਂ, ਫਰੀਦਕੋਟ ਬਿਆਨ ਕਰਦੀ ਹਾਂ ਮੇਰਾ ਭਰਾ ਮਨਜਿੰਦਰ ਸਿੰਘ ਉਰਫ ਮਨੀ, ਜੋ ਕਿ ਆਪਣੀ ਮਨਮਰਜ਼ੀ ਕਰਦਾ ਹੈ ਅਤੇ ਸਾਡੀ ਕੋਈ ਗੱਲ ਨਹੀਂ ਮੰਨਦਾ, ਜਿਸ ਕਰਕੇ ਮੈਂ ਆਪਣੇ ਭਰਾ ਮਨਜਿੰਦਰ ਸਿੰਘ ਉਰਫ ਮਨੀ ਨਾਲੋਂ ਆਪਣੇ ਸਾਰੇ ਸੰਬੰਧ ਤੋੜਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਕੋਈ ਮੈਂਬਰ ਜ਼ਿੰਮੇਵਾਰ ਨਹੀਂ ਹੋਵੇਗਾ। ਮੈਂ ਆਪਣੇ ਭਰਾ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ।

## ਬੇਦਖਲੀ ਨੋਟਿਸ

ਮੈਂ, ਹਰਜਿੰਦਰ ਸਿੰਘ ਪੁੱਤਰ ਜੀਤ ਸਿੰਘ ਵਾਸੀ ਮਕਾਨ ਨੰਬਰ 398 ਵਾਰਡ ਨੰਬਰ 19, ਸਟਰੀਟ ਨੰਬਰ 7, ਕ੍ਰਿਸ਼ਨਾ ਨਗਰ ਮੋਗਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਿੰਦਰ ਸਿੰਘ ਪੁੱਤਰ ਹਰਜਿੰਦਰ ਸਿੰਘ ਅਤੇ ਨੂੰਹ ਹਰਮਨ ਪੰਵਾਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੈਨੂੰ ਤੰਗ- ਪ੍ਰੇਸ਼ਾਨ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਮਰਜੀਤ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਪਿੰਡ ਬਾਠ ਕਲਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਨਾਮ ਸਿੰਘ ਅਤੇ ਨੂੰਹ ਪਰਮਜੀਤ ਕੌਰਦ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਾਨੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਦਾ ਕੋਈ ਤਲਕ-ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈਂ ਸਲਵੰਤੀ ਪਤਨੀ ਲੇਟ ਬਲਕਾਰਾ ਵਾਸੀ ਪਿੰਡ ਭੰਡਾਲ ਦੋਨਾ, ਡਾਕ. ਸਿੱਧਵਾਂ ਦੋਨਾ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦੀ ਹਾਂ ਕਿ ਮੇਰਾ ਲੜਕਾ ਸੁਖਜਿੰਦਰ ਸਿੰਘ ਮੇਰੇ ਕਹਿਣੇਕਾਰ ਵਿੱਚੋਂ ਬਾਹਰ ਹੈ ਅਤੇ ਮੇਰੇ ਨਾਲ ਲੜਾਈ ਝਗੜਾ ਕਰਦਾ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਤ ਨੋਟ ਕਰਨ।

ਮੈ ਸੁਖਵਿੰਦਰ ਕੌਰ ਪਤਨੀ ਸਵ. ਸੁਖਬੀਰ ਸਿੰਘ ਪੁੱਤਰ ਨੰਦ ਸਿੰਘ ਵਾਸੀ ਅੱਡਾ ਝਬਾਲ ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਮੇਰਾ ਲੜਕਾ ਗੁਰਬੀਰ ਸਿੰਘ ਪੁੱਤਰ ਸੁਖਬੀਰ ਸਿੰਘ ਮੇਰੇ ਕਹੇ ਸੁਣੇ ਵਿਚ ਨਹੀ ਚਲਦਾ ਆਪਣੀ ਹਰ ਪ੍ਰਕਾਰ ਦੀ ਚੱਲ ਅਤੇ ਅਚੱਲ ਜਾਇਦਾਦ ਵਿਚੋ ਬੇਦਖ਼ਲ ਕਰਦੀ ਹਾਂ ।

ਮੈ ਗਿਆਨ ਕੌਰ ਪਤਨੀ ਗੁਲਜ਼ਾਰ ਸਿੰਘ ਵਾਸੀ ਪਿੰਡ ਝਬਾਲ ਕਲਾਂ ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਮੇਰੀ ਲੜਕੀ ਜਸਬੀਰ ਕੌਰ ਪਤਨੀ ਸਵ. ਜ਼ਸਬੀਰ ਸਿੰਘ ਪੁੱਤਰ ਗੁਲਾਬ ਸਿੰਘ ਵਾਸੀ ਪਿੰਡ ਸਿੱਧਵਾ ਜਿਲ੍ਹਾ ਅੰਮ੍ਰਿਤਸਰ ਜੋ ਕਿ ਮੇਰੇ ਕਹੇ ਸੁਣੇ ਵਿਚ ਨਹੀਂ ਚਲਦੀ ਹੈ।ਆਪਣੀ ਚੱਲ ਅਤੇ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ।

ਮੈਂ, ਸੋਨੀਆ ਪਤਨੀ ਲਾਲ ਚੰਦ, ਵਾਸੀ ਪਿੰਡ ਚੁਹੜਵਾਲ, ਡਾਕਖਾਨਾ ਲੱਖਣ ਕਲਾਂ, ਜਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮੁਕੇਸ਼ ਅਤੇ ਮੇਰੀ ਨੂੰਹ ਸਾਨੀਆ, ਜੋ ਕਿ ਕੁਝ ਸਮੇਂ ਤੋਂ ਮੇਰੇ ਕਹਿਣੇਕਾਰ ਤੋਂ ਬਾਹਰ ਹਨ, ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਅਤੇ ਨੂੰਹ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਦੋਵਾਂ ਨਾਲ ਜੋ ਕੋਈ ਵੀ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਦਾ ਹੈ ਤਾਂ ਇਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕੁਲਵੰਤ ਸਿੰਘ ਪੁੱਤਰ ਸੰਤ ਸਿੰਘ ਵਾਸੀ 2535/18, ਗਲੀ ਹੀਰਾ ਚੌਧਰੀ ਵਾਲੀ, ਰਾਮਸਰ ਰੋਡ, ਚੌਕ ਕਰੋੜੀ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਸਾਡਾ ਲੜਕਾ ਤਰਨਜੀਤ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੁਰਜੀਤ ਸਿੰਘ ਪੁੱਤਰ ਸਤਨਾਮ ਸਿੰਘ ਵਾਸੀ ਪਿੰਡ ਰਹੀਮਪੁਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨੀਸ਼ ਭੋਪਾਲ, ਜੋ ਕਿ ਮੇਰੇ ਕਹਿਣੇ ਤੇ ਕੰਟਰੋਲ ਤੋਂ ਬਾਹਰ ਹੈ ਅਤੇ ਮੇਰੀ ਤੇ ਮੇਰੇ ਪਰਵਾਰ ਦੀ ਇੱਜ਼ਤ-ਮਾਣ ਨਹੀਂ ਕਰਦਾ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਅੱਜ ਤੋਂ ਮੈਂ ਇਸ ਨਾਲੋਂ ਸਾਰੇ ਰਿਸ਼ਤੇ ਤੋੜਦਾ ਹਾਂ। ਮੇਰਾ ਜਾਂ ਮੇਰੇ ਪਰਵਾਰ ਦਾ ਇਸ ਨਾਲ ਅੱਜ ਤੋਂ ਕੋਈ ਰਿਸ਼ਤਾ ਨਹੀਂ ਹੋਵੇਗਾ। ਜੋ ਵੀ ਇਸ ਨਾਲ ਕਿਸੇ ਕਿਸਮ ਦਾ ਲੈਣ-ਦੇਣ ਜਾਂ ਸੰਬੰਧ ਰੱਖੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (12234)

ਮੈਂ, ਜਗਜੀਤ ਸਿੰਘ ਪੁੱਤਰ ਦਲੀਪ ਸਿੰਘ ਵਾਸੀ ਪੁਰਾਣੀ ਵਾਰਡ ਨੰ: 8, ਨਵੀਂ ਵਾਰਡ ਨੰ: 7, ਪਿੰਡ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਮੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਵਾਰ ਇਸ ਦੇ ਕਿਸੇ ਲੈਣ-ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

ਮੈਂ, ਚਰਨ ਕੌਰ ਪਤਨੀ ਕਰਤਾਰਾ ਵਾਸੀ ਮਕਾਨ ਨੰ. 644, ਮੁਹੱਲਾ ਬਾਲਮੀਕ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੋਨੂੰ ਅਤੇ ਉਸਦਾ ਪੁੱਤਰ ਵਿਸ਼ਾਲ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਭੂਸ਼ਨ ਲਾਲ ਕੋਲ ਪੁੱਤਰ ਰਾਧਾ ਕ੍ਰਿਸ਼ਨ ਕੋਲ ਵਾਸੀ ਫਲੈਟ ਨੰਬਰ 106, ਬਲਾਕ-ਸੀ ਸਿਲਵਰ ਸਕੋਉਰ ਅਪਾਰਟਮੈਂਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਕੀਰਤੀ ਬਜਾਜ ਪਤਨੀ ਸੰਜੀਵ ਬਜਾਜ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸੁਭਾਸ਼ ਕੁਮਾਰ ਪੁੱਤਰ ਜੀਤ ਰਾਮ ਵਾਸੀ 2112/7, ਗਲੀ ਜਮੀਤਾ ਕੰਬੋਜ, ਅੰਦਰੂਨ ਗਿਲਵਾਲੀ ਗੇਟ, ਬਾਜ਼ਾਰ ਜੱਟਾਂ ਵਾਲਾ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸਾਹਿਲ ਹਾਂਡਾ ਅਤੇ ਮੇਰੀ ਲੜਕੀ ਜੋਤੀ ਹਾਂਡਾ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰਾ ਪਰਵਾਰ ਇਨ੍ਹਾਂ ਦੇ ਕਿਸੇ ਲੈਣ-ਦੇਣ ਦੇ ਜ਼ਿੰਮੇਵਾਰ ਨਹੀਂ ਹੋਵਾਂਗੇ।

ਮੈਂ ਸੰਤੋਖ ਸਿੰਘ ਪੁੱਤਰ ਸ੍ਰੀ ਨਸੀਬ ਚੰਦ ਪਿੰਡ ਤੇ ਡਾਕ ਸੱਗਰਾਂ ਤਹਿ ਦਸੁਆ ਜਿਲ੍ਹਾ ਹੁਸ਼ਿਆਰਪੁਰ ਪੰਜਾਬ ਦਾ ਹਾ ਕਿ ਮੇਰਾ ਲੜਕਾ ਅਮਿਤਪ੍ਰੀਤ ਸਿੰਘ ਜੋ ਕਿ ਸਾਦੀ ਸੁਦਾ ਹੈ ਤੇ ਉਸ ਦੀ ਪਤਨੀ ਮਨਪ੍ਰੀਤ ਕੌਰ ਦੋਨੋ ਮੇਰੇ ਕਹਿਣੇ ਵਿਚ ਨਹੀਂ ਹਨ ਮੇਰੇ ਨਾਲ ਲੜਾਈ ਝਗੜਾ ਕਰਦੇ ਹਨ ਮੈਂ ਆਪਣੇ ਲੜਕੇ ਅਮਿਤਪ੍ਰੀਤ ਸਿੰਘ ਅਤੇ ਆਪਣੀ ਨੂੰਹ ਮਨਪ੍ਰੀਤ ਕੌਰ ਦੋਨੋ ਨੂੰ ਆਪਣੀ ਚੱਲ ਅਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾ ਜੇਕਰ ਕੋਈ ਵਿਅਕਤੀ ਇਹਨਾਂ ਨਾਲ ਲੈਣ ਦੇਣ ਕਰੇਗਾ ਖੁਦ ਜੁਮੇਵਾਰ ਹੋਵੇਗਾ ਮੈਂ ਅਤੇ ਮੇਰੇ ਬਾਕੀ ਪਰਿਵਾਰ ਦੇ ਕਿਸੇ ਵੀ ਮੇਂਬਰ ਦਾ ਇਹਨਾਂ ਨਾਲ ਕੋਈ ਤਲਾਕ ਵਾਸਤਾ ਨਹੀਂ ਹੋਵੇਗਾ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਬੱਚਿਆਂ ਨੂੰ ਮਲੇਰੀਆ ਬੁਖਾਰ ਬਾਰੇ ਜਾਗਰੂਕ ਕੀਤਾ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਵਿੱਚ ਬੱਚਿਆਂ ਨੂੰ ਮਲੇਰੀਏ ਦੇ ਬੁਖਾਰ ਬਾਰੇ ਜਾਗਰੂਕ ਕੀਤਾ ਗਿਆ।ਸਵੇਰ ਦੀ ਸਭਾ 'ਚ ਸਾਰੀਆਂ ਕਲਾਸਾਂ ਦੇ ਬੱਚਿਆਂ ਨੂੰ ਮਲੇਰੀਏ ਦੇ ਬੁਖਾਰ ਬਾਰੇ ਜਾਗਰੂਕ ਕਰਦੇ ਹੋਏ ਅਧਿਆਪਕਾਂ ਨੇ ਦੱਸਿਆ ਕੋਈ ਵੀ ਬੁਖਾਰ ਮਲੇਰੀਆ ਹੋ ਸਕਦਾ ਹੈ।ਮਲੇਰੀਆ ਬੁਖਾਰ ਮਾਦਾ ਐਨਾਫਲੀਜ ਮੱਛਰ ਦੇ ਕੱਟਣ ਨਾਲ ਫੈਲਦਾ ਹੈ।ਇਹ ਮੱਛਰ ਘੜੇ ਸਾਫ ਪਾਣੀ 'ਚ ਪੈਦਾ ਹੁੰਦੇ ਹਨ।ਇਹ ਮੱਛਰ ਰਾਤ ਤੇ ਸਵੇਰ ਵੇਲੇ ਕੱਟਦੇ ਹਨ।ਮਲੇਰੀਆ ਬੁਖਾਰ ਦੇ ਲੱਛਣ ਠੰਢ ਅਤੇ ਕਾਂਬੇ ਨਾਲ ਬੁਖਾਰ,ਤੇਜ਼ ਬੁਖਾਰ, ਉਲਟੀਆਂ ਤੇ ਸੈਰ ਦਰਦ ਹੋਣਾ, ਬੁਖਾਰ ਉਤਰਨ ਤੋਂ ਬਾਅਦ ਥਕਾਵਟ ਤੇ ਕਮਜ਼ੋਰੀ ਹੋਣਾ ਤੇ ਸਰੀਰ ਨੂੰ ਪਸੀਨਾ ਆਉਣਾ ਮਲੇਰੀਆ ਬੁਖਾਰ ਤੋਂ ਬਚਾਓ ਦੇ ਤਰੀਕੇ ਘਰਾਂ ਦੇ ਆਲੇ-ਦੁਆਲੇ ਅਤੇ ਛੱਤਾਂ 'ਤੇ ਪਾਣੀ ਇਕੱਠਾ ਨਾ ਹੋਣ ਦਿਓ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਬੱਚਿਆਂ ਨੂੰ ਦੱਸਿਆ ਕਿ ਸਿਹਤਮੰਦ ਭਵਿੱਖ ਲਈ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਸਿਹਤ ਸਬੰਧੀ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ।

# 'ਇਸ਼ਕ ਸਾਗਰਿਕਾ ਨੇ ਬ੍ਰਹਮ ਪਿਆਰ ਦਾ ਰੰਗ ਜੋੜਿਆ'



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਸੂਫੀ ਨਾਚ ਅਤੇ ਗਾਇਕੀ ਨਾਲ ਭਰਪੂਰ ਰਾਹ ਏ ਇਸ਼ਕ ਦਾ ਇੱਕ ਅਲੌਕਿਕ ਪ੍ਰੋਗਰਾਮ, ਪ੍ਰਸਿੱਧ ਮਿਸਟਿਕ ਸਾਊਂਡ ਹੀਲਰ ਅਤੇ ਜੋਤਸ਼ੀ ਇਸ਼ਕ-ਸਾਗਰਿਕਾ ਮਿੱਤਲ ਦੀ ਅਗਵਾਈ ਹੇਠ ਅੰਮ੍ਰਿਤਮ ਡਿਵਾਈਨ ਵੈਲੀ ਜਹਾਨ ਖੇਲਾਂ ਵਿੱਚ ਆਯੋਜਿਤ ਕੀਤਾ ਗਿਆ। ਪ੍ਰਮੁੱਖ ਅਧਿਆਤਮਿਕ ਮਾਰਗਦਰਸ਼ਕ ਅਤੇ ਅੰਮ੍ਰਿਤਮ ਵੈਲਨੈਸ ਰੀਟਰੀਟ ਦੀ ਸੰਸਥਾਪਕ ਸ਼੍ਰੀਮਤੀ ਸੰਗੀਤਾ ਮਿੱਤਲ ਨੇ ਵੀ ਅੰਦਰੂਨੀ ਸ਼ਾਂਤੀ ਅਤੇ ਅਧਿਆਤਮਿਕ ਊਰਜਾ ਨਾਲ ਭਰਪੂਰ ਇਸ ਸੂਫੀ ਸ਼ਾਮ ਵਿੱਚ ਹਿੱਸਾ ਲਿਆ। ਸਾਗਰਿਕਾ ਮਿੱਤਲ ਨੇ ਉਨ੍ਹਾਂ ਔਰਤਾਂ ਦੇ ਸਮੂਹ ਨੂੰ ਅਜਿਹੇ ਸੂਫੀ ਰੰਗ ਵਿੱਚ ਰੰਗਿਆ ਜੋ ਰਾਹ ਏ ਇਸ਼ਕ ਵਿੱਚ ਸੂਫੀ ਭਗਤੀ ਦੇ ਰੰਗ ਨਾਲ ਆਪਣੇ ਆਪ ਨੂੰ ਰੰਗਣਾ ਚਾਹੁੰਦੀਆਂ ਸਨ ਕਿ ਉਨ੍ਹਾਂ ਦਾ ਪਿਆਰ ਨੂੰ ਇੱਕ ਪਰਿਪੱਕ ਰੂਪ ਵਿੱਚ ਜਾਣਨ ਦਾ ਰਸਤਾ ਵੀ ਆਸਾਨ ਹੋ ਗਿਆ। ਉਸਨੇ ਹਾਜ਼ਰੀਨ ਨੂੰ ਭਗਤੀ ਅਤੇ ਸੂਫੀ ਮੋੜਾਂ ਰਾਹੀਂ ਬ੍ਰਹਮ ਪਿਆਰ ਦੀ ਪ੍ਰਾਪਤੀ ਲਈ ਵਿਲੱਖਣ ਧਿਆਨ ਨਾਲ ਪ੍ਰੇਰਿਤ ਕੀਤਾ। ਉਸਨੇ ਕਿਹਾ ਕਿ ਮਨੁੱਖੀ ਪਿਆਰ ਹਮੇਸ਼ਾ ਬਦਲਦਾ ਰਹਿੰਦਾ ਹੈ ਅਤੇ ਇਸ ਲਈ ਲਗਾਵ ਹਮੇਸ਼ਾ ਸਾਨੂੰ ਦੁਖੀ ਕਰਦੇ ਰਹਿਣਗੇ, ਪਰ ਜਿਵੇਂ ਕਿ ਰੂਮੀ ਨੇ ਕਿਹਾ, ਜ਼ਖ਼ਮ ਉਹ ਜਗ੍ਹਾ ਹਨ ਜਿੱਥੇ ਰੌਸ਼ਨੀ ਤੁਹਾਡੇ ਵਿੱਚ ਪ੍ਰਵੇਸ਼ ਕਰਦੀ ਹੈ, ਇਹਨਾਂ ਤੋਂ ਟਾਲਣਾ ਨਹੀਂ ਚਾਹੀਦਾ ਸਗੋਂ ਜੀਵਨ ਦੀ ਯਾਤਰਾ ਦੇ ਹਿੱਸੇ ਵਜੋਂ ਸਮਝਣਾ ਚਾਹੀਦਾ ਹੈ, ਜਿੱਥੇ ਅੰਤਮ ਟੀਚਾ ਉਸ ਨਾਲ ਪਿਆਰ ਕਰਨਾ ਹੈ ਜਿਸਨੇ ਸਾਨੂੰ ਬਣਾਇਆ ਹੈ।ਇਸ਼ਕ -ਸਾਗਰਿਕਾ ਨੇ ਕਿਹਾ ਕਿ ਸਾਡਾ ਹਉਮੈ 'ਨਫ਼ਸ' ਸਾਨੂੰ ਜੀਵਨ ਦੀ ਸੱਚਾਈ ਨੂੰ ਜਾਣਨ ਤੋਂ ਰੋਕਦਾ ਹੈ। ਅਸੀਂ ਗ੍ਰਹਿ 'ਤੇ ਸਮਾਂ ਬਰਬਾਦ ਕਰਦੇ ਹਾਂ, ਚੀਜ਼ਾਂ ਅਤੇ ਪ੍ਰਸ਼ੰਸਾ ਪੱਤਰ ਇਕੱਠੇ ਕਰਦੇ ਹਾਂ, ਸਿਰਫ ਉਨ੍ਹਾਂ ਨੂੰ ਪਿੱਛੇ ਛੱਡਣ ਲਈ। ਅਸੀਂ ਸੋਚਦੇ ਹਾਂ ਕਿ ਇੱਕੋ ਇੱਕ ਜੀਵਨ ਜੋ ਸਾਨੂੰ ਖੁਸ਼ੀ ਦੇ ਸਕਦਾ ਹੈ ਉਹ ਹੈ ਜਿਸ ਵਿੱਚ ਅਸੀਂ ਭੌਤਿਕ ਸੰਪਤੀਆਂ ਬਣਾਉਂਦੇ ਹਾਂ ਜਾਂ ਆਪਣੇ ਸੰਬੰਧਾਂ ਰਾਹੀਂ ਖੁਸ਼ੀ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਹਰ ਚੀਜ਼ ਹਮੇਸ਼ਾ ਬਦਲਦੀ ਅਤੇ ਅਸਥਾਈ ਹੁੰਦੀ ਹੈ। ਅਸੀਂ ਸਦੀਵੀ ਅਨੰਦ ਵਿੱਚ ਉਦੋਂ ਹੀ ਰਹਿ ਸਕਦੇ ਹਾਂ ਜਦੋਂ ਅਸੀਂ ਸਦੀਵੀ ਸੱਚ ਵਿੱਚ ਵਿਸ਼ਵਾਸ ਰੱਖਦੇ ਹਾਂ ਜੋ ਕਿ ਪਰਮਾਤਮਾ ਹੈ। ਹਰ ਆਤਮਾ ਦਾ ਸੱਚਾ ਟੀਚਾ 'ਰੱਬ' ਦੀ ਪ੍ਰਾਪਤੀ ਹੈ, ਬਾਕੀ ਸਭ ਕੁਝ ਜੀਵਨ ਦੀ ਯਾਤਰਾ ਦਾ ਹਿੱਸਾ ਹੈ। ਸਾਨੂੰ ਆਪਣੀਆਂ ਭੂਮਿਕਾਵਾਂ ਨਿਭਾਉਂਦੇ ਹੋਏ ਕਰਮ ਨਾਲ ਜੁੜਿਆ ਨਹੀਂ ਰਹਿਣਾ ਚਾਹੀਦਾ, ਸਗੋਂ ਸਵੈ-ਅਨੁਭਵ ਦੇ ਅੰਤਮ ਟੀਚੇ ਲਈ ਸਮਰਪਿਤ ਹੋਣਾ ਚਾਹੀਦਾ ਹੈ।ਉਸਨੇ ਪਿਆਰ ਦੇ ਮਾਰਗ 'ਤੇ ਸੂਫ਼ੀ ਜਾਗਰਣ ਦੇ ਪੜਾਵਾਂ, ਇਸ਼ਕ ਦੇ ਪੜਾਵਾਂ ਬਾਰੇ ਵੀ ਗੱਲ ਕੀਤੀ। ਭਾਗੀਦਾਰਾਂ ਨੇ ਸੂਫ਼ੀਨਾਇਆ ਕਵਿਤਾ ਦੇ ਪਾਠਾਂ ਅਤੇ ਗੀਤਾਂ ਦੇ ਰੂਹਾਨੀ ਝੂਮਣ ਦੇ ਰੂਹ ਨੂੰ ਛੂਹਣ ਵਾਲੇ ਭਗਤੀ ਪਲਾਂ ਵਿੱਚ ਅਨੰਦ ਮਾਣਿਆ।

## PUBLIC NOTICE

I, Gurnam Singh son of Bawa Singh R/o VPO Kingra Chowala District Jalandhar declare I have applied to correct the spellings of my father's name from Baba Singh to Bawa Singh on my Passport which are correct as per my other documents.

## ਬੇਦਖਲੀ ਨੋਟਿਸ

ਮੈਂ ਆਸ਼ਾ ਰਾਣੀ ਪਤਨੀ ਸਤਨਾਮ ਸਿੰਘ ਵਾਸੀ ਪਿੰਡ ਥੰਮਣਵਾਲ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਪ੍ਰੀਤ ਮੇਰੇ ਕਹਿਣ ਤੋਂ ਬਾਹਰ ਹੈ। ਮੈਂ ਆਪਣੀ ਸਾਰੀ ਚੱਲ -ਅਚੱਲ ਜਾਇਦਾਦ ਤੋਂ ਆਪਣੇ ਲੜਕੇ ਜਸਪ੍ਰੀਤ ਨੂੰ ਬੇਦਖ਼ਲ ਕਰਦੀ ਹਾਂ। ਕੋਈ ਵੀ ਵਿਅਕਤੀ ਮੇਰੇ ਲੜਕੇ ਜਸਪ੍ਰੀਤ ਨਾਲ ਲੇਨ ਦੇਣ ਕਰੇਗਾ ਉਹ ਖ਼ੁਦ ਜ਼ੁਮੇਵਾਰ ਹੋਵੇਗਾ। ਮੈਂ ਅਤੇ ਮੇਰਾ ਬਾਕੀ ਪ੍ਰੀਵਾਰ ਕੋਈ ਜ਼ੁਮੇਵਾਰ ਨਹੀਂ ਹੋਵੇਗਾ। ਸਬੰਧਤ ਨੋਟ ਕਰਨ।

ਅਸੀਂ, ਬਲਜਿੰਦਰ ਸਿੰਘ ਪੁੱਤਰ ਤਰਲੋਕ ਸਿੰਘ, ਕਰਮਜੀਤ ਕੌਰ ਪਤਨੀ ਬਲਜਿੰਦਰ ਸਿੰਘ, ਵਾਸੀਆਨ ਦਸਮੇਸ਼ ਨਗਰ ਧੂਰੀ (ਸੰਗਰੂਰ) ਆਪਣੇ ਲੜਕੇ ਪ੍ਰਦੀਪ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ ਗੁਰਚਰਨ ਸਿੰਘ ਪੁੱਤਰ ਕਥਾ ਸਿੰਘ ਪਿੰਡ ਬਹਿਬੋਵਾਲ ਛੰਨੀਆਂ ਤਹਿ ਦਸੁਆ ਜਿਲ੍ਹਾ ਹੁਸ਼ਿਆਰਪੁਰ ਪੰਜਾਬ ਦਾ ਹਾ ਕਿ ਮੇਰਾ ਲੜਕਾ ਸਰਬਜੀਤ ਸਿੰਘ ਜਿਸ ਦੀ ਮੌਤ ਹੋ ਚੁਕੀ ਹੈ ਤੇ ਉਸ ਦੀ ਪਤਨੀ ਵਰਿੰਦਰਜੀਤ ਕੌਰ ਇਕ ਪੋਤਰਾ ਡੱਬਲੇਸ ਸਿੰਘ ਨਾਗਰਾ, ਤੇ ਇਕ ਪੋਤਰੀ ਅਰਸ਼ਦੀਪ ਨਾਗਰਾ ਤਿੰਨੇ ਮੇਰੇ ਕਹਿਣੇ ਵਿਚ ਨਹੀਂ ਹੈ ਮੇਰੇ ਨਾਲ ਲੜਾਈ ਝਿੱਗੜਾ ਕਰਦੇ ਹਨ ਮੈਂ ਆਪਣੀ ਨੂੰਹ ਵਰਿੰਦਰਜੀਤ ਨਾਗਰਾ,, ਇਕ ਪੋਤਰਾ ਡੱਬਲੇਸ ਸਿੰਘ ਨਾਗਰਾ ਅਤੇ ਇਕ ਪੋਤਰੀ ਅਰਸ਼ਦੀਪ ਨਾਗਰਾ ਤਿੰਨੇ ਆਪਣੀ ਚੱਲ ਅਚਲ ਜਾਇਦਾਦ ਤੋਂ ਬੇਂਦੇਖ਼ਲ ਕਰਦਾ ਹਾ ਜੋ ਵੀ ਵਿਅਕਤੀ ਇਹਨਾਂ ਨਾਲ ਲੈਣ ਦੇਣ ਕਰੇਗਾ ਖੁਦ ਜੁਮੇਵਾਰ ਹੋਵੇਗਾ ਮੈਂ ਅਤੇ ਮੇਰੇ ਬਾਕੀ ਪਰਿਵਾਰ ਦੇ ਕਿਸੇ ਵੀ ਮੇਂਬਰ ਦਾ ਇਹਨਾਂ ਨਾਲ ਕੋਈ ਤਲਕ ਵਾਸਤਾ ਨਹੀਂ ਹੋਵੇਗਾ।

ਗੁਰਮੇਜ ਸਿੰਘ ਪੁੱਤਰ ਕਰਮ ਸਿੰਘ ਵਾਸੀ ਪਿੰਡ ਮਮਦੋਟ ਉਤਾੜ,ਤਹਿਸੀਲ ਵਾ ਜਿਲਾ ਫਿਰੋਜਪੁਰ ਇਹ ਕੀ ਮੇਰਾ ਲੜਕਾ ਗੁਰਨਾਮ ਸਿੰਘ ਜੋ ਮੇਰੇ ਕਹਿਣ ਤੋਂ ਬਾਹਰ ਹੈ ਇਸ ਨੂੰ ਮੈਂ ਆਪਣੀ ਚੱਲ ਵਾ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿਮੇਵਾਰ ਹੋਵੇਗਾ ਸੰਬੰਧਿਤ ਨੋਟ ਕਰੋ।

ਮੈਂ, ਕਰਨੈਲ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਪਿੰਡ ਕੁੱਦੋਵਾਲ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਮੇਰਾ ਪੁੱਤਰ ਅਨਿਕੇਤ ਅਤੇ ਉਸ ਦੀ ਪਤਨੀ ਜਤਿੰਦਰ ਕੌਰ ਅਤੇ ਪੋਤਾ ਸਿਮਰਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕਿਸੇ ਕਿਸਮ ਦਾ ਕੋਈ ਸੰਬੰਧ-ਵਾਸਤਾ ਨਹੀਂ ਰਹਿ ਗਿਆ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਪ੍ਰੀਤਮ ਕੁਮਾਰ ਪੁੱਤਰ ਚਨੀ ਰਾਮ, ਵਾਸੀ ਪਿੰਡ ਭਗਤ ਸਿੰਘ ਕਲੋਨੀ, ਚੋਮੋ ਜਿਲਾ ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਿਸ਼ਨ ਕੁਮਾਰ ਅਤੇ ਉਸ ਦੀ ਪਤਨੀ ਨੇਹਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ ।

ਮੈਂ, ਵਿਨੋਦ ਕੁਮਾਰ ਪੁੱਤਰ ਮਨੋਹਰ ਲਾਲ ਵਾ ਪ੍ਰਵੀਨ ਬੁਧਿਰਾਜਾ ਪਤਨੀ ਵਿਨੋਦ ਕੁਮਾਰ ਵਾਸੀਆਨ ਮਕਾਨ ਨੰ: 55, ਜੈਮਲ ਨਗਰ ਨੇੜੇ ਗੁਰਦੁਆਰਾ, ਜਲੰਧਰ, ਪੰਜਾਬ ਹਲਫੀਆ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਹਨੀ ਬੁਧਿਰਾਜਾ ਵਾ ਉਸਦੀ ਪਤਨੀ ਪੂਨਮ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਰਜਨੀ ਪਤਨੀ ਕਿਸ਼ਨ ਚੰਦ ਵਾਸੀ ਪਿੰਡ ਜਹਾਂਗੀਰਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰੀ ਲੜਕੀ ਸਿੰਪਲ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।


ਮੈਂ, ਸ਼ਮੀ ਪੁੱਤਰ ਛਿੰਦਾ ਮਸੀਹ ਵਾਸੀ ਪਿੰਡ ਨਵਾਂ ਪਿੰਡ (ਬਹਾਦਰ) ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰੀ ਲੜਕੀ ਸਾਨੀਆ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਮਲੇਸ਼ ਵਿਧਵਾ ਪਤਰਸ਼ ਵਾਸੀ ਮਕਾਨ ਨੰ. 182, ਮੁਹੱਲਾ ਇਸਲਾਮਾਬਾਦ, ਗੀਤਾ ਭਵਨ ਰੋਡ ਗੁਰਦਾਸਪੁਰ। ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਸ਼ਕਸ਼ ਅਤੇ ਮੇਰੀ ਨੂੰਹ ਗੁਰਵੀਨ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

# ਡਿਊਟੀ 'ਚ ਕੁਤਾਹੀ ਵਰਤਣ 'ਤੇ ਤਿੰਨ ਪੰਚਾਇਤ ਸਕੱਤਰ ਮੁਅੱਤਲ

**ਜਲੰਧਰ, (ਸੁਰਿੰਦਰ ਕੁਮਾਰ)** - ਡਿਊਟੀ ਵਿੱਚ ਕੁਤਾਹੀ ਵਰਤਣ 'ਤੇ ਜ਼ਿਲ੍ਹਾ ਜਲੰਧਰ ਦੇ ਤਿੰਨ ਪੰਚਾਇਤ ਸਕੱਤਰਾਂ ਨੂੰ ਅਹੁਦੇ ਤੋਂ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਮੁਅੱਤਲੀ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਕੀਤੀ ਗਈ ਸਿਫਾਰਸ਼ ਦੇ ਆਧਾਰ 'ਤੇ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਪ੍ਰਾਪਤ ਹੁਕਮਾਂ ਅਨੁਸਾਰ ਪੰਚਾਇਤ ਸਕੱਤਰ ਪ੍ਰਸ਼ੋਤਮ ਲਾਲ ਤੇ ਦਿਲਬਾਗ ਸਹੋਤਾ (ਪੰਚਾਇਤ ਸੰਮਤੀ ਜਲੰਧਰ ਪੱਛਮੀ) ਅਤੇ ਪਰਵਿੰਦਰ ਸਿੰਘ ਪੰਚਾਇਤ ਸਕੱਤਰ, ਪੰਚਾਇਤ ਸੰਮਤੀ ਫਿਲੌਰ ਨੂੰ ਅਹੁਦੇ ਤੋਂ ਮੁਅੱਤਲ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਅੱਤਲੀ ਦੌਰਾਨ ਇਨ੍ਹਾਂ ਦਾ ਹੈੱਡਕੁਆਰਟਰ ਦਫ਼ਤਰ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਜਲੰਧਰ ਹੋਵੇਗਾ।ਪੰਜਾਬ ਸਰਕਾਰ ਵੱਲੋਂ ਸਾਫ-ਸੁਥਰਾ ਅਤੇ ਜਵਾਬਦੇਹ ਪ੍ਰਸ਼ਾਸਨ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਦਹੁਰਾਉਂਦਿਆਂ ਡਾ. ਅਗਰਵਾਲ ਨੇ ਕਿਹਾ ਕਿ ਜ਼ਿਲ੍ਹੇ ਦੇ ਲੋਕਾਂ ਨੂੰ ਚੰਗਾ ਅਤੇ ਪਾਰਦਰਸ਼ੀ ਪ੍ਰਸ਼ਾਸਨ ਪ੍ਰਦਾਨ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕਿਹਾ ਕਿ ਡਿਊਟੀ ਵਿੱਚ ਲਾਪ੍ਰਵਾਹੀ ਵਰਤਣ ਵਾਲਿਆਂ ਨਾਲ ਕਿਸੇ ਕਿਸਮ ਦੀ ਢਿੱਲ ਨਹੀਂ ਵਰਤੀ ਜਾਵੇਗੀ ਅਤੇ ਜੇਕਰ ਭਵਿੱਖ ਵਿੱਚ ਅਜਿਹਾ ਕੋਈ ਵੀ ਮਾਮਲਾ ਸਾਹਮਣੇ ਆਇਆ ਤਾਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# 390 ਸਰਕਾਰੀ ਇਮਾਰਤਾਂ 'ਤੇ ਕੀਤੇ ਜਾਣਗੇ ਸੂਰਜੀ ਊਰਜਾ ਪਲਾਂਟ ਸਥਾਪਤ: ਅਮਨ ਅਰੋੜਾ



**ਚੰਡੀਗੜ੍ਹ, (ਗੁਰਜੀਤ ਬਿੱਲਾ)**—ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਸੂਬੇ ਦੀ ਕੁਦਰਤੀ ਊਰਜਾ ਸਬੰਧੀ ਸਮਰੱਥਾ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਮਾਰਚ 2026 ਤੱਕ ਸੂਬੇ ਭਰ ਵਿੱਚ 390 ਸਰਕਾਰੀ ਇਮਾਰਤਾਂ ਦੀਆਂ ਛੱਤਾਂ 'ਤੇ 30 ਮੈਗਾਵਾਟ ਦੀ ਸੰਯੁਕਤ ਸਮਰੱਥਾ ਵਾਲੇ ਸੂਰਜੀ ਊਰਜਾ ਪਲਾਂਟ ਸਥਾਪਤ ਕੀਤੇ ਜਾਣਗੇ। ਅਮਨ ਅਰੋੜਾ ਪੰਜਾਬ ਊਰਜਾ ਵਿਕਾਸ ਅਥਾਰਟੀ (ਪੇਡਾ) ਵੱਲੋਂ ਚਲਾਏ ਜਾ ਰਹੇ ਚੱਲ ਰਹੇ ਪ੍ਰਾਜੈਕਟਾਂ ਦਾ ਜਾਇਜ਼ਾ ਲੈ ਰਹੇ ਸਨ। ਇਸ ਮੌਕੇ ਉਨ੍ਹਾਂ ਨਾਲ ਪੇਡਾ ਦੇ ਚੇਅਰਪਰਸਨ ਡਾ. ਸੁਖਚੈਨ ਗੋਗੀ ਅਤੇ ਪ੍ਰਮੁੱਖ ਸਕੱਤਰ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਅਜੋਏ ਕੁਮਾਰ ਸਿਨਹਾ ਵੀ ਮੌਜੂਦ ਸਨ। ਅਰੋੜਾ ਨੇ ਦੱਸਿਆ ਕਿ 150 ਕਰੋੜ ਰੁਪਏ ਦੀ ਲਾਗਤ ਵਾਲੇ ਇਸ ਪ੍ਰਾਜੈਕਟ ਨਾਲ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਬਿਜਲੀ ਖਰਚ ਵਿੱਚ ਸਾਲਾਨਾ 15 ਕਰੋੜ ਰੁਪਏ ਦੀ ਬੱਚਤ ਹੋਣ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਟੈਂਡਰ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ, ਜਿਸ ਨਾਲ ਇਸ ਵੱਕਾਰੀ ਪ੍ਰਾਜੈਕਟ ਨੂੰ ਲਾਗੂ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।ਦੱਸ ਦੇਈਏ ਕਿ ਇਸ ਪ੍ਰਾਜੈਕਟ ਅਧੀਨ ਸਿਹਤ ਤੇ ਪਰਿਵਾਰ ਭਲਾਈ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਟਰਾਂਸਪੋਰਟ, ਖੇਤੀਬਾੜੀ ਤੇ ਕਿਸਾਨ ਭਲਾਈ, ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ, ਗ੍ਰਹਿ ਮਾਮਲੇ ਤੇ ਨਿਆਂ, ਮੈਡੀਕਲ ਸਿੱਖਿਆ ਅਤੇ ਖੋਜ, ਸਥਾਨਕ ਸਰਕਾਰਾਂ ਅਤੇ ਜਲ ਸਰੋਤ ਵਿਭਾਗ ਸਮੇਤ 25 ਪ੍ਰਮੁੱਖ ਵਿਭਾਗਾਂ ਦੀਆਂ ਇਮਾਰਤਾਂ 'ਤੇ ਸੂਰਜੀ ਊਰਜਾ ਪਲਾਂਟ ਲਗਾਏ ਜਾਣਗੇ।ਮੀਟਿੰਗ ਵਿੱਚ ਪੇਡਾ ਦੀ ਸੀ.ਈ.ਓ. ਮਿਸ. ਨੀਲਿਮਾ, ਡਾਇਰੈਕਟਰ ਸ੍ਰੀ ਐਮ.ਪੀ. ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

## ਭਾਈ ਘਨੱਈਆ ਜੀ ਮਾਨਵ ਸੇਵਾ ਸੰਕਲਪ ਦਿਵਸ ਮਨਾਉਣ ਸੰਬੰਧੀ ਸੰਧਵਾਂ ਨੂੰ ਮੰਗ ਪੱਤਰ ਸੌਂਪਿਆ



ਮੋਹਾਲੀ (ਗੁਰਜੀਤ ਬਿੱਲਾ) ਪੰਜਾਬ ਦੀ ਭਾਈ ਘਨੱਈਆ ਜੀ ਸੇਵਾ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੂੰ ਮਿਲ ਕੇ ਮੰਗ ਕੀਤੀ ਗਈ ਕਿ ਭਾਈ ਘਨੱਈਆ ਜੀ ਮਾਨਵ ਸੇਵਾ ਸੰਕਲਪ ਦਿਵਸ ਜੋ ਕਿ ਹਰ ਸਾਲ 20 ਸਤੰਬਰ ਨੂੰ ਮਨਾਇਆ ਜਾਂਦਾ ਹੈ ਨੂੰ ਪੰਜਾਬ ਸਰਕਾਰ ਵੱਲੋਂ ਰਾਜ ਪੱਧਰੀ ਸਮਾਗਮ ਕਰਵਾਇਆ ਜਾਵੇ ਅਤੇ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਅੰਤਰਰਾਸ਼ਟਰੀ ਪੱਧਰ ਤੇ ਪਹੁੰਚਾਉਣ ਲਈ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਉਣ ਲਈ ਸੰਧਵਾਂ ਨੇ ਕਿਹਾ ਕਿ ਗੁਰੂ ਸਾਹਿਬਾਨ ਤੋਂ ਅਸ਼ੀਰਵਾਦ ਲੈਣ ਉਪਰੰਤ ਭਾਈ ਘਨੱਈਆ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੈਦਾਨੇ ਵਿੱਚ ਜ਼ਖ਼ਮੀ ਜ਼ਖ਼ਮੀ ਹੋਏ ਯੋਧਿਆਂ ਦੀ ਬਿਨਾਂ ਕਿਸੇ ਭੇਦ ਭਾਵ ਦੇ ਕੀਤੀ ਸੇਵਾ ਸਾਨੂੰ ਸਰਬਸਾਂਝੀਵਾਲਤਾ, ਨਿਰਪੱਖਤਾ , ਆਪਸੀ ਭਾਈਚਾਰਕ ਸਾਂਝ ਦੀ ਮਜ਼ਬੂਤੀ ਅਤੇ ਵਿਸ਼ਵ ਸ਼ਾਂਤੀ ਦਾ ਸੰਦੇਸ਼ ਦਿੰਦੀ ਹੈ । ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਨੂੰ ਅੰਤਰਰਾਸ਼ਟਰੀ ਪੱਧਰ ਪਹੁੰਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ ।ਪ੍ਰੋ ਬਹਾਦਰ ਸਿੰਘ ਸੁਨੇਤ ਪ੍ਰਧਾਨ ਭਾਈ ਘਨੱਈਆ ਜੀ ਮਿਸ਼ਨ ਹੁਸ਼ਿਆਰਪੁਰ, ਕੋਆਰਡੀਨੇਟਰ ਭਾਈ ਘਨੱਈਆ ਜੀ ਚੈਰਿਟੀ ਅਤੇ ਪੀਸ ਇੰਟਰਨੈਸ਼ਨਲ ਫਾਊਂਡੇਸ਼ਨ, ਭਾਈ ਘਨੱਈਆ ਜੀ ਵੈਲਫੇਅਰ ਸੁਸਾਇਟੀ ਕਰਮਸਰ ਰਾੜਾ ਸਾਹਿਬ ਦੇ ਪ੍ਰਧਾਨ ਗੁਰਜੀਤ ਸਿੰਘ ਖ਼ਾਲਸਾ, ਭਾਈ ਘਨ੍ਹਈਆ ਜੀ ਕੇਅਰ ਅਤੇ ਵੈਲਫੇਅਰ ਸੁਸਾਇਟੀ ਮੁਹਾਲੀ ਦੇ ਪ੍ਰਧਾਨ ਕੇ ਕੇ ਸੈਣੀ, ਵੱਲੋਂ ਇਹ ਜਾਣਕਾਰੀ ਸਾਂਝੀ ਕੀਤੀ ਗਈ। ਗੁਰਪ੍ਰੀਤ ਸਿੰਘ ਚਾਂਦਬਾਜਾ ਚੇਅਰਮੈਨ, ਹਰਵਿੰਦਰ ਸਿੰਘ ਪ੍ਰਧਾਨ, ਭਾਈ ਘਨੱਈਆ ਜੀ ਕੈਂਸਰ ਰੋਕੋ ਸੰਸਥਾ ਫਰੀਦਕੋਟ ਸ਼ਿਵ ਜੀਤ ਸਿੰਘ, ਹਿਊਮੈਨਿਟੀ ਫਾਊਂਡੇਸ਼ਨ, ਫਰੀਦਕੋਟ ਹਰਜੀਤ ਸਿੰਘ ਨੰਗਲ ਪ੍ਰਧਾਨ ਭਾਈ ਘਨੱਈਆ ਜੀ ਨਿਸ਼ਕਾਮ ਵੈਲਫੇਅਰ ਸੁਸਾਇਟੀ, ਹਰਿਆਣਾ , ਸਰਬ ਧਰਮ ਸਦਭਾਵਨਾ ਕਮੇਟੀ ਹੁਸ਼ਿਆਰਪੁਰ ਦੇ ਕੋਆਰਡੀਨੇਟਰ,ਅਨੁਰਾਗ ਸੂਦ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਵੱਲੋਂ ਕੁਲਤਾਰ ਸਿੰਘ ਸੰਧਵਾਂ ਵੱਲੋਂ ਦਿੱਤੇ ਗਏ ਭਰੋਸੇ ਲਈ ਧੰਨਵਾਦ ਕੀਤਾ ਗਿਆ ਹੈ।

## ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਵਿਖੇ ਮਨਾਇਆ ਊਰਜਾ ਸੁਤੰਤਰਤਾ ਦਿਵਸ



**ਅੱਡਾ ਸਰਾਂ (ਜਸਵੀਰ ਕਾਜਲ)-** ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਨੈਣੋਵਾਲ ਵੈਦ ਹੁਸ਼ਿਆਰਪੁਰ ਵਿਖੇ ਪ੍ਰਿੰਸੀਪਲ ਹਰਜੀਤ ਸਿੰਘ ਦੀ ਯੋਗ ਅਗਵਾਈ ਹੇਠ ਸਤਨਾਮ ਸਿੰਘ ਪੀ. ਜੀ. ਟੀ . ਭੌਤਿਕ ਵਿਗਿਆਨ ਦੀ ਦੇਖਰੇਖ ਵਿਚ 'ਊਰਜਾ ਸੁਤੰਤਰਤਾ ਦਿਵਸ' ਮਨਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਦੀ ਮੌਜੂਦਗੀ ਵਿਚ ਨਵਿਆਉਣਯੋਗ ਸਰੋਤਾਂ, ਊਰਜਾ ਕੁਸ਼ਲਤਾ ਅਤੇ ਤਕਨੀਕੀ ਨਵੀਨਤਾ 'ਤੇ ਧਿਆਨ ਕੇਂਦਰਿਤ ਕਰਕੇ ਆਯਾਤ ਊਰਜਾ 'ਤੇ ਸਾਡੀ ਨਿਰਭਰਤਾ ਨੂੰ ਘਟਾਉਣ ਦੀ ਮਹੱਤਤਾ 'ਤੇ ਚਰਚਾ ਕੀਤੀ ਗਈ। ਇਸ ਮੌਕੇ ਵਿਸ਼ੇ ਦੇ ਮਾਹਰ ਅਧਿਆਪਕ ਵੱਲੋਂ ਰਾਸ਼ਟਰੀ ਊਰਜਾ ਸੁਰੱਖਿਆ ਨੂੰ ਵਧਾਉਣਾ, ਸੂਰਜੀ, ਹਵਾ ਅਤੇ ਪਣ-ਬਿਜਲੀ ਦੀ ਵਰਤੋਂ , ਟਿਕਾਊ ਵਿਕਾਸ ਅਤੇ ਰੁਜ਼ਗਾਰ ਸਿਰਜਣਾ ਨੂੰ ਉਤਸ਼ਾਹਿਤ ਕਰਨਾ, ਊਰਜਾ-ਬਚਤ ਪਹਿਲਕਦਮੀਆਂ ਵਿਚ ਭਾਈਚਾਰਿਆਂ ਨੂੰ ਸ਼ਾਮਲ ਕਰਨਾ ਆਦਿ ਨੁਕਤਿਆਂ 'ਤੇ ਚਰਚਾ ਕਰਨ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਗਿਆਨ ਦਿੱਤਾ ਗਿਆ । ਪ੍ਰਿੰਸੀਪਲ ਹਰਜੀਤ ਸਿੰਘ ਨੇ ਆਪਣੇ ਸੰਬੋਧਨ ਵਿਚ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਊਰਜਾ ਨਾਗਰਿਕ ਬਣਨ ਲਈ ਉਤਸ਼ਾਹਿਤ ਕੀਤਾ ਅਤੇ ਕਿਹਾ ਕਿ ਊਰਜਾ ਸੁਤੰਤਰਤਾ ਸਿਰਫ਼ ਇਕ ਰਾਸ਼ਟਰੀ ਟੀਚਾ ਨਹੀਂ ਹੈ, ਇਹ ਇੱਕ ਸਾਂਝੀ ਜ਼ਿੰਮੇਵਾਰੀ ਹੈ। ਸਾਡੇ ਨੌਜਵਾਨਾਂ ਨੂੰ ਇਕ ਊਰਜਾ-ਸੁਰੱਖਿਅਤ ਅਤੇ ਟਿਕਾਊ ਭਾਰਤ ਬਣਾਉਣ ਵਿਚ ਅਗਵਾਈ ਕਰਨੀ ਚਾਹੀਦੀ ਹੈ । ਇਸ ਮੌਕੇ ਸਮੂਹ ਸਟਾਫ ਮੈਂਬਰ ਮੌਜੂਦ ਸਨ।

## ਮਾਨ ਨੇ ਵਾਰਡ ਨੰਬਰ 49 ਦੇ ਪਾਰਕ 'ਚ ਕਰਵਾਈ ਬੂਟੇ ਲਗਾਉਣ ਦੀ ਸ਼ੁਰੂਆਤ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਸ਼ਹਿਰ ਦੇ ਵਾਰਡ ਨੰ 49 ਆਦਰਸ਼ ਨਗਰ ਸਥਿਤ ਠੇਕੇਦਾਰ ਕਰਮ ਸਿੰਘ ਪਾਰਕ ਵਿਖੇ ਕੌਂਸਲਰ ਨੇਹਾ ਓਹਰੀ ਦੀ ਅਗਵਾਈ ਹੇਠ ਬੂਟੇ ਲਗਾਉਣ ਦੀ ਮੁਹਿਮ ਦੀ ਆਰੰਭਤਾ ਪੰਜਾਬ ਦੇ ਸਾਬਕਾ ਕੈਬਿਨੇਟ ਮੰਤਰੀ ਜੋਗਿੰਦਰ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਹਰਨੂਰ ਸਿੰਘ (ਹਰਜੀ) ਮਾਨ ਵਲੋਂ ਸਾਂਝੇ ਤੌਰ 'ਤੇ ਕਰਵਾਈ ਗਈ। ਇਸ ਮੁਹਿਮ 'ਚ ਸਮੂਹ ਮੁਹੱਲਾ ਨਿਵਾਸੀਆਂ ਨੇ ਵੀ ਭਰਪੂਰ ਸਹਿਯੋਗ ਦਿੱਤਾ। ਜੋਗਿੰਦਰ ਸਿੰਘ ਮਾਨ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਬੜੀ ਚੰਗੀ ਗੱਲ ਹੈ ਕਿ ਅੱਜ ਲੋਕ ਵਾਤਾਵਰਣ ਸੰਭਾਲ ਪ੍ਰਤੀ ਕਾਫੀ ਜਾਗਰੂਕ ਹੋ ਗਏ ਹਨ ਅਤੇ ਵੱਡੀ ਪੱਧਰ 'ਤੇ ਰੁੱਖ ਲਗਾਏ ਜਾ ਰਹੇ ਹਨ। ਉਹਨਾਂ ਅਪੀਲ ਕੀਤੀ ਕਿ ਜੋ ਵੀ ਬੂਟੇ ਲਗਾਏ ਜਾ ਰਹੇ ਹਨ, ਉਹਨਾਂ ਦੇ ਫਲਣ-ਫੁੱਲਣ ਲਈ ਖਾਦ-ਪਾਣੀ ਦਾ ਪੂਰਾ ਧਿਆਨ ਰੱਖਿਆ ਜਾਵੇ ਤਾਂ ਕਿ ਇਹ ਮਿਹਨਤ ਸਫਲ ਹੋ ਸਕੇ। ਹਲਕਾ ਇੰਚਾਰਜ ਹਰਨੂਰ ਸਿੰਘ ਮਾਨ ਨੇ ਕੌਂਸਲਰ ਨੇਹਾ ਓਹਰੀ ਅਤੇ ਮੁਹੱਲਾ ਨਿਵਾਸੀਆਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਵਾਤਾਵਰਣ ਦੀ ਸੁਰੱਖਿਆ ਦਾ ਉਪਰਾਲਾ ਕਰਨਾ ਸਾਡਾ ਸਾਰਿਆਂ ਦਾ ਸਾਂਝਾ ਫਰਜ਼ ਹੈ। ਮੇਅਰ ਰਾਮਪਾਲ ਉਪਲ ਨੇ ਵੀ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਆਸ ਪ੍ਰਗਟਾਈ ਕਿ ਸ਼ਹਿਰ ਦੀਆਂ ਸਾਰੀਆਂ ਸੰਸਥਾਵਾਂ ਅਤੇ ਮੁਹੱਲਾ ਕਮੇਟੀਆਂ ਵਿਗੜ ਰਹੇ ਵਾਤਾਵਰਣ ਨੂੰ ਬਚਾਉਣ ਲਈ ਇਹੋ ਜਿਹੇ ਉਪਰਾਲੇ ਕਰਨਗੀ। ਇਸ ਮੌਕੇ ਅੰਕੁਸ਼ ਓਹਰੀ, ਵਰਿੰਦਰ ਢੀਂਗਰਾ, ਜਸਦੇਵ ਸਿੰਘ ਕੌਂਸਲਰ, ਪਰਮਜੀਤ ਖੁਰਾਣਾ ਕੌਂਸਲਰ, ਜਸਵੀਰ ਸਿੰਘ, ਜੋਗਿੰਦਰ ਸਿੰਘ ਸਮਰਾ, ਤਜਿੰਦਰ ਸਿੰਘ, ਹਨੀ ਸੂਦ, ਮਨਜੀਤ, ਕੁਲਦੀਪ, ਬਲਜੀਤ ਸਿੰਘ ਸਮੇਤ ਵੱਡੀ ਗਿਣਤੀ 'ਚ ਵਾਰਡ ਦੇ ਪਤਵੰਤੇ ਹਾਜਰ ਸਨ।

## ਸੀ ਕੇ ਡੀ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਵਿਖੇ ਰੁਜ਼ਗਾਰ ਮੇਲਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸੀ.ਕੇ.ਡੀ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਵੱਲੋਂ ਕਾਲਜ ਕੈਂਪਸ ਵਿਖੇ ਜ਼ਿਲ੍ਹਾ ਰੁਜ਼ਗਾਰ ਅਤੇ ਕਾਰੋਬਾਰ ਬਿਓਰੋ ਦੇ ਸਹਿਯੋਗ ਨਾਲ ਮੈਗਾ ਰੁਜ਼ਗਾਰ ਮੇਲਾ ਆਯੋਜਿਤ ਕੀਤਾ ਗਿਆ ਜਿਸ ਵਿਚ ਪੇਟੀਐਮ, ਭਾਰਤੀ ਏਅਰਟੈਲ, ਅਦਿਤਿਆ ਬਿਰਲਾ ਸਨਲਾਈਫ ਸਮੇਤ ਵੱਖ-ਵੱਖ ਆਈ.ਟੀ, ਮਾਰਕੀਟਿੰਗ, ਫਾਇਨਾਂਸ, ਮੈਨੂਫੈਕਚਰਿੰਗ, ਕਸਟਮਰ ਸਰਵਿਸ ਨਾਲ ਸੰਬੰਧਤ 15 ਪ੍ਰਸਿੱਧ ਕੰਪਨੀਆਂ ਵਿਦਿਆਰਥੀਆਂ ਅਤੇ ਨੌਜੁਆਨਾਂ ਲਈ 660 ਤੋਂ ਵੱਧ ਅਸਾਮੀਆਂ ਲੈ ਕੇ ਪੁੱਜੀਆਂ।ਇਸ ਰੁਜ਼ਗਾਰ ਮੇਲੇ ਵਿਚ ਸੀ.ਕੇ.ਡੀ ਵਿਦਿਆਰਥੀਆਂ ਦੇ ਨਾਲ-ਨਾਲ ਹੋਰਨਾਂ ਕਾਲਜਾਂ ਅਤੇ ਨੌਕਰੀ ਦੀ ਭਾਲ ਕਰ ਰਹੇ ਨੌਜੁਆਨਾਂ ਸਮੇਤ 250 ਤੋਂ ਵੱਧ ਉਮੀਦਵਾਰਾਂ ਨੇ ਬਹੁਤ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਸਵੈ-ਰੋਜ਼ਗਾਰ ਕੈਂਪ ਵੀ ਲਗਾਇਆ ਗਿਆ ਜਿਸ ਤਹਿਤ ਬੱਚਿਆਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਉਤਸ਼ਾਹਿਤ ਕਰਦਿਆਂ ਇਸ ਪ੍ਰਤੀ ਉਚਿਤ ਦਰਾਂ 'ਤੇ ਲੋਨ ਸੁਵਿਧਾ ਬਾਰੇ ਵੀ ਜਾਣਕਾਰੀ ਦਿੱਤੀ ਗਈ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਸਮੇਤ ਸਮੂਹ ਅਹੁਦੇਦਾਰਾਂ ਨੇ ਨੌਕਰੀ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਵਧਾਈ ਦਿੱਤੀ। ਪਲੇਸਮੈਂਟ ਡਰਾਈਵ ਦਾ ਵਿਸ਼ੇਸ਼ ਤੌਰ ਤੇ ਦੌਰਾ ਕਰਨ ਪੁੱਜੇ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਐਡੀ.ਆਨਰੇਰੀ ਸਕੱਤਰ/ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ ਨੇ ਕਿਹਾ ਕਿ ਅਜੋਕੀ ਪੀੜ੍ਹੀ ਲਈ ਪੜ੍ਹਾਈ ਖਤਮ ਕਰਨ ਤੋਂ ਬਾਅਦ ਕੰਪਨੀਆਂ ਵਿਚ ਚੰਗੇ ਪੈਕੇਜ 'ਤੇ ਨੌਕਰੀਆਂ ਹਾਸਲ ਕਰਨਾ ਬਹੁਤ ਵੱਡੀ ਚੁਣੌਤੀ ਹੈ। ਵਿਦੇਸ਼ਾਂ ਵੱਲ ਰੁਝਾਨ ਕਰ ਰਹੀ ਨੌਜੁਵਾਨ ਪੀੜ੍ਹੀ ਲਈ ਅਜਿਹੇ ਰੁਜ਼ਗਾਰ ਮੇਲੇ ਅਤੇ ਸਵੈ-ਰੋਜ਼ਗਾਰ ਸਿਖਲਾਈ ਕੈਂਪ ਬਹੁਤ ਲਾਹੇਵੰਦ ਸਾਬਿਤ ਹੁੰਦੇ ਹਨ। ਉਹਨਾਂ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਵੱਲੋਂ ਭਵਿੱਖ ਵਿਚ ਅਜਿਹੇ ਰੁਜ਼ਗਾਰ ਮੇਲੇ ਸਮੇਂ-ਸਮੇਂ 'ਤੇ ਕਰਵਾਏ ਜਾਣਗੇ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਐਡੀ.ਆਨਰੇਰੀ ਸਕੱਤਰ ਹਰਵਿੰਦਰ ਪਾਲ ਸਿੰਘ ਚੁੱਘ, ਅੰਡਰ ਸੈਕਟਰੀ ਸੁਖਜਿੰਦਰ ਸਿੰਘ ਛੱਤਵਾਲ, ਪ੍ਰਿੰਸੀਪਲ ਡਾ. ਸੁਦੇਸ਼ ਕੁਮਾਰ, ਵਾਇਸ ਪ੍ਰਿੰਸੀਪਲ ਡਾ.ਗੁਰਜੀਤ ਸਿੰਘ, ਜ਼ਿਲ੍ਹਾ ਰੋਜ਼ਗਾਰ ਦਫ਼ਤਰ ਤੋਂ ਰੁਜ਼ਗਾਰ ਅਫਸਰ ਮੁਕੇਸ਼ ਸਾਰੰਗਲ, ਡਿਪਟੀ ਸੀ.ਈ.ਓ ਤੀਰਥਪਾਲ ਸਿੰਘ, ਕਰੀਅਰ ਕੌਂਸਲਰ ਗੌਰਵ ਕੁਮਾਰ ਆਦਿ ਹਾਜ਼ਰ ਸਨ।

## ਦਿਸ਼ਾਦੀਪ ਤੇ ਐੱਲ ਆਈ ਸੀ ਵਾਤਾਵਰਨ ਸੁਰੱਖਿਆ ਲਈ ਚਲਾਉਣਗੇ ਸਾਂਝੀ ਮੁਹਿੰਮ



**ਜਲੰਧਰ (ਸ਼ੈਲੀ ਐਲਬਰਟ)** ਬਹੁਮੰਤਵੀ ਸਮਾਜ ਸੇਵੀ ਸੰਸਥਾ ਦਿਸ਼ਾ ਦੀਪ ਜੋ ਕਿ ਖ਼ੂਨਦਾਨ ਅੱਖਾਂ ਦਾਨ, ਵਾਤਾਵਰਨ ਸਵੱਛਤਾ , ਐਚ ਆਈ ਵੀ ਏਡਸ ਪ੍ਰਤੀ ਜਾਗਰੂਕਤਾ ਅਤੇ ਨਸ਼ਾ ਮੁਕਤ ਸਮਾਜ ਲਈ ਪਿਛਲੇ 15 ਵਰ੍ਹਿਆਂ ਤੋਂ ਨਿਰੰਤਰ ਕੰਮ ਕਰ ਰਹੀ ਹੈ, ਇਸ ਸਾਲ ਭਾਰਤੀ ਜੀਵਨ ਬੀਮਾ ਨਿਗਮ ਦੇ ਸਹਿਯੋਗ ਨਾਲ ਵਾਤਾਵਰਨ ਸੁਰੱਖਿਆ ਸਬੰਧੀ ਸਾਂਝੀ ਮਹਿਮ ਚਲਾਉਣਗੇ। ਭਾਰਤੀ ਜੀਵਨ ਬੀਮਾ ਨਿਗਮ ਦੇ ਡਵੀਜ਼ਨਲ ਦਫਤਰ ਵਿਖੇ ਰੁੱਖਾਂ ਨਾਲ ਭਰੀ ਗੱਡੀ ਨੂੰ ਰਵਾਨਾ ਕਰਨ ਸਮੇਂ ਦਿਸ਼ਾਦੀਪ ਦੇ ਸੰਸਥਾਪਕ ਅਤੇ ਚੀਫ ਲਾਇਨ ਐਸ ਐਮ ਸਿੰਘ, ਦਿਸ਼ਾਦੀਪ ਦੇ ਸਰਪਰਸਤ ਐਮ ਪੀ ਸਿੰਘ, ਸਾਬਕਾ ਸੀਨੀਅਰ ਡਿਵੀਜ਼ਨਲ ਮੈਨੇਜਰ, ਐਲ ਆਈ ਸੀ ਦੇ ਅਸਿਸਟੈਂਟ ਡਵੀਜ਼ਨਲ ਮੈਨੇਜਰ , ਓ ਐਸ ਵਿਭਾਗ, ਜਲੰਧਰ ਰਾਕੇਸ਼ ਕੁਮਾਰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪੰਜਾਬ ਅਤੇ ਦੇਸ਼ ਵਿੱਚ ਦਰਖੱਤਾਂ ਦੀ ਹੋ ਰਹੀ ਅੰਨ੍ਹੇਵਾਹ ਕਟਾਈ ਅਤੇ ਨਵੇਂ ਰੁੱਖ ਨਾ ਲੱਗਣ ਕਾਰਨ ਧਰਤੀ ਦਾ ਅਤੇ ਵਿਸ਼ਵ ਦਾ ਵਾਤਾਵਰਨ ਨਾ ਸਿਰਫ਼ ਖ਼ਰਾਬ ਕਰ ਰਿਹਾ ਹੈ ਬਲਕਿ ਇਸ ਦਾ ਤਾਪਮਾਨ ਵੀ ਵਧਾ ਰਿਹਾ ਹੈ ਜਿਸ ਨਾਲ ਮਨੁੱਖੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ। ਲਾਇਨ ਨੇ ਕਿਹਾ ਕਿ ਜਿਸ ਵੀ ਵਿਅਕਤੀ ਜਾਂ ਸੰਸਥਾ ਨੂੰ ਲਗਾਉਣ ਲਈ ਬੂਟੇ ਚਾਹੀਦੇ ਹਨ ਤਾਂ ਉਸ ਦਿਸ਼ਾ ਦੀਪ ਨੂੰ ਸੰਪਰਕ ਕਰੇ ਅਸੀਂ ਉਹ ਬੂਟੇ ਮੁਫ਼ਤ ਮੁਹੱਈਆ ਕਰਵਾਵਾਂਗੇ। ਕੈਪਟਨ ਜਸਵਿੰਦਰ ਸਿੰਘ ਉਪ ਚੇਅਰਮੈਨ ਰਮੇਸ਼ ਲੱਖਣ ਪਾਲ , ਉਪ ਚੇਅਰਮੈਨ ਤਰਸੇਮ ਜਲੰਧਰੀ ਅਤੇ ਐਮ ਪੀ ਸਿੰਘ ਅਤੇ ਪ੍ਰਿੰਸ ਨਿੰਜਾ ਨੇ ਕਿਹਾ ਕਿ ਦਿਸ਼ਾਦੀਪ ਦੀ ਹਰ ਘਰ ਦੇ ਵੇਹੜੇ ਇੱਕ ਫਲਦਾਰ ਰੁੱਖ ਮੁਹਿੰਮ ਦਾ ਪਿਛਲੇ ਸਾਲਾਂ ਵਿੱਚ ਲੋਕਾਂ ਵਲੋਂ ਭਰਵਾਂ ਸਵਾਗਤ ਹੋਇਆ ਹੈ ਅਤੇ ਦਿਸ਼ਾ ਦੀਪ ਇਸ ਸੀਜ਼ਨ ਵਿੱਚ 2000 ਫਲਦਾਰ ਛਾਂ ਵਾਲੇ ਅਤੇ ਜੜੀ ਬੂਟੀਆਂ ਵਿੱਚ ਵਰਤੇ ਜਾਣ ਵਾਲੇ ਬੂਟੇ ਲਗਾਏਗੀ।

## ਬੀ ਡੀ ਪੀ ਓ ਦਾ ਫੂਕਿਆ ਪੁਤਲਾ



**ਫਿਲੌਰ (ਨਿਰਮਲ)**- ਡੇਰਾ ਮਈਆ ਭਗਵਾਨ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ.ਡੀ.ਪੀ.ਓ ਦਫ਼ਤਰ ਫਿਲੌਰ ਸਾਹਮਣੇ ਪੱਕਾ ਧਰਨਾ ਚੌਥੇ ਦਿਨ ਵਿੱਚ ਸ਼ਾਮਿਲ ਹੋ ਗਿਆ।ਸ਼ਹਿਰ ਵਿੱਚ ਰੋਸ ਮਾਰਚ ਕਰਕੇ ਨਵਾਂਸ਼ਹਿਰ ਅੱਡੇ ਵਿੱਚ ਬੀ.ਡੀ.ਪੀ.ਓ ਫਿਲੌਰ ਦਾ ਪੁਤਲਾ ਫੂਕਿਆ ਗਿਆ। ਧਰਨੇ ਦੀ ਅਗਵਾਈ ਕਾਮਰੇਡ ਜਰਨੈਲ ਫਿਲੌਰ ਨੇ ਕੀਤੀ। ਪ੍ਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ, ਐਡਵੋਕੇਟ ਸੰਜੀਵ ਕੁਮਾਰ ਭੌਰਾ, ਡਾਕਟਰ ਸੰਦੀਪ ਕੁਮਾਰ, ਲਾਡੀ ਮਹਿਸਮਪੁਰ,ਡਾਕਟਰ ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ, ਰਾਮਜੀ ਦਾਸ ਗੰਨਾ ਪਿੰਡ, ਰਾਜਵਿੰਦਰ ਸਿੰਘ ਮੁਠੱਡਾ, ਜਸਵੰਤ ਬੋਧ, ਹਰਮੇਸ਼ ਰਾਹੀ, ਪਲਵਿੰਦਰ ਫਲਪੋਤਾ ਆਦਿ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜਦੋਂ ਤੱਕ ਮਸਲਾ ਹੱਲ ਨਹੀਂ ਹੁੰਦਾ ਇਹ ਧਰਨਾ ਪੱਕੇ ਤੌਰ 'ਤੇ ਚਲਦਾ ਰਹੇਗਾ ਅਤੇ 15 ਜੁਲਾਈ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਵੱਡਾ ਇਕੱਠ ਕੀਤਾ ਜਾਵੇਗਾ, ਜਿਸ ਦੀ ਤਿਆਰੀ ਪਿੰਡ ਪਿੰਡ ਜਾ ਕੇ ਸ਼ੁਰੂ ਕੀਤੀ ਜਾ ਰਹੀ ਹੈ। ਇਸ ਮੌਕੇ ਜਸਪ੍ਰੀਤ ਰਵਿਦਾਸ ਪੁਰਾ, ਬੀਬੀ ਸੋਮਾ ਰਾਣੀ, ਸਲਿੰਦਰ ਕੌਰ, ਬੀਬੀ ਹੰਸ ਕੌਰ, ਸੁਨੀਤਾ ਫਿਲੌਰ, ਕਮਲਜੀਤ ਕੌਰ, ਮੰਮਤਾ ਰਾਣੀ, ਗੇਜੋਂ, ਸੁਰਜੀਤ ਕੌਰ, ਮੀਤੋ , ਸੁਰਿੰਦਰ ਕੌਰ, ਗਿਆਨੋ, ਸਾਬਕਾ ਸਰਪੰਚ ਪਿਆਰੀ, ਕਮਲ਼ਾ ਬਿੰਦਰ , ਕਸ਼ਮੀਰੀ ਲਾਲ ਰੂਪ ਲਾਲ ਕਲੇਰ ,ਜਸਵੀਰ ਸੰਧੂ ਅਰਸ਼ਪ੍ਰੀਤ ,ਸਮਰੀਤ ਕੌਰ ,ਜਸਵਿੰਦਰ ਕੋਰ ,ਹਰਬੰਸ ਕੌਰ ,ਸੰਦੀਪ ਕੁਮਾਰੀ ਸਰਪੰਚ ,ਰੇਸ਼ਮ ਲਾਲ , ਮਨੋਹਰ ਰਵਿਦਾਸਪੁਰਾ ,ਸੱਤਪਾਲ ਸ਼ਾਹਪੁਰ ,ਗੁਰਮੇਲ ਮੁਠੱਡਾ , ਬੂਟਾ ਰਾਮ ਮੁਠੱਡਾ , ਅਮਰਜੀਤ ਮਹੇ ,ਮੁਖਤਿਆਰ ਸਿੰਘ ,ਸੁਰਿੰਦਰ ਸਿੰਘ ਮਹੇ ,ਚਰਨ ਸਿੰਘ ਨੰਬਰਦਾਰ, ਜਰਨੈਲ ਸਿੰਘ ਪੰਚ ਜੌਹਲਾਂ , ਮੁਖਤਿਆਰ ਸਾਬਕਾ ਸਰਪੰਚ ਗੰਨਪਿੰਡ , ਭਿੰਦਾ , ਬਿੰਦਰ , ਬਲਜਿੰਦਰ ਕੁਮਾਰ ਗੜ੍ਹਾ ,ਸੁਰਜੀਤ ਕੁਮਾਰ ,ਸੰਦੀਪ ਚੌਹਾਨ ਆਦਿ ਹਾਜ਼ਰ ਸਨ।

## 'ਸਪ੍ਰੈਡਿੰਗ ਸਮਾਈਲਜ਼' ਪ੍ਰੋਗਰਾਮ ਕਰਵਾਇਆ



**ਜਲੰਧਰ (ਸ਼ੈਲੀ ਐਲਬਰਟ)**- ਕਰੁਣਾ ਅਤੇ ਹਮਦਰਦੀ ਦੇ ਇੱਕ ਸੁੰਦਰ ਪ੍ਰਦਰਸ਼ਨ ਵਿੱਚ, ਇੰਨੋਸੈਂਟ ਹਾਰਟਸ ਸਕੂਲ ਦੇ ਕਿੰਡਰਗਾਰਟਨ ਵਿੰਗ ਗ੍ਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ-ਜੰਡਿਆਲਾ ਰੋਡ, ਨੂਰਪੁਰ ਰੋਡ ਅਤੇ ਕਪੂਰਥਲਾ ਰੋਡ ਸ਼ਾਖਾਵਾਂ ਨੇ ਇੰਨੋਸੈਂਟਾਈਟਸ ਪ੍ਰੋਗਰਾਮ ਦੇ ਤਹਿਤ ਆਪਣੇ ਪ੍ਰੀ-ਨਰਸਰੀ ਤੋਂ ਯੂਕੇਜੀ ਬੱਚਿਆਂ ਲਈ 'ਸਪ੍ਰੈਡਿੰਗ ਸਮਾਈਲਜ਼' ਸਿਰਲੇਖ ਵਾਲਾ ਇੱਕ ਦਿਲ ਨੂੰ ਛੂਹਣ ਵਾਲਾ ਪ੍ਰੋਗਰਾਮ ਆਯੋਜਿਤ ਕੀਤਾ। ਇਸ ਪ੍ਰੋਗਰਾਮ ਦਾ ਉਦੇਸ਼ ਬੱਚਿਆਂ ਵਿੱਚ 'ਸ਼ੇਅਰਿੰਗ ਇਸ ਕੇਅਰਿੰਗ' ਦੇ ਮੁੱਲਾਂ ਨੂੰ ਸਿਖਾਉਣਾ ਸੀ। ਕਲਾਸ ਮੈਂਟਰਸ ਨੇ 'ਸ਼ੇਅਰਿੰਗ ਇਜ਼ ਕੇਅਰਿੰਗ' ਦੀ ਧਾਰਨਾ ਪੇਸ਼ ਕੀਤੀ, ਜਿਸ ਨਾਲ ਬੱਚਿਆਂ ਨੂੰ ਦੇਣ ਦੀ ਖੁਸ਼ੀ ਅਤੇ ਹਮਦਰਦੀ ਦੀ ਮਹੱਤਤਾ ਨੂੰ ਸਮਝਣ ਵਿੱਚ ਮਦਦ ਮਿਲੀ। ਬਹੁਤ ਉਤਸ਼ਾਹ ਨਾਲ, ਛੋਟੇ ਬੱਚੇ ਲੋੜਵੰਦ ਬੱਚਿਆਂ ਨੂੰ ਦਾਨ ਕਰਨ ਲਈ ਘਰ ਤੋਂ ਪੁਰਾਣੇ ਕੱਪੜੇ, ਜੁੱਤੇ, ਕਿਤਾਬਾਂ ਅਤੇ ਖਿਡੌਣੇ ਲੈ ਕੇ ਆਏ। ਇਹਨਾਂ ਚੀਜ਼ਾਂ ਨੂੰ ਪਿਆਰ ਨਾਲ ਇਕੱਠਾ ਕੀਤਾ ਗਿਆ, ਪੈਕ ਕੀਤਾ ਗਿਆ ਅਤੇ ਵੰਡਣ ਲਈ ਇੱਕ ਸਥਾਨਕ ਐਨਜੀਓ ਨੂੰ ਭੇਜਿਆ ਗਿਆ। ਇਸ ਗਤੀਵਿਧੀ ਨੇ ਨਾ ਸਿਰਫ਼ ਪ੍ਰਾਪਤਕਰਤਾਵਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਂਦੀ, ਸਗੋਂ ਛੋਟੇ ਬੱਚਿਆਂ ਦੇ ਦਿਲਾਂ ਵਿੱਚ ਮਾਨਵਤਾਵਾਦੀ ਕਦਰਾਂ-ਕੀਮਤਾਂ ਦੇ ਬੀਜ ਵੀ ਲਗਾਏ।ਇੰਨੋਸੈਂਟ ਹਾਰਟਸ ਗਰੁੱਪ ਦੀ ਡਾਇਰੈਕਟਰ ਸੀਐਸਆਰ ਡਾ. ਪਲਕ ਗੁਪਤਾ ਬੋਰੀ ਨੇ ਇਸ ਪਹਿਲਕਦਮੀ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ, 'ਛੋਟੀ ਉਮਰ ਵਿੱਚ ਹੀ ਹਮਦਰਦੀ ਅਤੇ ਉਦਾਰਤਾ ਵਰਗੇ ਨੈਤਿਕ ਮੁੱਲ ਪੈਦਾ ਕਰਨਾ ਜ਼ਰੂਰੀ ਹੈ।ਮੁਸਕਰਾਹਟਾਂ ਫੈਲਾਉਣਾ ਸਿਰਫ਼ ਇੱਕ ਗਤੀਵਿਧੀ ਤੋਂ ਵੱਧ ਹੈ, ਇਹ ਇੱਕ ਹੋਰ ਹਮਦਰਦ ਪੀੜ੍ਹੀ ਬਣਾਉਣ ਲਈ ਇੱਕ ਲਹਿਰ ਹੈ'।

## ਮਾਲ ਵਿਭਾਗ ਹੜ੍ਹ ਪ੍ਰਭਾਵਤ ਖੇਤਰਾਂ ਦੀ ਪਛਾਣ ਤੇ ਰਾਹਤ ਕੇਂਦਰਾਂ ਦੀ ਨਿਸ਼ਾਨਦੇਹੀ ਕਰੇ : ਆਸ਼ਿਕਾ ਜੈਨ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਡਿਪਟੀ ਕਮਿਸਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸੰਭਾਵੀ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਸਬੰਧੀ ਇਕ ਉੱਚ ਪੱਧਰੀ ਮੀਟਿੰਗ ਹੋਈ। ਮੀਟਿੰਗ ਵਿਚ ਜ਼ਿਲ੍ਹੇ ਦੇ ਸਾਰੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੇ ਹਿੱਸਾ ਲਿਆ। ਮੀਟਿੰਗ ਦਾ ਮਕਸਦ ਹੜ੍ਹਾਂ ਦੀ ਸੰਭਾਵਨਾ ਦੇ ਮੱਦੇਨਜਰ ਤਿਆਰੀਆਂ ਦੀ ਸਮੀਖਿਆ ਕਰਨਾ ਅਤੇ ਸਾਰੇ ਵਿਭਾਗਾਂ ਨੂੰ ਉਨ੍ਹਾਂ ਦੇ ਫਰਜਾਂ ਅਤੇ ਜਿੰਮੇਵਾਰੀਆਂ ਤੋਂ ਜਾਣੂ ਕਰਵਾਉਣਾ ਸੀ। ਜੈਨ ਨੇ ਹਦਾਇਤ ਕੀਤੀ ਕਿ ਮਾਲ ਵਿਭਾਗ ਹੜ੍ਹ ਪ੍ਰਭਾਵਿਤ ਖੇਤਰਾਂ ਦੀ ਪਛਾਣ ਕਰੇ ਅਤੇ ਰਾਹਤ ਅਤੇ ਬਚਾਅ ਕੇਂਦਰਾਂ ਦੀ ਨਿਸਾਨਦੇਹੀ ਕਰੇ। ਪਟਵਾਰੀਆਂ ਅਤੇ ਕਾਨੂੰਗੋਆਂ ਦੀਆਂ ਡਿਊਟੀਆਂ ਪਹਿਲਾਂ ਹੀ ਤੈਅ ਕਰ ਲਈਆਂ ਜਾਣ ਤਾਂ ਜੋ ਐਮਰਜੈਂਸੀ ਦੀ ਸਥਿਤੀ ਵਿਚ ਬਚਾਅ ਅਤੇ ਰਾਹਤ ਕਾਰਜਾਂ ਵਿਚ ਦੇਰੀ ਨਾ ਹੋਵੇ। ਡਿਪਟੀ ਕਮਿਸਨਰ ਨੇ ਨਗਰ ਨਿਗਮ/ਨਗਰ ਕੌਂਸਲਾਂ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੂੰ ਹਦਾਇਤ ਕੀਤੀ ਕਿ ਸਾਰੇ ਨਾਲਿਆਂ ਅਤੇ ਸੀਵਰਾਂ ਦੀ ਸਫਾਈ ਜੰਗੀ ਪੱਧਰ 'ਤੇ ਪੂਰੀ ਕੀਤੀ ਜਾਵੇ। ਪਾਣੀ ਭਰੇ ਇਲਾਕਿਆਂ ਦੀ ਸੂਚੀ ਬਣਾ ਕੇ ਵਿਸ਼ੇਸ਼ ਇੰਤਜ਼ਾਮ ਕੀਤੇ ਜਾਣ ਤਾਂ ਜੋ ਪਾਣੀ ਦੀ ਨਿਕਾਸੀ ਬਿਨਾਂ ਕਿਸੇ ਰੁਕਾਵਟ ਦੇ ਹੋ ਸਕੇ। ਉਨ੍ਹਾਂ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਸੰਭਾਵੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਮੈਡੀਕਲ ਟੀਮਾਂ ਤਾਇਨਾਤ ਕੀਤੀਆਂ ਜਾਣ। ਇਸ ਤੋਂ ਇਲਾਵਾ ਜਰੂਰੀ ਦਵਾਈਆਂ, ਕਲੋਰੀਨ ਦੀਆਂ ਗੋਲੀਆਂ ਅਤੇ ਜੀਵਨ ਬਚਾਉਣ ਵਾਲੇ ਉਪਕਰਣਾਂ ਦੀ ਢੁਕਵੀਂ ਉਪਲਬੱਧਤਾ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ। ਉਨ੍ਹਾਂ ਨੇ ਪੁਲਿਸ ਵਿਭਾਗ, ਸਿਵਲ ਡਿਫੈਂਸ, ਨਹਿਰੂ ਯੁਵਾ ਕੇਂਦਰ ਨੂੰ ਭੀੜ ਕੰਟਰੋਲ, ਆਵਾਜਾਈ ਪ੍ਰਬੰਧਨ ਅਤੇ ਰਾਹਤ ਕਾਰਜਾਂ ਵਿਚ ਸਹਾਇਤਾ ਲਈ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ। ਜਰੂਰੀ ਸਾਮਾਨ ਅਤੇ ਕਿਸ਼ਤੀਆਂ ਆਦਿ ਦੀ ਉਪਲਬੱਧਤਾ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ ਗਿਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਹੜ੍ਹਾਂ ਨਾਲ ਨਜਿੱਠਣ ਲਈ ਜ਼ਿਲ੍ਹਾ ਪੱਧਰ 'ਤੇ ਇਕ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ, ਜੋ ਹਫਤੇ ਦੇ ਸੱਤੇ ਦਿਨ 24 ਘੰਟੇ ਕੰਮ ਕਰਦਾ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਰਬੀਰ ਕੌਰ ਭੁੱਲਰ, ਐਸ.ਡੀ.ਐਮ ਦਸੂਹਾ ਕੰਵਲਜੀਤ ਸਿੰਘ, ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ, ਡੀ.ਆਰ.ਓ ਲਾਰਸਨ ਸਿੰਗਲਾ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

## ਕਾਨੂੰਨ ਵਿਵਸਥਾ ਤੇ ਕਿਸਾਨਾਂ ਦੇ ਮੁੱਦਿਆਂ 'ਤੇ ਜਵਾਬਦੇਹੀ ਤੋਂ ਭੱਜ ਰਹੀ ਹੈ 'ਆਪ' : ਝਿੰਜਰ

**ਚੰਡੀਗੜ੍ਹ (ਗੁਰਜੀਤ ਬਿੱਲਾ)**— ਯੂਥ ਅਕਾਲੀ ਦਲ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਸਰਬਜੀਤ ਸਿੰਘ ਝਿੰਜਰ ਨੇ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਦੋ ਦਿਨਾਂ ਵਿਸ਼ੇਸ਼ ਵਿਧਾਨ ਸਭਾ ਸੈਸ਼ਨ 'ਤੇ ਗੰਭੀਰ ਸਵਾਲ ਉਠਾਏ।ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਦਾ ਦੋ ਦਿਨਾਂ ਵਿਸ਼ੇਸ਼ ਸੈਸ਼ਨ ਬੁਲਾਇਆ ਅਤੇ ਪਹਿਲੇ ਦਿਨ ਦੀ ਸਮਾਪਤੀ ਸਿਰਫ਼ 11 ਮਿੰਟਾਂ ਵਿੱਚ ਹੀ ਕਰ ਦਿੱਤੀ, ਜਿਸ ਵਿੱਚ ਸਿਰਫ਼ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਅਜਿਹੇ ਸਮੇਂ ਜਦੋਂ ਪੰਜਾਬ ਨੂੰ ਭਖਦੇ ਮੁੱਦਿਆਂ 'ਤੇ ਚਰਚਾ ਕਰਨ ਲਈ ਇੱਕ ਲੰਬੇ ਸੈਸ਼ਨ ਦੀ ਤੁਰੰਤ ਲੋੜ ਹੈ, ਜਿਸ ਵਿੱਚ ਕਾਨੂੰਨ ਵਿਵਸਥਾ ਦੀ ਵਿਗੜਦੀ ਸਥਿਤੀ, ਲੈਂਡ ਪੂਲਿੰਗ ਨੀਤੀ ਦੇ ਨਾਂਅ 'ਤੇ ਕਿਸਾਨਾਂ ਤੋਂ ਜ਼ਮੀਨਾਂ ਹੜੱਪਣਾ, ਵਿਗੜਦਾ ਸਿਹਤ ਸੰਕਟ, ਅਤੇ ਹੋਰ ਬਹੁਤ ਕੁਝ ਸ਼ਾਮਲ ਹੈ । ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਜਵਾਬਦੇਹੀ ਤੋਂ ਭੱਜ ਰਹੀ ਹੈ। ਪਹਿਲੇ ਦਿਨ ਦੇ ਸੈਸ਼ਨ ਨੂੰ ਸਿਰਫ਼ 11 ਮਿੰਟਾਂ ਵਿੱਚ ਸਮੇਟ ਕੇ, ਇਨ੍ਹਾਂ ਨੇ ਸਰਕਾਰੀ ਖਜ਼ਾਨੇ ਦੇ ਲਗਭਗ 2 ਕਰੋੜ ਰੁਪਏ ਬਰਬਾਦ ਕਰ ਦਿੱਤੇ ਹਨ। ਇਹ ਦੋ ਦਿਨਾਂ ਦਾ ਡਰਾਮਾ ਇੱਕ ਸਿਰਫ਼ ਅੱਖਾਂ 'ਚ ਘੱਟਾ ਪਾਉਣ ਵਾਲੀ ਗੱਲ ਹੈ। ਪੰਜਾਬ ਦੇ ਲੋਕ ਜਵਾਬਾਂ ਦੀ ਉਮੀਦ ਕਰਦੇ ਹਨ, ਪਰ ਭਗਵੰਤ ਮਾਨ ਸਰਕਾਰ ਭੱਜ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਮਾਜ ਦਾ ਹਰ ਵਰਗ ਇਸ ਸਰਕਾਰ ਤੋਂ ਨਾਖੁਸ਼ ਹੈ। ਕਿਸਾਨ ਹੋਵੇ, ਵਪਾਰੀ ਹੋਵੇ, ਨੌਜਵਾਨ ਹੋਵੇ ਜਾਂ ਕਰਮਚਾਰੀ ਹਰ ਪਾਸੇ ਗੁੱਸਾ ਅਤੇ ਨਿਰਾਸ਼ਾ ਹੈ।

## ਮੁਫ਼ਤ ਸਿਲਾਈ ਸੈਂਟਰ ਖੋਲ੍ਹਿਆ



**ਡੇਰਾਬਸੀ (ਵਿਨੈ ਕੁਮਾਰ ਜੈਨ)**— ਭਾਰਤ ਵਿਕਾਸ ਪਰਿਸ਼ਦ ਨੇ ਆਪਣੀ ਸਥਾਪਨਾ ਦਿਵਸ ਮੌਕੇ ਡੇਰਾਬੱਸੀ ਨੇੜਲੇ ਪਿੰਡ ਖੇੜੀ ਗੁੱਜਰਾਂ ਵਿੱਚ ਕੁੜੀਆਂ ਲਈ ਮੁਫ਼ਤ ਸਿਲਾਈ ਸੈਂਟਰ ਖੋਲ੍ਹਿਆ। ਭਾਰਤ ਵਿਕਾਸ ਪਰਿਸ਼ਦ ਵਿਵੇਕਾਨੰਦ ਸ਼ਾਖਾ ਦੇ ਉਪਪ੍ਰਧਾਨ ਨਿਤਿਨ ਜਿੰਦਲ ਨੇ ਦੱਸਿਆ ਕਿ ਭਾਰਤ ਵਿਕਾਸ ਪਰਿਸ਼ਦ ਦੀ ਸਥਾਪਨਾ 62 ਸਾਲ ਪਹਿਲਾਂ ਡਾਕਟਰ ਸੂਰਜ ਪ੍ਰਕਾਸ਼ ਦੀ ਅਗਵਾਈ ਹੇਠ ਹੋਈ ਸੀ। ਇਸ ਮਹੱਤਵਪੂਰਨ ਦਿਨ ਨੂੰ ਯਾਦਗਾਰ ਬਣਾਉਂਦੇ ਹੋਏ, ਪਰਿਸ਼ਦ ਵਲੋਂ ਕੁੜੀਆਂ ਲਈ ਮੁਫ਼ਤ ਸਿਲਾਈ ਸੈਂਟਰ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ 4 ਸਿਲਾਈ ਮਸ਼ੀਨਾਂ ਨਾਲ ਲਗਭਗ 20 ਕੁੜੀਆਂ ਨੇ ਸਿਲਾਈ ਸਿੱਖਣੀ ਸ਼ੁਰੂ ਕਰ ਦਿੱਤੀ। ਪਿੰਡ ਦੇ ਸਰਪੰਚ ਕ੍ਰਿਸ਼ਨ ਲਾਲ ਨੇ ਆਪਣੇ ਪਿਤਾ ਸਵ. ਪੂਰਨ ਚੰਦ ਦੀ ਯਾਦ ਵਿੱਚ ਦੋ ਕਮਰੇ ਮੁਫ਼ਤ ਦਿੱਤੇ, ਜਿਨ੍ਹਾਂ ਵਿੱਚ ਇਹ ਸੈਂਟਰ ਚਲਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਉਦਯੋਗਪਤੀ ਨਿਖਿਲ ਗਰਗ ਮੁੱਖ ਮਹਿਮਾਨ ਤੇ ਮਨਪ੍ਰੀਤ ਬੰਨੀ ਸੰਧੂ ਗੈਸਟ ਆਫ ਆਨਰ ਵਜੋਂ ਸ਼ਾਮਲ ਹੋਏ। ਨਿਖਿਲ ਗਰਗ ਨੇ ਦੱਸਿਆ ਕਿ ਉਹ ਹੁਣ ਤੱਕ ਪੰਜਾਬ ਦੇ 150 ਤੋਂ ਵੱਧ ਪਿੰਡਾਂ ਵਿੱਚ ਲਾਇਬ੍ਰੇਰੀ ਖੋਲ੍ਹ ਚੁੱਕੇ ਹਨ ਅਤੇ ਜਲਦੀ ਹੀ ਖੇੜੀ ਗੁੱਜਰਾਂ ਵਿੱਚ ਵੀ ਲਾਇਬ੍ਰੇਰੀ ਖੋਲ੍ਹਣਗੇ। ਬੰਨੀ ਸੰਧੂ ਨੇ ਕਿਹਾ ਕਿ ਉਹ ਡੇਰਾਬੱਸੀ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਸਰਵਿਕਸ ਕੈਂਸਰ ਬਾਰੇ ਜਾਗਰੂਕਤਾ ਕੈਂਪ ਲਗਾਉਣਗੇ। ਇਸ ਮੌਕੇ ਤੇ ਬਰਖਾ ਰਾਮ, ਉਪੇਸ਼ ਬੰਸਲ, ਅਸ਼ਵਨੀ ਸ਼ਰਮਾ, ਪਵਨ ਧੀਮਾਨ, ਵਿਨੋਦ ਰੈਨਾ, ਵਿਮਲ ਜੈਨ ਅਤੇ ਪਿੰਡ ਦੀਆਂ ਕਈ ਕੁੜੀਆਂ ਤੇ ਔਰਤਾਂ ਹਾਜ਼ਰ ਸਨ।

## ਵਿਕਾਸ ਕਾਰਜਾਂ ਦਾ ਕੁਝ ਸਿਆਸੀ ਲੋਕ ਲਾਹਾ ਲੈਣ ਦੀ ਤਾਕ 'ਚ : ਚੀਮਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਪੰਜਾਬ ਸਰਕਾਰ ਦੇ ਸਹਿਯੋਗ ਨਾਲ ਪਵਿੱਤਰ ਨਗਰੀ ਅੰਦਰ 217 ਕਰੋੜ ਦੀ ਲਾਗਤ ਨਾਲ ਜੰਗੀ ਪੱਧਰ 'ਤੇ ਚੱਲ ਰਹੇ ਵਿਕਾਸ ਕਾਰਜਾਂ ਦਾ ਲਾਹਾ ਲੈਣ ਲਈ ਕੁਝ ਸਿਆਸੀ ਆਗੂਆਂ ਵੱਲੋਂ ਗਲਤ ਬਿਆਨਬਾਜੀ ਕੀਤੀ ਜਾ ਰਹੀ ਹੈ, ਜੋ ਕਿ ਸਚਾਈ ਤੋਂ ਕੋਹਾਂ ਦੂਰ ਹੈ। ਇਹ ਪ੍ਰਗਟਾਵਾ ਇੰਪਰੂਵਮੈਂਟ ਟਰੱਸਟ ਕਪੂਰਥਲਾ ਦੇ ਚੇਅਰਮੈਨ ਅਤੇ ਹਲਕਾ ਸੁਲਤਾਨਪੁਰ ਲੋਧੀ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਸੱਜਣ ਸਿੰਘ ਚੀਮਾ ਨੇ ਹਲਕੇ ਦੇ ਪਾਰਟੀ ਵਰਕਰਾਂ ਨਾਲ ਮਾਰਕੀਟ ਕਮੇਟੀ ਦੇ ਮੀਟਿੰਗ ਹਾਲ ਵਿੱਚ ਕਰਦਿਆਂ ਕਿਹਾ ਕਿ 2019 ਦੇ ਵਿੱਚ ਕੇਂਦਰ ਸਰਕਾਰ ਨੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਸ਼ਤਾਬਦੀ ਸਮਾਗਮਾਂ ਮੌਕੇ ਸੁਲਤਾਨਪੁਰ ਲੋਧੀ ਨੂੰ ਸਮਾਰਟ ਸਿਟੀ ਐਲਾਨਿਆ ਸੀ ਅਤੇ 27 ਕਰੋੜ ਰੁਪਏ ਦੀ ਕਿਸ਼ਤ ਜਾਰੀ ਕੀਤੀ ਸੀ। ਪਰ 2022 ਤੱਕ ਉਸ ਸਮੇਂ ਦੀ ਸਰਕਾਰ ਨੇ ਇੱਕ ਰੁਪਏ ਦਾ ਵੀ ਹਿੱਸਾ ਨਹੀਂ ਪਾਇਆ। ਜਿਸ ਕਾਰਨ ਸਮਾਰਟ ਸਿਟੀ ਦਾ ਪ੍ਰੋਜੈਕਟ ਸ਼ੁਰੂ ਨਾ ਹੋ ਸਕਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਿੱਜੀ ਦਿਲਚਸਪੀ ਲੈਂਦਿਆਂ ਗਰਾਂਟਾਂ ਜਾਰੀ ਕੀਤੀਆਂ ਜਿਸ ਤਹਿਤ ਵਿਕਾਸ ਕਾਰਜ ਸ਼ੁਰੂ ਹੋਏ। ਉਨ੍ਹਾਂ ਨੇ ਕਿਹਾ ਕਿ ਰਾਜ ਸਭਾ ਮੈਂਬਰ ਬਲਬੀਰ ਸਿੰਘ ਨੇ ਵੱਡੇ ਯਤਨਾਂ ਨਾਲ ਕੇਂਦਰ ਤੋਂ ਸਮਾਰਟ ਸਿਟੀ ਦੀਆਂ ਰਹਿੰਦੀਆਂ ਗਰਾਂਟਾਂ ਜਾਰੀ ਕਰਵਾਈਆਂ। ਉਨ੍ਹਾਂ ਨੇ ਕਿਹਾ ਕਿ ਸ਼ਹਿਰ ਅੰਦਰ 28 ਕਿਲੋਮੀਟਰ ਲੰਮਾ ਸੀਵਰੇਜ ਪੈ ਚੁੱਕਾ ਹੈ।ਸਾਢੇ ਪੰਜ ਕਰੋੜ ਦੀ ਲਾਗਤ ਨਾਲ ਤਹਿਸੀਲ ਕੰਪਲੈਕਸ ਛੇ ਮਹੀਨੇ ਦੇ ਵਿੱਚ ਬਣ ਕੇ ਤਿਆਰ ਹੋ ਜਾਣਾ ਹੈ।76 ਕਰੋੜ ਰੁਪਏ ਦੀ ਲਾਗਤ ਨਾਲ ਆਧੁਨਿਕ ਸਟੇਡੀਅਮ ਤਿਆਰ ਹੋਵੇਗਾ ਜਿਸ ਦੇ ਟੈਂਡਰ ਲੱਗ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵੀ 8 ਕਰੋੜ ਦੀ ਲਾਗਤ ਨਾਲ ਤਿਆਰ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ 25 ਕੁ ਦਿਨਾਂ ਤੱਕ ਬਰਸਾਤਾਂ ਤੋਂ ਬਾਅਦ ਵਿੱਚ ਸਾਰੇ ਹਲਕੇ ਦੀਆ ਸੜਕਾਂ ਦੀ ਰਿਪੇਅਰ ਸ਼ੁਰੂ ਹੋ ਜਾਵੇਗੀ । ਇਸ ਮੌਕੇ ਸੀਨੀਅਰ ਆਗੂ ਨਰਿੰਦਰ ਸਿੰਘ ਖਿੰਡਾ, ਸਰਪੰਚ ਮੇਜਰ ਸਿੰਘ, ਸਰਪੰਚ ਸੁਖਵਿੰਦਰ ਸਿੰਘ ਸੋਨੂੰ ਠੱਟਾ ਨਵਾਂ, ਅਕਾਸਦੀਪ ਸਿੰਘ, ਮਨੀ ਦਬੁਲੀਆਂ, ਸੁਖਵਿੰਦਰ ਸਿੰਘ ਖਿੰਡਾ, ਸਰਪੰਚ ਜੁਗਿੰਦਰ ਸਿੰਘ,ਰਾਜਾ ਸਰਪੰਚ, ਪੀ ਏ ਲਵਪ੍ਰੀਤ ਸਿੰਘ, ਬਲਾਕ ਪਰਧਾਨ ਸੁਖਵਿੰਦਰ ਸਿੰਘ ਆਦਿ ਹਾਜਰ ਸਿੰਘ।

## ਪੇਂਡੂ ਮਜ਼ਦੂਰ ਯੂਨੀਅਨ ਵੱਲੋਂ 25 ਦੀ ਸੰਗਰੂਰ ਰੈਲੀ 'ਚ ਸ਼ਾਮਲ ਹੋਣ ਦਾ ਐਲਾਨ



**ਜਲੰਧਰ (ਕੇਸਰ)**- ਪੇਂਡੂ ਮਜਦੂਰ ਯੂਨੀਅਨ ਪੰਜਾਬ ਵਲੋਂ ਸੂਬਾ ਕਮੇਟੀ ਨੇ ਸੂਬਾ ਪ੍ਰਧਾਨ ਤਰਸੇਮ ਪੀਟਰ ਦੀ ਪ੍ਰਧਾਨਗੀ ਹੇਠ ਆਪਣੀ ਮੀਟਿੰਗ ਕਰਕੇ ਜਮੀਨ ਪ੍ਰਾਪਤੀ ਸੰਘਰਸ ਕਮੇਟੀ ਦੇ ਗ੍ਰਿਫਤਾਰ ਸਾਥੀਆਂ ਦੀ ਬਿਨਾਂ ਸ਼ਰਤ ਰਿਹਾਈ ਅਤੇ ਪੁਲਸ ਜਬਰ ਖਿਲਾਫ ਮਜਦੂਰ ਕਿਸਾਨ ਜਥੇਬੰਦੀਆਂ ਵਲੋਂ 25 ਜੁਲਾਈ ਨੂੰ ਸੰਗਰੂਰ ਵਿਖੇ ਕੀਤੇ ਜਾ ਰਹੇ ਰੈਲੀ ਅਤੇ ਮੁਜਾਹਰੇ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਯੂਨੀਅਨ ਦੇ ਸੂਬਾ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਦੱਸਿਆ ਕਿ 20 ਮਈ ਨੂੰ ਸੰਗਰੂਰ ਵਿਖੇ ਜਮੀਨ ਪ੍ਰਾਪਤੀ ਸੰਘਰਸ ਕਮੇਟੀ ਵਲੋਂ ਬੇਗਮਪੁਰਾ ਵਸਾਉਣ ਜਾਂਦੇ ਦਲਿਤਾਂ ਅਤੇ ਬੇਜਮੀਨੇ ਲੋਕਾਂ ਨੂੰ ਪੰਜਾਬ ਸਰਕਾਰ ਦੇ ਇਸ਼ਾਰੇ ਤੇ ਝੂਠੇ ਕੇਸ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਸੰਘਰਸ ਕਮੇਟੀ ਦੇ ਰੋਸ ਪ੍ਰਦਰਸ਼ਨ ਕਰਨ ਉੱਪਰ ਅਣ-ਐਲਾਨੀ ਪਾਬੰਦੀ ਲਗਾ ਦਿੱਤੀ ਗਈ ਹੈ। ਪੰਜਾਬ ਸਰਕਾਰ ਦੇ ਇਸ ਜਾਬਰ ਰੱਵਈਏ ਦਾ ਮੂੰਹ ਤੋੜ ਜਵਾਬ ਦੇਣ ਲਈ ਪੰਜਾਬ ਦੀਆਂ ਸੰਘਰਸ਼ੀਲ ਮਜਦੂਰ ਕਿਸਾਨ ਜਥੇਬੰਦੀਆਂ ਵਲੋਂ ਪਿਛਲੇ ਦਿਨੀਂ ਮੀਟਿੰਗ ਕਰਕੇ 25 ਜੁਲਾਈ ਨੂੰ ਸੰਗਰੂਰ ਅਨਾਜ ਮੰਡੀ ਵਿੱਚ ਵਿਸ਼ਾਲ ਰੈਲੀ ਕਰਨ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਿੱਥੇ ਪੰਜਾਬ ਭਰ 'ਚੋਂ ਹਜਾਰਾਂ ਮਜਦੂਰ ਕਿਸਾਨ ਵਿਦਿਆਰਥੀ, ਨੌਜਵਾਨ ਅਤੇ ਮੁਲਾਜਮ ਜਥੇਬੰਦੀਆਂ ਵਲੋਂ ਇਸ ਰੈਲੀ ਅਤੇ ਮੁਜਾਹਰੇ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ, ਉਥੇ ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਸੈਂਕੜੇ ਕਾਰਕੁਨ ਇਸਦਾ ਹਿੱਸਾ ਬਣਨਗੇ। ਮੀਟਿੰਗ ਵਿੱਚ ਯੂਨੀਅਨ ਦੇ ਸੂਬਾ ਆਗੂ ਰਾਜ ਕੁਮਾਰ ਪੰਡੋਰੀ, ਹੰਸ ਰਾਜ ਪੱਬਵਾਂ,ਹਰੀ ਰਾਮ ਰਸੂਲਪੁਰੀ,ਮੰਗਾ ਸਿੰਘ ਵੈਰੋਕੇ ਅਤੇ ਨਿਰਮਲ ਸਿੰਘ ਸੇਰ ਪੁਰ ਸੱਧਾ ਆਦਿ ਹਾਜਰ ਸਨ।

## ਪੁਲਸ ਵੱਲੋ ਪਾਸਕੋ ਐਕਟ 2012 ਤੇ ਟਰੈਫਿਕ ਜਾਗਰੂਕਤਾ ਸੈਮੀਨਾਰ



**ਬੰਗਾ (ਅਵਤਾਰ ਕਲੇਰ)** ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ ਵਿਖੇ ਵੂਮੈਨ ਸੈੱਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਸ ਅਤੇ ਪੁਲਸ ਟਰੈਫਿਕ ਐਜੂਕੇਸ਼ਨਲ ਸੈੱਲ ਵੱਲੋਂ ਪੋਕਸੋ ਐਕਟ (ਪ੍ਰੋਟੈਕਸ਼ਨ ਆਫ ਚਿਲਡਰਨ ਫਰਾਮ ਸੈਕਸੁਅਲ ਅਫੈਂਸਿਸ ਐਕਟ) ਅਤੇ ਟਰੈਫਿਕ ਸਬੰਧੀ ਜਾਣਕਾਰੀ ਦੇਣ ਹਿੱਤ ਸਕੂਲ ਵਿਦਿਆਰਥੀਆਂ ਲਈ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸਬ-ਇੰਸਪੈਕਟਰ ਮਨਜੀਤ ਕੌਰ ਇੰਚਾਰਜ ਵੂਮੈਨ ਸੈੱਲ ਨੇ ਦੱਸਿਆ ਕਿ ਜਿਨਸੀ ਸ਼ੋਸ਼ਣ ਵਰਗੇ ਅਪਰਾਧਾਂ ਤੋਂ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਪੋਕਸੋ ਐਕਟ 2012 ਅਧੀਨ ਨਾਬਾਲਗ ਬੱਚਿਆਂ ਨਾਲ ਹੋਣ ਵਾਲੇ ਜਿਨਸੀ ਅਪਰਾਧਾਂ ਅਤੇ ਛੇੜਛਾੜ ਦੇ ਮਾਮਲਿਆਂ 'ਚ ਸਖਤ ਕਾਰਵਾਈ ਕੀਤੀ ਜਾਂਦੀ ਹੈ। ਬੱਚਿਆਂ ਨਾਲ ਜਬਰ ਜਨਾਹ ਕਰਨ ਵਾਲਿਆਂ ਨੂੰ ਪੋਕਸੋ ਐਕਟ ਤਹਿਤ ਮੌਤ ਦੀ ਸਜ਼ਾ ਦੇਣ ਦਾ ਵੀ ਕਾਨੂੰਨ ਹੈ। ਏ.ਐਸ.ਆਈ. ਪ੍ਰਵੀਨ ਕੁਮਾਰ ਇੰਚਾਰਜ ਟਰੈਫਿਕ ਐਜੂਕੇਸ਼ਨਲ ਸੈੱਲ ਨੇ ਵਿਦਿਆਰਥੀਆਂ ਨੂੰ ਟਰੈਫਿਕ ਨਿਯਮਾਂ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ। ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇਸਾਰਿਆਂ ਦਾ ਧੰਨਵਾਦ ਕੀਤਾ । ਸੈਮੀਨਾਰ ਦੌਰਾਨ ਪ੍ਰੋ: ਹਰਬੰਸ ਸਿੰਘ ਬੋਲੀਨਾ, ਪ੍ਰਿੰਸੀਪਲ ਵਨੀਤਾ ਚੋਟ, ਏ.ਐਸ.ਆਈ. ਬਲਵਿੰਦਰ ਕੌਰ ਅਤੇ ਏ.ਐਸ.ਆਈ. ਜਸਵਿੰਦਰ ਸਿੰਘ ਵਲੋਂ ਨਸ਼ਿਆਂ ਦੀ ਰੋਕਥਾਮ ਸਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਪੁਲਸ ਟੀਮ ਦੇ ਸਨਮਾਨ ਦੀ ਰਸਮ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਦੀ ਅਗਵਾਈ ਵਿਚ ਪ੍ਰੋ: ਹਰਬੰਸ ਸਿੰਘ ਬੋਲੀਨਾ ਅਤੇ ਵਨੀਤਾ ਚੋਟ ਪ੍ਰਿੰਸੀਪਲ ਵੱਲੋਂ ਨਿਭਾਈ ਗਈ। ਸੈਮੀਨਾਰ ਵਿਚ ਹੈੱਡ ਕਾਂਸਟੇਬਲ ਅਨੀਤਾ ਬੈਂਸ, ਹੈੱਡ ਕਾਂਸਟੇਬਲ ਗੀਨਾ ਰਾਣੀ, ਮੈਡਮ ਪਰਮਜੀਤ ਕੌਰ ਅਤੇ ਸਕੂਲ ਸਟਾਫ ਮੈਂਬਰ ਵੀ ਹਾਜ਼ਰ ਸਨ। ਰਮਨ ਕੁਮਾਰ ਵਾਈਸ ਪ੍ਰਿੰਸੀਪਲ ਨੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ।

## ਹਲਕਾ ਇੰਚਾਰਜ ਪਵਨ ਟੀਨੂ ਨੇ ਸੁਣੀਆਂ ਪੰਚਾਇਤਾਂ ਦੀਆਂ ਸਮੱਸਿਆਵਾਂ



**ਆਦਮਪੁਰ (ਪਰਮਜੀਤ ਸਿੰਘ)**- ਮਾਰਕੀਟ ਕਮੇਟੀ ਦਫਤਰ ਆਦਮਪੁਰ ਵਿਖੇ ਹਲਕਾ ਇੰਚਾਰਜ ਪਵਨ ਟੀਨੂ ਦੀ ਅਗਵਾਈ 'ਚ ਇੱਕ ਵਿਸ਼ੇਸ਼ ਮੀਟਿੰ ਹੋਈ, ਜਿਸ ਵਿੱਚ ਹਲਕਾ ਆਦਮਪੁਰ ਤੇ ਭੋਗਪੁਰ ਦੀਆਂ ਪੰਚਾਇਤਾਂ ਨੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਪਿੰਡ ਹਰੀਪੁਰ, ਡਮੁੰਡਾ, ਲੜੋਈ, ਉਦੇਸੀਆਂ, ਭਟਨੂਰਾ, ਲਵਾਣਾ, ਰਾਜਪੁਰ, ਪਤਿਆਲ, ਕੰਗਣੀਵਾਲ, ਧੱਦਿਆਲ, ਮਾਣਕੋ, ਸਤੋਵਾਲੀ, ਸਨੋਰਾ ਤੇ ਹੋਰ ਪਿੰਡਾਂ ਦੀਆਂ ਪੰਚਾਇਤਾਂ ਨੇ ਹਲਕਾ ਇੰਚਾਰਜ ਨੂੰ ਪਿੰਡਾਂ ਵਿੱਚ ਆ ਰਹੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ।ਇਸ ਮੌਕੇ ਪਵਨ ਟੀਨੂ ਨੇ ਪਿੰਡਾਂ ਦੀਆਂ ਸਮੱਸਿਆਵਾਂ ਨੂੰ ਮੌਕੇ 'ਤੇ ਹੀ ਸੰਬੰਧਿਤ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਹੱਲ ਕਰਵਾਇਆ। ਉਨ੍ਹਾਂ ਨੇ ਸਮੂਹ ਪੰਜਾਬ ਵਾਸੀਆਂ ਨੂੰ ਖੁਸ਼ਖਬਰੀ ਦੀ ਗੱਲ ਦੱਸਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ 65 ਲੱਖ ਪਰਵਾਰਾਂ ਲਈ 10 ਲੱਖ ਰੁਪਏ ਦੀ ਮੁਫਤ ਸਿਹਤ ਬੀਮਾ ਸਕੀਮ ਸ਼ੁਰੂ ਕਰ ਦਿੱਤੀ ਗਈ ਹੈ। ਇਹ ਸਿਹਤ ਬੀਮਾ ਹਰ ਵਰਗ ਦੇ ਲੋਕਾਂ ਲਈ ਹੈ ਤੇ ਜਲਦੀ ਹੀ ਪਿੰਡਾਂ ਵਿੱਚ ਇਸ ਦੇ ਕੈਂਪ ਲਗਾਏ ਜਾਣਗੇ।ਮੀਟਿੰਗ 'ਚ ਉਹਨਾਂ ਨੇ ਪਿੰਡ ਸਿਕੰਦਰਪੁਰ ਤੇ ਮਾਣਕੋ ਦੇ ਛੱਪੜਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਆਏ ਪਿੰਡ ਵਾਸੀਆਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ।ਉਹਨਾਂ ਕਿਹਾ ਕਿ ਪੰਚਾਇਤਾਂ ਨੂੰ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਉਹਨਾਂ ਨਾਲ ਪਰਮਜੀਤ ਸਿੰਘ ਪੰਮਾ ਕੋਆਰਡੀਨੇਟਰ ਹਲਕਾ ਸੰਗਠਨ,ਪਰਮਜੀਤ ਸਿੰਘ ਰਾਜਵੰਸ਼ ਚੇਅਰਮੈਨ ਮਾਰਕੀਟ ਕਮੇਟੀ ਆਦਮਪੁਰ, ਦਲਜੀਤ ਸਿੰਘ ਮਿਨਹਾਸ ਕੋਆਰਡੀਨੇਟਰ ਯੁੱਧ ਨਸ਼ਿਆਂ ਵਿਰੁੱਧ ਇੰਦਰਜੀਤ ਸਿੰਘ ਸੱਤੋਵਾਲੀ (ਸੈਕਟਰੀ ਦੁਆਬਾ ਸਰਪੰਚ ਯੂਨੀਅਨ ਆਦਮਪੁਰ), ਹਰਕੀਰਤ ਸਿੰਘ ਨਿੱਝਰ ਯੂਥ ਆਗੂ, ਪਰਮਿੰਦਰ ਪੰਮਾਂ ਮਾਣਕੋ ਬਲਾਕ ਪ੍ਰਧਾਨ ਆਦਮਪੁਰ, ਡਾ. ਨਿਰਮਲ ਕੌਲ ਸਰਪੰਚ ਹਰੀਪੁਰ, ਅਮਨਦੀਪ ਪੰਚ ਭੇਲਾ, ਸਰਪੰਚ ਭਟਨੂਰਾ, ਸਰਪੰਚ ਪਤਿਆਲ, ਸਰਪੰਚ ਲੜੋਆ, ਸਰਬਜੀਤ ਪੰਚ ਸਿਕੰਦਰਪੁਰ, ਸਰਪੰਚ ਉਦੇਸ਼ੀਆਂ, ਸਰਪੰਚ ਸੱਤੋਵਾਲੀ ਅਤੇ ਹੋਰ ਪਿੰਡਾਂ ਦੇ ਪਾਰਟੀ ਵਰਕਰ ਪੰਚ ਸਰਪੰਚ ਹਾਜ਼ਰ ਸਨ।

## ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ ਨੇ ਮਨਾਇਆ ਨਿਵੇਸ਼ ਸਮਾਰੋਹ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਗਲੋਬਲ ਵਿਜ਼ਡਮ ਇੰਟਰਨੈਸ਼ਨਲ ਸਕੂਲ, ਡੇਰਾਬੱਸੀ ਨੇ ਬਹੁਤ ਹੀ ਮਾਣ ਅਤੇ ਉਤਸ਼ਾਹ ਨਾਲ ਇਹ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਨਵੀਂ ਚੁਣੀ ਗਈ ਵਿਦਿਆਰਥੀ ਪ੍ਰੀਸ਼ਦ ਦੀ ਅਧਿਕਾਰਤ ਸ਼ਮੂਲੀਅਤ ਹੋਈ, ਜਿਨ੍ਹਾਂ ਨੇ ਲੀਡਰਸ਼ਿਪ, ਜ਼ਿੰਮੇਵਾਰੀ ਅਤੇ ਸੇਵਾ ਦੇ ਮੁੱਲਾਂ ਨੂੰ ਬਰਕਰਾਰ ਰੱਖਣ ਦਾ ਪ੍ਰਣ ਲਿਆ।ਇਸ ਸਮਾਰੋਹ ਦੀ ਪ੍ਰਧਾਨਗੀ ਮਾਣਯੋਗ ਚੇਅਰਮੈਨ , ਗੁਰਦੀਪ ਸਿੰਘ ਚਹਿਲ, ਪ੍ਰਬੰਧਨ ਮੈਂਬਰ ਬਰਖਾ ਰਾਮ ਅਤੇ ਸਕੂਲ ਦੇ ਪ੍ਰਿੰਸੀਪਲ ਡਾ. ਬਸੁੰਧਰਾ ਨੇ ਕੀਤੀ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਵਚਨਬੱਧਤਾ ਅਤੇ ਇਮਾਨਦਾਰੀ ਰਾਹੀਂ ਰੋਲ ਮਾਡਲ ਬਣਨ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਡਾ. ਬਸੁੰਧਰਾ ਨੇ ਅਹੁਦੇ ਦੀ ਸਹੁੰ ਚੁਕਾਈ ਅਤੇ ਵਿਦਿਆਰਥੀ ਆਗੂਆਂ ਦੀਆਂ ਯੋਗਤਾਵਾਂ ਵਿੱਚ ਵਿਸ਼ਵਾਸ ਪ੍ਰਗਟ ਕੀਤਾ।ਇਸ ਸਮਾਗਮ ਦੀ ਸ਼ੁਰੂਆਤ ਇੱਕ ਜੋਸ਼ੀਲੇ ਮਾਰਚ ਪਾਸਟ ਨਾਲ ਹੋਈ, ਜਿਸ ਤੋਂ ਬਾਅਦ ਹੈੱਡ ਬੁਆਏ, ਹੈੱਡ ਗਰਲ, ਹਾਊਸ ਕੈਪਟਨ ਅਤੇ ਹੋਰ ਕੌਂਸਲ ਮੈਂਬਰਾਂ ਨੂੰ ਬੈਜ ਅਤੇ ਸੈਸ਼ ਲਗਾਏ ਗਏ। ਵਿਦਿਆਰਥੀਆਂ ਅਤੇ ਮਾਪਿਆਂ ਦੇ ਮਾਣਮੱਤੇ ਚਿਹਰਿਆਂ 'ਤੇ ਖੁਸ਼ੀ ਅਤੇ ਪ੍ਰਾਪਤੀ ਦੀ ਭਾਵਨਾ ਝਲਕਦੀ ਸੀ।ਪ੍ਰੋਗਰਾਮ ਦਾ ਸਮਾਪਨ ਰਾਸ਼ਟਰੀ ਗੀਤ ਅਤੇ ਦਿਲੋਂ ਧੰਨਵਾਦ ਦੇ ਮਤੇ ਨਾਲ ਹੋਇਆ।

# ਸੰਯੁਕਤ ਟਰੇਡ ਯੂਨੀਅਨਾਂ ਵੱਲੋਂ ਰੋਸ ਪ੍ਰਦਰਸ਼ਨ

ਨੰਗਲ (ਸੁਰਜੀਤ ਢੇਰ)- ਦੇਸ਼ ਦੀਆਂ ਦਸ ਮਜ਼ਦੂਰ ਜਥੇਬੰਦੀਆਂ ਦੇ ਸੱਦੇ 'ਤੇ ਦੇਸ਼ ਵਿਆਪੀ ਹੜਤਾਲ ਦੇ ਸੱਦੇ ਨੂੰ ਇਥੇ ਭਰਪੂਰ ਸਮਰਥਨ ਮਿਲਿਆ। ਇਸ ਹੜਤਾਲ ਦਾ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਅਤੇ ਕੁੱਲ ਹਿੰਦ ਕਿਸਾਨ ਨੇ ਵੀ ਆਪਣਾ ਸਹਿਯੋਗ ਦਿੱਤਾ। ਨੰਗਲ ਵਿਖੇ ਸਾਰੀਆਂ ਟਰੇਡ ਯੂਨੀਅਨਾਂ ਨੇ ਇਕੱਠੇ ਹੋ ਕੇ ਰੋਸ ਮਾਰਚ ਕੱਢਿਆ। ਇਹ ਰੋਸ ਮਾਰਚ ਸਟਾਫ ਕਲੱਬ ਨੰਗਲ ਤੋਂ ਸ਼ੁਰੂ ਹੋ ਕੇ, ਮੇਨ ਮਾਰਕਿਟ, ਪਹਾੜੀ ਮਾਰਕਿਟ, ਅੱਡਾ ਮਾਰਕਿਟ ਹੁੰਦਿਆਂ ਤਹਿਸੀਲ ਕਚਹਿਰੀ ਤੇ ਬੱਸ ਅੱਡਾ ਸਾਹਮਣੇ ਰੋਸ ਜਤਾਉਂਦਿਆਂ ਸਮਾਪਤ ਹੋਇਆ। ਇਸ ਪ੍ਰਦਰਸ਼ਨ ਦਾ ਮੁੱਖ ਉਦੇਸ਼ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਜਾ ਰਹੇ ਚਾਰ ਲੇਬਰ ਕੋਡਾਂ ਨੂੰ ਰੱਦ ਕਰਨਾ,ਪਬਲਿਕ ਸੈਕਟਰ ਦਾ ਨਿੱਜੀਕਰਨ ਰੋਕਣਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨੀ, ਸਕੀਮ ਵਰਕਰਾਂ ਨੂੰ ਪੱਕਾ ਕਰਨਾ, ਬੇਰੁਜ਼ਗਾਰੀ ਦੂਰ ਕਰਨੀ,ਵੱਧ ਰਹੀ ਮਹਿੰਗਾਈ ਨੂੰ ਰੋਕਣਾ, ਸਿਹਤ ਅਤੇ ਸਿੱਖਿਆ ਦਾ ਨਿੱਜੀਕਰਨ ਬੰਦ ਕਰਨਾ, ਮਨਰੇਗਾ ਮਜ਼ਦੂਰਾਂ ਦੀ ਦਿਹਾੜੀ 600 ਰੁਪਏ ਕਰਨੀ ਅਤੇ 200 ਦਿਨ ਕੰਮ ਦੇਣਾ, ਮਨਰੇਗਾ ਨੂੰ ਸ਼ਹਿਰਾਂ ਵਿੱਚ ਲਾਗੂ ਕਰਨਾ ਸਮੇਤ ਹੋਰ ਮੰਗਾਂ ਲਈ



ਦੇਸ਼ ਵਿਆਪੀ ਹੜਤਾਲ ਕੀਤੀ ਗਈ।ਮਾਰਚ ਤੋਂ ਬਾਅਦ ਜੁਆਇੰਟ ਐਕਸ਼ਨ ਕਮੇਟੀ ਨੇ ਵੱਲੋਂ ਤਹਿਸੀਲਦਾਰ ਨੂੰ ਮੰਗ ਪੱਤਰ ਵੀ ਸੌਂਪਿਆ। ਇਸ ਮੌਕੇ 'ਤੇ ਇਹਨਾਂ ਦੇ ਸਤਨਾਮ ਸਿੰਘ ਲਾਦੀ, ਰਮਿੰਦਰ ਅਲੀ, ਨਵੀਨ ਸ਼ਰਮਾ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ,ਦਵਿੰਦਰ ਨੰਗਲੀ, ਗੁਲਜ਼ਾਰ ਸਿੰਘ, ਰਾਮਪਾਲ ਸਿੰਘ ਭਲਾਣ, ਹਰਜੀਤ ਸਿੰਘ ਵਿਰਕ, ਸੁਰਿੰਦਰ ਦਰਸ਼ਨ ਸਿੰਘ ਢਾਹੇ,ਏਟਕ ਦੇ ਜਰਨੈਲ ਸਿੰਘ, ਹਰਵਿੰਦ ਸਿੰਘ, ਸੀਟੂ ਦੇ ਵਿਜੇ ਕੁਮਾਰ ਰਾਣਾ, ਰਾਜੇਸ਼ ਕੁਮਾਰ,ਮਿਊਂਸੀਪਲ ਕਰਮਚਾਰੀ ਯੂਨੀਅਨ ਦੇ ਰਜੇਸ਼ ਕੁਮਾਰ, ਬੰਟੀ ਬੋਹਰ, ਹਰਕੇਸ਼ ਕੁਮਾਰ,ਰਿਟਾਇਰਡ ਕਰਮਚਾਰੀ ਐਸੋਸੀਏਸ਼ਨ ਦੇ ਅਸ਼ੋਕ ਐਂਗਿਸ, ਗੋਪਾਲ ਕ੍ਰਿਸ਼ਨ,ਪੰਜਾਬ ਰੋਡਵੇਜ਼ ਯੂਨੀਅਨ ਦੇ ਰਾਮ ਦਿਆਲ ਮਾਹੀ,ਬੀਬੀਐਮਬੀ ਵਰਕਰਜ਼ ਦੇ ਯੂਨੀਅਨ ਦੇ ਦਿਵਾਨੰਦ ਜੋਸ਼ੀ, ਗੁਰ ਪਰਸਾਦ,ਨੰਗਲ ਭਾਖੜਾ ਮਜ਼ਦੂਰ ਸੰਘ ਇਟਕ ਪਰਮਜੀਤ ਸਿੰਘ, ਵਿਨੋਦ ਰਾਣਾ,ਮਜ਼ਦੂਰ ਭਲਾਈ ਸੰਗਠਨ ਸਨੀ ਕੁਮਾਰ, ਜੰਸੀਵ ਕੁਮਾਰ, ਪੰਜਾਬ ਮੁਲਾਜ਼ਮ-ਪੈਨਸ਼ਨਰ ਫਰੰਟ ਦੇ ਮਾਸਟਰ ਤਰਸੇਮ ਲਾਲ ਭਨਾਮ, ਮਹਿੰਗਾ ਰਾਮ ਐਮਏ,ਪ੍ਰਾਣ ਨਾਥ, ਜਸਵਿੰਦਰ ਸਿੰਘ, ਜਰਨੈਲ ਜੋਲਾ, ਸੁਖਦੇਵ ਸਿੰਘ ਡਿਗਵਾ, ਸਤਨਾਮ ਸਿੰਘ, ਰਘਵੀਰ ਸਿੰਘ ਦਰਸ਼ੀ, ਰਕੇਸ਼ ਬਾਲੀ ਕਲਸੇੜਾ, ਗੁਰਮੇਲ ਸਿੰਘ ਕਲਸੇੜਾ, ਬਲਵੀਰ ਸਿੰਘ, ਪ੍ਰਮੋਦ ਸਿੰਘ, ਜਤਿੰਦਰ ਕੁਮਾਰ ਸਮੇਤ ਹੋਰ ਆਗੂ ਹਾਜ਼ਰ ਸਨ।

# 84 ਯਾਤਰੀਆਂ ਦਾ ਜਥਾ ਅਮਰਨਾਥ ਯਾਤਰਾ ਲਈ ਰਵਾਨਾ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਪਰਵਾਰਕ ਮਾਹੌਲ ਅਤੇ ਅਨੁਸ਼ਾਸਿਤ ਸਲੀਕੇ ਨਾਲ ਹਰ ਸਾਲ ਅਮਰਨਾਥ ਯਾਤਰਾ ਕਰਵਾਉਣ ਵਾਲੀ ਇਲਾਕੇ ਦੀ ਇੱਕ ਮਾਤਰ ਸੰਸਥਾ ਜੋ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਦੇ ਪ੍ਰਧਾਨ ਲਾਇਨ ਅਸ਼ੋਕ ਪਰ ਕਿਸੇ ਅਤਿਅੰਤ ਜ਼ਰੂਰੀ ਕੰਮ ਕਾਰਣ ਉਹ ਬੇਬੱਸ ਹੋ ਗਏ। ਨੂਰਮਹਿਲ ਦੇ ਐੱਸ.ਐੱਚ.ਓ ਪਰਮਜੀਤ ਸਿੰਘ ਵੀ ਉਚੇਚੇ ਤੌਰ 'ਤੇ ਹਾਜ਼ਰ ਰਹੇ।ਲਾਇਨਜ਼ ਕਲੱਬ ਨੂਰਮਹਿਲ ਸਿਟੀ ਦੇ ਪ੍ਰਧਾਨ ਸੰਜੂ ਵਧਵਾ ਆਪਣੀ ਟੀਮ ਅਤੇ ਮੈਂਬਰਾਂ ਨਾਲ ਸ਼ਾਮਿਲ ਹੁੰਦਿਆਂ ਯਾਤਰਾ ਲਈ ਦਵਾਈਆਂ ਦੇ ਨਾਲ ਧਨ-ਵਸਤੂ ਦਾ ਯੋਗਦਾਨ ਦਿੱਤਾ। ਲਾਇਨਜ਼ ਕਲੱਬ ਨੂਰਮਹਿਲ ਕ੍ਰੀਮ ਨੇ ਅਮਰਨਾਥ ਯਾਤਰਾ ਸੇਵਾਵਾਂ ਦੇ 20 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਅਸ਼ੋਕ ਬਬਿਤਾ ਸੰਧੂ ਪੈਟਰੋਲੀਅਮ ਚੂਹੇਕੀ ਵਿਖੇ ਪੈਟਰੋਲ ਪੰਪ 'ਤੇ ਸੰਗਤਾਂ ਲਈ ਉਚੇਚੇ ਤੌਰ 'ਤੇ ਆਧੁਨਿਕ ਸਵਾਦ ਵਾਲੇ ਖਾਣ-



ਬਬਿਤਾ ਸੰਧੂ ਨੰਬਰਦਾਰ ਨੂਰਮਹਿਲ ਦੀ ਅਗਵਾਈ ਹੇਠ 2025 ਮਾਡਲ ਦੀ ਏਅਰ ਕੰਡੀਸ਼ਨਡ ਗੱਡੀਆਂ ਵਿੱਚ ਜਥਾ ਸ੍ਰੀ ਹਿਮ ਸ਼ਿਵਲਿੰਗ ਜੀ ਦੇ ਸਾਖਸ਼ਾਤ ਦਰਸ਼ਨ ਕਰਨ ਲਈ ਰਵਾਨਾ ਹੋਇਆ। ਇਸ ਜਥੇ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਦਾ ਸੁਭਾਗ ਨਕੋਦਰ ਸਬ ਡਵੀਜ਼ਨ ਦੇ ਡੀ.ਐੱਸ.ਪੀ ਸੁਖਪਾਲ ਸਿੰਘ ਨੂੰ ਪ੍ਰਾਪਤ ਹੋਇਆ। ਡੀ.ਐੱਸ.ਪੀ ਨੇ ਮੰਡਲ ਪ੍ਰਧਾਨ ਅਤੇ ਮੰਡਲ ਦੇ ਸਮੂਹ ਅਹੁਦੇਦਾਰਾਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਅਤੇ ਵਧਾਈਆਂ ਦਿੰਦੇ ਹੋਏ ਦੱਸਿਆ ਕਿ ਯਾਤਰਾ ਨੂੰ ਰਵਾਨਾ ਕਰਨ ਦਾ ਸ਼ੁਭ ਕਾਰਜ ਐੱਸ.ਐੱਸ.ਪੀ ਹਰਵਿੰਦਰ ਸਿੰਘ ਵਿਰਕ ਨੇ ਕਰਨਾ ਸੀ ਪਾਣ ਦੇ ਸਟਾਲ ਲਗਾਏ ਗਏ। ਮੰਦਰ ਬਾਬਾ ਭੂਤਨਾਥ ਕਮੇਟੀ ਨੂਰਮਹਿਲ ਦੇ ਪ੍ਰਧਾਨ ਰਾਜ ਕੁਮਾਰ ਮੋਹਨ ਨੇ ਸੰਗਤਾਂ ਲਈ ਜਲ ਸੇਵਾ ਮੁਹੱਈਆ ਕੀਤੀ।ਮੰਡਲ ਸੰਚਾਲਕ ਪੰਡਿਤ ਪਵਨ ਪ੍ਰਾਸ਼ਰ ਨੇ ਯਾਤਰਾ ਦੀ ਸਫਲਤਾ ਲਈ ਵਿਧੀ ਪੂਰਵਕ ਪੂਜਾ ਅਰਚਨਾ ਕੀਤੀ।ਇਸ ਮੌਕੇ ਪ੍ਰਿੰਸੀਪਲ ਰੀਨਾ ਸ਼ਰਮਾ, ਪ੍ਰਿੰਸੀਪਲ ਸੁਮਨ ਲਤਾ ਪਾਠਕ, ਟੇਕ ਚੰਦ ਥੰਗਰਾ, ਪ੍ਰਧਾਨ ਮਨਦੀਪ ਸ਼ਰਮਾ, ਪ੍ਰਧਾਨ ਰਾਜੀਵ ਮਿਸ਼ਰ, ਸੀਤਾ ਰਾਮ ਸੋਖਲ, ਕੁਲਦੀਪ ਸ਼ਰਮਾ, ਮਾਸਟਰ ਰਾਜਿੰਦਰ ਕਾਲਰਾ, ਸਮਾਜ ਸੇਵੀ ਪ੍ਰੇਮ ਬਤਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਧਾਰਮਿਕ ਸਮਾਜਿਕ ਸ਼ਿਵ ਭਗਤ ਹਾਜ਼ਰ ਰਹੇ।

# ਕੋਹਾੜ ਨੂੰ ਪ੍ਰਧਾਨ ਬਣਨ 'ਤੇ ਦਿੱਤੀ ਵਧਾਈ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਦੁਆਬੇ ਦੇ ਨੌਜਵਾਨ ਆਗੂ ਹਲਕਾ ਸ਼ਾਹਕੋਟ ਤੋਂ ਹਲਕਾ ਇੰਚਾਰਜ ਬਚਿੱਤਰ ਸਿੰਘ ਕੋਹਾੜ ਨੂੰ ਜ਼ਿਲ੍ਹਾ ਜਲੰਧਰ ਦਿਹਾਤੀ ਦਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਨਿਯੁਕਤ ਕਰਨ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ



ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਹਲਕਾ ਨਕੋਦਰ ਦੇ ਸੀਨੀਅਰ ਅਕਾਲੀ ਐਡਵੋਕੇਟ ਰਾਜਕਮਲ ਸਿੰਘ ਭੁੱਲਰ, ਪਰਮਿੰਦਰ ਸਿੰਘ ਸ਼ਾਮਪੁਰ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਮੱਖਣ ਸਿੰਘ ਅਜਿਲਾ, ਸਰਕਲ ਪ੍ਰਧਾਨ ਬਿਲਗਾ ਪਿਆਰਾ ਸਿੰਘ ਕੈਂਥ, ਨੂਰਮਹਿਲ ਨਗਰ ਕੌਂਸਲ ਦੇ ਪ੍ਰਧਾਨ ਬਲਵੀਰ ਚੰਦ ਬਿੱਲੂ, ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਕਮਲਜੀਤ ਸਿੰਘ ਗੋਖਾ, ਸਾਬਕਾ ਸਰਪੰਚ ਰਵਿੰਦਰ ਸਿੰਘ ਪਵਾਦੜਾ, ਗੁਰਪਾਲ ਸਿੰਘ ਉੱਗੀ, ਆਗਿਆਕਾਰ ਸਿੰਘ ਲਹਾਂਗੀਰ, ਸਾਬਕਾ ਚੇਅਰਮੈਨ ਹਰਜਿੰਦਰ ਸਿੰਘ ਸ਼ੇਰਕ,ਕੌਮੀ ਮੀਤ ਪ੍ਰਧਾਨ ਯੂਥ ਅਕਾਲੀ ਦਲ ਬਲਜੀਤ ਸਿੰਘ ਲੱਧੜ, ਕੌਮੀ ਮੀਤ ਪ੍ਰਧਾਨ ਯੂਥ ਅਕਾਲੀ ਦਲ ਗੁਰਪ੍ਰੀਤ ਸਿੰਘ ਭੰਡਾਲ, ਸਾਬਕਾ ਸਰਪੰਚ ਗੁਰਨਾਮ ਸਿੰਘ ਰਾਵਾ, ਪ੍ਰਧਾਨ ਬਲਵੀਰ ਸਿੰਘ ਕਾਦੀਆਂ,ਨੰਬਰਦਾਰ ਰਣਜੀਤ ਸਿੰਘ ਕਾਦੀਆਂ, ਪਿਆਰਾ ਸਿੰਘ ਸੰਘੇੜਾ, ਸਰਕਲ ਪ੍ਰਧਾਨ ਐਸਜੀ ਵਿੰਗ ਹਰਬੰਸ ਸਿੰਘ ਦਰਦੀ ਅਤੇ ਹੋਰ ਸੀਨੀਅਰ ਆਗੂਆਂ ਨੇ ਕੋਹਾੜ ਨੂੰ ਵਧਾਈ ਦਿੱਤੀ।

# 84ਵੀਂ ਬਰਸੀ ਮੌਕੇ ਗੁਰਮਤਿ ਸਮਾਗਮ ਕਰਵਾਏ

ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਡੁਖਾਮ ਕੁੰਦਾਰਵਾਲੀ ਵਿਖੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਅਸਥਾਨ 'ਤੇ ਬ੍ਰਹਮ ਗਿਆਨੀ 108 ਸੰਤ ਬਾਬਾ ਹਬੀਰ ਸਿੰਘ ਜੀ ਸਾਲਾਨਾ 84ਵੀਂ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ ਸੰਤ ਬਾਬਾ ਜਸਵਿੰਦਰ ਸਿੰਘ ਖੇੜਕ ਅੱਡਰਵਾਲ ਵਾਲਿਆਂ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਪ੍ਰੇਮ ਸਿੰਘ ਲੁਧਿਆਣਾ ਨੇ ਦੱਸਿਆ ਕਿ ਬਰਸੀ ਸਮਾਗਮ ਮੌਕੇ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਸੰਤ ਬਾਬਾ ਜਸਵਿੰਦਰ ਸਿੰਘ ਖੇੜਕ ਅੱਡਰਵਾਲ, ਜਥੇਦਾਰ ਬਾਬਾ ਸਵਰਨਜੀਤ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ ਕੋਟ ਪਲੀਆਂ, ਸੰਤ ਬਾਬਾ ਸਰਵਣ ਦਾਸ ਲੁਧਿਆਣਾ, ਸੰਤ ਬਾਬਾ ਮਨਜਿੰਦਰ ਸਿੰਘ ਰਾਏਪੁਰ ਵਾਲੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਸੰਤ ਮਹਾਂਪੁਰਸ਼ਾਂ, ਰਾਗੀ ਜਥੇ, ਪ੍ਰਮੁੱਖ ਸਖਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਥੇਦਾਰ ਬਲਦੇਵ ਸਿੰਘ ਹੇਡ ਗ੍ਰੰਥੀ, ਪ੍ਰੇਮ ਸਿੰਘ ਲੁਧਿਆਣਾ, ਅੰਮ੍ਰਿਤ ਪਾਲ ਸਿੰਘ ਖੇੜਕ ਅੱਡਰਵਾਲ, ਨੌਜਵਾਨ ਸਭਾ ਦੇ ਪ੍ਰਧਾਨ ਹਰਪਿੰਦਰ ਸਿੰਘ ਪਿੰਦਾ ਖੇੜਕ ਅੱਡਰਵਾਲ, ਬੀਬੀ ਮਨਜੀਤ ਕੌਰ ਖੇੜਕ ਅੱਡਰਵਾਲ,



ਪਰਮਿੰਦਰ ਸਿੰਘ ਵਿੱਕੀ, ਪਰਮਜੀਤ ਸਿੰਘ, ਕਮਲਜੀਤ ਕੁਮਾਰ ਗੁਰਮੇਲ ਸਿੰਘ, ਨਰਿੰਦਰ ਸਿੰਘ ਰਾਜਾ, ਸੁਰਿੰਦਰ ਸਿੰਘ ਕੰਕੀ, ਕੁਲਦੀਪ ਸਿੰਘ, ਲਖਵੀਰ ਸਿੰਘ, ਸੁਰਿੰਦਰ ਸਿੰਘ ਸ਼ਿੰਦਾ, ਸਤਨਾਮ ਸਿੰਘ ਸਬ ਇੰਸਪੈਕਟਰ, ਰਣਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

# ਬੀ ਐੱਲ ਓ ਦੇ ਦੂਜੇ ਬੈਚ ਦੀ ਹੋਈ ਟ੍ਰੇਨਿੰਗ

ਬੰਗਾ (ਅਵਤਾਰ ਕਲੇਰ) ਭਾਰਤ ਚੋਣ ਕਮਿਸ਼ਨ ਵੱਲੋਂ ਚਲਾਏ ਜਾ ਰਹੇ ਬੀ.ਐੱਲ.ਓ. ਟ੍ਰੇਨਿੰਗ ਪ੍ਰੋਗਰਾਮ ਤਹਿਤ ਵਿਧਾਨ ਸਭਾ ਹਲਕਾ ਬੰਗਾ ਅਧੀਨ ਆਉਂਦੇ ਵੱਖ-ਵੱਖ ਪੋਲਿੰਗ ਸਟੇਸ਼ਨਾਂ 'ਤੇ ਨਿਯੁਕਤ ਬੂਥ ਲੇਵਲ ਅਫਸਰਾਂ ਦੀ ਟ੍ਰੇਨਿੰਗ ਦਾ ਆਯੋਜਨ ਐੱਸ. ਡੀ. ਐੱਮ. ਦਫਤਰ ਬੰਗਾ ਦੇ ਮੀਟਿੰਗ ਹਾਲ ਵਿੱਚ ਕੀਤਾ ਗਿਆ।ਉਪ ਮੰਡਲ ਮੈਜਿਸਟ੍ਰੇਟ ਕਮ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਬੰਗਾ ਦੀ ਅਗਵਾਈ ਹੇਠ ਇਸ ਟ੍ਰੇਨਿੰਗ ਦੇ ਦੂਜੇ ਬੈਚ ਵਿੱਚ ਹਲਕੇ ਦੇ ਪੰਜਾਹ ਬੀ.ਐੱਲ.ਓਜ਼. ਨੂੰ ਸ਼ਾਮਿਲ ਕੀਤਾ ਗਿਆ। ਮਾਸਟਰ ਟ੍ਰੇਨਰਾਂ ਵੱਲੋਂ ਸਮੂਹ ਬੀ.ਐੱਲ.ਓਜ਼. ਨੂੰ ਡੋਰ-ਟੂ-ਡੋਰ ਸਰਵੇ, ਵੋਟਾਂ ਬਣਾਉਣ, ਸੋਧ ਕਰਨ ਅਤੇ ਵੋਟਰ ਰਜਿਸਟ੍ਰੇਸ਼ਨ ਸਬੰਧੀ ਪੂਰੀ ਪ੍ਰਕਿਰਿਆ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ... ਦੌਰਾਨ ਪ੍ਰੈਕਟੀਕਲ ਰਵੱਈਆ ਅਪਨਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਵਿਸ਼ੇਸ਼ ਚਰਚਾ ਕੀਤੀ ਗਈ। ਸਮੂਹ ਭਾਗੀਦਾਰਾਂ ਵੱਲੋਂ ਟ੍ਰੇਨਿੰਗ ਦੌਰਾਨ ਹਾਸਲ ਕੀਤੀ ਸਿੱਖਿਆ ਦਾ ਓਬਜੈਕਟਿਵ-ਟਾਇਪ ਐੱਮ.ਸੀ.ਕਿਊ. ਅਧਾਰਿਤ ਕੁਇਜ਼ ਕਰਵਾਇਆ ਡੇਮੌਂਸਟ੍ਰੇਸ਼ਨ ਦਿੱਤੀ ਗਈ। ਮਾਸਟਰ ਟ੍ਰੇਨਰ ਰਾਜਿੰਦਰ ਕੁਮਾਰ ਵੱਲੋਂ ਵੱਖ-ਵੱਖ ਫਾਰਮ ਭਰਦੇ ਹੋਏ ਬੀ.ਐੱਲ.ਓ. ਵੱਲੋਂ ਪੇਸ਼ ਕੀਤੇ ਸਵਾਲਾਂ ਅਤੇ ਸ਼ੰਕਾਵਾਂ ਦਾ ਹੱਲ ਦੱਸਦੇ ਹੋਏ ਵੋਟਰ ਰਜਿਸਟ੍ਰੇਸ਼ਨ ਨਾਲ ਜੁੜੇ ਹਰ ਪਹਿਲੂ 'ਤੇ ਚਾਨਣਾ ਪਾਇਆ ਗਿਆ। ਅਖੀਰ



ਵੱਲੋਂ ਸਮੂਹ ਬੀ.ਐੱਲ.ਓਜ਼. ਨੂੰ ਡੋਰ-ਟੂ-ਡੋਰ ਸਰਵੇ, ਵੋਟਾਂ ਬਣਾਉਣ, ਸੋਧ ਕਰਨ ਅਤੇ ਵੋਟਰ ਰਜਿਸਟ੍ਰੇਸ਼ਨ ਸਬੰਧੀ ਬੂਥ ਪੱਧਰ 'ਤੇ ਕੀਤੇ ਜਾਣ ਵਾਲੇ ਵੱਖ-ਵੱਖ ਕੰਮਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਸਪੱਸ਼ਟ ਕਰਦੇ ਹੋਏ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਨਵੀਆਂ ਹਦਾਇਤਾਂ ਬਾਰੇ ਬਾਰੀਕੀ ਨਾਲ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਫੀਲਡ-ਵਿਜ਼ਿਟ ਦੌਰਾਨ ਇੱਕ ਬੀ.ਐੱਲ.ਓ. ਕਿਸੇ ਵੀ ਵਿਅਕਤੀ ਨਾਲ ਮਿਲਣ ਜਾਂ ਫੋਨ 'ਤੇ ਗੱਲਬਾਤ ਗਿਆ ਅਤੇ ਡਿਊਟੀ ਦੌਰਾਨ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਮੌਕ-ਪ੍ਰੈਕਟਿਸ ਵੀ ਕਰਵਾਈ ਗਈ, ਜਿਸ ਵਿੱਚ ਹਰੇਕ ਬੀ.ਐੱਲ.ਓ. ਵੱਲੋਂ ਮੰਚ 'ਤੇ ਆ ਕੇ ਆਪਣੇ ਕੰਮਾਂ ਸਬੰਧੀ ਰੋਲ-ਪਲੇਅ ਕਰਨ ਅਤੇ ਵੋਟਾਂ ਸਬੰਧੀ ਭਰੇ ਜਾਣ ਵਾਲੇ ਵੱਖ-ਵੱਖ ਫਾਰਮਾਂ ਨੂੰ ਭਰਨ ਦਾ ਅਭਿਆਸ ਕੀਤਾ ਗਿਆ। ਮਾਸਟਰ ਟ੍ਰੇਨਰ ਭੁਪਿੰਦਰ ਸਿੰਘ ਵੱਲੋਂ ਵੋਟਰ ਹੈਲਪਲਾਈਨ ਐਪ ਅਤੇ ਬੀ.ਐੱਲ.ਓ. ਐਪ ਬਾਰੇ ਸਟੈੱਪ-ਬਾਏ-ਸਟੈੱਪ ਵਿੱਚ ਸਾਰੇ ਟ੍ਰੇਨੀਆਂ ਨੂੰ ਟ੍ਰੇਨਿੰਗ ਸਬੰਧੀ ਸਰਟੀਫਿਕੇਟ ਦਿੱਤੇ ਗਏ। ਇਸ ਟ੍ਰੇਨਿੰਗ ਵਿੱਚ ਵਿਕਰਮ ਕੁਮਾਰ ਗੁੱਬਰ ਤਹਿਸੀਲਦਾਰ ਬੰਗਾ, ਐੱਸ.ਡੀ.ਐੱਮ ਦਫਤਰ ਬੰਗਾ ਤੋਂ ਬਲਦੇਵ ਸਿੰਘ ਸੋਨੀ ਸੁਪਰਡੈਂਟ, ਅਮਨ, ਹਰਜਿੰਦਰ ਸਿੰਘ, ਗੁਰਜੀਤ ਸਿੰਘ, ਰਾਜ ਕੁਮਾਰ, ਮਾਸਟਰ ਟ੍ਰੇਨਰ ਦਵਿੰਦਰ ਕੁਮਾਰ ਸੱਲ੍ਹਣ, ਮਾਸਟਰ ਟ੍ਰੇਨਰ ਅਮਰ ਕਟਾਰੀਆ ਅਤੇ ਹਲਕਾ ਬੰਗਾ ਦੇ ਸੈਕਟਰ ਅਫਸਰ ਵੀ ਹਾਜ਼ਰ ਹੋਏ।

## ਔਰਤ 100 ਨਸ਼ੇ ਦੀਆਂ ਗੋਲੀਆਂ ਸਮੇਤ ਕਾਬੂ

ਫਿਲੌਰ (ਨਿਰਮਲ)- ਥਾਣਾ ਮੁਖੀ ਫਿਲੌਰ ਸਬ ਇੰਸਪੈਕਟਰ ਭੂਸ਼ਨ ਕੁਮਾਰ ਨੇ ਦੱਸਿਆ ਕਿ ਪੁਲਿਸ ਚੌਕੀ ਗੰਨਾ ਪਿੰਡ ਦੇ ਇੰਚਾਰਜ ਥਾਣੇਦਾਰ ਸੁਖਵਿੰਦਰ ਸਿੰਘ ਨੇ ਇਕ ਔਰਤ ਸੁਨੀਤਾ ਪਤਨੀ ਮੋਹਨ ਲਾਲ ਵਾਸੀ ਗੰਨਾ ਪਿੰਡ (ਫਿਲੌਰ) ਨੂੰ ਕਾਬੂ ਕਰਕੇ ਉਸ ਕੋਲੋਂ 100 ਨਸ਼ੇ ਦੀਆਂ ਗੋਲੀਆਂ ਬਰਾਮਦ ਕੀਤੀਆਂ। ਇਸ ਸਬੰਧ 'ਚ ਥਾਣਾ ਫਿਲੌਰ ਵਿੱਚ ਮੁਕੱਦਮਾ ਨੰਬਰ 213 9/7/25 ਧਾਰਾ 22/ਬੀ 61/85 ਐਨ.ਡੀ.ਪੀ ਐੱਸ ਐਕਟ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਜਾਰੀ ਹੈ।

## ਟੀ ਬੀ ਨੂੰ ਖਤਮ ਕਰਨ ਲਈ ਸਮੂਹਿਕ ਕਾਰਵਾਈ ਦੀ ਲੋੜ : ਡਾ. ਮਾਨ

ਬਲਾਚੌਰ (ਜਸਵਿੰਦਰ ਬੈਂਸ)- ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੈਕ. ਜਨਰਲ ਬਿਕਰਮ ਸਿੰਘ ਸਬ ਡਵੀਜ਼ਨਲ ਹਸਪਤਾਲ ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਦੀ ਰਹਿਨੁਮਾਈ ਹੇਠ ਟੀਬੀ ਮੁਕਤ ਭਾਰਤ ਮੁਹਿੰਮ ਤਹਿਤ ਸੀਐੱਚਓ, ਏਐੱਨਐਮ ਤੇ ਸਿਹਤ ਵਰਕਰਾਂ ਦੀ ਸਮਰੱਥਾ ਨਿਰਮਾਣ ਟ੍ਰੇਨਿੰਗ ਆਯੋਜਿਤ ਕੀਤੀ ਗਈ। ਡਾ. ਮਾਨ ਨੇ ਕਿਹਾ ਕਿ ਟੀਬੀ ਮੁਕਤ ਭਾਰਤ



ਮੁਹਿੰਮ ਤਹਿਤ ਸ਼ੱਕੀ ਮਰੀਜ਼ਾਂ ਦੀ ਪਛਾਣ ਕਰਨ ਲਈ ਘਰ-ਘਰ ਜਾ ਕੇ ਸਰਵੇ ਕੀਤਾ ਜਾਵੇਗਾ। ਲੋਕਾਂ ਨੂੰ ਟੀਬੀ ਦੇ ਲੱਛਣਾਂ, ਕਾਰਨਾਂ, ਬਚਾਅ ਤੇ ਇਲਾਜ ਬਾਰੇ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਟੀਬੀ ਦੇ ਹਰੇਕ ਮਰੀਜ਼ ਦਾ ਮੁਫਤ ਇਲਾਜ ਕੀਤਾ ਜਾਵੇਗਾ। ਟੀਬੀ ਨੂੰ ਖਤਮ ਕਰਨ ਲਈ ਸਮੂਹਿਕ ਕਾਰਵਾਈ ਦੀ ਲੋੜ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਲਈ ਵਿੱਚ ਲੰਨ ਐਂਲੋਲਨ ਦੀ ਲੋੜ ਹੈ, ਜਿਸ ਵਿੱਚ ਸਰਕਾਰ ਦੇ ਨਾਲ-ਨਾਲ ਆਮ ਲੋਕਾਂ ਦਾ ਸਹਿਯੋਗ ਵੀ ਜ਼ਰੂਰੀ ਹੈ। ਇਸ ਮੌਕੇ ਬਲਾਕ ਐਕਸਟੈਂਸ਼ਨ ਐਜੂਕੇਟਰ ਨਿਰਮਲ ਸਿੰਘ, ਸਿਹਤ ਇੰਸਪੈਕਟਰ ਦਿਲਬਾਗ ਸਿੰਘ ਤੇ ਐਸਟੀਐਸ ਸਰਜ ਭਾਰਦਵਾਜ ਸਮੇਤ ਹੋਰ ਵੀ ਹਾਜ਼ਰ ਸਨ।

## ਨੈਸ਼ਨਲ ਵੈਕਟਰ ਤੇ ਵਾਟਰ ਬੋਰਨ ਡਿਜੀਜ਼ ਦੇ ਬਚਾਉ ਸੰਬੰਧੀ ਕੀਤਾ ਜਾਗਰੂਕ

ਬਲਾਚੌਰ (ਜਸਵਿੰਦਰ ਬੈਂਸ)— ਹੈਲਥ ਇੰਸਪੈਕਟਰ ਗੁਰਿੰਦਰ ਸਿੰਘ ਨੇ ਸਬ ਸੈਂਟਰ ਨੈਨਪੁਰ ਵਿਖੇ ਨੈਸ਼ਨਲ ਵੈਕਟਰ ਬੋਰਨ ਡਿਜੀਜ ਅਤੇ ਵਾਟਰ ਬੋਰਨ ਡਿਜੀਜ ਦੇ ਬਚਾਅ ਸਬੰਧੀ



ਜਾਣਕਾਰੀ ਦਿੱਤੀ ਦਿੰਦਿਆਂ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ਼ ਖੜ੍ਹੇ ਪਾਣੀ ਦੇ ਸੋਮਿਆਂ 'ਚ ਪੈਦਾ ਹੁੰਦਾ ਹੈ ਅਤੇ ਇਹ ਮੱਛਰ ਦਿਨ ਵੇਲੇ ਕੱਟਦਾ ਹੈ। ਇਸ ਤੋਂ ਬਚਣ ਲਈ ਸਾਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਸਾਫ ਸਫਾਈ ਰੱਖਣੀ ਚਾਹੀਦੀ ਹੈ ਪਾਣੀ ਦੇ ਭਰੇ ਭਾਂਡਿਆਂ ਨੂੰ ਹਫਤੇ 'ਚ ਇੱਕ ਵਾਰ ਜ਼ਰੂਰ ਸਾਫ ਕਰਕੇ ਸੁਕਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸਾਨੂੰ ਦੂਸ਼ਿਤ ਪਾਣੀ ਪੀਣ ਨਾਲ ਡਾਇਰੀਆ, ਪੀਲੀਆ, ਹੈਜ਼ਾ ਮਿਆਦੀ ਬੁਖਾਰ ਆਦਿ ਬਿਮਾਰੀਆਂ ਲੱਗ ਸਕਦੀਆਂ ਹਨ ਇਸ ਤੋਂ ਬਚਣ ਲਈ ਸਾਨੂੰ ਸਾਫ ਸਫਾਈ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ, ਖਾਣਾ ਬਣਾਉਣ ਅੱਗੇ ਤੇ ਖਾਣਾ ਖਾਣ ਅੱਗੇ ਹੱਥਾਂ ਨੂੰ ਸਾਬਣ ਨਾਲ ਚੰਗੀ ਤਰ੍ਹਾਂ ਸਾਫ ਕਰਨਾ ਚਾਹੀਦਾ ਹੈ। ਪੀਣ ਵਾਲਾ ਪਾਣੀ ਚੰਗੀ ਤਰ੍ਹਾਂ ਢੱਕ ਕੇ ਰੱਖੋ ਪੀਣ ਵਾਲਾ ਪਾਣੀ ਸਾਫ ਸੋਮਿਆਂ ਤੋਂ ਲਵੋ। ਇਸ ਮੌਕੇ 'ਤੇ ਪੇਂਡੂ ਸਿਹਤ ਸਫਾਈ ਸੰਮਤੀ ਦੇ ਮੈਂਬਰ ਅਤੇ ਮਲਟੀਪਰਪਜ ਹੈਲਥ ਵਰਕਰ ਬਿੰਦਰ ਕੁਮਾਰ ਨਰਿੰਦਰ ਕੌਰ ਸੀਐਚਓ ਭੁਪਿੰਦਰ ਰਾਜ ਕੁਮਾਰ ਅਤੇ ਆਸ਼ਾ ਵਰਕਰਾਂ ਹਾਜ਼ਰ ਸਨ।

## ਲਾਇਨ ਕਲੱਬ ਦੀ ਵਿਸ਼ੇਸ਼ ਜਨਰਲ ਮੀਟਿੰਗ



ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਲਾਇਨ ਕਲੱਬ ਨੂਰਮਹਿਲ ਗੋਲਡ ਦੀ ਇੱਕ ਵਿਸ਼ੇਸ਼ ਜਨਰਲ ਮੀਟਿੰਗ ਹੋਈ।ਜਿਸ ਵਿਚ ਲਾਇਨ ਰਜੀਸ਼ ਕੁਮਾਰ ਬੰਗਾ ਪਸਟਿਕ ਗਵਰਨਰ ਮੁੱਖ ਮਹਿਮਾਨ ਵਜੋਂ ਪਹੁੰਚੇ ਅਤੇ ਉਨ੍ਹਾਂ ਨਾਲ ਸਪੈਸ਼ਲ ਗੈਸਟ ਰਿਜਨ ਚੇਅਰਮੈਨ ਜਤਿੰਦਰ ਸੇਖੜੀ , ਜ਼ੋਨ ਚੇਅਰਮੈਨ ਰਾਜੀਵ ਕੁਮਾਰ ਮਿਸ਼ਰ ਨੇ ਸ਼ਿਰਕਤ ਕੀਤੀ। ਕਲੱਬ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਕੰਮਾਂ ਬਾਰੇ ਜਾਣੂ ਕਰਵਾਇਆ ਗਿਆ। ਕਲੱਬ ਵੱਲੋਂ ਹਰ ਮਹੀਨੇ ਕੋਈ ਨਾ ਕੋਈ ਪ੍ਰੋਜੈਕਟ ਕਰਨ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਲਾਇਨ ਕਲੱਬ ਪ੍ਰਧਾਨ ਕਮਲਜੀਤ ਬਸਰਾ , ਲਾਇਨ ਰਾਜਿੰਦਰ ਬਾਜੂ ਸੈਕਟਰੀ , ਲਾਇਨ ਮਾਧਵ ਭੂੰਬੀ ਪੀ.ਆਰ.ਓ , ਲਾਇਨ ਪ੍ਰਦੀਪ ਕੁਮਾਰ ਖੋਸਲਾ ਖਜ਼ਾਨਚੀ, ਲਾਇਨ ਪਦਮ ਕੋਹਲੀ , ਲਾਇਨ ਸੁਰਿੰਦਰ ਸ਼ਰਮਾ , ਲਾਇਨ ਅਸ਼ੋਕ ਕੁਮਾਰ , ਲਾਇਨ ਦਿਆਲ ਸਿੰਘ , ਲਾਇਨ ਭਜਨ ਲਾਲ ਅਤੇ ਲਾਇਨ ਸੁਨੀਲ ਕੁਮਾਰ ਹਾਜ਼ਰ ਸਨ।

## ਸਾਲਾਨਾ ਜੋੜ ਮੇਲਾ ਧੂਮਧਾਮ ਨਾਲ ਮਨਾਇਆ



ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)- ਸੁਲਤਾਨਪੁਰ ਲੋਧੀ ਤੋਂ ਕੁਝ ਕੁ ਦੂਰੀ 'ਤੇ ਪੈਂਦੇ ਪਿੰਡ ਸ਼ਾਲ੍ਹਪੁਰ ਬੇਟ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੀਰ ਬਾਬਾ ਖੈਰੂ ਸ਼ਾਹ ਜੀ ਬਾਬਾ ਸਰਜਦੀਨ ਜੀ ਦੀ ਦਰਗਾਹ 'ਤੇ ਸਾਲਾਨਾ ਮੇਲਾ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਦਰਗਾਹ 'ਤੇ ਚਾਦਰ ਅਤੇ ਝੰਡਾ ਚੜਾਉਣ ਦੀ ਰਸਮ ਬਾਬਾ ਜੋਗਿੰਦਰ ਸਿੰਘ ਮਾਨਸਾ ਵਾਲੇ ਅਤੇ ਪ੍ਰਬੰਧਕਾਂ ਵੱਲੋਂ ਅਦਾ ਕੀਤੀ ਗਈ। ਇਸ ਮੌਕੇ ਮੇਲੇ ਵਿੱਚ ਹਾਜ਼ਰੀ ਲਗਵਾਉਣ ਲਈ ਵੱਖ ਵੱਖ ਕਲਾਕਾਰਾਂ ਤੋਂ ਇਲਾਵਾ ਲੱਖਾ ਕਵਾਲ ਐਂਡ ਪਾਰਟੀ ਨਕੋਦਰ ਨੇ ਆਪਣੀ ਹਾਜ਼ਰੀ ਮੌਕੇ ਖੂਬ ਰੰਗ ਬੰਨ੍ਹਿਆ। ਉਨ੍ਹਾਂ ਤੋਂ ਬਾਅਦ ਕਪੂਰਥਲਾ ਤੋਂ ਬਿਲੇ ਨਕਾਲ ਪਾਰਟੀ ਨੇ ਵੀ ਸੰਗਤਾਂ ਦਾ ਭਰਪੂਰ ਮਨੋਰੰਜਨ ਕੀਤਾ। ਸਵੇਰ ਤੋਂ ਹੀ ਠੰਡਿਆਂ ਦੀ ਛਬੀਲ, ਚਾਹ ਪਕੌੜੇ ਅਤੇ ਬਾਬਾ ਜੀ ਦਾ ਅਟੁੱਟ ਲੰਗਰ ਵੀ ਵਰਤਾਇਆ ਗਿਆ। ਇਸ ਮੌਕੇ ਜਰਨੈਲ ਸਿੰਘ ਚੰਦੀ, ਐਡਵੋਕੇਟ ਬਿਕਰਮਜੀਤ ਸਿੰਘ ਚੰਦੀ, ਸੁਖਵਿੰਦਰ ਪਾਲ, ਤਰਸੇਮ ਲਾਲ, ਰੌਸ਼ਨਦੀਨ ਰੋਸ਼ੀ, ਅਨੋਕਦੀਨ ਫੂ.ਕੇ, ਵੀਰੂ, ਲਾਲਦੀਨ, ਕੁਲਦੀਪ ਕੁਮਾਰ ਐਨ.ਆਰ.ਆਈ, ਜੱਸਾ, ਠੇਕੇਦਾਰ ਬਾਜ਼ ਸਿੰਘ, ਹਰਜਿੰਦਰ ਨਿੰਦਾ ਐਨ.ਆਰ.ਆਈ, ਹਰਭਜਨ ਸਿੰਘ, ਭਜਨ ਸਿੰਘ ਠੇਕੇਦਾਰ, ਗੁਰਬਚਨ ਸਿੰਘ, ਜਗਤਾਰ ਸੰਗੀ, ਸੰਤਪਾਲ, ਸਾਬਕਾ ਸਰਪੰਚ ਸੋਨੂੰ, ਭੁੱਗਾ, ਜਸਵੀਰ ਕੌਰ, ਸ਼ਿੰਦੋ, ਅਮਰਜੀਤ ਕੌਰ, ਬਲਵਿੰਦਰ ਕੌਰ, ਨਰਿੰਦਰਜੀਤ ਕੌਰ, ਰਾਜਦੀਪ ਕੌਰ ਆਦਿ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਗੁਰੂ ਪੂਰਨਿਮਾ ਗੁਰੂ ਤੱਤ ਨੂੰ ਝੁਕਣ, ਸਵੀਕਾਰ ਕਰਨ ਤੇ ਪਛਾਣਨ ਦਾ ਮੌਕਾ : ਸੰਗੀਤਾ ਮਿੱਤਲ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)— ਸਮਾਜਿਕ ਕਾਰਕੁਨ ਹੀਲਿੰਗ ਗ੍ਰੈਂਡ ਮਾਸਟਰ ਅਤੇ ਪ੍ਰਮੁੱਖ ਅਧਿਆਤਮਿਕ ਮਾਰਗਦਰਸ਼ਕ ਸ੍ਰੀਮਤੀ ਸੰਗੀਤਾ ਮਿੱਤਲ ਨੇ ਕਿਹਾ ਕਿ ਗੁਰੂ ਪੂਰਨਿਮਾ ਸਾਰਿਆਂ ਲਈ ਗੁਰੂ ਤੱਤ ਨੂੰ ਝੁਕਣ, ਸਵੀਕਾਰ ਕਰਨ ਅਤੇ ਪਛਾਣਨ ਦਾ ਇੱਕ ਮੌਕਾ ਹੈ ਜੋ ਜੀਵਨ ਦੇ ਹਰ ਪਲ ਵਿੱਚ, ਹਰ ਰੂਪ ਵਿੱਚ, ਸਾਡੇ ਅੰਦਰ ਅਤੇ ਬਾਹਰ ਪ੍ਰਗਟ ਹੁੰਦਾ ਹੈ। ਇੱਕ ਸਮਰਪਣ, ਇੱਕ ਮਾਰਗ, ਇੱਕ ਰੋਸ਼ਨੀ, ਏਕਤਾ ਤੋਂ ਮੁਕਤੀ ਤੱਕ ਦੀ ਯਾਤਰਾ ਵਿੱਚ ਹਰ ਅਨੁਭਵ ਇੱਕ ਗੁਰੂ ਹੈ। ਸ੍ਰੀਮਤੀ ਮਿੱਤਲ ਨੇ ਸਾਰਿਆਂ ਨੂੰ ਪਿਆਰ ਅਤੇ ਰੋਸ਼ਨੀ ਨਾਲ ਭਰੇ ਗੁਰੂ ਪੂਰਨਿਮਾ ਦੀ ਕਾਮਨਾ ਕੀਤੀ ਅਤੇ ਕਿਹਾ ਕਿ ਅਸੀਂ ਆਪਣੇ ਧਰਮ ਗ੍ਰੰਥਾਂ, ਕਿਤਾਬਾਂ ਅਤੇ ਗਿਆਨ ਦੀਆਂ ਪਰੰਪਰਾਵਾਂ ਨੂੰ ਝੁਕਦੇ ਹਾਂ, ਜੋ ਸਾਨੂੰ ਯੁੱਗਾਂ ਤੋਂ ਬੁੱਧੀ ਵੱਲ ਲੈ ਜਾ ਰਹੇ ਹਨ। ਅਸੀਂ ਆਪਣੇ ਅਧਿਆਤਮਿਕ ਗੁਰੂਆਂ ਨੂੰ ਝੁਕਦੇ ਹਾਂ, ਜਿਨ੍ਹਾਂ ਨੇ ਸਾਨੂੰ ਆਤਮਾ ਦੀ ਸੱਚਾਈ ਵੱਲ ਰਸਤਾ ਦਿਖਾਇਆ। ਅਸੀਂ ਆਪਣੇ ਮਾਪਿਆਂ, ਭਰਾਵਾਂ, ਭੈਣਾਂ, ਦੋਸਤਾਂ, ਆਪਣੇ ਬੱਚਿਆਂ ਅਤੇ ਪੋਤੇ-ਪੋਤੀਆਂ ਨੂੰ ਝੁਕਦੇ ਹਾਂ ਜਿਨ੍ਹਾਂ ਨਾਲ



ਅਸੀਂ ਰਿਸ਼ਤਿਆਂ ਦੀਆਂ ਲਹਿਰਾਂ ਵਿੱਚ ਪਿਆਰ, ਸਹਿਣਸ਼ੀਲਤਾ ਅਤੇ ਜ਼ਿੰਮੇਵਾਰੀ ਸਿੱਖੀ। ਅਸੀਂ ਉਨ੍ਹਾਂ ਸੰਬੰਧਾਂ ਨੂੰ ਵੀ ਨਮਨ ਕਰਦੇ ਹਾਂ ਜੋ ਨਿਰਸਵਾਰਥ ਹੋ ਕੇ ਦਿਨ-ਰਾਤ ਸੇਵਾ ਕਰਦੇ ਹਨ, ਖਾਣਾ ਪਕਾਉਂਦੇ ਹਨ, ਦੇਖਭਾਲ ਕਰਦੇ ਹਨ, ਸਾਫ-ਸਫਾਈ ਕਰਦੇ ਹਨ, ਰੱਖਿਆ ਕਰਦੇ ਹਨ ਅਤੇ ਪ੍ਰਬੰਧ ਕਰਦੇ ਹਨ। ਇਹ ਸਾਰੇ ਸਾਡੇ ਜੀਵਨ ਦੇ ਚੁੱਪ ਗੁਰੂ ਹਨ। ਸਾਡੇ ਚੇਲੇ, ਸਾਥੀ, ਸਾਥੀ ਯਾਤਰੀ ਜਿਨ੍ਹਾਂ ਤੋਂ ਅਸੀਂ ਜ਼ਿੰਦਗੀ ਨੂੰ ਹਰ ਰੋਜ਼ ਇੱਕ ਨਵੇਂ ਦ੍ਰਿਸ਼ਟੀਕੋਣ ਨਾਲ ਦੇਖਦੇ ਹਾਂ ਅਤੇ ਹਰੇਕ ਪ੍ਰਤੀਕੂਲ ਅਨੁਭਵਾਂ, ਅਣਸੁਖਾਵੇਂ ਸੁਭਾਵਾਂ, ਅਸਵੀਕਾਰ, ਮੁਸ਼ਕਲ ਸੰਬੰਧਾਂ, ਚੁੱਪ ਟਕਰਾਵਾਂ ਨੂੰ ਝੁਕੋ ਸਤਿਕਾਰ ਨਾਲ ਸਵੀਕਾਰ ਕਰਦੇ ਹਾਂ, ਜੋ ਪਹਿਲਾਂ ਕੰਡਿਆਂ ਵਾਂਗ ਜਾਪਦੇ ਸਨ, ਪਰ ਬਾਅਦ ਵਿੱਚ ਪਤਾ ਲੱਗਾ ਕਿ ਉਹਨਾਂ ਨੇ ਪਿਘਲਾ ਦਿੱਤਾ ਅਤੇ ਸਾਨੂੰ ਨਿਮਰਤਾ, ਮਾਫੀ ਅਤੇ ਸਵੈ-ਬੋਧ ਸਿਖਾਇਆ। ਇਸ ਗੁਰੂ ਪੂਰਨਿਮਾ, ਅਸੀਂ ਹਰ ਉਸ ਸ਼ਕਤੀ ਨੂੰ ਨਮਨ ਕਰਦੇ ਹਾਂ ਜਿਸਨੇ ਸਾਨੂੰ ਜਗਾਇਆ, ਹਰ ਆਤਮਾ ਜਿਸਨੇ ਸਾਨੂੰ ਸਿਖਾਇਆ, ਅਤੇ ਹਰ ਪਲ ਜਿਸਨੇ ਸਾਨੂੰ ਪਿਘਲਾਇਆ, ਮੋੜਿਆ ਅਤੇ ਬਦਲਿਆ।

# ਖੰਗੂੜਾ ਵਿਖੇ ਕਰਵਾਇਆ 48ਵਾਂ ਸਾਲਾਨਾ ਜੋੜ ਮੇਲਾ



ਫਗਵਾੜਾ (ਡਾ. ਰਮਨ) ਡੇਰਾ ਲੱਖ ਦਾਤਾ ਪੀਰ ਗੌਂਸ ਪਾਕ ਕਾਦਰੀ ਦੇ ਦਰਬਾਰ ਪਿੰਡ ਖੰਗੂੜਾ ਵਿਖੇ 48ਵਾਂ ਸਾਲਾਨਾ ਜੋੜ ਮੇਲਾ ਗੱਦੀ ਨਸ਼ੀਨ ਸਾਈਂ ਨਵੀ ਸ਼ਾਹ ਅਤੇ ਮੁੱਖ ਸੇਵਾਦਾਰ ਬੀਬੀ ਰਜ਼ੀਆ ਬੇਗਮ ਦੀ ਅਗਵਾਈ ਹੇਠ ਸ਼ਰਧਾ ਤੇ ਉਤਸ਼ਾਹ ਪੂਰਵਕ ਕਰਵਾਇਆ ਗਿਆ। ਦੋ ਰੋਜ਼ਾ ਸਾਲਾਨਾ ਜੋੜ ਮੇਲੇ ਦੇ ਪਹਿਲੇ ਦਿਨ ਚਿਰਾਗ ਅਤੇ ਝੰਡੇ ਦੀ ਰਸਮ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਹੋਈ। ਜਿਸ ਤੋਂ ਬਾਅਦ ਕੱਵਾਲ ਪਾਰਟੀ ਨੇ ਕੱਵਾਲੀਆਂ ਦੀ ਮਹਿਫਿਲ ਸਜਾਈ। ਉਪਰੰਤ ਰਾਤ ਨੂੰ ਜੋਗੀ ਰੰਗੂ ਨੱਕਾਲ ਵਲੋਂ ਨਕਲਾਂ ਦਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਮੇਲੇ ਦੇ ਦੂਸਰੇ ਦਿਨ ਪੰਜਾਬ ਦੇ ਪ੍ਰਸਿੱਧ ਗਾਇਕ ਕਲਾਕਾਰਾਂ ਨੇ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਕੇ ਸੰਗਤਾਂ ਨੂੰ ਕੀਲੀ ਰੱਖਿਆ। ਉਪਰੰਤ ਵਿਨੀਤ ਖਾਨ ਕੱਵਾਲ ਨੇ ਸੂਫੀਆਨਾ ਕਲਾਮਾਂ ਰਾਹੀਂ ਮਹਿਫਿਲ-ਏ-ਕੱਵਾਲ ਰਾਹੀਂ ਹਾਜ਼ਰੀਨ ਨੂੰ ਰੂਹਾਨੀਅਤ ਨਾਲ ਜੋੜਿਆ। ਉਪਰੰਤ ਜੋਗੀ ਰੰਗੂ ਵਲੋਂ ਨਕਲਾਂ ਦਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਰਾਤ ਨੂੰ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ ਗਿਆ। । ਸਟੇਜ ਦੀ ਸੇਵਾ ਪਵਨ ਖੰਗੂੜਾ ਨੇ ਬਾਖੂਬੀ ਨਿਭਾਈ। ਚਾਹ ਪਕੌੜੇ, ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਦਾਤਾ ਜੀ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਬੀਬੀ ਸਾਬਰੀ, ਸਾਂਈ ਤੁਫੈਲ ਸ਼ਾਹ, ਸਾਂਈ ਮੇਲੇ ਸ਼ਾਹ, ਸਾਂਈ ਕਰਮ ਅਲੀ ਕੁਲਥਮ, ਬਾਬਾ ਜਵਾਲਾ ਸ਼ਾਹ ਜੀ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

## ਕੈਂਟਰ ਦੀ ਟੱਕਰ ਨਾਲ ਐਕਟਿਵਾ ਸਵਾਰ ਦੀ ਮੌਤ

ਫਿਲੌਰ (ਨਿਰਮਲ)- ਮੁੱਖ ਮਾਰਗ 'ਤੇ ਸਤਲੁਜ ਦਰਿਆ ਨੇੜੇ ਐਕਟਿਵਾ ਸਵਾਰ ਵਿਅਕਤੀ ਦੀ ਮੌਤ ਹੋ ਗਈ। ਲੁਧਿਆਣੇ ਤੋਂ ਫਿਲੌਰ ਵੱਲ ਸਮਾਨ ਨਾਲ ਭਰਿਆ ਇਕ ਕੈਂਟਰ ਨੰਬਰ ਪੀਬੀ 10 ਐਚ.ਪੀ. 1980 ਉਕਤ ਐਕਟਿਵਾ ਨੰਬਰ ਪੀਬੀ 08 ਡੀ.ਆਰ. 2106 ਨੂੰ ਸਾਈਡ ਮਾਰ ਗਿਆ



ਜਿਸ ਕਰਕੇ ਐਕਟਿਵਾ ਚਾਲਕ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਕੈਂਟਰ ਦਾ ਡਰਾਈਵਰ ਗੱਡੀ ਛੱਡ ਕੇ ਮੌਕੇ 'ਤੋਂ ਫਰਾਰ ਹੋ ਗਿਆ। ਗੁਰਚਰਨ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮ੍ਰਿਤਕ ਮਹਿੰਦਰ ਸਿੰਘ ਪਿੰਡ ਗੜਾ ਦਾ ਵਾਸੀ ਸੀ। ਉਹ ਲੁਧਿਆਣੇ ਕਿਸੇ ਪ੍ਰਾਈਵੇਟ ਫੈਕਟਰੀ ਵਿਚ ਨੌਕਰੀ ਕਰਦਾ ਸੀ ਅਤੇ ਸਵੇਰੇ ਕੰਮ ਤੋਂ ਵਾਪਿਸ ਘਰ ਆ ਰਿਹਾ ਸੀ ਤਾਂ ਰਸਤੇ ਵਿਚ ਅਚਾਨਕ ਉਕਤ ਹਾਦਸਾ ਵਾਪਰਨ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।



# 'ਆਪ' ਨੇ ਪਿੰਡ ਪੱਧਰ 'ਤੇ ਚਲਾਈ ਸੰਪਰਕ ਮੁਹਿੰਮ

ਕਾਲਾ ਸੰਘਿਆਂ (ਮਨਜੀਤ ਮਾਨ) ਪੰਜਾਬ ਸਰਕਾਰ ਦੀਆਂ ਹਦਾਇਤਾਂ ਦੇ ਅਧੀਨ ਆਮ ਆਦਮੀ ਪਾਰਟੀ ਵੱਲੋਂ ਹਲਕਾ ਭੁਲੱਥ 'ਚ ਪਾਰਟੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਪਿੰਡ ਪੱਧਰ 'ਤੇ ਸੰਪਰਕ ਮੁਹਿੰਮ ਚਲਾਈ ਗਈ। ਇਸ ਮੁਹਿੰਮ ਤਹਿਤ ਹਲਕਾ ਇੰਚਾਰਜ ਐਡਵੋਕੇਟ ਹਰਸਿਮਰਨ ਸਿੰਘ ਘੁੰਮਣ, ਜ਼ਿਲ੍ਹਾ ਕਪੂਰਥਲਾ ਪ੍ਰਧਾਨ ਸਰਬਜੀਤ ਸਿੰਘ ਲੁਬਾਣਾ ਅਤੇ ਵਿਕੀ ਡੱਮਰਾ ਅਤੇ ਬਲਜੀਤ ਸਿੰਘ ਢਿੱਲੋਂ ਸੀਨੀਅਰ ਆਗੂ ਆਪ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਵਿੱਚ ਕਮੇਟੀਆਂ ਨਾਲ ਮੁਲਾਕਾਤਾਂ ਕੀਤੀਆਂ ਗਈਆਂ। ਇਨ੍ਹਾਂ ਮੀਟਿੰਗਾਂ ਦੌਰਾਨ ਆਮ ਆਦਮੀ ਪਾਰਟੀ ਦੀਆਂ ਸਰਕਾਰੀ ਪ੍ਰਾਪਤੀਆਂ, ਲੋਕ-ਹਿਤੈਸ਼ੀ ਯੋਜਨਾਵਾਂ ਤੇ ਜ਼ਮੀਨੀ ਪੱਧਰ 'ਤੇ ਹੋ ਰਹੇ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਦਿੱਤੀ ਗਈ। ਇਨ੍ਹਾਂ ਵਿਚ ਦਾਅਵਾ ਕੀਤਾ ਗਿਆ ਕਿ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਅਤੇ ਮੰਗਾਂ ਨੂੰ ਤੁਰੰਤ ਹੱਲ ਕੀਤਾ ਜਾਵੇਗਾ।ਇਨ੍ਹਾਂ ਮੀਟਿੰਗਾਂ ਦੌਰਾਨ ਪਿੰਡ ਵਾਸੀਆਂ ਨੂੰ ਸਰਕਾਰ ਦੀਆਂ ਨੀਤੀਆਂ ਨਾਲ ਜੋੜਨ ਪਾਰਟੀ ਆਗੂਆਂ ਵੱਲੋਂ ਦਾਅਵਾ ਕੀਤਾ ਗਿਆ ਕਿ ਆਮ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਬਦੌਲਤ ਆਮ ਆਦਮੀ ਪਾਰਟੀ ਹਰ ਪੱਧਰ 'ਤੇ ਦਿਨੋਂ ਦਿਨ ਮਜ਼ਬੂਤ ਹੋ ਰਹੀ ਹੈ।

# ਮੇਜਰ ਜਨਰਲ ਚੀਮਾ ਨੇ ਸੀ ਟੀ ਗਰੁੱਪ ਵਿਖੇ ਕੈਟਸੀ-40 ਐੱਨ ਸੀ ਸੀ ਕੈਂਪ ਦੀ ਕੀਤੀ ਸਮੀਖਿਆ

ਜਲੰਧਰ (ਸ਼ੈਲੀ ਐਲਬਰਟ) ਮੇਜਰ ਜਨਰਲ ਜੇ.ਐਸ.ਚੀਮਾ, ਜਨਰਲ ਆਫਿਸਰ ਕਮਾਂਡਿੰਗ, ਨੇ ਜਲੰਧਰ ਸਥਿਤ ਐਨ. ਸੀ. ਸੀ. ਗਰੁੱਪ ਹੈੱਡਕੁਆਰਟਰਜ਼ ਦੇ ਸਾਲਾਨਾ ਨਿਰੀਖਣ ਲਈ ਦੌਰਾ ਕੀਤਾ ਅਤੇ ਫਿਰ ਸੀ.ਟੀ.ਗਰੁੱਪ ਆਫ ਇੰਸਟੀਚਿਊਸ਼ਨਜ਼, ਸ਼ਾਹਪੁਰ ਕੈਂਪਸ ਵਿਖੇ ਚੱਲ ਰਹੇ ਕੈਟਸੀ-40 ਕੈਂਪ ਵਿਖੇ ਪਹੁੰਚੇ। ਉਨ੍ਹਾਂ ਦੇ ਪਹੁੰਚਣ 'ਤੇ ਕੈਡੇਟਾਂ ਵੱਲੋਂ ਗਾਰਡ ਆਫ ਆਨਰ ਦਿੱਤਾ ਗਿਆ। ਜਨਰਲ ਆਫਿਸਰ ਨੇ ਕੈਂਪ ਦੀਆਂ ਚੱਲ ਰਹੀਆਂ ਗਤੀਵਿਧੀਆਂ ਦੀ ਬਾਰੀਕੀ ਨਾਲ ਸਮੀਖਿਆ ਕੀਤੀ, ਦੁਸ਼ਮਣ ਦੀਆਂ ਪੋਸਟਾਂ 'ਤੇ ਹਮਲੇ ਦੀ ਨਕਲ ਕਰਦੇ ਸੈਕਸ਼ਨ ਫਾਰਮੇਸ਼ਨ ਡ੍ਰਿੱਲ ਨੂੰ ਦੇਖਿਆ, ਅਤੇ ਕੈਡੇਟਾਂ, ਏ.ਐਨ.ਓਜ਼ ਅਤੇ ਟ੍ਰੇਨਿੰਗ ਸਟਾਫ ਨਾਲ ਸਿੱਧਾ ਗੱਲਬਾਤ ਕੀਤੀ। ਉਨ੍ਹਾਂ ਨੇ ਕੈਂਪ ਦੀਆਂ ਉੱਚ-ਸਟੈਂਡਰਡ ਸਿਖਲਾਈ, ਅਨੁਸ਼ਾਸਨ, ਅਤੇ ਲੌਜਿਸਟਿਕ ਸਹਾਇਤਾ ਦੀ ਸ਼ਲਾਘਾ ਕੀਤੀ। ਸਰਦਾਰਨੀ ਮੰਜੀਤ ਕੌਰ ਆਡੀਟੋਰੀਅਮ ਵਿੱਚ ਕੈਡੇਟਾਂ ਨੂੰ ਸੰਬੋਧਿਤ ਕਰਦੇ ਹੋਏ, ਉਨ੍ਹਾਂ ਨੇ ਉਨ੍ਹਾਂ ਦੇ ਜੋਸ਼ ਅਤੇ ਭਾਵਨਾ ਦੀ ਪ੍ਰਸ਼ੰਸਾ ਕੀਤੀ ਅਤੇ ਚੁਣੇ ਹੋਏ



ਕੈਡੇਟਾਂ, ਏ.ਐਨ.ਓਜ਼ ਅਤੇ ਟ੍ਰੇਨਰਾਂ ਨੂੰ ਸਨਮਾਨਿਤ ਕੀਤਾ, ਜਿਨ੍ਹਾਂ ਨੇ ਇਸ ਸਾਲ ਦੇ ਐਨ.ਸੀ.ਸੀ. ਸੈਸ਼ਨ ਦੌਰਾਨ ਸਿਖਲਾਈ ਪ੍ਰਦਰਸ਼ਨ ਕੀਤਾ ਸੀ।ਕੈਂਪ ਕਮਾਂਡੈਂਟ ਕਰਨਲ ਵਿਨੋਦ ਜੋਸ਼ੀ ਨੇ ਮੇਜਰ ਜਨਰਲ ਚੀਮਾ ਨੂੰ ਇੱਕ ਵਿਸਤ੍ਰਿਤ ਵੀਡੀਓ ਪੇਸ਼ਕਾਰੀ ਰਾਹੀਂ ਕੈਂਪ ਦੇ ਮੌਜੂਦਾ ਮੋਡਿਊਲ, ਸਿਖਲਾਈ ਗਤੀਵਿਧੀਆਂ ਅਤੇ ਭਵਿੱਖ ਦੀ ਯੋਜਨਾ ਬਾਰੇ ਜਾਣਕਾਰੀ ਦਿੱਤੀ। ਕਰਨਲ ਜੋਸ਼ੀ ਨੇ ਡਿਜਾਸਟਰ ਰਿਸਪਾਂਸ 'ਤੇ ਐਸ.ਡੀ.ਆਰ.ਐਫ. ਟੀਮ ਦੁਆਰਾ ਦਿੱਤੇ ਗਏ ਲੈਕਚਰ ਅਤੇ ਅਨੁਸ਼ਾਸਨ-ਨਿਰਮਾਣ 'ਤੇ ਗਰੁੱਪ ਕਮਾਂਡਰ ਬਾਰੇ ਵਿਸਤਾਰ ਬ੍ਰਿਗੇਡ ਦੁਆਰਾ ਲਾਈਵ ਡੈਮੋ ਵਰਗੇ ਵਿਸ਼ੇਸ਼ ਸੈਸ਼ਨਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਸੱਭਿਆਚਾਰਕ ਅਤੇ ਲੀਡਰਸ਼ਿਪ ਵਿਕਾਸ ਲਈ, ਕੈਡੇਟਾਂ ਨੇ ਪੰਜਾਬੀ ਵਿਰਸੇ ਨੂੰ ਉਤਸ਼ਾਹਿਤ ਕਰਨ ਲਈ ਪੱਗ ਬੰਨ੍ਹਣ ਦੀ ਪ੍ਰਤੀਯੋਗਤਾ ਵਿੱਚ ਹਿੱਸਾ ਲਿਆ, ਨਾਲ ਹੀ ਬਾਸਕਟਬਾਲ, ਵਾਲੀਬਾਲ ਅਤੇ ਟੱਗ-ਆਫ਼-ਵਾਰ ਦੀਆਂ ਇੰਟਰ-ਕੰਪਨੀ ਈਵੈਂਟਸ ਚੱਲ ਰਹੀਆਂ ਹਨ।ਨਿਰੀਖਣ ਤੋਂ ਬਾਅਦ, ਮੇਜਰ ਜਨਰਲ ਚੀਮਾ ਨੇ ਸੀ.ਟੀ. ਯੂਨੀਵਰਸਿਟੀ ਦੇ ਚਾਂਸਲਰ ਅਤੇ ਚੇਅਰਮੈਨਚਰਨਜੀਤ ਸਿੰਘ ਚੰਨੀ ਅਤੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨਾਲ ਮੀਟਿੰਗ ਕੀਤੀ।

## ਹੈਰੋਇਨ ਸਮੇਤ ਨੌਜਵਾਨ ਕਾਬੂ

ਬੰਗਾ (ਅਵਤਾਰ ਕਲੇਰ) ਬੰਗਾ ਦੀ ਪੁਲਸ ਵੱਲੋਂ ਹੈਰੋਇਨ ਰੱਖਣ ਦੇ ਦੋਸ਼ 'ਚ ਨੌਜਵਾਨ ਨੂੰ ਕਾਬੂ ਕੀਤਾ ਹੈ। ਥਾਣਾ ਸਿਟੀ ਬੰਗਾ ਦੇ ਮੁਖੀ ਐਸ ਐਚ.ਓ ਚੌਧਰੀ ਵਰਿੰਦਰ ਕੁਮਾਰ ਨੇ ਦੱਸਿਆ ਕਿ ਪੁਲਸ ਪਾਰਟੀ ਗਸ਼ਤ ਦੌਰਾਨ ਗੜ੍ਹਸ਼ੰਕਰ ਚੌਕ ਤੋਂ ਇੱਕਾ ਰੋਡ 'ਤੇ ਹੁੰਦੀ ਹੋਈ ਇੱਕਾ ਪੁਲੀ ਕੋਲ ਪਹੁੰਚੀ ਤਾਂ ਉੱਥੇ ਸ਼ੱਕੀ ਹਾਲਤ ਵਿੱਚ ਇਕ ਨੌਜਵਾਨ ਦਿਖਾਈ ਦਿੱਤਾ,ਜੋ ਪੁਲਸ ਨੂੰ ਦੇਖ ਕੇ ਘਬਰਾ ਗਿਆ,ਸ਼ੱਕ ਦੇ ਆਧਾਰ 'ਤੇ ਤਲਾਸ਼ੀ ਲੈਣ ਉਪਰੰਤ ਉਸ ਕੋਲੋਂ 5.20 ਗ੍ਰਾਮ ਹੈਰੋਇਨ ਬਰਾਮਦ ਹੋਈ। ਨੌਜਵਾਨ ਦੀ ਪਹਿਚਾਣ ਸੰਦੀਪ ਕੁਮਾਰ ਉਰਫ਼ ਮੋਨੂ ਪੁੱਤਰ ਸ਼ਰਨ ਸਿੰਘ ਵਾਸੀ ਭੂਰਗੀ,ਥਾਣਾ ਗੜ੍ਹਸ਼ੰਕਰ ਵਜੋਂ ਹੋਈ ਹੈ, ਜਿਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

## ਕੀ ਪੁਲਾੜ 'ਚ ਕਾਰਪੋਰੇਟ ਜੰਗ ਦਾ ਖ਼ਤਰਾ ਹੈ ...

(ਸਫ਼ਾ 4 ਦੀ ਬਾਕੀ)

ਇਸ ਦੇ ਕਈ ਕਾਰਨ ਹਨ ਵਰਗਤ ਇਕਨੌਮਿਕ ਵੇਲਥ ਮੁਤਾਬਿਕ ਧਰਤੀ 'ਤੇ ਸਾਧਨਾਂ ਦੀ ਘਾਟ ਅਤੇ ਪੁਲਾੜ ਵਿੱਚ ਸੰਭਾਵਿਤ ਸਰੋਤ ਹੋਣ ਦਾ ਕਾਰਨ ਬਣਦੀ ਹੈ। ਪੁਲਾੜ ਨੂੰ ਵਪਾਰਕ ਮੌਕਿਆਂ ਲਈ ਇਕ ਮਹੱਤਵਪੂਰਨ ਖੇਤਰ ਦਸਿਆ ਹੈ । ਚੰਨ 'ਤੇ ਹੀਲੀਅਮ-3 ਅਤੇ ਦੁਰਲੱਭ ਖਣਿਜ ਹੋਣ ਦੀ ਸੰਭਾਵਨਾ ਹੈ, ਜੋ ਧਰਤੀ 'ਤੇ ਸੀਮਤ ਹੈ । ਦੁਰਲੱਭ ਤੱਤਾਂ ਦੀ ਵਰਤੋਂ ਕਾਰ, ਬੈਟਰੀਆਂ ਤੇ ਇਲੈਕਟ੍ਰਾਨਿਕ ਆਦਿ ਲਈ ਊਰਜਾ ਪੈਦਾਵਾਰ ਲਈ ਕੀਤੀ ਜਾਂਦੀ ਹੈ । ਦੁਨੀਆਂ ਦੇ 70 ਫੀਸਦੀ ਦੁਰਲਭ ਖਣਿਜ ਤਾਂ ਚੀਨ ਕੋਲ ਹਨ । ਉੱਚ ਹੀਲੀਅਮ-3 ਦੀ ਪ੍ਰਮਾਣੂ ਊਰਜਾ ਵਿੱਚ ਵਰਤੋਂ ਕੀਤੀ ਜਾ ਸਕਦੀ ਹੈ । ਹੀਲੀਅਮ-3 ਨੂੰ ਸਸਤੀ ਤੇ ਸੁਰੱਖਿਅਤ ਊਰਜਾ ਪੈਦਾ ਕਰਨ ਵਿੱਚ ਯੋਗ ਮੰਨਿਆ ਜਾ ਰਿਹਾ ਹੈ । ਨਿਊ ਸਾਇੰਸ ਕਾਰਨੀਸੀ ਦੀ ਇਕ ਰਿਪੋਰਟ ਮੁਤਾਬਕ ਹੀਲਿਅਮ-3 ਧਰਤੀ 'ਤੇ ਦੁਰਲੱਭ ਹੈ, ਪਰ ਚੰਦਰਮਾ 'ਤੇ ਉਹ ਬਹੁਤਾਤ ਵਿੱਚ ਮਾਤਰਾ ਵਿੱਚ ਪਾਈ ਜਾਂਦੀ ਹੈ । ਅਨੁਮਾਨ ਹੈ ਕਿ ਚੰਦਰਮਾ 'ਤੇ ਇਕ ਮਿਲੀਅਨ ਟਨ ਤੋਂ ਵੱਧ ਹੀਲੀਅਮ-3 ਹੋ ਸਕਦੀ ਹੈ, ਜਿਸ ਵਿੱਚ ਥੋੜ੍ਹੀ ਮਾਤਰਾ ਪ੍ਰਿਥਵੀ ਦੀਆਂ ਊਰਜਾ ਜ਼ਰੂਰਤਾਂ ਨੂੰ ਸਦੀਆਂ ਤੱਕ ਪੂਰਾ ਕਰ ਸਕਦੀ ਹੈ । ਮਾਈਨਿੰਗ ਦਾ ਡਾਟ ਕਾਮ ਦੀ ਇੱਕ ਰਿਪੋਰਟ ਮੰਨੀਏ ਤਾਂ ਕਸ਼ੁਦਿਰ-ਗੁਹਿਆਂ (ਐਸਟਰਾਇਡ) ਵਿੱਚ ਸੋਨਾ, ਪਲਾਟੀਨਮ, ਨਿਕਲ ਅਤੇ ਲੋਹੇ ਦੇ ਵਿਸ਼ਾਲ ਭੰਡਾਰ ਮੌਜੂਦ ਹਨ । ਐਸਟਰਾਇਡ ਦੀ ਇਕ ਪੱਟੀ 16 ਸਾਈਕਲ ਵਿੱਚ ਮੌਜੂਦ ਧਾਤੂਆਂ ਦਾ ਮੁੱਲ ਲਗਭਗ 10 ਹਜ਼ਾਰ ਕਵਾਡਰਲੀਅਨ (ਇੱਕ ਤੋਂ ਅੱਗੇ 15 ਸਿਫਰਾਂ) ਡਾਲਰ ਹੋ ਸਕਦੀ ਹੈ । 16 ਸਾਈਕਲ ਧਾਤੂ ਦਾ ਐਸਟਰਾਇਡ ਹੈ, ਜੋ ਮੁੱਖ ਐਸਟ੍ਰਾਈਡ ਬੈਲਟ ਵਿੱਚ ਸਥਿਤ ਹੈ ਅਤੇ ਮੰਗਲ ਅਤੇ ਬ੍ਰਹਸਪਤੀ ਦੇ ਵਿਚਕਾਰ ਹੈ । ਪਿਛਲੇ ਸਾਲ ਅਮਰੀਕੀ ਸਪੇਸ ਏਜੰਸੀ ਨਾਸਾ ਦੇ ਚਾਰ ਕੰਪਨੀਆਂ ਨਾਲ 2024 ਤੱਕ ਚੰਦਰਮਾ ਦੀ ਸਤਹ 'ਤੇ ਥੋੜ੍ਹੀ ਮਾਤਰਾ ਵਿੱਚ ਮਿੱਟੀ ਕੱਢਣ ਦੇ ਸਮਝੌਤੇ ਕੀਤੇ ਗਏ ਸਨ। ਇਸ ਨੂੰ ਪੁਲਾੜ ਵਿੱਚ ਖੁਦਾਈ ਦੀ ਸ਼ੁਰੂਆਤ ਮੰਨਿਆ ਜਾ ਰਿਹਾ ਹੈ । ਕਨੂੰਨੀ ਢਾਂਚਾ : 1967 ਦੀ ਬਾਹ ਪੁਲਾੜ ਸੰਧੀ (ਆਊਟਰ ਸਪੇਸ ਟਰੀਟੀ) ਕੌਮਾਂਤਰੀ ਸਪੇਸ ਕਾਨੂੰਨ ਦੀ ਨੀਂਹ ਹੈ, ਜੋ ਇਹ ਨਿਰਧਾਰਤ ਕਰਦੀ ਹੈ ਕਿ ਪੁਲਾੜ ਦੀ ਵਰਤੋਂ ਸ਼ਾਂਤੀਪੂਰਨ ਉਦੇਸ਼ਾਂ ਦੇ ਲਈ ਕੀਤੀ ਜਾਵੇਗੀ। ਸੰਧੀ ਪੁਲਾੜ ਵਿੱਚ ਕਿਸੇ ਵੀ ਦੇਸ਼ ਨੂੰ ਚੰਨ ਜਾਂ ਕਿਸੇ ਹੋਰ ਸਰੀਰ 'ਤੇ ਸੰਪ੍ਰਭੂਤਾ ਦਾ ਦਾਅਵਾ ਕਰਨ ਦੀ ਮਨਾਹੀ ਕਰਦੀ ਹੈ । ਪੁਲਾੜ ਵਿੱਚ ਪਰਮਾਣੂ ਹਥਿਆਰ ਨੂੰ ਰੱਖਣ 'ਤੇ ਰੋਕ ਲਗਾਉਂਦੀ ਹੈ । ਇਸ ਤੋਂ ਇਲਾਵਾ ਸੰਧੀ ਵਿੱਚ ਕਿਹਾ ਗਿਆ ਹੈ ਕਿ ਪੁਲਾੜ ਸਾਰਿਆਂ ਦਾ ਸਾਂਝਾ ਹੈ ਅਤੇ ਕੋਈ ਵੀ ਦੇਸ਼ ਇਸ ਉੱਪਰ ਆਪਣਾ ਅਧਿਕਾਰ ਨਹੀਂ ਜਮਾ ਸਕਦਾ । ਸਵਾਲ ਇਹ ਹੈ ਕਿ ਕੀ ਮੌਜੂਦਾ ਕਾਨੂੰਨ ਇਸ ਦੌਰ 'ਤੇ ਪੁਲਾੜ ਵਿੱਚ ਵਪਾਰ ਕਰਨ ਦਾ ਅਧਿਕਾਰ ਕਿਸ ਨੂੰ ਹੈ ਤੇ ਕਿੰਨਾ ਹੈ ? ਕੀ ਭਵਿੱਖ ਵਿੱਚ ਪਲਾਟ ਦੇ ਨਿਕਲਣ ਵਾਲਿਆਂ ਸਾਰੀਆਂ ਧਾਤੂਆਂ 'ਤੇ ਸਭ ਦਾ ਇੱਕੋ ਜਿਹਾ ਹੱਕ ਹੋਵੇਗਾ ਜਾਂ ਭਵਿੱਖ ਵਿੱਚ ਸਾਰੇ ਦੇਸ਼ਾਂ ਦੇ ਵਪਾਰਿਕ ਇਰਾਦਿਆਂ ਕਾਰਨ ਕੋਈ ਨਵੀਂ ਲੜਾਈ ਸ਼ੁਰੂ ਹੋ ਜਾਵੇਗੀ । ਅਮਰੀਕਾ ਨੇ ਇਸ ਸੰਦਰਭ ਵਿੱਚ ਪਹਿਲ ਕੀਤੀ ਹੈ। ਸਪੇਸ ਕਾਨੂੰਨ ਦੇ ਮਾਹਰ ਕੁਕਸ ਫਰਸਟਮਾਰਕ ਸਪੇਸਿਊਨਾ ਇਕ ਇੰਟਰਵਿਊ ਵਿੱਚ ਕਹਿੰਦੀ ਹੈ, ਸਾਡੇ ਪਾਸ ਮੌਜੂਦਾ ਜੋ ਕਨੂੰਨੀ ਢਾਂਚਾ ਹੈ, ਉਹ ਪੁਰਾਣੇ ਤੇ ਢੁੱਕ ਕਰ ਰਹੇ ਆਧੁਨਿਕ ਪੁਲਾੜ ਮੁਹਿੰਮਾਂ ਦੀ ਅਸਲੀਅਤ ਨੂੰ ਪ੍ਰਭਾਵਤ ਨਹੀਂ ਕਰਦੇ । ਕਈ ਦੇਸ਼ ਸਥਾਪਤ ਕਨੂੰਨਾਂ ਦੀ ਉਲੰਘਣਾ ਕਰ ਰਹੇ ਹਨ । ਉਦਾਹਰਨ ਵਜੋਂ ਅਮਰੀਕਾ ਨੇ ਹਾਲ ਹੀ ਵਿੱਚ ਸਪੇਸ ਪਾਲਿਸੀ ... ਚਲਾਉਣ ਵਿੱਚ ਸਰਬੰਸ ਵੱਲਸ ਬਣਾ ਲਈ ਹੈ, ਇਹ ਪੁਲਾੜ ਕਾਨੂੰਨ ਦਾ ਉਲੰਘਣਾ ਹੈ, ਪਰ ਕਨੂੰਨਾਂ ਦੀ ਪਾਲਣਾ ਦੇ ਮਾਮਲੇ ਵਿੱਚ ਵਿਕਸ ਸਵਾਰਥਵੱਲੀ ਨੂੰ ਤਹਿ ਕਰਨ ਦੀ ਕੋਈ ਪ੍ਰਕਿਰਿਆ ਨਹੀਂ ਹੈ । ਇਸ ਘਾਟ ਸਥਿਤੀ ਨੂੰ ਹੋਰ ਗੰਭੀਰ ਬਣਾ ਦਿੰਦੀ ਹੈ । ਡਰ ਹੈ ਕਿ ਆਉਣ ਵਾਲੇ ਸਮੇਂ ਵਿੱਚ ਪੁਲਾੜ ਨਵੀਆਂ ਲੜਾਈਆਂ ਦਾ ਕੇਂਦਰ ਬਣ ਕੇ ਨਾ ਉਭਰ ਜਾਵੇ । (ਰਵਨੀਤ ਸਿੰਘ ਕੌਰ ਨਾਲ 2025)

# ਸੰਪਰਕ : 98156-29930

# ਡਿਪਟੀ ਮੈਡੀਕਲ ਕਮਿਸ਼ਨਰ ਨੇ ਸੀ ਐਚ ਸੀ ਹਾਰਟਾ ਬਡਲਾ ਦੀ ਕੀਤੀ ਅਚਨਚੇਤ ਚੈਕਿੰਗ

ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ) ਡਿਪਟੀ ਮੈਡੀਕਲ ਕਮਿਸ਼ਨਰ ਡਾ.ਹਰਬੰਸ ਕੌਰ ਨੇ ਸੀ.ਐਚ.ਸੀ ਹਾਰਟਾ ਬਡਲਾ ਦੀ ਅਚਨਚੇਤ ਚੈਕਿੰਗ ਕੀਤੀ। ਇਸ ਮੌਕੇ ਉਨਾਂ ਨਾਲ ਏ.ਐਚ.ਏ ਡਾ.ਸ਼ਿਖਾ ਵੀ ਹਾਜ਼ਰ ਸਨ। ਡਾ.ਹਰਬੰਸ ਕੌਰ ਨੇ ਪਹਿਲਾਂ ਹਾਜ਼ਰੀ ਰਜਿਸਟਰ ਦੀ ਜਾਂਚ ਕੀਤੀ, ਜਿਸ ਵਿੱਚ ਸਾਰਾ ਸਟਾਫ ਮੌਜੂਦ ਪਾਇਆ ਗਿਆ।ਇਸ ਤੋਂ ਬਾਅਦ ਉਨਾਂ ਨੇ



ਸੀ.ਐਚ.ਸੀ ਦੇ ਸਾਰੇ ਵਿਭਾਗ ਜਿਵੇਂ ਕਿ ਮੈਡੀਸਨ ਵਿਭਾਗ,ਐਕਸ-ਰੇ ਵਿਭਾਗ, ਪ੍ਰਯੋਗਸ਼ਾਲਾ ਵਿਭਾਗ, ਮੈਡੀਸਨ ਸਟੋਰ,ਫਾਰਮੇਸੀ,ਓ.ਪੀ.ਡੀ, ਲਿਨਨ ਆਦਿ ਦੀ ਜਾਂਚ ਕੀਤੀ ਤੇ ਮੌਜੂਦ ਸਟਾਫ ਤੋਂ ਵਿਭਾਗ ਨਾਲ ਸਬੰਧਤ ਸਮੱਸਿਆਵਾਂ ਬਾਰੇ ਵੀ ਪੁੱਛਿਆ ਅਤੇ ਸਟਾਫ ਨੂੰ ਪੂਰਾ ਰਿਕਾਰਡ ਮੇਨਟੇਨ ਰੱਖਣ ਦੇ ਵੀ ਨਿਰਦੇਸ਼ ਦਿੱਤੇ। ਉਨ੍ਹਾਂ ਵਾਰਡ ਦਾ ਦੌਰਾ ਕਰਕੇ ਦਾਖਲ ਮਰੀਜ਼ਾਂ ਦਾ ਹਾਲ ਚਾਲ ਪੁੱਛਿਆ ਅਤੇ ਉਨ੍ਹਾਂ ਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਦਾ ਨਿਰੀਖਣ ਕੀਤਾ ਤੇ ਤਸੱਲੀ ਪ੍ਰਗਟਾਈ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ.ਮਨਪ੍ਰੀਤ ਸਿੰਘ ਬੈਂਸ ਤੇ ਹੋਰ ਸਟਾਫ ਹਾਜ਼ਰ ਸੀ।

# ਖੇੜਾ ਰੋਡ ਵਿਖੇ ਕਰਵਾਇਆ 164ਵਾਂ ਮਹੀਨਾਵਾਰ ਸਮਾਗਮ

ਫਗਵਾੜਾ (ਡਾ. ਰਮਨ) ਪ੍ਰੇਮ ਨਗਰ ਸੇਵਾ ਸੁਸਾਇਟੀ ਵਲੋਂ ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਸਹਿਯੋਗ ਨਾਲ ਸਵਰਗੀ ਸਰਦਾਰ ਅਜੀਤ ਸਿੰਘ ਢਿੱਲੋਂ ਦੀ ਯਾਦ ਵਿਚ 164ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਸੀਨੀਅਰ ਸਿਟੀਜ਼ਨ ਕੇਅਰ ਸੈਂਟਰ ਖੇੜਾ ਰੋਡ ਫਗਵਾੜਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸੀਨੀਅਰ ਪੱਤਰਕਾਰ ਟੀ.ਡੀ. ਚਾਵਲਾ ਨੇ ਸ਼ਿਰਕਤ ਕੀਤੀ। ਉਨ੍ਹਾਂ ਨੇ ਲੋੜਵੰਦ ਪਰਿਵਾਰਾਂ ਦੀਆਂ ਔਰਤਾਂ ਨੂੰ ਰਾਸ਼ਨ ਦੀ ਵੰਡ ਕਰਦਿਆਂ ਸੁਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਜਨਰਲ ਸਕੱਤਰ ਸੁਰਿੰਦਰ ਪਾਲ ਨੇ ਪਤਵੰਤਿਆਂ ਨੂੰ ਜੀ ਆਇਆਂ ਆਖਿਆ। ਸਮਾਗਮ ਦੇ ਪ੍ਰਬੰਧਕ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਇਹ ਸੇਵਾ ਪਿਛਲੇ ਕਰੀਬ 15 ਸਾਲਾਂ ਤੋਂ ਨਿਰੰਤਰ ਜਾਰੀ ਹੈ।



ਜਿਸ ਵਿੱਚ ਸਵ. ਅਜੀਤ ਸਿੰਘ ਢਿੱਲੋਂ ਦੇ ਪਰਵਾਰ ਦਾ ਵੱਡਮੁੱਲਾ ਯੋਗਦਾਨ ਮਿਲਦਾ ਹੈ। ਜੋ ਆਪਣੇ ਜੀਵਨ ਕਾਲ ਦੌਰਾਨ ਸਮਾਜ ਸੇਵਾ ਨੂੰ ਸਮਰਪਿਤ ਰਹੇ ਅਤੇ ਲੋੜਵੰਦਾਂ ਦੀ ਮਦਦ ਲਈ ਹਮੇਸ਼ਾ ਅੱਗੇ ਵਧ ਕੇ ਕੰਮ ਕੀਤਾ। ਪ੍ਰੇਮ ਨਗਰ ਮੁਹੱਲੇ ਦੇ ਵਿਕਾਸ ਵਿਚ ਵੀ ਉਹਨਾਂ ਨੇ ਹਮੇਸ਼ਾ ਵੱਧ-ਚੜ੍ਹ ਕੇ ਯਤਨ ਕੀਤੇ। ਉਹਨਾਂ ਦੱਸਿਆ ਕਿ ਇਸ ਵਾਰ ਦੇ ਰਾਸ਼ਨ ਵੰਡ ਸਮਾਗਮ 'ਚ ਬ੍ਰਿਜ ਮੋਹਨ ਪੁਰੀ ਵਲੋਂ ਵੀ ਵਡਮੁੱਲਾ ਸਹਿਯੋਗ ਪ੍ਰਾਪਤ ਹੋਇਆ। ਇਸ ਮੌਕੇ ਮੋਹਨ ਲਾਲ ਤਨੇਜਾ, ਅਸ਼ੋਕ ਕੁਮਾਰ, ਰਮੇਸ਼ ਧੀਰ, ਮਨੀਸ਼ ਕਨੌਜੀਆ, ਰਾਜਕੁਮਾਰ, ਐਸ.ਸੀ. ਚਾਵਲਾ, ਰਵੀ ਕਾਂਤ ਸਹਿਗਲ ਆਦਿ ਹਾਜ਼ਰ ਸਨ।

# ਐੱਚ ਸੀ ਬੜਾ ਪਿੰਡ ਵੱਲੋਂ ਡਾਇਰੀਆ ਨਿਯੰਤਰਨ ਮੁਹਿੰਮ ਸ਼ੁਰੂ



ਗੁਰਾਇਆ (ਬਿਂਦਰ ਸੁਮਨ) ਕਮਿਊਨਿਟੀ ਹੈਲਥ ਸੈਂਟਰ, ਬੜਾ ਪਿੰਡ ਵੱਲੋਂ ਡਾਇਰੀਆ ਨਿਯੰਤਰਣ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਦਾ ਮਕਸਦ ਲੋਕਾਂ ਵਿੱਚ ਡਾਇਰੀਆ ਤੋਂ ਬਚਾਅ ਸੰਬੰਧੀ ਜਾਗਰੂਕਤਾ ਪੈਦਾ ਕਰਨੀ ਅਤੇ ਇਲਾਜ ਉਪਲਬਧ ਕਰਵਾਉਣਾ ਹੈ। ਸੀਨੀਅਰ ਮੈਡੀਕਲ ਅਫਸਰ ਡਾ. ਅੰਸਿਤਾ ਲੂਨਾ ਨੇ ਦੱਸਿਆ ਕਿ ਇਸ ਮੁਹਿੰਮ ਦਾ ਦੌਰਾਨ ਆਸ਼ਾ ਵਰਕਰਾਂ ਅਤੇ ਏਐਨਐਮਜ਼ ਦੁਆਰਾ ਘਰ-ਘਰ ਜਾ ਕੇ ਡਾਇਰੀਆ ਦੇ ਲੱਛਣਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਦੇ ਨਾਲ ਹੀ ਲੋਕਾਂ ਨੂੰ ਮੁਫ਼ਤ ਓ.ਆਰ.ਐਸ. ਦੇ ਪੈਕੇਟ ਅਤੇ ਜ਼ਿੰਕ ਗੋਲੀਆਂ ਵੰਡੀਆਂ ਜਾ ਰਹੀਆਂ ਹਨ, ਤਾਂ ਜੋ ਪਾਣੀ ਦੀ ਕਮੀ ਤੋਂ ਕੀਟਾਣੂ ਰਹਿਤ ਬਣਾਇਆ ਜਾ ਸਕੇ।ਸਿਹਤ ਸਿੱਖਿਆ ਵਿੱਚ ਓ.ਆਰ.ਐਸ. ਅਤੇ ਜ਼ਿੰਕ ਕਾਰਨਰ ਸਥਾਪਤ ਕੀਤੇ ਜਾ ਰਹੇ ਹਨ, ਜਿਥੇ ਆਉਣ ਵਾਲੇ ਰੋਗੀਆਂ ਨੂੰ ਓ.ਆਰ.ਐਸ. ਦੀ ਵਰਤੋਂ ਅਤੇ ਜ਼ਿੰਕ ਗੋਲੀਆਂ ਦੀ ਅਹਿਮੀਅਤ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।ਬਲਾਕ ਐਕਸਟੈਂਸ਼ਨ ਐਜੂਕੇਟਰ ਪ੍ਰੀਤਇੰਦਰ ਸਿੰਘ ਨੇ ਕਿਹਾ ਕਿ ਬਰਸਾਤ ਦੇ ਮੌਸਮ ਵਿੱਚ ਪਾਣੀ ਨਾਲ ਫੈਲਣ ਵਾਲੀਆਂ ਬਿਮਾਰੀਆਂ ਵਿੱਚ ਡਾਇਰੀਆ ਇਕ ਆਮ ਅਤੇ ਗੰਭੀਰ ਸਮੱਸਿਆ ਹੈ। ਉਨ੍ਹਾਂ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਸਾਫ ਪੀਣ ਵਾਲਾ ਪਾਣੀ ਵਰਤਣ, ਹੱਥ ਧੋਣ ਅਤੇ ਸਫ਼ਾਈ ਬਰਕਰਾਰ ਰੱਖਣ ਬਾਰੇ ਸਮੇਂ-ਸਮੇਂ 'ਤੇ ਜਾਗਰੂਕ ਕੀਤਾ ਜਾਂਦਾ ਹੈ।

## ਕਾਹਨਗੜ੍ਹ ਤੇ ਖੱਤਰੀਵਾਲਾ ਦੇ ਘਰਾਂ ਨੂੰ ਮਿਲੇਗਾ ਸ਼ੁੱਧ ਪਾਣੀ : ਵਿਧਾਇਕ ਬੁੱਧ ਰਾਮ

**ਬਰੇਟਾ (ਰੀਤਵਾਲ)**- ਵਿਧਾਇਕ ਹਲਕਾ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਦੱਸਿਆ ਕਿ ਵਿਧਾਨ ਸਭਾ ਚੋਣਾਂ ਦੌਰਾਨ ਹਲਕੇ ਦੇ ਦੋ ਪਿੰਡ ਕਾਹਨਗੜ੍ਹ ਅਤੇ ਖੱਤਰੀਵਾਲਾ ਵਿਖੇ ਵਾਟਰ ਵਰਕਸ ਉਸਾਰਨ ਦਾ ਵਾਅਦਾ ਕੀਤਾ ਗਿਆ ਸੀ, ਜਿਸ ਨੂੰ ਪੂਰਾ ਕਰਦਿਆਂ ਇਨ੍ਹਾਂ ਦੋਨਾਂ ਪਿੰਡਾਂ ਵਿੱਚ ਵਾਟਰ ਵਰਕਸ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਵਿਧਾਇਕ ਬੁੱਧ ਰਾਮ ਨੇ ਦੱਸਿਆ ਕਿ ਪਿੰਡ ਕਾਹਨਗੜ੍ਹ ਲਈ 350.34 ਲੱਖ ਦੀ ਲਾਗਤ ਨਾਲ ਵਾਟਰ ਵਰਕਸ ਉਸਾਰਿਆ ਜਾਣਾ ਹੈ, ਜਿੱਥੇ 1000 ਘਰਾਂ ਲਈ ਸ਼ੁੱਧ ਪਾਣੀ ਸਪਲਾਈ ਕੀਤਾ ਜਾਵੇਗਾ। ਇਸੇ ਤਰਜ਼ 'ਤੇ ਪਿੰਡ ਖੱਤਰੀਵਾਲਾ ਵਿਖੇ 252.93 ਲੱਖ ਦੀ ਲਾਗਤ ਨਾਲ 400 ਘਰਾਂ ਲਈ ਜਲ ਸਪਲਾਈ ਦਿੱਤੀ ਜਾਵੇਗੀ। ਵਿਧਾਇਕ ਨੇ ਦੱਸਿਆ ਕਿ ਦੋਵੇਂ ਵਾਟਰ ਵਰਕਸ ਨਹਿਰੀ ਪਾਣੀ 'ਤੇ ਨਿਰਭਰ ਹੋਣਗੇ ਅਤੇ ਪਾਣੀ ਨੂੰ ਫਿਲਟਰ ਕਰਨ ਲਈ ਇਸ ਵਿੱਚ ਨਵੀਂ ਤਕਨੀਕ ਦਾ ਫਿਲਟਰ ਵਰਤਿਆ ਜਾਵੇਗਾ, ਜਿਸ ਨੂੰ ਤਕਨੀਕੀ ਭਾਸ਼ਾ ਵਿੱਚ ਪੀ.ਐਸ.ਐਫ. (ਪ੍ਰੈਸ਼ਰ ਸ਼ੈਡ ਫਿਲਟਰ) ਕਿਹਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਖੱਤਰੀਵਾਲਾ ਵਿਖੇ 50 ਹਜ਼ਾਰ ਲੀਟਰ ਸਮਰੱਥਾ ਵਾਲੀ ਟੈਂਕੀ ਬਣਾਈ ਜਾਵੇਗੀ ਜਦੋਂ ਕਿ ਪਿੰਡ ਕਾਹਨਗੜ੍ਹ ਵਿੱਚ 1.50 ਲੱਖ ਲੀਟਰ ਦੀ ਸਮਰੱਥਾ ਵਾਲੀ ਟੈਂਕੀ ਬਣਾਈ ਜਾਵੇਗੀ, ਜਿਸ ਨਾਲ ਦੋਵੇਂ ਪਿੰਡਾਂ ਵਿੱਚ ਨਿਰਵਿਘਨ ਤੌਰ 'ਤੇ ਸ਼ੁੱਧ ਪਾਣੀ ਦੀ ਸਪਲਾਈ ਦਾ ਕੰਮ ਪੂਰਾ ਹੋ ਜਾਵੇਗਾ। ਵਿਧਾਇਕ ਬੁੱਧ ਰਾਮ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਕਾਰਜਾਂ ਦੇ ਨਾਲ ਨਾਲ ਪਿੰਡਾਂ ਦੇ ਵਸਨੀਕਾਂ ਦੀਆਂ ਮੁੱਢਲੀਆਂ ਲੋੜਾਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਮੌਕੇ ਸਰਪੰਚ ਯੂਨੀਅਨ ਦੇ ਪ੍ਰਧਾਨ ਅਤੇ ਬਲਾਕ ਪ੍ਰਧਾਨ ਰਜਿੰਦਰ ਸਿੰਘ ਗੋਬਿੰਦਪੁਰਾ, ਗੁਰਦੀਪ ਸਿੰਘ ਸਰਪੰਚ ਦਿਆਲਪੁਰਾ, ਜਗਸੀਰ ਸਿੰਘ ਜੱਗੀ ਸਰਪੰਚ ਕਾਹਨਗੜ੍ਹ, ਕੁਲਦੀਪ ਸਿੰਘ ਬਖ਼ਸ਼ੀਵਾਲਾ, ਸੰਸਾਰ ਸਿੰਘ ਬਲਾਕ ਪ੍ਰਧਾਨ, ਕੁਲਵਿੰਦਰ ਸਿੰਘ ਬਲਾਕ ਪ੍ਰਧਾਨ, ਚਮਕੌਰ ਸਿੰਘ ਚੇਅਰਮੈਨ, ਕੇਵਲ ਸ਼ਰਮਾ ਸ਼ਹਿਰੀ ਪ੍ਰਧਾਨ ਬਰੇਟਾ, ਲਲਿਤ ਜੈਨ ਸ਼ੈਲਰ ਯੂਨੀਅਨ ਪ੍ਰਧਾਨ, ਕਾਕੂ ਬਰੇਟਾ ਆਦਿ ਹਾਜ਼ਰ ਸਨ।



## ਸਲਾਈਟ ਤੇ ਜੀ ਐੱਲ ਏ 'ਵਰਸਿਟੀ ਵੱਲੋਂ ਫੈਕਲਟੀ ਵਿਕਾਸ ਪ੍ਰੋਗਰਾਮ ਸ਼ੁਰੂ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**- ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ (ਸਲਾਈਟ) ਲੌਂਗੋਵਾਲ ਵਿਖੇ ਸਲਾਈਟ ਅਤੇ ਜੀ.ਐਲ.ਏ. ਯੂਨੀਵਰਸਿਟੀ ਮਥੁਰਾ ਦੇ ਗਣਿਤ ਵਿਭਾਗਾਂ ਵਲੋਂ ਸਾਂਝੇ ਤੌਰ 'ਤੇ ਇਕ ਹਫ਼ਤੇ ਦੇ ਆਨਲਾਈਨ ਫੈਕਲਟੀ ਵਿਕਾਸ ਪ੍ਰੋਗਰਾਮ ਦੀ ਸ਼ੁਰੂਆਤ ਹੋਈ ਹੈ। ਇਸ ਪ੍ਰੋਗਰਾਮ ਦੌਰਾਨ ਇੰਜੀਨੀਅਰਿੰਗ ਸਮੱਸਿਆਵਾਂ ਲਈ ਗਣਿਤ ਅਤੇ ਮਸ਼ੀਨ ਲਰਨਿੰਗ ਦੀ ਵਰਤੋਂ ਅਤੇ ਸੰਭਾਵਨਾਵਾਂ 'ਤੇ ਵਿਚਾਰ ਚਰਚਾ ਅਤੇ ਖੋਜ ਹੋਵੇਗੀ। ਇਸ ਪ੍ਰੋਗਰਾਮ ਵਿਚ ਪੂਰੇ ਭਾਰਤ ਤੋਂ ਲਗਭਗ 100 ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਆਨਲਾਈਨ ਅਤੇ ਆਫਲਾਈਨ ਮੋਡ ਵਿੱਚ ਵਿੱਚ ਹਿੱਸਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਜੋਤੀ ਪ੍ਰਜਵਲਨ ਨਾਲ ਹੋਈ ਅਤੇ ਇਸ ਦੀ ਪ੍ਰਧਾਨਗੀ ਪ੍ਰੋ. ਮਣੀਕਾਂਤ ਪਾਸਵਾਨ ਡਾਇਰੈਕਟਰ ਸਲਾਈਟ ਨੇ ਕੀਤੀ। ਸਮਾਗਮ ਦੇ ਕਨਵੀਨਰ ਪ੍ਰੋ. ਵੀ.ਕੇ. ਕੁਕਰੇਜਾ ਨੇ ਸਵਾਗਤ ਭਾਸ਼ਣ ਪੇਸ਼ ਕੀਤਾ ਅਤੇ ਪ੍ਰੋਗਰਾਮ ਦਾ ਸੰਖੇਪ ਵੇਰਵਾ ਦਿੱਤਾ। ਪ੍ਰੋ. ਕਮਲੇਸ਼ ਪ੍ਰਸਾਦ ਡੀਨ ਫੈਕਲਟੀ ਅਤੇ ਸਟਾਫ ਭਲਾਈ ਅਤੇ ਪ੍ਰੋ. ਏ.ਐਸ.ਸ਼ਾਹੀ ਡੀਨ ਅਕਾਦਮਿਕ ਨੇ ਆਪਣੇ ਸੰਬੋਧਨਾਂ ਵਿਚ ਦੋਵਾਂ ਵਿਭਾਗਾਂ ਨੂੰ ਤਕਨਾਲੋਜੀ ਅਤੇ ਉਦਯੋਗ ਦੀਆਂ ਮੌਜੂਦਾ ਜ਼ਰੂਰਤਾਂ ਅਨੁਸਾਰ ਕਰਵਾਉਣ ਲਈ ਵਧਾਈ ਦਿੱਤੀ। ਇਸ ਪ੍ਰੋਗਰਾਮ ਦੌਰਾਨ ਪ੍ਰੋ. ਏ.ਕੇ. ਗੁਪਤਾ ਵੀ. ਸੀ., ਪ੍ਰੋ. ਐਸ਼ੀਸ਼ ਸ਼ਰਮਾ ਡੀਨ ਅਕਾਦਮਿਕ, ਪ੍ਰੋ. ਜੇ.ਆਰ. ਸ਼ਰਮਾ ਵਿਭਾਗ ਪ੍ਰਮੁੱਖ ਗਣਿਤ, ਪ੍ਰੋ. ਆਰ.ਕੇ. ਗੁਹਾ, ਸਮਾਗਮ ਦੇ ਕੋਆਰਡੀਨੇਟਰ ਡਾ. ਯੋਗੇਸ਼ ਕਪਿਲ , ਡਾ. ਸੁਧੀਰ ਕੁਮਾਰ ਅਤੇ ਗਣਿਤ ਵਿਭਾਗ ਦੇ ਕਈ ਖੋਜ ਵਿਦਵਾਨਾਂ ਤੋਂ ਇਲਾਵਾ ਜੀ.ਐਲ.ਏ. ਯੂਨੀਵਰਸਿਟੀ ਮਥੁਰਾ ਦੇ ਫੈਕਲਟੀ ਮੈਂਬਰ ਵੀ ਆਨਲਾਈਨ ਮੋਡ ਰਾਹੀਂ ਮੌਜੂਦ ਸਨ।



## ਜਵਾਹਰ ਨਵੋਦਿਆ ਵਿਦਿਆਲਿਆ 'ਚ ਇੰਟਰਵਿਊ 17 ਨੂੰ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਜਵਾਹਰ ਨਵੋਦਿਆ ਵਿਦਿਆਲਿਆ ਕਿੱਕਰ ਵਾਲਾ ਦੇ ਪ੍ਰਿੰਸੀਪਲ ਸ੍ਰੀ ਅਸ਼ੋਕ ਵਰਮਾ ਨੇ ਦੱਸਿਆ ਕਿ ਵਿਦਿਆਲਿਆ ਵਿੱਚ ਮੈਟਰਨ ਦੇ ਅਹੁਦੇ ਲਈ 17 ਜੁਲਾਈ ਨੂੰ ਇੰਟਰਵਿਊ ਹੋਵੇਗੀ। ਨ੍ਹਾਂ ਦੱਸਿਆ ਕਿ ਇੰਟਰਵਿਊ ਸਵੇਰੇ 11 ਵਜੇ ਹੋਵੇਗੀ।ਉਮੀਦਵਾਰ ਦੀ ਘੱਟੋ-ਘੱਟ ਸਿੱਖਿਆ ਯੋਗਤਾ 10ਵੀਂ ਪਾਸ ਹੋਣੀ ਚਾਹੀਦੀ ਹੈ, ਉਮਰ 35 ਸਾਲ ਤੋਂ 55 ਸਾਲ ਵਿਚਕਾਰ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਵਿਆਹੁਤਾ ਔਰਤ ਜਿਸ ਵਿੱਚ ਵਿਧਵਾਵਾਂ ਜਾਂ ਤਲਾਕਸ਼ੁਦਾ ਔਰਤਾਂ ਸ਼ਾਮਲ ਹਨ, ਇਸ ਅਹੁਦੇ ਲਈ ਯੋਗ ਹਨ। ਉਨ੍ਹਾਂ ਕਿਹਾ ਕਿ ਘੱਟੋ-ਘੱਟ ਉਜਰਤ ਬਿਲਡਿੰਗ ਓਪਰੇਸ਼ਨ ਸੈਕਟਰ (ਐਮਟੀਐਸ ਅਣ ਸਕਿਲਡ) ਵਿੱਚ ਕੰਮ ਕਰਨ ਵਾਲੇ ਉਦਯੋਗਿਕ ਕਾਮਿਆਂ ਵਾਂਗ ਹੀ ਅਦਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇੰਟਰਵਿਊ ਵਿੱਚ ਚੁਣੇ ਗਏ ਉਮੀਦਵਾਰ ਨੂੰ ਵਿਦਿਆਰਥਣਾਂ (ਗਰਲ ਹੋਸਟਲ) ਨਾਲ ਰਹਿਣਾ ਪਵੇਗਾ।ਨੌਕਰੀ ਦੀ ਮਿਆਦ ਦਾ ਸਮਾਂ 31 ਮਾਰਚ ਤੱਕ ਹੋਵੇਗਾ, ਲੋੜ ਪੈਣ 'ਤੇ ਇਸ ਨੂੰ ਗਰਮੀਆਂ ਦੀਆਂ ਛੁੱਟੀਆਂ ਤੱਕ ਵਧਾਇਆ ਜਾ ਸਕਦਾ ਹੈ।ਇੰਟਰਵਿਊ ਵਿੱਚ ਸ਼ਾਮਲ ਹੋਣ ਲਈ ਕੋਈ ਟੀਏ/ਡੀਏ ਨਹੀਂ ਦਿੱਤਾ ਜਾਵੇਗਾ।

## ਨੇਤਰ ਬੈਂਕ ਸਮਿਤੀ ਦੀ ਮੀਟਿੰਗ ਹੋਈ



**ਸੁਨਾਮ, (ਅਸ਼ੋਕ ਬਾਂਸਲ, ਹਾਕਮ ਭੱਟੀ)** ਨੇਤਰ ਬੈਂਕ ਸਮਿਤੀ ਦੀ ਬੈਠਕ ਸੰਸਥਾ ਦੇ ਪ੍ਰਧਾਨ ਰਾਕੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਰਾਇਲ ਸਪਾਈਸ ਵਿੱਚ ਹੋਈ। ਜਿਸ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸੁਰੇਸ਼ ਜੈਨ ਸ਼ਾਮਲ ਹੋਏ। ਸੰਸਥਾ ਦੇ ਫਾਇਨਾਂਸ ਸਕੱਤਰ ਵਿਕਰਮ ਗਰਗ ਵੱਲੋਂ ਪੇਸ਼ ਕੀਤੇ ਗਏ ਸਾਲਾਨਾ ਹਿਸਾਬ-ਕਿਤਾਬ ਨੂੰ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਜਰਨਲ ਹਾਊਸ 'ਚ ਪਾਸ ਕੀਤਾ ਗਿਆ ਸੰਸਥਾ ਵੱਲੋਂ ਬਣਾਏ ਜਾ ਰਹੇ ਆਈ ਹਸਪਤਾਲ ਦੇ ਪ੍ਰੋਜੈਕਟ ਚੇਅਰਮੈਨ ਜਗਦੀਪ ਭਾਰਦਵਾਜ ਨੇ ਹਸਪਤਾਲ ਦੀ ਪ੍ਰੋਗਰੇਸ ਰਿਪੋਰਟ ਮੈਂਬਰਾਂ ਨਾਲ ਸਾਂਝੀ ਕੀਤੀ। ਸੰਸਥਾ ਦੇ ਪਰਿਵਾਰ ਵਿੱਚ ਤਿੰਨ ਨਵੇਂ ਮੈਂਬਰਾਂ ਦੇ ਤੌਰ 'ਤੇ ਪ੍ਰਭਾਤ ਜਿੰਦਲ, ਗਿਆਨ ਚੰਦ ਗੁਪਤਾ ਤੇ ਤਜਿੰਦਰ ਹਨੀ ਗੁਪਤਾ ਨੂੰ ਸਨਮਾਨਤ ਕੀਤਾ ਗਿਆ। ਸੰਸਥਾ ਦੇ ਫਾਇਨਾਂਸ ਸਕੱਤਰ ਵਿਕਰਮ ਗਰਗ ਨੂੰ ਅਗਰਵਾਲ ਸਭਾ ਦੇ ਪ੍ਰੋਜੈਕਟ ਚੇਅਰਮੈਨ ਜਗਦੀਪ ਭਾਰਦਵਾਜ ਨੂੰ ਰੋਟਰੀ ਕਲੱਬ ਸੁਨਾਮ ਦਾ ਪ੍ਰਧਾਨ ਬਣਨ 'ਤੇ ਸਨਮਾਨਤ ਕੀਤਾ ਗਿਆ। ਸੰਸਥਾ ਦੇ ਸਰਪਰਸਤ ਗੋਪਾਲ ਸਰਮਾ , ਜਰਨਲ ਸਕੱਤਰ ਪ੍ਰਮੋਦ ਕੁਮਾਰ ਨੀਟੂ ਤੇ ਚੇਅਰਮੈਨ ਪ੍ਰਿਤਪਾਲ ਸਿੰਘ ਹਾਂਡਾ ਵੱਲੋਂ ਵੀ ਆਪਣੇ ਵਿਚਾਰ ਮੰਚ ਤੋਂ ਪ੍ਰਗਟ ਕੀਤੇ ਗਏ।

## ਦੋ ਵਿਅਕਤੀ ਡੇਢ ਕਿੱਲੋ ਅਫ਼ੀਮ ਸਣੇ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਮੱਧ ਪ੍ਰਦੇਸ਼ ਤੋਂ ਕਥਿਤ ਤੌਰ 'ਤੇ ਪੰਜਾਬ ਵਿੱਚ ਅਫ਼ੀਮ ਦੀ ਸਪਲਾਈ ਦੇਣ ਆਏ ਦੋ ਵਿਅਕਤੀਆਂ ਨੂੰ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਡੇਢ ਕਿੱਲੋ ਅਫ਼ੀਮ ਸਣੇ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਥਾਣਾ ਮੰਡੀ ਗੋਬਿੰਦਗੜ੍ਹ ਦੀ ਇੱਕ ਪੁਲਸ ਪਾਰਟੀ ਮੁਗ਼ਲ ਮਾਜਰਾ ਟੀ ਪੁਆਇੰਟ ਸਰਵਿਸ ਰੋਡ ਤੇ ਚੈਕਿੰਗ ਦੇ ਸੰਬੰਧ ਵਿੱਚ ਮੌਜੂਦ ਸੀ। ਜਿਸ ਦੌਰਾਨ ਪੈਦਲ ਆ ਰਹੇ ਦੋ ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਚੈਕਿੰਗ ਲਈ ਰੋਕਿਆ ਗਿਆ। ਜਿਹਨਾਂ ਨੇ ਆਪਣੀ ਪਹਿਚਾਣ ਸ਼ਾਮ ਲਾਲ ਅਤੇ ਕਮਲ ਸਿੰਘ ਸੋਲੰਕੀ ਵਾਸੀਆਨ ਪਿੰਡ ਖੇਜੜੀਆਂ ਜ਼ਿਲ੍ਹਾ ਮੰਦਸੌਰ, ਮੱਧ ਪ੍ਰਦੇਸ਼ ਵਜੋਂ ਦੱਸੀ। ਤਲਾਸ਼ੀ ਦੌਰਾਨ ਉਕਤ ਵਿਅਕਤੀਆਂ ਦੇ ਕਬਜ਼ੇ ਵਿੱਚੋਂ 1 ਕਿੱਲੋ 500 ਗ੍ਰਾਮ ਅਫ਼ੀਮ ਬਰਾਮਦ ਹੋਈ। ਇਸ ਸਬੰਧੀ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਦਰਜ ਕਰਵਾਏ ਗਏ ਮੁਕੱਦਮੇ ਵਿੱਚ ਸ਼ਾਮ ਲਾਲ ਅਤੇ ਕਮਲ ਸਿੰਘ ਸੋਲੰਕੀ ਨੂੰ ਗ੍ਰਿਫਤਾਰ ਕਰਕੇ ਸਬ ਇੰਸਪੈਕਟਰ ਧਰਮਪਾਲ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

## ਲੋਕਾਂ ਨੂੰ ਚੰਗੀ ਸਿਹਤ ਤੇ ਸਰੀਰਕ ਫਿਟਨੈੱਸ ਦੇਣਾ ਹੀ ਜਿਮ ਸੈਂਟਰ ਦਾ ਮੁੱਖ ਉਦੇਸ਼ : ਭੋਲਾ ਵਿਰਦੀ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** ਪਬਲਿਕ ਕਾਲਜ ਦੇ ਸਾਹਮਣੇ ਮੁਹੱਲਾ ਇੰਦਰਾਪੁਰੀ ਵਿਖੇ ਬੋਡੀ ਜੋਨ ਜਿਮ ਸੈਂਟਰ ਦੀ



ਓਪਨਿੰਗ ਹੋਈ। ਜਿਮ ਦੇ ਮਾਲਕ ਭੋਲਾ ਵਿਰਦੀ ਵੱਲੋਂ ਨਵੀਂ ਪਹਿਲ ਕਰਦੇ ਹੋਏ ਇਸ ਦਾ ਉਦਘਾਟਨ ਕਿਸੇ ਰਾਜਨੀਤਕ, ਸਮਾਜਿਕ ਜਾਂ ਧਾਰਮਿਕ ਸ਼ਖਸੀਅਤ ਆਦਿ ਤੋਂ ਨਾ ਕਰਾ ਕੇ ਆਪਣੇ ਮਾਪਿਆਂ ਤੇ ਪਰਵਾਰਕ ਮੈਂਬਰਾਂ ਤੋਂ ਕਰਾਇਆ ਗਿਆ, ਜੋ ਇਲਾਕੇ ਵਿੱਚ ਚਰਚਾ ਦਾ ਵਿਸ਼ਾ ਹੈ। ਭੋਲਾ ਵਿਰਦੀ ਦਾ ਕਹਿਣਾ ਹੈ ਜਿਨ੍ਹਾਂ ਕਰਕੇ ਅੱਜ ਉਹ ਇਸ ਮੁਕਾਮ 'ਤੇ ਪੁੱਜਾ ਹੈ ਤਾਂ ਇਸ ਦਾ ਉਦਘਾਟਨ ਕਰਨ ਦਾ ਹੱਕ ਵੀ ਉਨਾਂ ਮਾਪਿਆਂ ਦਾ ਹੀ ਬਣਦਾ ਹੈ। ਜਿਮ ਦਾ ਉਦਘਾਟਨ ਕਰਨ ਉਪਰੰਤ ਲਛਮਣ ਸਿੰਘ ਵਿਰਦੀ ਤੇ ਬਲਵਿੰਦਰ ਸਿੰਘ ਵਿਰਦੀ ਨੇ ਮੀਡੀਆ ਰਾਹੀਂ ਨੌਜਵਾਨਾਂ ਨੂੰ ਨਸ਼ੀਅਤ ਦਿੰਦੇ ਹੋਏ ਕਿਹਾ ਕਿ ਉਹ ਜ਼ਿੰਦਗੀ ਦੇ ਸਫ਼ਰ ਨੂੰ ਸੁਚੱਜੇ ਢੰਗ ਨਾਲ ਪੂਰਾ ਕਰਨ ਲਈ, ਸਰੀਰ ਤੰਦਰੁਸਤ ਤੇ ਫਿੱਟ ਰੱਖਣ ਲਈ ਜਿਮ ਨਾਲ ਜ਼ਰੂਰ ਜੁੜਨ। ਭੋਲਾ ਵਿਰਦੀ ਨੇ ਕਿਹਾ ਕਿ ਸ਼ਹਿਰ ਦੇ ਲੋਕਾਂ 'ਚ ਸਿਹਤ ਪ੍ਰਤੀ ਜਾਗਰੂਕਤਾ ਫੈਲਾਉਣਾ ਅਤੇ ਲੋਕਾਂ ਨੂੰ ਚੰਗੀ ਸਿਹਤ ਤੇ ਸਰੀਰਕ ਫਿਟਨੈੱਸ ਦੇਣਾ ਹੀ ਫਿੱਟ ਐਂਡ ਲਿਫਟ ਜਿਮ ਸੈਂਟਰ ਦਾ ਮੁੱਖ ਉਦੇਸ਼ ਹੈ।ਉਨ੍ਹਾਂ ਅੱਗੇ ਦੱਸਿਆ ਕਿ ਤੰਦਰੁਸਤ ਸਰੀਰ ਦਾ ਜਿਮ ਦੇ ਨਾਲ ਬਹੁਤ ਨਜ਼ਦੀਕੀ ਦਾ ਰਿਸ਼ਤਾ ਹੁੰਦਾ ਹੈ, ਜਿੱਥੇ ਸਰੀਰ ਤੰਦਰੁਸਤੀ ਲਈ ਜਿਮ ਦੀ ਪ੍ਰੈਕਟਿਸ ਫਿਟਨੈੱਸ ਦੇ ਨਾਲ-ਨਾਲ ਵੱਖ-ਵੱਖ ਤਰਾਂ ਦੀ ਕਸਰਤ ਵੀ ਕਰਾਈ ਜਾਂਦੀ ਹੈ, ਜਿਸ ਨਾਲ ਸਰੀਰ ਦੇ ਮਸਲ ਤੇ ਚੈਸਟ ਮਜ਼ਬੂਤ ਹੁੰਦੇ ਹਨ।



## ਬੂਥ ਲੈਵਲ 'ਤੇ ਨਿਯੁਕਤ ਅਫ਼ਸਰਾਂ ਲਈ ਟ੍ਰੇਨਿੰਗ ਦੀ ਸ਼ੁਰੂਆਤ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)** ਭਾਰਤੀ ਚੋਣ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਮੁੱਖ ਚੋਣ ਅਫ਼ਸਰ ਦੇ ਆਦੇਸ਼ ਅਨੁਸਾਰ ਚਾਰੋਂ ਵਿਧਾਨ ਸਭਾ ਹਲਕਿਆਂ ਵਿੱਚ ਨਿਯੁਕਤ ਬੂਥ ਲੈਵਲ ਅਫ਼ਸਰਾਂ ਨੂੰ ਉਨ੍ਹਾਂ ਦੇ ਸਬੰਧਤ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਤੇ ਅਸੈਂਬਲੀ ਮਾਸਟਰ ਟ੍ਰੇਨਰਾਂ ਵੱਲੋਂ ਟ੍ਰੇਨਿੰਗ ਕਰਾਈ ਜਾ ਰਹੀ ਹੈ। ਇਹ ਟ੍ਰੇਨਿੰਗ 8 ਜੁਲਾਈ ਤੋਂ 14 ਜੁਲਾਈ ਤੱਕ ਚੱਲੇਗੀ। ਟ੍ਰੇਨਿੰਗ 'ਚ ਬੂਥ ਲੈਵਲ ਅਫ਼ਸਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੇ ਕੰਮਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ। ਟ੍ਰੇਨਿੰਗ ਉਪਰੰਤ ਹਰੇਕ ਬੂਥ ਲੈਵਲ ਅਫ਼ਸਰ ਦਾ ਇੱਕ ਅਸੈਸਮੈਂਟ ਟੈੱਸਟ ਵੀ ਲਿਆ ਜਾਵੇਗਾ। ਟ੍ਰੇਨਿੰਗ ਦੇ ਅੰਤ 'ਚ ਹਰੇਕ ਬੂਥ ਲੈਵਲ ਅਫ਼ਸਰ ਨੂੰ ਸਬੰਧਤ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਵੱਲੋਂ ਸਰਟੀਫ਼ਿਕੇਟ ਵੀ ਦਿੱਤੇ ਜਾਣਗੇ।

## ਆਲਟੋ ਕਾਰ ਨਹਿਰ 'ਚ ਡਿੱਗਣ ਨਾਲ ਨੌਜਵਾਨ ਦੀ ਮੌਤ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਪਿੰਡ ਸਹਿਜੜਾ (ਬਰਨਾਲਾ) ਦੇ ਇੱਕ ਨੌਜਵਾਨ ਦੀ ਆਲਟੋ ਕਾਰ ਨਹਿਰ ਵਿੱਚ ਡਿੱਗਣ ਨਾਲ ਕਾਰ ਚਾਲਕ ਨੌਜਵਾਨ ਦੀ ਮੌਤ ਹੋ ਜਾਣ ਦੀ ਦੁਖਦਾਈ ਖਬਰ ਮਿਲੀ ਹੈ। ਮਿਲੀ ਜਾਣਕਾਰੀ



ਅਨੁਸਾਰ ਜਸਵਿੰਦਰ ਸਿੰਘ (43 ) ਪੁੱਤਰ ਜਗਰੂਪ ਸਿੰਘ ਵਾਸੀ ਸਹਿਜੜਾ ਆਪਣੀ ਆਲਟੋ ਕਾਰ 'ਤੇ ਸਵਾਰ ਹੋ ਕੇ ਪਿੰਡ ਬਾਹਮਣੀਆਂ ਤੋਂ ਦੱਧਾਹੂਰ ਲਿੰਕ ਸੜਕ ਰਾਹੀਂ ਬਠਿੰਡਾ ਬ੍ਰਾਂਚ ਨਹਿਰ ਦੇ ਪੁਲ ਦੱਦਾਹੂਰ ਮੁੱਖ ਮਾਰਗ ਵੱਲ ਆ ਰਿਹਾ ਸੀ, ਜਦੋਂ ਕਾਰ ਨੂੰ ਪਟੜੀ ਉੱਤੇ ਚੜ੍ਹਾਉਣ ਲੱਗਾ ਤਾਂ ਕਾਰ ਬੇਕਾਬੂ ਹੋ ਕੇ ਸਿੱਧੀ ਨਹਿਰ 'ਚ ਜਾ ਡਿੱਗੀ। ਘਟਨਾ ਦਾ ਪਤਾ ਲੱਗਦਿਆਂ ਹੀ ਆਸ ਪਾਸ ਦੇ ਲੋਕਾਂ ਨੇ ਕਾਰ ਚਾਲਕ ਨੌਜਵਾਨ ਨੂੰ ਬਾਹਰ ਕੱਢ ਕੇ ਉਸ ਨੂੰ ਰਾਏਕੋਟ ਦੇ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ। ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਨੌਜਵਾਨ ਦੀ ਅਚਾਨਕ ਹੋਈ ਦੁਖਦਾਈ ਮੌਤ ਦੀ ਖ਼ਬਰ ਮਿਲਦਿਆਂ ਹੀ ਪਿੰਡ ਅਤੇ ਇਲਾਕੇ 'ਚ ਸੋਗ ਦੀ ਲਹਿਰ ਦੌੜ ਗਈ। ਸਬੰਧਤ ਪੁਲਿਸ ਚੌਂਕੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਜਸਵਿੰਦਰ ਸਿੰਘ ਦੇ ਭਰਾ ਬਲਜਿੰਦਰ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਕਾਰਵਾਈ ਅਮਲ 'ਚ ਲਿਆਂਦੀ ਗਈ ਹੈ।

## ਵਿਧਾਇਕ ਕਾਕਾ ਬਰਾੜ ਵੱਲੋਂ ਪਾਰਟੀ ਹਾਈਕਮਾਂਡ ਦਾ ਧੰਨਵਾਦ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਆਮ ਆਦਮੀ ਪਾਰਟੀ ਦੇ ਦੋ ਜੁਝਾਰੂ ਸਾਥੀ ਸਰਬਜੀਤ ਸਿੰਘ ਹੈਪੀ ਭੁੱਲਰ ਤੇ ਚਰਨਜੀਤ ਸਿੰਘ ਧਾਲੀਵਾਲ ਨੂੰ ਜ਼ੋਨਲ ਮੀਡੀਆ ਸੈਕਟਰੀ



ਲਾਉਣ 'ਤੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕੀਤਾ। ਹਲਕਾ ਵਿਧਾਇਕ ਕਾਕਾ ਬਰਾੜ ਨੇ ਆਖਿਆ ਕਿ ਪਾਰਟੀ ਦੇ ਮੁੱਢ ਤੋਂ ਸਾਥੀ ਸਰਬਜੀਤ ਸਿੰਘ ਹੈਪੀ ਭੁੱਲਰ ਨੂੰ ਮਾਲਵਾ ਵੈਸਟ ਤੇ ਚਰਨਜੀਤ ਸਿੰਘ ਧਾਲੀਵਾਲ ਨੂੰ ਮਾਲਵਾ ਈਸਟ ਦਾ ਜ਼ੋਨਲ ਮੀਡੀਆ ਸੈਕਟਰੀ ਲਾਇਆ ਗਿਆ, ਜੋ ਬੇਹੱਦ ਸ਼ਲਾਘਾਯੋਗ ਉਪਰਾਲਾ ਹੈ।ਉਨ੍ਹਾਂ ਦੋ ਸਾਥੀਆਂ ਨੂੰ ਮਿਲੀ ਜ਼ਿੰਮੇਵਾਰੀ ਲਈ ਸਮੁੱਚੀ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ।

## ਮਲੂਕਾ ਦੇ ਸਿਰ ਸਜਿਆ ਮੀਤ ਪ੍ਰਧਾਨ ਦਾ ਤਾਜ

**ਬਠਿੰਡਾ (ਰਾਜੀਵ ਗੋਇਲ)**- ਸ਼੍ਰੋਮਣੀ ਅਕਾਲੀ ਦਲ ਵੱਲੋਂ ਜਾਰੀ ਕੀਤੀ ਗਈ ਨਵੀਂ ਅਹੁਦੇਦਾਰਾਂ ਦੀ ਸੂਚੀ ਮਤਾਬਿਕ ਸਾਬਕਾ ਵਜ਼ੀਰ ਸਿਕੰਦਰ ਸਿੰਘ ਮਲੂਕਾ ਨੂੰ ਕੋਰ ਕਮੇਟੀ



ਮੈਂਬਰ ਨਿਯੁਕਤ ਕਰਨ ਦੇ ਨਾਲ-ਨਾਲ ਵੱਡੀ ਜੁੰਮੇਵਾਰੀ ਸੌਂਪਦਿਆਂ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਖਬਰ ਨੂੰ ਲੈ ਕੇ ਮਲੂਕਾ ਦੇ ਸਮਰਥਕ ਬਾਗੋਬਾਗ ਹਨ। ਗੱਲਬਾਤ ਕਰਦਿਆਂ ਮਲੂਕਾ ਨੇ ਪਾਰਟੀ ਵੱਲੋਂ ਦਿੱਤੀ ਜੁੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਦਾ ਵਾਅਦਾ ਕੀਤਾ ਗਿਆ। ਇਸ ਮੌਕੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਸਾ. ਚੇਅਰਮੈਨ ਗਗਨਦੀਪ ਗਰੇਵਾਲ ਅਤੇ ਜਥੇਦਾਰ ਡੂੰਮਣ ਸਿੰਘ ਨੇ ਆਖਿਆ ਕਿ ਮਲੂਕਾ ਬਹੁਤ ਹੀ ਪੁਰਾਣੇ ਅਤੇ ਸਿਰਕੱਢ ਆਗੂ ਹਨ, ਜਿਹਨਾਂ ਦੀ ਅਕਾਲੀ ਦਲ ਨੂੰ ਬਹੁਤ ਵੱਡੀ ਦੇਣ ਹੈ। ਬਹੁਤ ਲੰਮਾ ਸਮਾਂ ਉਹਨਾਂ ਪਾਰਟੀ ਨਾਲ ਯਾਰੀ ਨਿਭਾਈ ਹੈ, ਜਿਸ ਕਾਰਨ ਉਹਨਾਂ ਦਾ ਇਹ ਹੱਕ ਬਣਦਾ ਸੀ। ਇਸ ਮੌਕੇ ਮਨਜੀਤ ਸਿੰਘ ਧੁੰਨਾ, ਰਾਕੇਸ਼ ਕੁਮਾਰ, ਸੁਖਜਿੰਦਰ ਸਿੰਘ, ਹਰਦੇਵ ਸਿੰਘ, ਮਾਸਟਰ ਹੰਸ ਸੋਹੀ, ਦਲਜੀਤ ਸਿੰਘ, ਸੁਖਮੰਦਰ ਸਿੰਘ ਸਮੇਤ ਹੋਰ ਵੀ ਆਗੂ ਹਾਜ਼ਰ ਸਨ।

## ਰਾਜਪੁਰਾ ਡਵੀਜ਼ਨ ਦੇ ਮੇਨ ਗੇਟ 'ਤੇ ਹੜਤਾਲ 'ਚ ਹਿੱਸਾ ਲੈਣ ਉਪਰੰਤ ਕੀਤਾ ਰੋਸ ਪ੍ਰਦਰਸ਼ਨ



**ਰਾਜਪੁਰਾ (ਰਮੇਸ਼ ਕਟਾਰੀਆ)**-ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਡਵੀਜ਼ਨ ਪ੍ਰਧਾਨ ਰਾਜਪੁਰਾ ਦੀ ਅਗਵਾਈ ਵਿੱਚ ਰਾਜਪੁਰਾ ਡਵੀਜ਼ਨ ਦੇ ਮੇਨ ਗੇਟ 'ਤੇ 10 ਕੇਂਦਰੀ ਟਰੇਡ ਅਤੇ ਯੂਨੀਅਨਾਂ ਅਤੇ ਸੰਯੁਕਤ ਕਿਸਾਨ ਮੋਰਚਾ ਵੱਲੋ ਦਿੱਤੇ ਸੱਦੇ 'ਤੇ ਹੜਤਾਲ ਵਿੱਚ ਹਿੱਸਾ ਲੈਣ ਉਪਰੰਤ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਵਿਚ ਵਿਸ਼ੇਸ਼ ਤੌਰ 'ਤੇ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ, ਸਰਕਲ ਪਟਿਆਲਾ ਦੇ ਪ੍ਰਧਾਨ ਦੱਖਣ ਜ਼ੋਨ ਕਨਵੀਨਰ ਗੁਰਦਿਆਲ ਸਿੰਘ ਬੱਬੂ ਹਾਜ਼ਰ ਹੋਏ। ਹਰਭਜਨ ਸਿੰਘ ਪਿਲਖਣੀ ਨੇ ਕਿਹਾ ਕਿ ਸਰਕਾਰ ਦੀਆਂ ਮਜ਼ਦੂਰ, ਮੁਲਾਜ਼ਮ, ਕਿਸਾਨ ਵਿਰੋਧੀ ਅਤੇ ਰਾਸ਼ਟਰ ਵਿਰੋਧੀ ਕਾਰਪੋਰੇਟ ਨੀਤੀਆਂ ਦੇ ਵਿਰੋਧ ਵਿੱਚ ਭਾਰਤ ਬੰਦ ਕੀਤਾ ਹੈ।ਮਜ਼ਦੂਰਾਂ, ਮੁਲਾਜ਼ਮਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਵਾਲੇ ਕਾਨੂੰਨਾਂ ਨੂੰ ਧਨਾਢ ਲੋਕਾਂ ਦੇ ਹੱਕ ਵਿੱਚ ਚਾਰ ਕਾਨੂੰਨ ਬਣਾਉਣ ਲਈ ਪੱਬਾਂ ਭਾਰ ਹੋਏ ਹਨ। ਇਸ ਦੇਸ਼ ਵਿਆਪੀ ਹੜਤਾਲ ਨਾਲ ਐਲ ਆਈ ਸੀ, ਬੈਂਕ, ਜਹਾਜ਼ ਅਤੇ ਹੋਰ ਸੇਵਾਵਾਂ ਵੀ ਪ੍ਰਭਵਿਤ ਹੋਈਆਂ। ਇਸ ਹੜਤਾਲ 'ਚ 25 ਕਰੋੜ ਤੋਂ ਵੱਧ ਕਿਰਤੀਆਂ ਅਤੇ ਮਜ਼ਦੂਰਾਂ ਨੇ ਹਿੱਸਾ ਲਿਆ। ਸਰਕਾਰ ਨੂੰ ਚੇਤਾਵਨੀ ਦਿਤੀ ਗਈ ਕਿ ਜੇਕਰ ਮਜ਼ਦੂਰਾਂ ਮੁਲਾਜ਼ਮਾਂ ਕਿਸਾਨਾਂ ਦੇ ਮਸਲੇ ਤੁਰੰਤ ਹੱਲ ਨਾ ਕੀਤੇ ਗਏ ਤਾਂ ਜਥੇਬੰਦੀਆਂ ਹੋਰ ਵੱਡਾ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ। ਇਸ ਪ੍ਰਦਰਸ਼ਨ ਵਿੱਚ ਪੈਨਸ਼ਨਰ ਯੂਨੀਅਨ ਪੰਜਾਬ ਡਵੀਜ਼ਨ ਪ੍ਰਧਾਨ ਸਾਥੀ ਰਾਮ ਰਤਨ, ਸਾਥੀ ਸ਼ਾਮ ਸੁੰਦਰ, ਡਵੀਜ਼ਨ ਰਾਜਪੁਰਾ ਤੋਂ ਸਾਥੀ ਜਗਜੀਤ ਸਿੰਘ, ਸਾਥੀ ਹਰਦੀਪ ਸਿੰਘ, ਸਾਥੀ ਸਤਨਾਮ ਸਿੰਘ, ਸਾਥੀ ਨਰਿੰਦਰ ਅਤੇ ਹੋਰ ਆਗੂਆਂ ਨੇ ਹਿੱਸਾ ਲਿਆ।

## ਪਟਾਕਾ ਫੈਕਟਰੀ ਹਾਦਸੇ ਦੇ ਪੀੜਤਾਂ ਨੂੰ ਮੁਆਵਜ਼ੇ ਲਈ ਅਰਜ਼ੀਆਂ ਜਮ੍ਹਾਂ ਕਰਾਉਣ ਦੀ ਅਪੀਲ

**ਮਲੋਟ/ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਓਮ ਪ੍ਰਕਾਸ਼ ਸ਼ੇਖੂ)** ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼ ਨੇ ਦੱਸਿਆ ਕਿ 30 ਮਈ ਨੂੰ ਜ਼ਿਲ੍ਹੇ ਦੇ ਮਲੋਟ ਹਲਕੇ ਦੇ ਪਿੰਡ ਫ਼ਤੂਹੀਵਾਲਾ ਵਿਖੇ ਪਟਾਕਾ ਫੈਕਟਰੀ ਵਿੱਚ ਹੋਏ ਹਾਦਸੇ ਦੌਰਾਨ 5 ਵਿਅਕਤੀਆਂ ਦੀ ਮੌਤ ਹੋਈ ਸੀ ਤੇ 44 ਵਿਅਕਤੀ ਜ਼ਖ਼ਮੀ ਹੋਏ ਸਨ।ਹਾਦਸੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਰਾਹਤ ਫੰਡ 'ਚੋਂ ਮ੍ਰਿਤਕ ਵਿਅਕਤੀਆਂ ਨੂੰ 2-2 ਲੱਖ ਰੁਪਏ ਤੇ ਜ਼ਖ਼ਮੀ ਵਿਅਕਤੀਆਂ ਨੂੰ 50-50 ਹਜ਼ਾਰ ਰੁਪਏ ਜਾਰੀ ਕੀਤੇ ਗਏ ਸਨ, ਜੋ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਬੰਧਤ ਵਿਅਕਤੀਆਂ ਨੂੰ ਤਕਸੀਮ ਕੀਤੇ ਜਾ ਚੁੱਕੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 'ਦਾ ਪਬਲਿਕ ਲਾਇਬਿਲਟੀ ਇੰਸ਼ੋਰੈਂਸ ਐਕਟ, 1991' ਐਕਟ ਦੇ ਤਹਿਤ ਵੀ ਪਟਾਕਾ ਫੈਕਟਰੀ ਹਾਦਸੇ ਦੌਰਾਨ ਮ੍ਰਿਤਕਾਂ ਦੇ ਵਾਰਿਸ ਤੇ ਜ਼ਖ਼ਮੀ ਵਿਅਕਤੀ ਮੁਆਵਜ਼ਾ/ਰਾਹਤ ਫੰਡ ਲੈ ਸਕਦੇ ਹਨ।ਇਸ ਲਈ ਐਕਟ ਤਹਿਤ ਬਣਦਾ ਮੁਆਵਜ਼ਾ ਲੈਣ ਲਈ ਮ੍ਰਿਤਕ ਮਜ਼ਦੂਰਾਂ ਦੇ ਵਾਰਸ ਤੇ ਜ਼ਖ਼ਮੀ ਵਿਅਕਤੀ ਆਪਣੀਆਂ ਅਰਜ਼ੀਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਕੁਲੈਕਟਰ ਦੀ ਅਦਾਲਤ 'ਚ ਦਾਇਰ ਕਰ ਸਕਦੇ ਹਨ।

## ਆਲ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪੈਨਸ਼ਨਰਾਂ ਵੱਲੋਂ ਡੀ ਸੀ ਕੰਪਲੈਕਸ ਦੇ ਬਾਹਰ ਜਨਰਲ ਇਜਲਾਸ

**ਸੰਗਰੂਰ (ਪ੍ਰਵੀਨ ਸਿੰਘ)**- ਆਲ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਸੰਗਰੂਰ ਦੇ ਵੱਖ-ਵੱਖ ਵਿਭਾਗਾਂ ਦੇ ਪੈਨਸ਼ਨਰਾਂ ਵੱਲੋਂ ਸਰਪ੍ਰਸਤ ਜਗਦੀਸ ਸ਼ਰਮਾ, ਪ੍ਰਧਾਨ ਸੁਰਿੰਦਰ ਬਾਲੀਆਂ, ਜਨਰਲ ਸਕੱਤਰ ਬਲਵੰਤ ਢਿੱਲੋਂ ਦੀ ਅਗਵਾਈ ਵਿੱਚ ਡੀ.ਸੀ. ਕੰਪਲੈਕਸ ਸੰਗਰੂਰ ਦੇ ਬਾਹਰ ਜਨਰਲ ਇਜਲਾਸ ਕੀਤਾ ਗਿਆ। ਇਸ ਸਮਾਗਮ ਵਿੱਚ ਮਾਨਯੋਗ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਵੱਲੋਂ ਸ਼ਮੂਲੀਅਤ ਕੀਤੀ ਗਈ। ਖਚਾਖਚ ਭਰੇ ਪੰਡਾਲ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੈਨਸ਼ਨਰਾਂ ਵੱਲੋਂ ਪੰਜਾਬ ਦੇ ਵਿਕਾਸ, ਪ੍ਰਸ਼ਾਸਕੀ ਪ੍ਰਬੰਧ ਅਤੇ ਭਲਾਈ ਦੇ ਕੰਮਾਂ ਵਿੱਚ ਜ਼ਿੰਦਗੀ ਦਾ ਬੇਹਤਰੀਨ ਸਮਾਂ ਸੇਵਾ ਵਿੱਚ ਲਾ ਕੇ ਵੱਡਾ ਹਿੱਸਾ ਪਾਇਆ ਹੈ। ਬਜ਼ੁਰਗ ਸੀਨੀਅਰ ਸਿਟੀਜ਼ਨ ਸਮਾਜ ਦਾ ਸਰਮਾਇਆ ਹਨ। ਇਨ੍ਹਾਂ ਦੀ ਸੁਰੱਖਿਆ/ਦੇਖ-ਭਾਲ ਅਤੇ ਸਾਂਭ-ਸੰਭਾਲ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ। ਪੈਨਸ਼ਨਰ ਵਡੇਰੀ ਉਮਰੇ ਵੀ ਧਾਰਮਿਕ, ਸਮਾਜਿਕ ਗਤੀਵਿਧੀਆਂ ਜਾਰੀ ਰੱਖ ਰਹੇ ਹਨ ਕਹਿ ਕੇ ਖੁਸ਼ੀ ਮਹਿਸੂਸ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਸਰਪ੍ਰਸਤ ਜਗਦੀਸ ਸ਼ਰਮਾ, ਪ੍ਰਧਾਨ ਸੁਰਿੰਦਰ ਬਾਲੀਆਂ ਨੇ ਪੈਨਸ਼ਨਰ ਮੰਗਾਂ 'ਤੇ ਚਰਚਾ ਕਰਨ ਉਪਰੰਤ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਲਿਆਂਦਾ ਕਿ ਪੈਨਸ਼ਨਰਾਂ ਨੂੰ ਬੈਂਕਾਂ/ਹਸਪਤਾਲਾਂ/ ਖਜ਼ਾਨੇ ਅਤੇ ਸਰਕਾਰੀ ਅਦਾਰਿਆਂ ਵਿੱਚ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੂਰਨ ਸਤਿਕਾਰ/ਸਹਿਯੋਗ ਅਤੇ ਕੰਮ ਨਹੀਂ ਕੀਤਾ ਜਾਂਦਾ। ਜਿਸ ਬਾਰੇ ਡਿਪਟੀ ਕਮਿਸ਼ਨਰ ਵੱਲੋਂ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਪੱਤਰ ਲਿਖ ਕੇ ਪੂਰਨ ਸਤਿਕਾਰ/ਸਹਿਯੋਗ ਅਤੇ ਕੰਮ ਨੂੰ ਪਹਿਲ ਦੇ ਅਧਾਰ ਤੇ ਕਰਨ ਲਈ ਹਦਾਇਤਾਂ ਜਾਰੀ ਕਰਨ ਦਾ ਵਿਸ਼ਵਾਸ ਦਿੱਤਾ। ਇਸ ਮੌਕੇ ਮੇਲਾ ਸਿੰਘ, ਪ੍ਰਿਤਪਾਲ ਸਿੰਘ, ਹਰਦੀਪ ਸਿੰਘ, ਬਾਲ ਕਿਸ਼ਨ ਚੋਹਾਨ ਨੇ ਵੀ ਸੰਬੋਧਨ ਕੀਤਾ। ਸਰਕਾਰ ਨੂੰ ਪੈਨਸ਼ਨਰ ਮੰਗਾਂ ਪ੍ਰਵਾਨ ਕਰਨ ਲਈ ਅਪੀਲ ਕੀਤੀ। ਇਸ ਮਹੀਨੇ ਜਨਮੇ ਪੈਨਸ਼ਨਰਾਂ ਦੇ ਜਨਮ ਦਿਨ ਮਨਾ ਕੇ ਸਨਮਾਨਤ ਕੀਤਾ, ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕੀਤੀ। ਐਸੋ.ਵੱਲੋਂ ਡਿਪਟੀ ਕਮਿਸ਼ਨਰ ਸਾਹਿਬ ਨੂੰ ਮੋਮੈਂਟੋ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਬਿੱਕਰ ਸਿੰਘ ਸਿਬੀਆਂ, ਮੋਹਨ ਸਿੰਘ ਬਾਵਾ, ਰਾਮ ਲਾਲ ਸਰਮਾਂ, ਜੈ ਸਿੰਘ, ਕੁਲਵੰਤ ਸਿੰਘ, ਭਰਤਰੀ ਸ਼ਰਮਾ, ਅਜਮੇਰ ਸਿੰਘ, ਜਸਪਾਲ ਭੱਟੀ, ਦਰਸ਼ਨ ਸਿੰਘ, ਬਾਲ ਕ੍ਰਿਸ਼ਨ ਮੋਦਗਿੱਲ, ਰਾਜਿੰਦਰ ਕੁਮਾਰ ਆਦਿ ਹਾਜ਼ਰ ਸਨ। ਸਟੇਜ ਦੀ ਭੂਮਿਕਾ ਬਲਵੰਤ ਸਿੰਘ ਢਿੱਲੋਂ ਨੇ ਨਿਭਾਈ।




## ਟਰੱਕ ਯੂਨੀਅਨ ਪ੍ਰਧਾਨ ਬਣਨ 'ਤੇ ਟਿੰਕੂ ਮੱਲਕੇ ਨੂੰ ਵਧਾਈ ਦਿੱਤੀ

**ਬਾਘਾ ਪੁਰਾਣਾ (ਮਨੀ ਸਿੰਗਲਾ)** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੇ ਭਰੋਸੇਯੋਗ ਅੰਤਰਜੀਤ ਸਿੰਘ ਟਿੰਕੂ ਮੱਲਕੇ ਟਰੱਕ ਯੂਨੀਅਨ ਦੇ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਨਗਰ ਕੌਂਸਲ ਦੇ ਪ੍ਰਧਾਨ ਪਵਨ ਗੁਪਤਾ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੋਨੀ ਧਾਲੀਵਾਲ ਵੱਲੋਂ ਪ੍ਰਧਾਨ ਅੰਤਰਜੀਤ ਸਿੰਘ ਟਿੰਕੂ



ਮੱਲਕੇ ਨੂੰ ਵਧਾਈ ਦਿੰਦਿਆਂ ਆਖਿਆ ਕਿ ਅੰਤਰਜੀਤ ਸਿੰਘ ਟਿੰਕੂ ਮੱਲਕੇ ਬਹੁਤ ਹੀ ਮਿਹਨਤੀ ਅਤੇ ਇਮਾਨਦਾਰ ਆਗੂ ਹੈ। ਨਗਰ ਕੌਂਸਲ ਪ੍ਰਧਾਨ ਪਵਨ ਗੁਪਤਾ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੋਨੀ ਧਾਲੀਵਾਲ ਨੇ ਆਖਿਆ ਕਿ ਅੰਤਰਜੀਤ ਸਿੰਘ ਟਿੰਕੂ ਮੱਲਕੇ ਨੂੰ ਟਰੱਕ ਯੂਨੀਅਨ ਬਾਘਾ ਪੁਰਾਣਾ ਦਾ ਪ੍ਰਧਾਨ ਬਣਾਏ ਜਾਣ 'ਤੇ ਹਲਕਾ ਵਿਧਾਇਕ ਸੁਖਾਨੰਦ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੇ ਸਦਕਾਂਗ ਟਿੰਕੂ ਨੂੰ ਅਹਿਮ ਜ਼ਿੰਮੇਵਾਰੀ ਦਿੰਦਿਆਂ ਉਨ੍ਹਾਂ ਵੱਲੋਂ ਪਾਰਟੀ ਪ੍ਰਤੀ ਨਿਭਾਈਆਂ ਗਈ ਨਿਜਸਵਾਰਥ ਸੇਵਾਵਾਂ ਨੂੰ ਦੇਖਦਿਆਂ ਉਨ੍ਹਾਂ ਦੀ ਮਿਹਨਤ ਦਾ ਮੁੱਲ ਮੋੜਿਆ ਹੈ।

## ਕੇਂਦਰ ਤੇ ਪੰਜਾਬ ਸਰਕਾਰ ਦੇ ਖੁਰਾਕ ਮੰਤਰੀ ਦਾ ਸਾੜਿਆ ਪੁਤਲਾ



**ਨਾਭਾ (ਵਰਿੰਦਰ ਵਰਮਾ)**-ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਦੀ ਅਗਵਾਈ ਹੇਠ ਪਟਿਆਲਾ ਗੇਟ ਵਿਖੇ ਕੇਂਦਰ ਸਰਕਾਰ ਦੇ ਖੁਰਾਕ ਮੰਤਰੀ ਪ੍ਰਹਿਲਾਦ ਤੇ ਪੰਜਾਬ ਸਰਕਾਰ ਦੇ ਖੁਰਾਕ ਮੰਤਰੀ ਲਾਲ ਚੰਦ ਕਟਾਰੂਚੱਕ ਦਾ ਪੁਤਲਾ ਫੂਕ ਕੇ ਸਰਕਾਰਾਂ ਖਿਲਾਫ਼ ਰੋਸ ਪ੍ਰਦਰਸ਼ਨ ਕੀਤਾ।ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਨੇ ਕਿਹਾ ਕਿ ਸਿਹਤ ਦੇ ਪੱਖ ਨਾਲ ਖਿਲਵਾੜ ਹੋਣ ਲਈ ਮਿਲਾਵਟਖੋਰੀ ਸਭ ਤੋਂ ਅੱਗੇ ਹੈ। ਕਾਰਨ ਸਪੱਸ਼ਟ ਹੈ ਕਿ ਮਿਲੀਭੁਗਤ ਤੇ ਢਿੱਲੀ ਕਾਰਗੁਜ਼ਾਰੀ ਇਸ ਧੰਦੇ ਨੂੰ ਉਤਸ਼ਾਹਤ ਕਰਦੇ ਹਨ।ਇਸ ਵਿੱਚੋਂ ਭ੍ਰਿਸ਼ਟਾਚਾਰ ਦੀ ਬਦਬੂ ਆਉਂਦੀ ਹੈ।ਮਿਲਾਵਟਖੋਰੀ ਨਾਲ ਮਨੁੱਖੀ ਜੀਵਨ ਨੂੰ ਖਤਰਿਆਂ ਦੀਆਂ ਸੁਰਖੀਆਂ ਰਹਿੰਦੀਆਂ ਹਨ, ਪਰ ਪੁਖਤਾ ਇੰਤਜ਼ਾਮ ਜ਼ੀਰੋ ਹਨ। ਉਨ੍ਹਾਂ ਕਿਹਾ ਕਿ ਬਜ਼ਾਰ 'ਚ ਦਵਾਈਆਂ ਨਾਲ ਪੱਕੇ ਫ਼ਲ, ਸਬਜ਼ੀਆਂ ਜ਼ਹਿਰਾਂ ਵਰਤਾ ਰਹੀਆਂ ਹਨ।ਬੇਮੌਸਮੀ ਚੀਜ਼ਾਂ ਦੀ ਭਰਮਾਰ ਵੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਲੋਕਾਂ ਨੂੰ ਜ਼ਹਿਰ ਰੂਪੀ ਸ਼ਰਾਬ ਵੀ ਸ਼ੁੱਧ ਨਹੀਂ ਮਿਲਦੀ।ਸ਼ਰਾਬ ਵਿੱਚ ਕੈਪਸੂਲ ਅਤੇ ਕੈਮੀਕਲਾਂ ਦੀ ਮਿਲਾਵਟ ਨਾਲ ਮਨੁੱਖੀ ਜਾਨਾਂ ਨੂੰ ਦੁੱਗਣਾ ਖਤਰਾ ਹੁੰਦਾ ਹੈ।ਪੀਣ ਵਾਲੇ ਪਦਾਰਥਾਂ ਵਿੱਚ ਅਤੇ ਮਿਠਾਈਆਂ ਵਿੱਚ ਮਿਲਾਵਟ ਖੋਰੀ ਬਹੁਤੀ ਵਾਰੀ ਖਾਣ ਸਾਰ ਹੀ ਪਤਾ ਲੱਗ ਜਾਂਦੀ ਹੈ। ਸਹੋਲੀ ਨੇ ਕਿਹਾ ਕਿ ਹਲਕੇ ਵਿੱਚ ਦਿਨ ਪ੍ਰਤੀ ਦਿਨ ਮਿਲਾਵਟਖੋਰਾਂ ਦਾ ਧੰਦਾ ਵਧਦਾ ਜਾ ਰਿਹਾ ਹੈ।ਇਹ ਕਾਰੋਬਾਰ ਕਰਨ ਵਾਲੇ ਲੋਕਾਂ ਦੀ ਸਿਹਤ ਵੱਲ ਧਿਆਨ ਨਾ ਦੇ ਕੇ ਆਪਣੇ ਕੁੱਝ ਰੁਪਈਆਂ ਲਈ ਜੇਬਾਂ ਭਰ ਰਹੇ ਹਨ, ਇਸ ਨਾਲ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਵੀਆਂ ਖਾਦ ਤੇ ਪਸ਼ੂਆਂ ਦੀਆਂ ਦਵਾਈਆਂ ਦੀਆਂ ਫੈਕਟਰੀਆਂ ਖੁੱਲ੍ਹੀਆਂ ਹੋਈਆਂ ਹਨ, ਜੋ ਇਹ ਕਾਰੋਬਾਰ ਕਰਨ ਵਾਲੇ ਗੋਰਖ ਧੰਦਾ ਚਲਾ ਰਹੇ ਹਨ, ਜਿਸ ਨਾਲ ਬੇਜ਼ੁਬਾਨ ਜਾਨਵਰਾਂ ਦੇ ਸਿਹਤ ਨਾਲ ਵੀ ਖਿਲਵਾੜ ਕਰ ਰਹੇ ਹਨ।

## ਬੀ ਐੱਲ ਓਜ਼ ਨੂੰ ਭਾਗੀਦਾਰੀ ਸਰਟੀਫਿਕੇਟ ਦੇ ਕੇ ਕੀਤਾ ਸਨਮਾਨਤ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**- ਭਾਰਤ ਚੋਣ ਕਮਿਸ਼ਨ (ਈ.ਸੀ.ਆਈ) ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਦੀ ਅਗਵਾਈ ਹੇਠ ਰਾਸ਼ਟਰੀ ਸਿਖਲਾਈ ਪ੍ਰੋਗਰਾਮ ਤਹਿਤ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਗੁਰੂਹਰਸਹਾਏ ਦੇ ਬੂਥ ਲੈਵਲ ਅਫਸਰਾਂ (ਬੀ.ਐਲ.ਓਜ਼.) ਨੂੰ ਸਿਖਲਾਈ ਦਿੱਤੀ ਗਈ।ਚੋਣ ਤਹਿਸੀਲਦਾਰ ਅਮਨਦੀਪ ਸਿੰਘ ਗਰਚਾ ਨੇ ਦੱਸਿਆ ਕਿ ਇਹ ਟ੍ਰੇਨਿੰਗ ਪ੍ਰੋਗਰਾਮ ਵਿਧਾਨ ਸਭਾ ਚੋਣ ਹਲਕਾ 78- ਗੁਰੂ ਹਰਸਹਾਏ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ, ਗੁਰੂਹਰਸਹਾਏ ਵਿਖੇ ਬੀ.ਐਲ.ਓਜ਼ ਲਈ ਆਯੋਜਤ ਕੀਤਾ ਗਿਆ।ਸਿਖਲਾਈ ਸੈਸ਼ਨ ਬੈਚਾਂ ਵਿੱਚ ਆਯੋਜਤ ਕੀਤਾ ਗਿਆ।ਸਿਖਲਾਈ ਸੈਸ਼ਨ ਐਸ.ਡੀ.ਐਮ.-ਕਮ-ਈ.ਆਰ.ਓ 78- ਗੁਰੂ ਹਰਸਹਾਏ ਉਦੇ ਦੀਪ ਸਿੰਘ ਦੀ ਨਿਗਰਾਨੀ ਹੇਠ ਆਯੋਜਤ ਕੀਤੇ ਗਏ ਤੇ ਸਿਖਲਾਈ ਮਾਸਟਰ ਟ੍ਰੇਨਰਾਂ ਦੁਆਰਾ ਦਿੱਤੀ ਗਈ।ਸਿਖਲਾਈ ਸੈਸ਼ਨ ਦੌਰਾਨ ਬੀ.ਐਲ.ਓਜ਼ ਨੂੰ ਵੋਟਰ ਸੂਚੀਆਂ ਅਪਡੇਟ ਕਰਨ, ਘਰ-ਘਰ ਜਾ ਕੇ ਤਸਦੀਕ ਕਰਨ, ਵੋਟਰ ਪਛਾਣ ਤੇ ਡਿਜ਼ੀਟਲ ਤਕਨਾਲੋਜੀ ਦੀ ਵਰਤੋਂ ਤੇ ਚੋਣ ਪ੍ਰਕਿਰਿਆ ਦੌਰਾਨ ਭਰੇ ਜਾਣ ਵਾਲੇ ਵੱਖ-ਵੱਖ ਫਾਰਮਾਂ ਬਾਰੇ ਜਾਣੂ ਕਰਾਇਆ ਗਿਆ।ਉਨ੍ਹਾਂ ਨੂੰ ਬੀ.ਐਲ.ਓ. ਐਪ ਤੇ ਵੋਟਰ ਹੈਲਪਲਾਈਨ ਮੋਬਾਈਲ ਐਪਲੀਕੇਸ਼ਨ ਦੇ ਕੰਮਕਾਜ ਬਾਰੇ ਵੀ ਜਾਣਕਾਰੀ ਦਿੱਤੀ ਗਈ।ਟ੍ਰੇਨਿੰਗ ਪੂਰੀ ਹੋਣ ਤੋਂ ਬਾਅਦ ਮੁਲਾਂਕਣ ਟੈੱਸਟ ਲਿਆ ਗਿਆ ਤੇ ਟ੍ਰੇਨਿੰਗ 'ਚ ਸ਼ਾਮਲ ਹੋਣ ਵਾਲੇ ਸਾਰੇ ਬੀ.ਐਲ.ਓਜ਼ ਨੂੰ ਭਾਗੀਦਾਰੀ ਦਾ ਸਰਟੀਫ਼ਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

## ਡੈਮੋਕ੍ਰੇਟਿਕ ਟੀਚਰਜ਼ ਫਰੰਟ ਵੱਲੋਂ ਵਿੱਤੀ ਪਾਬੰਦੀਆਂ ਖਿਲਾਫ਼ ਖਜ਼ਾਨਾ ਦਫਤਰ ਅੱਗੇ ਪ੍ਰਦਰਸ਼ਨ

**ਮਾਨਸਾ (ਆਤਮਾ ਸਿੰਘ ਪਮਾਰ)** ਪੰਜਾਬ ਸਰਕਾਰ ਵੱਲੋਂ ਸੂਬੇ 'ਚ ਲਾਈ ਗਈ ਅਣਐਲਾਨੀ ਵਿੱਤੀ ਐਮਰਜੈਂਸੀ ਖ਼ਿਲਾਫ਼ ਅਧਿਆਪਕ ਵਰਗ ਦਾ ਤਿੱਖਾ ਰੋਹ ਉਸ ਸਮੇਂ



ਦੇਖਣ ਦੇਖਣ ਨੂੰ ਮਿਲਿਆ, ਜਦੋਂ ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਕਰਮਜੀਤ ਤਾਮਕੋਟ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਅਨੂਪਗੜ੍ਹ ਦੀ ਅਗਵਾਈ ਹੇਠ ਜ਼ਿਲ੍ਹਾ ਖਜ਼ਾਨਾ ਦਫ਼ਤਰ ਵਿਖੇ ਵੱਡੀ ਗਿਣਤੀ 'ਚ ਪੁੱਜੇ ਅਧਿਆਪਕਾਂ ਵੱਲੋਂ ਸਰਕਾਰ ਖ਼ਿਲਾਫ਼ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ। ਜਥੇਬੰਦੀ ਦੇ ਸੀਨੀਅਰ ਆਗੂਆਂ ਗੁਰਤੇਜ ਉਭਾ, ਰਾਜਵਿੰਦਰ ਬੈਹਣੀਵਾਲ ਅਤੇ ਗੁਰਪ੍ਰੀਤ ਭੀਖੀ ਨੇ ਦੱਸਿਆ ਕਿ ਪਿਛਲੇ ਕਈ ਮਹੀਨਿਆਂ ਤੋਂ ਜ਼ੁਬਾਨੀ ਹੁਕਮਾਂ ਰਾਹੀਂ ਤਨਖਾਹਾਂ ਰੋਕ ਦਿੱਤੀਆਂ ਜਾਂਦੀਆਂ ਹਨ। ਇਸ ਵਾਰ ਵੀ ਜੂਨ ਮਹੀਨੇ ਦੀ ਤਨਖਾਹ ਕਈ ਜ਼ਿਲ੍ਹਿਆਂ ਵਿੱਚ ਰੋਕੀ ਹੋਈ ਹੈ।ਇਸ ਤੋਂ ਬਿਨਾਂ ਕੋਈ ਵੀ ਬਕਾਇਆ ਪੰਜਾਬ ਸਰਕਾਰ ਵੱਲੋਂ ਜਾਰੀ ਨਹੀਂ ਕੀਤਾ ਗਿਆ। ਅਧਿਆਪਕ ਆਗੂਆਂ ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਬੋਹਾ, ਚਰਨਪਾਲ ਸਿੰਘ, ਸੁਖਚੈਨ ਸੇਖੋਂ ਨੇ ਦੱਸਿਆ ਕਿ ਅਧਿਆਪਕਾਂ ਦੇ ਮੈਡੀਕਲ ਪ੍ਰਤੀਪੂਰਤੀ ਬਿੱਲ, ਜੀ.ਪੀ.ਐਫ਼, ਐਡਵਾਂਸ ਤੇ ਫਾਈਨਲ ਅਦਾਇਗੀ ਦੇ ਬਿੱਲ 5178 ਤੇ 4161 ਅਧਿਆਪਕਾਂ ਦੇ ਬਕਾਇਆ ਰਾਸ਼ੀਆਂ ਤੇ ਜ਼ਬਾਨੀ ਰੋਕਾਂ ਲਾ ਕੇ ਅਧਿਆਪਕਾਂ ਨੂੰ ਖੱਜਲ ਖੁਆਰ ਕੀਤਾ ਜਾ ਰਿਹਾ ਹੈ। ਰੋਸ ਧਰਨੇ ਨੂੰ ਸੰਬੋਧਨ ਕਰਦਿਆਂ ਅਧਿਆਪਕ ਆਗੂ ਦਰਸ਼ਨ ਅਲੀਸ਼ੇਰ, ਨਵੀਨ ਬੋਹਾ,ਮੱਘਰ ਸਿੰਘ ਨੇ ਮੰਗ ਕੀਤੀ ਕਿ ਖ਼ਜ਼ਾਨਾ ਦਫ਼ਤਰਾਂ 'ਤੇ ਥੋਪੀਆਂ ਹਰ ਤਰ੍ਹਾਂ ਦੀਆਂ ਪਾਬੰਦੀਆਂ ਤੁਰੰਤ ਖ਼ਤਮ ਕੀਤੀਆਂ ਜਾਣ।ਸੇਵਾਮੁਕਤ ਹੋਣ ਵਾਲੇ ਅਧਿਆਪਕਾਂ ਦੇ ਹਰ ਤਰ੍ਹਾਂ ਦੇ ਬਕਾਇਆ ਦੀ ਅਦਾਇਗੀ 15 ਦਿਨਾਂ ਵਿੱਚ ਕੀਤੀ ਜਾਵੇ।ਐਕਸ ਗਰੇਸ਼ੀਆ ਜਾਰੀ ਕਰਨ ਵਿੱਚ ਕਿਸੇ ਤਰ੍ਹਾਂ ਦੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੇ ਕੇਂਦਰੀ ਤਨਖਾਹ ਕਮਿਸ਼ਨ ਦੀ ਆੜ ਹੇਠ ਤਨਖਾਹ ਕਟੌਤੀ ਰੱਦ ਕੀਤੀ ਜਾਵੇ।ਪੇਂਡੂ ਭੱਤੇ ਸਮੇਤ ਕੱਟੇ ਹੋਏ 37 ਤਰ੍ਹਾਂ ਦੇ ਭੱਤਿਆਂ ਨੂੰ ਮੁੜ ਬਹਾਲ ਕੀਤਾ ਜਾਵੇ। ਰੋਸ ਪ੍ਰਦਰਸ਼ਨ ਉਪਰੰਤ ਵਿੱਤ ਮੰਤਰੀ ਪੰਜਾਬ ਦੇ ਨਾਂਅ ਜ਼ਿਲ੍ਹਾ ਖਜ਼ਾਨਾ ਅਫ਼ਸਰ ਮਾਨਸਾ ਰਾਹੀਂ ਇੱਕ ਮੰਗ ਪੱਤਰ ਵੀ ਭੇਜਿਆ ਗਿਆ।ਰੋਸ ਪ੍ਰਦਰਸਨ ਵਿੱਚ ਵੱਡੀ ਗਿਣਤੀ ਵਿਚ ਅਧਿਆਪਕ ਆਗੂਆਂ ਅਤੇ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ।

## ਸਰਕਾਰੀ ਮਿਡਲ ਸਕੂਲ ਬੱਤਾ ਵਿਖੇ ਲਗਾਏ 15 ਬੂਟੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਬਰਸਾਤਾਂ ਦੇ ਚੱਲਦਿਆਂ ਸਰਕਾਰੀ ਮਿਡਲ ਸਕੂਲ ਬੱਤਾ ਵਿਖੇ ਐਸ.ਐਮ.ਸੀ. ਦੇ ਚੇਅਰਮੈਨ ਤੇ ਮਿਸ਼ਨ ਲਾਲੀ ਤੇ ਹਰਿਆਲੀ ਦੇ ਆਗੂ ਹਰਮਿੰਦਰ ਸਿੰਘ ਬੱਤਾ, ਸਰਪੰਚ ਅਜੈਬ ਸਿੰਘ, ਮਾਸਟਰ ਮਲਕੀਤ ਸਿੰਘ, ਬਲਬੀਰ ਸਿੰਘ, ਸੁਖਵਿੰਦਰ ਸਿੰਘ, ਸਕੂਲ ਸਟਾਫ ਤੇ ਸਮੂਹ ਵਿਦਿਆਰਥੀਆਂ ਨੇ ਰਲ ਮਿਲ ਕੇ ਸਰਕਾਰੀ ਨਰਸਰੀ ਵੱਲੋਂ ਦਿੱਤੇ ਗਏ ਵੱਖ-ਵੱਖ ਕਿਸਮਾਂ ਦੇ 15 ਬੂਟੇ ਲਾਏ ਗਏ। ਚੇਅਰਮੈਨ ਹਰਮਿੰਦਰ ਸਿੰਘ ਬੱਤਾ ਨੇ ਕਿਹਾ ਕਿ ਬਰਸਾਤਾਂ ਵਿੱਚ ਬੂਟੇ ਲਾਉਣ ਨਾਲ ਇਹ ਤੇਜ਼ੀ ਨਾਲ ਵਧਦੇ ਫੁੱਲਦੇ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਬੂਟਿਆਂ ਦੀ ਦੇਖਭਾਲ ਕਰਨ ਲਈ ਵੀ ਪ੍ਰੇਰਿਆ।

## ਜਥੇਦਾਰ ਮਾਹਲਾ ਨੂੰ ਕੋਰ ਕਮੇਟੀ ਤੇ ਬਾਲੀ ਨੂੰ ਵਰਕਿੰਗ ਕਮੇਟੀ ਮੈਂਬਰ ਬਣਾਉਣ 'ਤੇ ਧੰਨਵਾਦ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਯੂਥ ਤੇ ਪੁਰਾਣੇ ਆਗੂ ਗੁਰਦਿੱਤ ਸਿੰਘ ਢਿੱਲੋਂ ਨੇ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ 31 ਮੈਂਬਰੀ ਕੋਰ ਕਮੇਟੀ ਦਾ ਮੈਂਬਰ ਤੇ ਬਾਲ ਕ੍ਰਿਸ਼ਨ ਬਾਲੀ ਨੂੰ ਵਰਕਿੰਗ ਕਮੇਟੀ ਮੈਂਬਰ ਬਣਾਉਣ 'ਤੇ ਪਾਰਟੀ ਦੇ ਫੈਸਲੇ ਦਾ ਸਵਾਗਤ ਕਰਦਿਆਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਦਿਆਂ ਦੋਨੋਂ ਨਵ ਨਿਯੁਕਤ ਆਗੂਆਂ ਨੂੰ ਵਧਾਈ ਦਿੱਤੀ। ਯੂਥ ਆਗੂ ਗੁਰਦਿੱਤ ਸਿੰਘ ਢਿੱਲੋਂ ਨੇ ਆਖਿਆ ਕਿ ਜਥੇ. ਤੀਰਥ ਸਿੰਘ ਮਾਹਲਾ ਪਾਰਟੀ ਦੇ ਬਹੁਤ ਹੀ ਵਫਾਦਾਰ ਤੇ ਮਿਹਨਤੀ ਆਗੂ ਹਨ, ਜਿਨ੍ਹਾਂ ਨੇ ਹਮੇਸ਼ਾ ਪਾਰਟੀ ਦੇ ਨਾਲ ਔਖੇ-ਸੌਖੇ ਨਾਲ ਖੜ ਕੇ ਸਾਥ ਦਿੱਤਾ ਤੇ ਉਨ੍ਹਾਂ ਨੂੰ ਪਾਰਟੀ ਨੂੰ ਜੋ ਵੀ ਸਮੇਂ ਸਮੇਂ 'ਤੇ ਜ਼ਿੰਮੇਵਾਰੀ ਸੌਂਪੀ, ਉਸ ਨੂੰ ਤਨਦੇਹੀ ਨਾਲ ਨਿਭਾਇਆ।ਉਨ੍ਹਾਂ ਆਖਿਆ ਕਿ ਜਥੇਦਾਰ ਮਾਹਲਾ ਇੱਕ ਨਿਧੜਕ ਆਗੂ ਹਨ, ਜਿਨ੍ਹਾਂ ਨੇ ਹਮੇਸ਼ਾ ਆਪਣੇ ਹਲਕੇ ਦੇ ਲੋਕਾਂ ਦੇ ਹੱਕਾਂ ਲਈ ਸਮੇਂ ਦੀਆਂ ਸਰਕਾਰਾਂ ਦੇ ਨਾਲ ਮੱਥਾ ਲਾਇਆ ਤੇ ਹਲਕੇ ਦੇ ਲੋਕਾਂ ਦੇ ਦੁੱਖ-ਸੁੱਖ ਦੇ ਸਾਥੀ ਬਣੇ ਰਹਿੰਦੇ ਹਨ।ਢਿੱਲੋਂ ਨੇ ਪ੍ਰਸਿੱਧ ਉਦਯੋਗਪਤੀ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਅਤੀ ਨਜ਼ਦੀਕੀਆਂ ਵਿੱਚੋਂ ਇੱਕ ਮੰਨੇ ਜਾਂਦੇ ਬਾਲ ਕ੍ਰਿਸ਼ਨ ਬਾਲੀ ਬਾਰੇ ਦੱਸਦਿਆਂ ਆਖਿਆ ਕਿ ਜਦੋਂ ਸੂਬੇ ਦੇ ਅੰਦਰ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੀ ਸਰਕਾਰ ਸੀ ਤਾਂ ਉਸ ਸਮੇਂ ਨਗਰ ਕੌਂਸਲ ਦੇ ਪ੍ਰਧਾਨ ਬਣ ਕੇ ਬਾਲ ਕ੍ਰਿਸ਼ਨ ਬਾਲੀ ਵਲੋਂ ਬਾਘਾ ਪੁਰਾਣਾ ਦਾ ਅਥਾਹ ਵਿਕਾਸ ਕਰਾਇਆ ਗਿਆ, ਜਿਸ ਨੂੰ ਹਲਕਾ ਬਾਘਾ ਪੁਰਾਣਾ ਦੇ ਲੋਕ ਅੱਜ ਵੀ ਯਾਦ ਕਰ ਰਹੇ ਹਨ। ਗੁਰਦਿੱਤ ਸਿੰਘ ਢਿੱਲੋਂ ਨੇ ਆਖਿਆ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਤੇ ਬਾਲ ਕ੍ਰਿਸ਼ਨ ਬਾਲੀ ਨੂੰ ਜੋ ਪਾਰਟੀ ਪ੍ਰਧਾਨ ਵਲੋਂ ਅਹੁਦਿਆਂ ਨਾਲ ਨਿਵਾਜਿਆ ਗਿਆ, ਉਸ ਲਈ ਉਹ ਪਾਰਟੀ ਦਾ ਧੰਨਵਾਦ ਕਰਦੇ ਹਨ।

## ਗਰਭਵਤੀ ਔਰਤਾਂ ਨੂੰ ਸੁਰੱਖਿਅਤ ਜਣੇਪੇ ਸੰਬੰਧੀ ਕੀਤਾ ਜਾਗਰੂਕ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਡਾ. ਪਰਮਜੀਤ ਸਿੰਘ ਬਰਾੜ ਸੀਨੀਅਰ ਮੈਡੀਕਲ ਅਫ਼ਸਰ ਦੀ ਅਗਵਾਈ ਹੇਠ ਸਿਵਲ ਹਸਪਤਾਲ ਦੇ ਜੱਚਾ-ਬੱਚਾ ਵਿਭਾਗ ਵਿਖੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰਤਵ ਅਭਿਆਨ ਤਹਿਤ ਜਾਗਰੂਕਤਾ ਕੈਂਪ ਲਾਇਆ ਗਿਆ। ਡਿਪਟੀ ਮਾਸ ਮੀਡੀਆ ਅਫ਼ਸਰ ਸੁਧੀਰ ਧੀਰ, ਡਾ ਪ੍ਰਭਦੀਪ ਚਾਵਲਾ, ਲਖਵਿੰਦਰ ਕੈਂਥ ਅਤੇ ਆਰ.ਐਮ.ਐਨ.ਸੀ.ਐਚ ਕੌਂਸਲਰ ਲਵਲੀ ਚਾਵਲਾ ਨੇ ਹਾਜ਼ਰ ਗਰਭਵਤੀ ਔਰਤਾਂ ਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਅਭਿਆਨ ਤਹਿਤ ਹਰ ਮਹੀਨੇ ਦੀ 9 ਤੇ 23 ਤਰੀਕ ਨੂੰ ਸਰਕਾਰੀ ਸਿਹਤ ਕੇਂਦਰ ਵਿੱਚ ਗਰਭਵਤੀ ਔਰਤਾਂ ਦੀ ਵਿਸ਼ੇਸ਼ ਜਾਂਚ ਕੀਤੀ ਜਾਂਦੀ ਹੈ। ਉਨ੍ਹਾਂ ਕੇਅਰ ਕੰਪੈਨੀਅਨ ਪ੍ਰੋਗਰਾਮ ਬਾਰੇ ਵਿਸਥਾਰ ਜਾਣਕਾਰੀ ਦਿੰਦਿਆਂ ਲੋਕਾਂ ਨੂੰ ਗਰਭ ਅਵਸਥਾ ਦੌਰਾਨ ਖਤਰੇ ਦੇ ਚਿੰਨ੍ਹਾਂ ਤੇ ਨਿਯਮਤ ਜਾਂਚ ਸਬੰਧੀ ਵਿਸਥਾਰ ਜਾਣਕਾਰੀ ਦਿੱਤੀ। ਉਨ੍ਹਾਂ ਮਾਂ ਦੇ ਦੁੱਧ ਦੀ ਮਹਤਤਾ, ਬੱਚਿਆਂ ਦਾ ਸਹੀ ਵਾਧਾ ਤੇ ਵਿਕਾਸ, ਪਰਵਾਰ ਨਿਯੋਜਨ ਅਤੇ ਬੇਟੀ ਬਚਾਓ-ਬੇਟੀ ਪੜਾਓ ਸਬੰਧੀ ਵੀ ਵਿਸਥਾਰ ਜਾਣਕਾਰੀ ਸਾਂਝੀ ਕੀਤੀ।

## ਦੋਸ਼ਪੂਰਨ ਸਿੱਖਿਆ ਪ੍ਰਣਾਲੀ ਦੀ ਬਦੌਲਤ ਲੱਖਾਂ ਦੀ ਬੇਰੁਜ਼ਗਾਰੀ ਦਾ ਅਜਗਰ ਮੂੰਹ ਅੱਡੀ ਖੜਾ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸਾਡੀ ਦੋਸ਼ਪੂਰਨ ਸਿੱਖਿਆ ਪ੍ਰਣਾਲੀ ਦੀ ਬਦੌਲਤ ਹੀ ਪੜ੍ਹੇ-ਲਿਖੇ ਸਿੱਖਿਅਤ ਤੇ ਅਣਸਿੱਖਿਅਤ ਨੌਜਵਾਨੀ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ ਲੱਖਾਂ ਵਿੱਚ ਹੋ ਗਈ ਹੈ। ਜੇਕਰ ਬੱਚਿਆਂ ਨੂੰ ਸਿੱਖਿਆ ਤੇ ਤਾਲੀਮ ਪ੍ਰਦਾਨ ਕਰਦੇ ਹੋਏ ਸੰਬੰਧਤ ਲੜਕੇ ਤੇ ਲੜਕੀਆਂ ਨੂੰ ਸਿੱਖਿਅਤ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਆਪਣੀ ਸੋਚ ਤੇ ਰੁਚੀ ਅਨੁਸਾਰ ਕੰਮ ਕਰਨ ਵੱਲ ਪ੍ਰੇਰਤ ਕਰਕੇ ਉਨ੍ਹਾਂ ਦੀ ਤਾਲੀਮ ਪੂਰੀ ਹੋਣ 'ਤੇ ਸਵੈਰੁਜ਼ਗਾਰ, ਸਰਕਾਰੀ ਜਾਂ ਪ੍ਰਾਈਵੇਟ ਕੰਮ ਲਈ ਟ੍ਰੇਨਿੰਗ ਦਿੰਦੇ ਹੋਏ ਸਹੀ ਰੁਜ਼ਗਾਰ ਦਾ ਪ੍ਰਬੰਧ ਜੇਕਰ ਅੱਜ ਨਹੀਂ ਹੋ ਸਕਿਆ, ਤਾਂ ਇਹ ਸਰਕਾਰ ਦੀਆਂ ਸਿੱਖਿਆ ਪ੍ਰਤੀ ਨਾਕਾਮੀਆ ਤੇ ਅਸਫ਼ਲਤਾਵਾਂ ਨੂੰ ਜ਼ਾਹਰ ਕਰਦਾ ਹੈ। ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਿੱਖਿਆ ਪ੍ਰਣਾਲੀ ਵਿਚ ਲੰਮੇ ਸਮੇਂ ਤੋਂ ਚੱਲਦੀਆਂ ਆ ਰਹੀਆਂ ਕਮੀਆਂ ਤੇ ਸਹੀ ਦਿਸ਼ਾ ਵੱਲ ਸਿੱਖਿਆ ਨੀਤੀ ਨਾ ਬਣਨ ਨੂੰ ਬੇਰੁਜ਼ਗਾਰੀ ਦਾ ਵੱਡਾ ਕਾਰਨ ਪ੍ਰਤੱਖ ਕਰਦੇ ਹੋਏ ਤੇ ਪੰਜਾਬ ਸਰਕਾਰ ਨੂੰ ਵਧਦੀ ਬੇਰੁਜ਼ਗਾਰੀ ਨੂੰ ਖਤਮ ਕਰਨ ਲਈ ਕੋਈ ਪ੍ਰਭਾਵਸ਼ਾਲੀ ਨੀਤੀ ਬਣਾਉਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਬਹੁਤ ਹੀ ਦੁੱਖ ਵਾਲੀ ਗੱਲ ਹੈ ਕਿ ਸਿੱਖਿਆ ਵਿਭਾਗ ਵਿਚ ਇਸ ਸਮੇਂ 1927 ਪ੍ਰਿੰਸੀਪਲ ਦੀਆਂ ਪੰਜਾਬ ਵਿੱਚ ਅਸਾਮੀਆਂ ਵਿੱਚੋਂ 856 ਅਸਾਮੀਆਂ ਖਾਲੀ ਪਈਆਂ ਹਨ। ਫਿਰ ਇਨ੍ਹਾਂ ਅਸਾਮੀਆਂ ਨੂੰ ਸਹੀ ਸਮੇਂ 'ਤੇ ਨਾ ਭਰਨਾ ਜਾਂ ਪ੍ਰਿੰਸੀਪਲਾਂ ਦੀ ਯੋਗਤਾ ਅਨੁਸਾਰ ਉਨ੍ਹਾਂ ਨੂੰ ਰੁਜ਼ਗਾਰ ਦੇਣ ਦੀ ਜ਼ਿੰਮੇਵਾਰੀ ਨਾ ਨਿਭਾਉਣਾ ਸਰਕਾਰ ਦੀ ਨਲਾਇਕੀ ਨੂੰ ਪ੍ਰਤੱਖ ਕਰਦੀਆਂ ਹਨ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਸਿੱਖਿਆ ਪ੍ਰਣਾਲੀ ਵਿੱਚ ਚੱਲ ਰਹੀਆਂ ਕਮੀਆਂ ਨੂੰ ਪੰਜਾਬ ਸਰਕਾਰ ਦੂਰ ਕਰਕੇ ਪੜ੍ਹੇ-ਲਿਖੇ ਬੱਚੇ-ਬੱਚੀਆਂ ਜੋ ਆਪਣੇ ਮਾਂ-ਬਾਪ ਦੀ ਨੇਕ ਕਮਾਈ ਦਾ ਵੱਡਾ ਖਰਚ ਕਰਕੇ ਰੁਜ਼ਗਾਰ ਪ੍ਰਾਪਤ ਕਰਨ ਲਈ ਵੱਡੀ ਗਿਣਤੀ 'ਚ ਨੌਜਵਾਨ ਨਮੋਸ਼ੀ ਵਿੱਚ ਹਨ, ਉਨ੍ਹਾਂ ਨੂੰ ਰੁਜ਼ਗਾਰ ਦੇਣ ਦਾ ਪ੍ਰਬੰਧ ਕਰਕੇ ਪੰਜਾਬ ਦੀ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨ ਵਿਚ ਆਪਣੀ ਜ਼ਿੰਮੇਵਾਰੀ ਜਿਥੇ ਪੂਰਨ ਕਰੇਗੀ, ਉਥੇ ਸਿੱਖਿਆ ਪ੍ਰਣਾਲੀ ਵਿੱਚ ਤਬਦੀਲੀ ਕਰਕੇ ਸਮੇਂ ਦੇ ਹਾਣ ਦਾ ਬਣਾਉਣ ਦੀ ਜ਼ਿੰਮੇਵਾਰੀ ਵੀ ਨਿਭਾਏਗੀ ।

## ਕੋਹਲੀ ਪਰਵਾਰ ਨੇ 58 ਸਾਲ ਲਗਾਤਾਰ ਲੋਕਾਂ ਦੀ ਸੇਵਾ ਕਰਕੇ ਇੱਕ ਵੱਖਰੀ ਮਿਸਾਲ ਬਣਾਈ : ਅਮਨ ਅਰੋੜਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਤੋਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੇ ਪਿਤਾ ਤੇ ਸਾਬਕਾ ਮੰਤਰੀ ਸਵਰਗੀ ਸੁਰਜੀਤ ਸਿੰਘ ਕੋਹਲੀ ਦੀ ਪਹਿਲੀ ਬਰਸੀ ਮੌਕੇ ਵੱਖ-ਵੱਖ ਬੁਲਾਰਿਆਂ ਨੇ ਕੋਹਲੀ ਪਰਵਾਰ ਦੀ 58 ਸਾਲਾਂ ਦੀ ਪੰਥ, ਪੰਜਾਬ ਅਤੇ ਸਮਾਜ ਸੇਵਾ ਸਮੇਤ ਪਟਿਆਲਾ ਸ਼ਹਿਰ ਨੂੰ ਦੇਣ ਦੀ ਸ਼ਲਾਘਾ ਕੀਤੀ। ਇੱਥੇ ਗੁਰਦੁਆਰਾ ਸਿੰਘ ਸਭਾ ਵਿਖੇ ਕਰਵਾਏ ਸਮਾਗਮ ਮੌਕੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਪਟਿਆਲਾ ਵੱਸੇ ਕੋਹਲੀ ਰਵਾਰ ਨੇ ਤਿੰਨ ਪੀੜ੍ਹੀਆਂ ਤੋਂ ਲਗਾਤਾਰ 58 ਸਾਲ ਇੱਕੋ ਥਾਂ 'ਤੇ ਲੋਕ ਸੇਵਾ ਕਰਕੇ ਇੱਕ ਵੱਖਰੀ ਮਿਸਾਲ ਕਾਇਮ ਕੀਤੀ ਹੈ। ਅਮਨ ਅਰੋੜਾ ਨੇ ਸੁਰਜੀਤ ਸਿੰਘ ਦੀ ਪਹਿਲੀ ਬਰਸੀ ਮੌਕੇ ਪੁੱਜੀ ਸਮੁੱਚੀ ਸੰਗਤ, ਧਾਰਮਿਕ, ਸਿਆਸੀ ਤੇ ਸਮਾਜਿਕ ਸ਼ਖ਼ਸੀਅਤਾਂ ਦਾ ਕੋਹਲੀ ਪਰਵਾਰ ਵੱਲੋਂ ਧੰਨਵਾਦ ਕਰਦਿਆਂ ਕਿਹਾ ਕਿ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਵੀ ਆਪਣੀ ਪਿਤਾ ਪੁਰਖੀ ਵਿਰਾਸਤ ਨੂੰ ਅੱਗੇ ਤੋਰਦਿਆਂ ਹਮੇਸ਼ਾ ਹੀ ਲੋਕਾਂ ਦੀ ਗੱਲ ਕੀਤੀ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸਵਰਗੀ ਸੁਰਜੀਤ ਸਿੰਘ ਕੋਹਲੀ ਨੇ ਆਪਣੇ ਬੱਚਿਆਂ ਨੂੰ ਗੁਰੂ ਦੀ ਸਿੱਖਿਆ, ਸਮਾਜ ਦੀ ਭਲਾਈ ਤੇ ਲੋਕ ਸੇਵਾ ਦੇ ਦਰਸਾਏ ਰਸਤੇ 'ਤੇ ਚੱਲਣ ਦੀ ਚੰਗੀ ਸੇਧ ਦਿੱਤੀ ਸੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਵਧਾਇਕ ਚੇਤਨ ਸਿੰਘ ਜੌੜਾਮਾਜਰਾ, ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਵੀ ਸੰਬੋਧਨ ਕੀਤਾ। ਇਸ ਦੌਰਾਨ ਕੋਹਲੀ ਪਰਵਾਰ ਦੇ ਘਰ ਪੁੱਜਣ ਵਾਲਿਆਂ 'ਚ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਤੋਂ ਇਲਾਵਾ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਚੇਅਰਮੈਨ ਡਾ. ਸੰਨੀ ਆਹਲੂਵਾਲੀਆ, ਪੀ.ਆਰ.ਟੀ.ਸੀ. ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਆਪ ਸ਼ਹਿਰੀ ਪ੍ਰਧਾਨ ਤੇਜਿੰਦਰ ਮਹਿਤਾ, ਹਰਿਆਣਾ ਦੇ ਮੁੱਖ ਮੰਤਰੀ ਦੇ ਓ ਐਸ ਡੀ ਡਾ. ਪ੍ਰਭਲੀਨ ਸਿੰਘ, ਕਰਨਵੀਰ ਸਿੰਘ ਟਿਵਾਣਾ ਆਦਿ ਹਾਜ਼ਰ ਸਨ।

11-Junly-PAGE-11-Majha-25-C-Final.qxd 7/10/2025 10:37 PM Page 1



# ਜ਼ਿਲਾ ਪ੍ਰਸ਼ਾਸਨ ਨੇ ਨਸ਼ਾ ਸਮੱਗਲਰ ਦਾ ਘਰ ਢਾਹਿਆ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**--ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖਿਲਾਫ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਨੂੰ ਅੱਗੇ ਤੋਰਦੇ ਜ਼ਿਲ੍ਹਾ ਪ੍ਰਸ਼ਾਸਨ ਨੇ ਨਸ਼ਾ ਸਮੱਗਲਰ ਸੌਰਵ ਪ੍ਰਤਾਪ ਉਰਫ ਸੰਨੀ ਪੁੱਤਰ ਨੰਦ ਕਿਸ਼ੋਰ, ਵਾਸੀ ਗਲੀ ਨੰਬਰ 01, ਹਰਗੋਬਿੰਦ ਐਵੀਨਿਊ ਛੇਹਰਟਾ ਅੰਮ੍ਰਿਤਸਰ, ਜਿਸ ਖਿਲਾਫ ਐਨ.ਡੀ.ਪੀ.ਐਸ ਐਕਟ, ਅਸਲਾ ਐਕਟ ਅਧੀਨ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿੱਚ 25 ਦੇ ਕਰੀਬ ਕੇਸ ਦਰਜ ਹਨ, ਦਾ ਘਰ ਮਸ਼ੀਨਾਂ ਦੀ ਮਦਦ ਨਾਲ ਮਲੀਆਮੇਟ ਕਰ ਦਿੱਤਾ। ਇਸ ਖਿਲਾਫ ਥਾਣਾ ਇਸਲਾਮਾਬਾਦ, ਅੰਮ੍ਰਿਤਸਰ ਵਿਖੇ ਦਰਜ ਇਕ ਕੇਸ ਵਿਚ ਇਸ ਦੀ ਬੇਟੀ ਮੁਸਕਾਨ ਅਤੇ ਇਸ ਦੇ ਭਰਾ ਆਦਿੱਤਿਆ ਪ੍ਰਤਾਪ ਨੂੰ ਗ੍ਰਿਫਤਾਰ ਕਰਕੇ ਉਹਨਾਂ ਕੋਲੋਂ 6 ਕਿੱਲੋ ਗ੍ਰਾਮ ਅਫੀਮ, 8 ਕਿੱਲੋ ਗ੍ਰਾਮ ਹੈਰੋਇਨ, 2 ਕਿੱਲੋ ਗ੍ਰਾਮ ਹੈਰੋਇਨ ਤਿਆਰ ਕਰਨ ਵਾਲਾ ਅਤੇ ਮਿਕਦਾਰ ਵਧਾਉਣ ਵਾਲਾ ਕੈਮੀਕਲ ਅਤੇ 1 ਪਿਸਟਲ 9 ਐਮ ਐਮ ਸਮੇਤ 1 ਜ਼ਿੰਦਾ ਰੌਂਦ ਦੀ ਰਿਕਵਰੀ ਕੀਤੀ ਗਈ। ਇਸ ਤੋਂ ਇਲਾਵਾ ਇਸ ਖਿਲਾਫ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਐਨ.ਡੀ.ਪੀ.ਐਸ ਐਕਟ ਅਤੇ ਹੋਰ ਵੱਖ-ਵੱਖ ਧਾਰਾਵਾਂ ਤਹਿਤ 25 ਮੁਕੱਦਮੇ ਦਰਜ ਹਨ। ਸੰਨੀ ਫਿਲਹਾਲ ਭਗੌੜਾ ਹੈ ਅਤੇ ਇਸ ਦੀ ਇੱਕ ਪ੍ਰਾਪਰਟੀ ਗਲੀ ਨੰਬਰ 02, ਅਕਾਸ਼ ਐਵੀਨਿਊ, ਕੋਟ ਖਾਲਸਾ ਥਾਣਾ ਇਸਲਾਮਾਬਾਦ ਇਸਦੀ ਪਤਨੀ ਸੀਤਲ ਪ੍ਰਤਾਪ ਦੇ ਨਾਂਅ ਹੈ, ਜੋ ਅਣਅਧਿਕਾਰਤ ਤੌਰ 'ਤੇ ਬਣਾਈ ਗਈ ਹੈ। ਜਿਸ ਨੂੰ ਮਿਊਂਸੀਪਲ ਕਾਰਪੋਰੇਸ਼ਨ, ਅੰਮ੍ਰਿਤਸਰ ਵੱਲੋਂ ਪੁਲਸ ਦੀ ਮਦਦ ਨਾਲ ਢਾਹ ਦਿੱਤਾ ਗਿਆ। ਇਸ ਤੋਂ ਪਹਿਲਾਂ ਅੰਮ੍ਰਿਤਸਰ ਸ਼ਹਿਰ ਵਿੱਚ ਨਸ਼ਾ ਸਮੱਗਲਰਾਂ ਦੀਆਂ 9 ਜਾਇਦਾਦਾਂ ਢਾਹੀਆਂ ਜਾ ਚੁੱਕੀਆਂ ਹਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਨਸ਼ਾ ਤਸਕਰਾਂ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਸਪੱਸ਼ਟ ਸੰਦੇਸ਼ ਦਿੱਤਾ ਜੋ ਲੋਕ ਸਾਡੇ ਨੌਜਵਾਨਾਂ ਦੀ ਜ਼ਿੰਦਗੀ ਵਿੱਚ ਨਸ਼ਿਆਂ ਰੂਪੀ ਜ਼ਹਿਰ ਘੋਲ ਰਹੇ ਹਨ, ਉਹਨਾਂ ਉੱਤੇ ਕੋਈ ਰਹਿਮ ਨਹੀਂ ਕੀਤਾ ਜਾ ਸਕਦਾ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਵਿਰੁੱਧ ਯੁੱਧ ਨਸ਼ੇ ਦੀ ਸਮਾਪਤੀ ਤੱਕ ਜਾਰੀ ਰਹੇਗਾ।



ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇਸ ਨਸ਼ਾ ਵਿਰੁੱਧ ਮੁਹਿੰਮ ਉੱਤੇ ਨਜ਼ਰ ਰੱਖ ਰਹੇ ਹਨ ਅਤੇ ਪੁਲਸ ਰੋਜ਼ਾਨਾ ਨਸ਼ੇ ਦੀਆਂ ਵੱਡੀਆਂ ਖੇਪਾਂ ਬਰਾਮਦ ਕਰ ਰਹੀ ਹੈ। ਉਹਨਾਂ ਲੋਕਾਂ ਨੂੰ ਇਹ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਦੀ ਜਾਣਕਾਰੀ ਪੁਲਸ ਨਾਲ ਸਾਂਝੀ ਕਰਨ। ਅਸੀਂ ਜਾਣਕਾਰੀ ਦੇਣ ਵਾਲੇ ਦਾ ਨਾਂਅ ਬਿਲਕੁਲ ਗੁਪਤ ਰੱਖ ਕੇ ਐਸੀ ਕਾਰਵਾਈ ਕਰਾਂਗੇ ਕਿ ਨਸ਼ਾ ਤਸਕਰਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਯਾਦ ਰੱਖਣਗੀਆਂ।ਇਸ ਮੌਕੇ ਵਿਸ਼ਾਲਜੀਤ ਸਿੰਘ ਏ ਡੀ ਸੀ ਪੀ ਸਿਟੀ ਵਨ, ਜਸਪਾਲ ਸਿੰਘ ਏ ਸੀ ਪੀ ਕੇਂਦਰੀ ਅੰਮ੍ਰਿਤਸਰ, ਮੁੱਖ ਅਫਸਰ ਥਾਣਾ ਇਸਲਾਮਾਬਾਦ ਇੰਸਪੈਕਟਰ ਜਸਬੀਰ ਸਿੰਘ ਅਤੇ ਹੋਰ ਨਗਰ ਨਿਗਮ ਦੇ ਅਧਿਕਾਰੀ ਹਾਜ਼ਰ ਸਨ।

# ਅੱਧੇ ਅਧੂਰੇ ਮੁੱਲ 'ਤੇ ਹਾਈਵੇਅ ਅਧੀਨ ਆਉਂਦੀਆਂ ਜ਼ਮੀਨਾਂ ਦੇ ਕਬਜ਼ੇ ਨਹੀਂ ਦੇਵਾਂਗੇ : ਕਿਸਾਨ ਆਗੂ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਕੇਂਦਰ ਅਤੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਅਤੇ ਦੇਸ਼ ਵਿਰੋਧੀ ਫੈਸਲਿਆਂ ਖਿਲਾਫ ਟਰੇਡ ਯੂਨੀਅਨਾਂ ਦੇ ਦੇਸ਼ ਵਿਆਪੀ ਹੜਤਾਲ ਦੇ ਸੱਦੇ ਤਹਿਤ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸ੍ਰੀ ਬੁਰਜ ਸਾਹਿਬ ਧਾਰੀਵਾਲ ਦੇ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਅਤੇ ਜਨਰਲ ਸਕੱਤਰ ਸਤਨਾਮ ਸਿੰਘ ਖਾਨਮਲੱਕ ਦੀ ਅਗਵਾਈ ਹੇਠ ਕਿਸਾਨ ਮਜ਼ਦੂਰਾਂ ਨੇ ਪਿੰਡ ਧਾਰੀਵਾਲ ਕਲਾਂ ਵਿਖੇ ਰੋਸ ਪ੍ਰਦਰਸ਼ਨ ਕੀਤਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਸਾੜਿਆ ਅਤੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕਿਸਾਨ ਆਗੂਆਂ ਨੇ ਕਿ ਜ਼ਿਲ੍ਹਾ ਪ੍ਰਸ਼ਾਨ ਗੁਰਦਾਸਪੁਰ ਵੱਲੋਂ ਦਿੱਲੀ ਕੱਟੜਾ ਐਕਸਪ੍ਰੈੱਸ ਵੇਅ ਅਧੀਨ ਆਉਂਦੀਆਂ ਜ਼ਮੀਨਾਂ ਦੇ ਬਿਨਾਂ ਪੈਸੇ ਦਿੱਤੇ ਕਬਜ਼ਾ ਨਹੀਂ ਹੋਣ ਦਿਆਂਗੇ। ਆਗੂਆਂ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਵਾਰ ਵਾਰ ਵਾਅਦੇ ਅਤੇ ਭਰੋਸਾ ਦੇ ਕੇ ਤੋੜ ਨਾ ਨਿਭਾਉਂਦੇ ਹੋਏ ਬੀਤੇ ਦਿਨ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਨੰਗਲਝੌਰ ਵਿੱਚ ਦਿੱਲੀ ਕੱਟੜਾ ਐਕਸਪ੍ਰੈੱਸ ਵੇਅ ਅਧੀਨ ਆਉਂਦੀਆਂ ਜ਼ਮੀਨਾਂ ਦਾ ਬਣਦਾ ਰੇਟ ਤਾਂ ਦੇਣ ਬਜਾਏ ਸਗੋਂ ਜ਼ਮੀਨ ਵਿੱਚ ਬੀਜੀ ਫਸਲ ਵੀ ਮਸ਼ੀਨਾਂ ਫੇਰ ਕੇ ਤਬਾਹ ਕਰ ਦਿੱਤੀ। ਕਿਸਾਨਾਂ ਆਗੂਆਂ ਨੇ ਕਿਹਾ ਪੰਜਾਬ ਸਰਕਾਰ ਵੀ ਕਾਰਪੋਰੇਟਾਂ ਤੇ ਧਨਾਢਾ ਦੇ ਹੱਕ ਵਿੱਚ ਕੰਮ ਕਰ ਰਹੀ ਹੈ। ਹਾਈਵੇਅ ਵਿੱਚ ਆਉਂਦੀਆਂ ਜਮੀਨਾਂ ਦੇ ਪੂਰਾ ਮੁੱਲ ਬਿਨਾਂ ਪੈਸੇ ਦਿੱਤੇ ਤੇ ਘੱਟ ਰੇਟ ਦੇ ਕੇ ਧੱਕੇ ਨਾਲ ਕਿਸਾਨਾਂ ਦੀਆਂ ਜ਼ਮੀਨਾ ਹੜੱਪ ਕਰਨਾ, ਹੱਕ ਮੰਗਦੇ ਕਿਸਾਨਾਂ ਉਪਰ ਲਾਠੀਚਾਰਜ ਕਰਨ ਆਦਿ ਤੋਂ ਇਲਾਵਾ ਸਰਕਾਰ ਚਿੱਪ ਵਾਲੇ ਬਿਜਲੀ ਮੀਟਰ ਲਾ ਕੇ ਕਾਰਪੋਰੇਟ ਦੇ ਹੱਥ ਸਮੁੱਚੇ ਬਿਜਲੀ ਬੋਰਡ ਦਾ ਨਿੱਜੀਕਰਨ ਕਰਨਾ ਚਾਹੁੰਦੀ ਹੈ। ਕਿਸਾਨ ਆਗੂਆਂ ਨੇ ਆਖਿਆ ਕਿ ਸਰਕਾਰਾਂ ਦੀਆਂ ਧੱਕੇਸ਼ਾਹੀਆਂ ਰੋਕਣ ਲਈ ਸਾਰੀਆਂ ਜੱਥੇਬੰਦੀਆਂ ਨੂੰ ਹੁਣ ਇੱਕਜੁੱਟ ਹੋ ਕੇ ਸੰਘਰਸ਼ ਲੜਣਾ ਚਾਹੀਦਾ ਹੈ। ਇਸ ਮੌਕੇ ਹਰਚਰਨ ਸਿੰਘ, ਸਤਨਾਮ ਸਿੰਘ, ਰਣਜੀਤ ਸਿੰਘ, ਨਰੈਣ ਸਿੰਘ, ਗੁਰਦੇਵ ਸਿੰਘ, ਡਾ ਦਵਿੰਦਰ ਸਿੰਘ, ਬਲਵਿੰਦਰ ਕੌਰ, ਬੀਬੀ ਜੋਗਿੰਦਰੋ, ਮਨਦੀਪ ਕੌਰ, ਗੁਰਮੀਤ, ਸੁਵਿੰਦਰ, ਰਜੀ, ਦਲਬੀਰੋ, ਭੋਲੀ ਆਦਿ ਕਿਸਾਨ ਮਜ਼ਦੂਰ ਬੀਬੀਆਂ ਅਤੇ ਹੋਰ ਕਿਸਾਨ ਆਗੂ ਹਾਜ਼ਰ ਸਨ।

# ਬੀ ਪੀ ਈ ਓ ਡੇਰਾ ਬਾਬਾ ਨਾਨਕ ਤੇ ਜ਼ਿਲ੍ਹਾ ਕੋਆਰਡੀਨੇਟਰ ਵੱਲੋਂ ਅਚਨਚੇਤ ਪ੍ਰਾਇਮਰੀ ਸਕੂਲਾਂ ਦੀ ਚੈਕਿੰਗ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਬੀਤੇ ਦਿਨ ਬਲਾਕ ਡੇਰਾ ਬਾਬਾ ਨਾਨਕ 1 ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਭਾਰਤ ਰਤਨ ਅਤੇ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਗੁਰਨਾਮ ਸਿੰਘ ਵੱਲੋਂ ਬਾਰਡਰ ਪੱਟੀ ਡੇਰਾ ਬਾਬਾ ਨਾਨਕ ਨਾਲ ਲੱਗਦੇ ਬਲਾਕ ਨੰਬਰ 1 ਅਧੀਨ ਆਉਦੇ ਵੱਖ-ਵੱਖ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ।ਇਸ ਮੌਕੇ ਉਨ੍ਹਾਂ ਵੱਲੋਂ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸ਼ਾਮਪੂਰਾ, ਸਿੰਘਪੁਰਾ ਡਾਲਾ, ਗੁਰਚੱਕ,ਧਰਮਕੋਟ ਪੱਤਨ ਸਕੂਲ ਦਾ ਬਰੀਕੀ ਨਾਲ ਰਿਕਾਰਡ ਚੈੱਕ ਕੀਤਾ ਗਿਆ ਅਤੇ ਸਕੂਲ ਦੇ ਵਿਦਿਆਰਥੀਆਂ ਕੋਲੋਂ ਵੱਖ-ਵੱਖ ਵਿਸ਼ਿਆਂ ਬਾਰੇ ਪੁੱਛਿਆ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀ ਪੀ ਈ ਓ ਭਾਰਤ ਰਤਨ ਅਤੇ ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਗੁਰਨਾਮ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਅੱਜ ਡੇਰਾ ਬਾਬਾ ਨਾਨਕ ਬਾਰਡਰ ਪੱਟੀ ਨਾਲ ਲੱਗਦੇ ਵੱਖ-ਵੱਖ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਚੈਕਿੰਗ ਕੀਤੀ ਗਈ ਹੈ, ਅਧਿਆਪਕ ਸਮੇਂ ਸਿਰ ਸਕੂਲ ਵਿੱਚ ਹਾਜ਼ਰ ਸਨ ਅਤੇ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਪੜ੍ਹਾਇਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਅਧਿਆਪਕਾਂ ਵੱਲੋਂ ਛੁੱਟੀਆਂ ਤੋ ਬਾਅਦ ਸਕੂਲਾਂ ਵਿੱਚ ਸਫ਼ਾਈ ਦੇ ਪ੍ਰਬੰਧ ਬਹੁਤ ਵਧੀਆ ਤਰੀਕੇ ਨਾਲ ਕਰਵਾਏ ਗਏ ਹਨ,ਬੱਚਿਆਂ ਨੂੰ ਛੁੱਟੀਆਂ ਦੌਰਾਨ ਦਿੱਤਾ ਗਿਆ ਹੋਮ ਵਰਕ ਪੂਰਾ ਪਾਇਆ ਗਿਆ ਹੈ ਅਤੇ ਕੁਝ ਸਕੂਲਾਂ ਵਿੱਚ ਖ਼ਾਮੀਆਂ ਦੇਖਣ ਤੋ ਬਾਅਦ ਅਧਿਆਪਕਾਂ ਨੂੰ ਸਾਫ਼ ਸਫਾਈ ਕਰਾਉਣ ਲਈ ਹਦਾਇਤ ਜਾਰੀ ਕਰ ਦਿੱਤੀ ਗਈ ਹੈ।ਜ਼ਿਲ੍ਹਾ ਰਿਸੋਰਸ ਕੋਆਰਡੀਨੇਟਰ ਗੁਰਨਾਮ ਸਿੰਘ ਨੇ ਦੱਸਿਆ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਮਿਸ਼ਨ ਸਮਰੱਥ 3.0 ਚੱਲ ਰਿਹਾ ਹੈ, ਜੁਲਾਈ ਅਗਸਤ ਦੇ ਏਜੰਡੇ ਅਨੁਸਾਰ ਅਧਿਆਪਕ ਵਿਦਿਆਰਥੀਆਂ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਕੰਮ ਕਰਵਾ ਰਹੇ ਹਨ,ਜਿਲੇ ਦੇ ਸਕੂਲਾਂ ਵਿੱਚ ਬੀ ਪੀ ਈ ਓ ਅਤੇ ਬੀ ਆਰ ਸੀ ਦੀ ਅਗਵਾਈ ਚ' ਅਧਿਆਪਕਾਂ ਨੂੰ ਕੰਮ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਮਹੀਨਾ ਵਾਰ ਟੈਸਟ ਥੋੜ੍ਹੇ ਸਮੇਂ ਬਾਅਦ ਹੋਣਗੇ। ਇਸ ਲਈ ਸਕੂਲਾਂ ਵਿੱਚ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ, ਜਿਸ ਤਹਿਤ ਪ੍ਰੀ ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਨੂੰ ਮਾਪਿਆਂ ਦੀ ਹਾਜ਼ਰੀ ਵਿੱਚ ਗਤੀਵਿਧੀਆਂ ਕਰਵਾਈਆਂ ਜਾਣਗੀਆਂ। ਇਸ ਮੌਕੇ ਸੰਦੀਪ ਕੁਮਾਰ ਸ਼ਰਮਾ ਬੀ ਆਰ ਸੀ ਦੀਨਾਨਗਰ ਬਲਾਕ ਨੰਬਰ 2, ਅੰਮ੍ਰਿਤਪਾਲ ਸਿੰਘ ਰੰਧਾਵਾ ਸੈਂਟਰ ਮੁੱਖ ਅਧਿਆਪਕ ਝੰਗੀ, ਮੈਡਮ ਮਨਦੀਪ ਕੌਰ,ਪਵਨਦੀਪ ਕੌਰ, ਕੁਲਵਿੰਦਰ ਕੌਰ, ਸ਼ਾਇਨਾਂ ਮਹਾਜਨ, ਮਿਸ ਕਿਮੀ ਸ਼ਰਮਾ, ਅਧਿਆਪਕ ਅਭਿਸ਼ੇਕ ਆਦਿ ਹਾਜ਼ਰ ਸਨ।



# ਪੂਹਲਾ 'ਚ 14 ਨੂੰ ਕਰਵਾਏ ਜਾਣਗੇ ਧਾਰਮਿਕ ਮੁਕਾਬਲੇ

ਪੱਟੀ (ਬਲਦੇਵ ਸਿੰਘ ਸੰਧੂ)- ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਐਂਡ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਵੱਲੋਂ ਮਿਲਵਰਤਣੀਏ ਸਿੱਖ ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਮਨਾਉਂਦਿਆਂ 14 ਜੁਲਾਈ ਨੂੰ ਸਵੇਰੇ 8:30 ਵਜੇ ਤੋਂ ਲੈ ਕੇ 12 ਵਜੇ ਤੱਕ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਜੀ ਪਿੰਡ ਪੂਹਲਾ ਨੇੜੇ ਭਿੱਖੀਵਿੰਡ ਵਿਖੇ ਬੱਚਿਆਂ ਦੇ ਦਸਤਾਰ ਦੁਮਾਲਾ, ਗੁਰਬਾਣੀ ਕੰਠ ਅਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਜਾ ਰਹੇ ਹਨ। ਇਹਨਾਂ ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸੁਸਾਇਟੀ ਵੱਲੋਂ ਉਚੇਚੇ ਤੌਰ 'ਤੇ ਪਹੁੰਚੇ ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ, ਸਕੱਤਰ ਭਾਈ ਨਿਰਮਲ ਸਿੰਘ ਸੁਰ, ਖਜ਼ਾਨਚੀ ਗੁਰਜੰਟ ਸਿੰਘ ਅਤੇ ਭਾਈ ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਮਿਅਸਪੁਰ ਨੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਜਗੀਰ ਸਿੰਘ ਅਤੇ ਰਿਸੀਵਰ ਭਾਈ ਸ਼ਬਾਬ ਸਿੰਘ ਨਾਲ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਇਹਨਾਂ ਮੁਕਾਬਲਿਆਂ 'ਚ ਪੰਜਵੀਂ ਤੋਂ ਲੈ ਕੇ ਬਾਰ੍ਹਵੀਂ ਜਮਾਤ ਦੇ ਲੜਕੇ ਅਤੇ ਲੜਕੀਆਂ ਭਾਗ ਲੈ ਸਕਦੇ ਹਨ। ਦਸਤਾਰ ਦੁਮਾਲਾ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਬੱਚੇ ਦਸਤਾਰ ਦੁਮਾਲਾ, ਬਾਜ਼, ਪਿਨ, ਸ਼ੀਸ਼ਾ ਤੇ ਸੁੰਦਰ ਲਿਖਾਈ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਬੱਚੇ ਚਾਰਟ, ਕਲਰ, ਜੁਮੈਟਰੀ ਬਾਕਸ, ਕਲੇਲ, ਕਲਮ ਦਵਾਤ ਅਤੇ ਵਰਤੋਂ ਯੋਗ ਸਮਾਨ ਆਪਣਾ ਲੈ ਕੇ ਆਉਣਗੇ। ਗੁਰਬਾਣੀ ਕੰਠ ਮੁਕਾਬਲਾ ਪੰਜਵੀਂ ਤੋਂ ਸੱਤਵੀਂ ਅਤੇ ਅੱਠਵੀਂ ਜਮਾਤ ਦੇ ਬੱਚਿਆਂ ਦਰਮਿਆਨ ਹੋਵੇਗਾ ਜਿਸ ਵਿੱਚ ਪਹਿਲੇ ਗਰੁੱਪ ਨੇ ਜਪੁਜੀ ਸਾਹਿਬ, ਸੋਹਿਲਾ, ਗੁਰੂ ਤੇਗ ਬਹਾਦਰ ਜੀ ਦੇ ਪਹਿਲੇ 10 ਸਲੋਕ ਅਤੇ ਅਰਦਾਸ ਜ਼ੁਬਾਨੀ ਯਾਦ ਕਰਨੀ ਹੋਵੇਗੀ, ਦੂਸਰੇ ਗਰੁੱਪ ਦੇ ਬੱਚਿਆਂ ਨੇ ਜਪੁਜੀ ਸਾਹਿਬ, ਰਹਰਾਸਿ, ਸੋਹਿਲਾ, ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 20 ਸਲੋਕ ਅਤੇ ਅਰਦਾਸ ਜ਼ੁਬਾਨੀ ਯਾਦ ਕਰਨੀ ਹੋਵੇਗੀ। ਗਰੁੱਪ ਵਾਈਜ਼ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਆਕਰਸ਼ਿਤ ਇਨਾਮ ਅਤੇ ਬਾਕੀ ਸਾਰਿਆਂ ਬੱਚਿਆਂ ਨੂੰ ਹੌਸਲਾ ਵਧਾਊ ਇਨਾਮ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸਕੂਲਾਂ ਵੱਲੋਂ ਬੱਚੇ ਲੈ ਕੇ ਪਹੁੰਚੇ ਅਧਿਆਪਕ ਸਾਹਿਬਾਨ ਦਾ ਵੀ ਸਨਮਾਨ ਕੀਤਾ ਜਾਵੇਗਾ। ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਵਾਈਸ ਕਨਵੀਨਰ ਭਾਈ ਹਰਜੀਤ ਸਿੰਘ ਆਸਟਰੇਲੀਆ, ਪ੍ਰਧਾਨ



ਭਾਈ ਸੰਤੋਖ ਸਿੰਘ ਪੱਟੀ ਨੇ ਇਲਾਕੇ ਦੀਆਂ ਸੰਗਤਾਂ ਅਤੇ ਸਕੂਲਾਂ ਦੇ ਪ੍ਰਬੰਧਕਾਂ ਨੂੰ ਆਪਣੇ ਬੱਚਿਆਂ ਨੂੰ ਇਹਨਾਂ ਮੁਕਾਬਲਿਆਂ ਵਿੱਚ ਭੇਜਣ ਦੀ ਅਪੀਲ ਕੀਤੀ। ਇਸ ਮੌਕੇ ਮੀਤ ਸਕੱਤਰ ਭਾਈ ਹਰਚਰਨ ਸਿੰਘ ਉਬੋਕੇ, ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਖਾਲੜਾ, ਭਾਈ ਭਗਵਾਨ ਸਿੰਘ, ਜ਼ਿਲ੍ਹਾ ਕੋਆਰਡੀਨੇਟਰ ਭਾਈ ਮਨਦੀਪ ਸਿੰਘ ਘੱਲੀਆਂ ਕਲਾਂ, ਦਸਤਾਰ ਕੁਆਡੀਨੇਟਰ ਹਰਪ੍ਰੀਤ ਸਿੰਘ ਪੱਟੀ, ਹਰਜੀਤ ਸਿੰਘ ਲਹਿਰੀ, ਆਕਾਸ਼ਦੀਪ ਸਿੰਘ ਪੱਟੀ, ਵਜੀਰ ਸਿੰਘ ਆਸਲ, ਸਾਜਨਪ੍ਰੀਤ ਸਿੰਘ ਮਰਗਿੰਦਪੁਰਾ, ਜਗਦੀਸ਼ ਸਿੰਘ ਭਿੱਖੀਵਿੰਡ, ਹਰਮਨਦੀਪ ਸਿੰਘ ਭਿੱਖੀਵਿੰਡ, ਹੁਸਨਦੀਪ ਸਿੰਘ ਭਿੱਖੀਵਿੰਡ, ਗਗਨਦੀਪ ਸਿੰਘ ਭਿੱਖੀਵਿੰਡ, ਰਣਬੀਰ ਸਿੰਘ ਵੀਰਮ, ਮੀਡੀਆ ਇੰਚਾਰਜ ਅਜੀਤ ਸਿੰਘ ਘਰਿਆਲਾ , ਪਲਵਿੰਦਰ ਸਿੰਘ ਕੰਡਾ ਪ੍ਰਧਾਨ ਬਾਬਾ ਦੀਪ ਸਿੰਘ ਗਤਕਾ ਐਸੋਸੀਏਸ਼ਨ , ਹਰਮਨਦੀਪ ਸਿੰਘ ਭਿੱਖੀਵਿੰਡ ਅਤੇ ਗੁਰੂ ਘਰ ਦੇ ਗ੍ਰੰਥੀ ਸਾਹਿਬਾਨ ਹਾਜ਼ਰ ਸਨ।

# ਯੂਰੀਆ ਖਾਦ ਦੀ ਜਮ੍ਹਾਂਖ਼ੋਰੀ ਤੇ ਟੈਗਿੰਗ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਮੁੱਖ ਖੇਤੀਬਾੜੀ ਅਫ਼ਸਰ

ਗੁਰਦਾਸਪੁਰ (ਜਨਕ ਮਹਾਜਨ)- ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਕਿਸਾਨਾਂ ਨੂੰ ਮਿਆਰੀ ਖੇਤੀ ਸਮਗਰੀ ਖ਼ਾਸ ਕਰਕੇ ਹਾੜੀ ਦੀਆਂ ਫ਼ਸਲਾਂ ਦੀ ਕਾਸ਼ਤ ਲਈ ਲੋੜੀਂਦੀਆਂ ਖਾਦਾਂ ਮੁਹੱਈਆ ਕਰਵਾਉਣ ਦੇ ਮੰਤਵ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿਚ ਵਿਸ਼ੇਸ਼ ਮੁਹਿਮ ਤਹਿਤ ਸਮੂਹ ਬਲਾਕਾਂ ਵਿਚ ਖਾਦ ਵਿਕਰੇਤਾਵਾਂ ਦੀਆਂ ਦੁਕਾਨਾਂ ਅਤੇ ਗੁਦਾਮਾਂ ਦੀ ਚੈਕਿੰਗ ਕੀਤੀ ਗਈ ਤਾਂ ਜੋ ਯੂਰੀਆ ਖਾਦ ਦੀ ਕਾਲਾਬਾਜ਼ਾਰੀ ਜਾਂ ਜਮਾਂਖੋਰੀ ਨੂੰ ਰੋਕਿਆ ਜਾ ਸਕੇ। ਇਸ ਚੈਕਿੰਗ ਮੁਹਿਮ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ ਝੋਨੇ ਦੀ ਲਵਾਈ ਦਾ ਕੰਮ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ ਜੋ ਅਗਲੇ ਕੁਝ ਦਿਨਾਂ ਦੌਰਾਨ ਮੁਕੰਮਲ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਜੁਲਾਈ 2025 ਤੱਕ ਕੁੱਲ 77 ਹਜ਼ਾਰ ਮੀਟਰਿਕ ਟਨ ਯੂਰੀਆ ਚਾਹੀਦੀ ਹੈ ਜਿਸ ਵਿਚੋਂ ਮਿਤੀ 7 ਜੁਲਾਈ ਤੱਕ ਜ਼ਿਲ੍ਹਾ ਗੁਰਦਾਸਪੁਰ ਵਿਚ ਤਕਰੀਬਨ 66000 ਮੀਟਰਿਕ ਟਨ ਯੂਰੀਆ ਖਾਦ ਪਹੁੰਚ ਚੁੱਕੀ ਹੈ ਅਤੇ ਕੱਲ੍ਹ 2 ਰੈਕ ਯੂਰੀਆ ਦੇ ਹੋਰ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਕਿਸਾਨਾਂ ਵੱਲੋਂ ਝੋਨੇ ਦੀ ਫ਼ਸਲ ਨੂੰ ਯੂਰੀਆ ਖਾਦ ਸਿਫ਼ਾਰਸ਼ਾਂ ਅਨੁਸਾਰ 90 ਕਿੱਲੋ ਪ੍ਰਤੀ ਏਕੜ ਹੀ ਵਰਤਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਚੈਕਿੰਗ ਦੌਰਾਨ ਜੇਕਰ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਤਰਕਸ਼ੀਲ ਸੁਸਾਇਟੀ ਵੱਲੋਂ ਸੰਵਿਧਾਨ 'ਚੋਂ ਧਰਮ ਨਿਰਪੱਖਤਾ ਤੇ ਸਮਾਜਵਾਦ ਸ਼ਬਦ ਕੱਢਣ ਦੀ ਫਿਰਕੂ ਸਾਜਿਸ਼ ਦਾ ਵਿਰੋਧ

ਅੰਮ੍ਰਿਤਸਰ (ਨ ਜ਼ ਸ)-ਤਰਕਸ਼ੀਲ ਸੁਸਾਇਟੀ ਪੰਜਾਬ ਨੇ ਬੀਤੇ ਦਿਨੀਂ ਆਰ ਐਸ ਐਸ ਦੇ ਜਨਰਲ ਸਕੱਤਰ ਦੱਤਾਤਰੇ ਹੋਸਾਬਲੇ ਵੱਲੋਂ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚੋਂ 'ਧਰਮ ਨਿਰਪੱਖ' ਅਤੇ 'ਸਮਾਜਵਾਦ' ਸ਼ਬਦ ਬਾਹਰ ਕੱਢਣ ਦੀ ਕੀਤੀ ਮੰਗ ਦਾ ਸਖ਼ਤ ਵਿਰੋਧ ਕਰਦਿਆਂ ਇਸ ਨੂੰ ਭਾਜਪਾ ਸੰਘ ਦੇ ਹਿੰਦੂ ਰਾਸ਼ਟਰ ਦੇ ਏਜੰਡੇ ਹੇਠ ਦੇਸ਼ ਵਿਰੋਧੀ ਸਾਜਿਸ਼ ਕਰਾਰ ਦਿੱਤਾ ਹੈ ਅਤੇ ਸਮੂਹ ਲੋਕ ਪੱਖੀ ਅਤੇ ਜਮਹੂਰੀ ਤਾਕਤਾਂ ਨੂੰ ਮਨੂ ਸਿਮਰਤੀ ਅਧਾਰਤ ਇਸ ਫਿਰਕੂ ਰਾਜਨੀਤੀ ਦਾ ਡਟਵਾਂ ਵਿਰੋਧ ਕਰਨ ਦੀ ਜ਼ੋਰਦਾਰ ਅਪੀਲ ਵੀ ਕੀਤੀ ਹੈ। ਸੁਸਾਇਟੀ ਦੇ ਮੁੱਖ ਦਫਤਰ ਤਰਕਸ਼ੀਲ ਭਵਨ ਬਰਨਾਲਾ ਤੋਂ ਪ੍ਰੈਸ ਬਿਆਨ ਜਾਰੀ ਕਰਦਿਆਂ ਸੁਸਾਇਟੀ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਰਾਮ ਸਵਰਨ ਲੱਖੇਵਾਲੀ, ਸੁਖਵਿੰਦਰ ਬਾਗਪੁਰ, ਰਾਮ ਸਵਰਨ ਲੱਖੇਵਾਲੀ, ਸੁਰਜੀਤ ਟਿੱਬਾ ਅਤੇ ਸੁਮੀਤ ਅੰਮ੍ਰਿਤਸਰ ਨੇ ਕਿਹਾ ਕਿ ਭਾਰਤੀ ਸੰਵਿਧਾਨ ਅਨੁਸਾਰ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ, ਜਿਸ ਵਿੱਚ ਵੱਖ ਵੱਖ ਧਰਮਾਂ, ਫ਼ਿਰਕਿਆਂ, ਜਾਤਾਂ ਦੇ ਲੋਕਾਂ ਨੂੰ ਸਮਾਜਵਾਦੀ ਵਿਵਸਥਾ ਤਹਿਤ ਬਿਨਾਂ ਕਿਸੇ ਵਿਤਕਰੇ ਦੇ ਆਜ਼ਾਦੀ, ਬਰਾਬਰੀ, ਨਿਆਂ, ਵਿਕਾਸ, ਸੁਰੱਖਿਆ, ਸਨਮਾਨ ਅਤੇ ਜਮਹੂਰੀ ਹੱਕਾਂ ਦੇ ਬਰਾਬਰੀ ਦੇ ਅਧਿਕਾਰ ਹਾਸਲ ਹਨ ਅਤੇ ਸਟੇਟ ਨੂੰ ਕਿਸੇ ਵੀ ਵਿਸ਼ੇਸ਼ ਧਰਮ ਦੇ ਹੱਕ ਵਿੱਚ ਉਲਾਰ ਹੋਣ ਦੀ ਇਜਾਜ਼ਤ ਨਹੀਂ ਪਰ ਮੋਦੀ ਹਕੂਮਤ ਹਿੰਦੂ ਰਾਸ਼ਟਰ ਦੇ ਏਜੰਡੇ ਹੇਠ ਨਾ ਸਿਰਫ ਹਿੰਦੂ ਧਰਮ ਅਤੇ ਉਸ ਦੇ ਧਾਰਮਿਕ ਸਥਾਨਾਂ ਦੇ ਵਿਕਾਸ ਲਈ ਕਰੋੜਾਂ ਰੁਪਏ ਸਾਲਾਨਾ ਖਰਚ ਕਰਕੇ ਸੰਵਿਧਾਨ ਦੀਆਂ



ਧੱਜੀਆਂ ਉਡਾ ਰਹੀ ਹੈ ਬਲਕਿ ਭਾਰਤੀ ਸੰਵਿਧਾਨ 'ਚੋਂ ਧਰਮ ਨਿਰਪੱਖ ਅਤੇ ਸਮਾਜਵਾਦ ਸ਼ਬਦ ਕੱਢ ਕੇ ਦੇਸ਼ ਨੂੰ ਹਿੰਦੂ ਰਾਸ਼ਟਰ ਐਲਾਨਣਾ ਚਾਹੁੰਦੀ ਹੈ।ਤਰਕਸ਼ੀਲ ਆਗੂਆਂ ਨੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਵੱਲੋਂ 1975 ਦੀ ਐਮਰਜੈਂਸੀ ਦੇ ਵਿਰੋਧ ਦੇ ਬਹਾਨੇ ਆਰ ਐਸ ਐਸ ਦੀ ਫਿਰਕੂ ਮੰਗ ਦੀ ਹਮਾਇਤ ਕਰਨ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਇਕ ਉੱਚ ਸੰਵਿਧਾਨਕ ਅਹੁਦੇ 'ਤੇ ਬੈਠੇ ਵਿਅਕਤੀ ਵੱਲੋਂ ਸੰਵਿਧਾਨ ਨੂੰ ਤੋੜਨ ਜਾਂ ਬਦਲਣ ਦੀ ਦੇਸ਼ ਵਿਰੋਧੀ ਸਾਜਿਸ਼ ਦੀ ਹਮਾਇਤ ਕਰਨੀ ਆਮ ਨਾਗਰਿਕਾਂ ਅਤੇ ਖਾਸ ਕਰਕੇ ਦਲਿਤਾਂ, ਆਦਿਵਾਸੀਆਂ, ਔਰਤਾਂ ਅਤੇ ਘੱਟ-ਗਿਣਤੀਆਂ ਦੇ ਬੁਨਿਆਦੀ ਜਮਹੂਰੀ ਹੱਕਾਂ ਉੱਤੇ ਸਿੱਧਾ ਹਮਲਾ ਹੈ ਜਦਕਿ ਕੇਂਦਰੀ ਹਕੂਮਤ ਵੱਲੋਂ ਕਾਰਪੋਰੇਟ ਪੱਖੀ ਅਪਣਾਏ ਵਿਕਾਸ ਮਾਡਲ ਦੀ ਥਾਂ ਦੇਸ਼ ਵਿੱਚ ਵਿਗਿਆਨਕ ਸੋਚ ਅਧਾਰਤ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸਮਾਜਵਾਦੀ ਵਿਵਸਥਾ ਕਾਇਮ ਕਰਨ ਅਤੇ ਮਜ਼ਬੂਤ ਬਣਾਉਣ ਦੀਆਂ ਲੋਕ ਪੱਖੀ ਨੀਤੀਆਂ ਲਾਗੂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਜਿਸ ਆਰ ਐਸ ਐਸ ਨੇ ਆਪਣੇ ਹਿੰਦੂਤਵ ਦੇ ਫਿਰਕੂ ਏਜੰਡੇ ਹੇਠ ਹਿੰਦੋਸਤਾਨ ਦੇ ਆਜ਼ਾਦੀ ਸੰਗਰਾਮ ਦੌਰਾਨ ਬਰਤਾਨਵੀ ਸਾਮਰਾਜ ਦੇ ਹੱਕ ਵਿੱਚ ਭੁਗਤਣ ਦੀ ਦੇਸ਼ ਵਿਰੋਧੀ ਫਿਰਕੂ ਰਾਜਨੀਤੀ ਕੀਤੀ ਹੋਵੇ ਅਤੇ ਹਿੰਦੂਵਾਦੀ ਆਗੂ ਸਾਵਰਕਰ ਵਰਗਿਆਂ ਨੇ ਆਪਣੀਆਂ ਸਜ਼ਾਵਾਂ ਮਾਫ ਕਰਵਾਉਣ ਲਈ ਅੰਗਰੇਜ਼ ਹਕੂਮਤ ਤੋਂ ਲਿਖਤੀ ਮਾਫ਼ੀਆਂ ਮੰਗੀਆਂ ਹੋਣ, ਓਹੀ ਆਰ ਐਸ ਐਸ ਹੁਣ ਸੰਵਿਧਾਨ 'ਚੋਂ ਬਰਾਬਰੀ, ਬਹੁਲਤਾ ਅਤੇ ਸਮਾਜਿਕ ਨਿਆਂ ਖ਼ਤਮ ਕਰਕੇ ਮੰਨੂ ਸਿਮਰਤੀ ਅਧਾਰਤ ਲੋਕ ਵਿਰੋਧੀ ਹਿੰਦੂ ਰਾਸ਼ਟਰ ਕਾਇਮ ਕਰਨਾ ਚਾਹੁੰਦੀ ਹੈ ਜਿਸ ਨੂੰ ਦੇਸ਼ ਦੀਆਂ ਅਗਾਂਹਵਧੂ ਅਤੇ ਧਰਮ ਨਿਰਪੱਖ ਜਮਹੂਰੀ ਤਾਕਤਾਂ ਵੱਲੋਂ ਕਿਸੇ ਵੀ ਕੀਮਤ ਉਤੇ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ।

# ਪਾਵਰਕਾਮ ਤੇ ਟਰਾਂਸਕੋ ਦੇ ਪੈਨਸ਼ਨਰਾਂ ਨੇ ਮੰਗਾਂ ਸੰਬੰਧੀ ਕੀਤਾ ਵਿਚਾਰ-ਵਟਾਂਦਰਾ




ਗੁਰਦਾਸਪੁਰ (ਜਨਕ ਮਹਾਜਨ)- ਪਾਵਰਕਾਮ ਤੇ ਟਰਾਸਕੋ ਦੇ ਪੈਨਸ਼ਨਰਾਂ ਦੀ ਮੀਟਿੰਗ ਸੁਰਿੰਦਰ ਪੱਪੂ ਸਹਾਇਕ ਸਕੱਤਰ ਮੰਡਲ ਗੁਰਦਾਸਪੁਰ ਦੀ ਪ੍ਰਧਾਨਗੀ ਹੇਠ ਪੁਰਾਣਾ ਸ਼ਾਲਾ 66 ਕੇ.ਵੀ. ਬਿਜਲੀ ਘਰ ਵਿਚ ਹੋਈ ਜਿਸ ਵਿਚ ਵਰ੍ਹਦੇ ਮੀਂਹ ਵਿਚ ਵੀ ਪੈਨਸ਼ਨਰਾਂ ਨੇ ਵੱਡੀ ਗਿਣਤੀ ਵਿਚ ਭਾਗ ਲਿਆ।

ਇਸ ਮੀਟਿੰਗ ਵਿਚ ਦਰਸ਼ਨ ਸਿੰਘ ਬਾਜਵਾ, ਤਰਸੇਮ ਲਾਲ, ਮਾ. ਇੰਜ਼ ਜਗਤ ਸਿੰਘ, ਰਘਬੀਰ ਸਿੰਘ, ਸੁਰਿੰਦਰ ਪੱਪੂ ਆਦਿ ਬੁਲਾਰਿਆਂ ਨੇ ਵਧੀਕ ਨਿਗਰਾਨ ਇੰਜ. ਮੰਡਲ ਗੁਰਦਾਸਪੁਰ ਤੋਂ ਜ਼ੋਰਦਾਰ ਮੰਗ ਕੀਤੀ ਕਿ ਪਾਵਰਕਾਮ ਦੇ ਉਚ ਅਫ਼ਸਰਾਂ ਦੀਆਂ ਹਦਾਇਤਾਂ ਮੁਤਾਬਿਕ 2016-17 ਤੱਕ ਸੇਵਾ ਮੁਕਤ ਹੋਏ ਪੈਨਸ਼ਨਰਾਂ ਦੀਆਂ ਅਪ੍ਰੈਲ ਮਹੀਨੇ ਦੀਆਂ ਰਹਿੰਦੀਆਂ 2 ਕਿਸ਼ਤਾਂ ਜੁਲਾਈ ਮਹੀਨੇ ਵਿਚ ਹਰ ਹਾਲਤ ਵਿਚ ਪਾਈਆਂ ਜਾਣ ਅਤੇ ਲੀਵ ਇੰਨ ਕੈਸ਼ਮੈਂਟ ਦੀ ਰਕਮ ਵੀ ਤੁਰੰਤ ਜਾਰੀ ਕੀਤੀ ਜਾਵੇ ਤਾਂ ਜੋ ਪੈਨਸ਼ਨਰਾਂ ਵਿਚ ਪਾਇਆ ਜਾ ਰਿਹਾ ਰੋਹ ਦੂਰ ਹੋ ਸਕੇ।

ਉਕਤ ਬੁਲਾਰਿਆਂ ਨੇ ਮੁੱਖ ਮੰਤਰੀ ਪੰਜਾਬ ਅਤੇ ਚੇਅਰਮੈਨ ਪਾਵਰਕਾਮ ਤੋਂ ਮੰਗ ਕੀਤੀ ਕਿ ਪੈਨਸ਼ਨਰਾਂ ਦੇ ਬਕਾਏ ਯਕਮੁਸਤ ਦਿੱਤੇ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ, ਸਤਨਾਮ ਸਿੰਘ, ਸੁਖਜੀਤ ਸਿੰਘ, ਪੂਰਨ ਸਿੰਘ, ਸੁਰਜੀਤ ਸਿੰਘ ਭੱਟੀਆਂ, ਦਰਸ਼ਨ ਸਿੰਘ, ਸੁੱਖਾ ਸਿੰਘ, ਕਿਰਪਾਲ ਸਿੰਘ, ਗੁਰਦੀਪ ਸਿੰਘ ਸੈਣੀ, ਦਿਆਲ ਸਿੰਘ, ਹੀਰਾ ਸਿੰਘ, ਤਸਵੀਰ ਸਿੰਘ ਆਦਿ ਹਾਜ਼ਰ ਸਨ।

# ਮਾਨ ਸਰਕਾਰ ਨੇ ਬਿਨਾਂ ਸ਼ਰਤ 10 ਲੱਖ ਦਾ ਮੁਫਤ ਇਲਾਜ ਸਕੀਮ ਦੇ ਕੇ ਲੋਕਾਂ ਦੇ ਦਿਲ ਜਿੱਤੇ : ਇੰਦਰਜੀਤ ਭਾਰਲ

ਕਲਾਨੌਰ- (ਮਨਦੀਪ ਕੋਹਲੀ)- ਪੰਜਾਬ ਵਿੱਚ ਭਗਵੰਤ ਸਿੰਘ ਮਾਨ ਦੀ ਆਮ ਆਦਮੀ ਪਾਰਟੀ ਸਰਕਾਰ ਦੀ ਦਿਨੋ ਦਿਨ ਲੋਕਾਂ ਵਿੱਚ ਲੋਕਪ੍ਰਿਆ ਵਧਦੀ ਜਾ ਰਹੀ ਹੈ ਇਹ ਕਹਿਣਾ ਹੈ ਕਲਾਨੌਰ ਤੋਂ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਇੰਦਰਜੀਤ ਭਾਰਲ ਨੇ ਗੱਲਬਾਤ ਕਰਦਿਆਂ ਉਹਨਾਂ ਨੇ ਕਿਹਾ ਕਿ ਜਿੱਥੇ ਪੰਜਾਬ ਵਿੱਚ ਭਗਵੰਤ ਸਿੰਘ ਮਾਨ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਿਨਾਂ ਪੱਖਪਾਤ ਕੀਤਿਆਂ ਹਰ ਘਰ ਨੂੰ 600 ਯੂਨਿਟ ਮੁਫਤ ਬਿਜਲੀ ਦੇਣ ਦਾ ਫੈਸਲਾ ਕੀਤਾ ਸੀ, ਅਤੇ ਬਹੁਤ ਸਾਰੀਆਂ ਸਕੀਮਾਂ ਲੋਕਾਂ ਨੂੰ ਘਰ ਘਰ ਪਹੁੰਚਾਉਣ ਦੀ ਵੀ ਪਹਿਲ ਕੀਤੀ ਹੈ ਲੋਕਾਂ ਦਾ ਕਰਜ਼ਾ ਮੁਆਫ਼ ਕੀਤਾ ਹੈ ਉੱਥੇ ਹੀ ਹੁਣ ਭਗਵੰਤ ਮਾਨ ਸਰਕਾਰ ਵੱਲੋਂ ਜਿੱਥੇ ਪਹਿਲਾਂ ਪੰਜ ਲੱਖ ਦੇ ਇਲਾਜ ਵਾਲਾ ਕਾਰਡ ਬਣਾਉਣ ਲਈ ਲੋਕਾਂ ਨੂੰ ਬੜੇ ਪਾਪੜ ਵੇਲਣੇ ਪੈਂਦੇ ਸਨ ਅਤੇ ਵੱਖ-ਵੱਖ ਤਰ੍ਹਾਂ ਦੇ ਫਾਰਮ ਭਰਨੇ ਪੈਂਦੇ ਸਨ।



ਉੱਥੇ ਹੀ ਹੁਣ ਬਿਨਾਂ ਕਿਸੇ ਸ਼ਰਤ ਤੋਂ ਸਿਰਫ ਆਧਾਰ ਕਾਰਡ ਅਤੇ ਵੋਟਰ ਕਾਰਡ ਦੇ ਨਾਲ ਹੀ 10 ਲੱਖ ਦਾ ਮੁਫਤ ਇਲਾਜ ਦੇ ਕੇ ਭਗਵੰਤ ਮਾਨ ਸਰਕਾਰ ਨੇ ਪੰਜਾਬ ਦੀ ਜਨਤਾ ਦੇ ਦਿਲ ਜਿੱਤ ਲਏ ਹਨ। ਇੰਦਰਜੀਤ ਭਾਰਲ ਨੇ ਕਿਹਾ ਕਿ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਲੋਕ ਹਿੱਤ ਕੰਮ ਕੀਤੇ ਹਨ ਇਸ ਤੋਂ ਸਾਫ ਜਾਹਰ ਹੁੰਦਾ ਹੈ ਕਿ 2027 ਵਿੱਚ ਵੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਬਣੇਗੀ।

# ਆਰਤੀ ਸ਼ਿਵ ਦੁਰਗਾ ਮੰਦਰ ਵਿਖੇ ਗੁਰੂ ਪੁੰਨਿਆਂ ਮਹਾਂਉਤਸਵ ਸੰਪੰਨ

ਅੰਮ੍ਰਿਤਸਰ (ਅਰੋੜਾ): ਗੁਰੂ ਪੁੰਨਿਆ ਮਹਾਂਉਤਸਵ ਦੇ ਮੌਕੇ ਪਰਮ ਸੰਤ ਅਦਵੈਤ ਸਵਰੂਮ ਮਾਤਾ ਆਰਤੀ ਦੇਵਾ ਦੀ ਪ੍ਰਧਾਨਗੀ ਵਿੱਚ ਆਰਤੀ ਸ਼ਿਵ ਦੁਰਗਾ ਮੰਦਰ ਕਰਤਾਰ ਨਗਰ ਛੇਹਰਟਾ ਦੇ ਲੰਗਰ ਹਾਲ ਵਿਖੇ ਬੜੀ ਹੀ ਸ਼ਰਧਾ ਅਤੇ ਧੂਮ ਧਾਮ ਦੇ ਨਾਲ ਮਨਾਇਆ ਗਿਆ।ਹਜਾਰਾਂ ਦੀ ਗਿਣਤੀ ਵਿੱਚ ਮਾਂ ਭਗਵਤੀ ਦੇ ਸੇਵਕਾਂ ਅਤੇ ਸੰਗਤ ਨੇ ਪਰਮ ਸੰਤ ਮਾਤਾ ਆਰਤੀ ਦੇਵਾ ਜੀ ਨੂੰ ਤਿਲਕ ਲਗਾ ਕੇ ਗੁਰੂ ਪੂਜਾ ਦੀ ਰਸਮ ਨਿਭਾਈ। ਮਾਤਾ ਆਰਤੀ ਦੇਵਾ ਜੀ ਨੇ ਗੁਰੂ ਪੁੰਨਿਆ ਅਰਥਾਤ ਬਿਆਸ ਪੂਜਾ ਦੀ ਸਮੂਹ ਸੰਗਤ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਗੁਰੂ ਚੇਲੇ ਦੀ ਪਰੰਪਰਾ ਦਾ ਪਹਿਲਾ ਆਧਿਯ ਗੁਰੂ ਮਹਾਂਰਿਸ਼ੀ ਵੇਦ ਵਿਆਸ ਨੂੰ ਮੰਨਿਆ ਗਿਆ ਹੈ।



ਮੰਦਰ ਦੇ ਪ੍ਰਮੁੱਖ ਸੇਵਕ ਸੁਮਿਤ ਸ਼ਾਸਤਰੀ ਨੇ ਸਮੂਹ ਸੰਗਤ ਨੂੰ ਨਿਵੇਦਨ ਕੀਤਾ ਕਿ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਅਤੇ ਆਸ਼ੀਰਵਾਦ ਪ੍ਰਾਪਤ ਕਰਨ ਦੇ ਲਈ ਗੁਰੂ ਪੁੰਨਿਆ ਨੂੰ ਆਪਣੇ ਗੁਰੂ ਮਹਾਰਾਜ ਦੇ ਦਰਸ਼ਨ ਲਈ ਹਮੇਸ਼ਾ ਜਾਣਾ ਚਾਹੀਦਾ ਹੈ।ਇਸ ਮੌਕੇ ਪ੍ਰਧਾਨ ਬਾਬੂ ਬਾਲ ਕਿਸ਼ਨ ਸ਼ਰਮਾ, ਅਰਵਿੰਦ ਕੁਮਾਰ, ਬਿੱਲੂ ਭਗਤ, ਜਗਦੀਸ਼ ਜੋਗੀ, ਅਮਿਤ ਕੁਮਾਰ, ਅਸ਼ੋਕ ਬਿਜਲੀ ਵਾਲੇ, ਸੋਹਨ ਲਾਲ, ਮੋਹਨ ਲਾਲ, ਸ੍ਰੀਮਤੀ ਵੰਦਨਾ ਸਹਿਤ ਮੰਦਿਰ ਕਮੇਟੀ ਦੇ ਸਮੂਹ ਮੈਂਬਰ ਅਤੇ ਭਾਰੀ ਗਿਣਤੀ ਵਿੱਚ ਸੰਗਤ ਪਰਿਵਾਰਾਂ ਸਮੇਤ ਮੌਜੂਦ ਸਨ।

# ਝੋਨੇ ਦੀ ਬਜਾਏ ਸਾਉਣੀ ਰੁੱਤ ਦੀ ਮੱਕੀ ਦੀ ਕਾਸ਼ਤ ਵਧੇਰੇ ਲਾਭਦਾਇਕ : ਮੁੱਖ ਖ਼ੇਤੀਬਾੜੀ ਅਫ਼ਸਰ

ਧਾਰੀਵਾਲ, (ਮਨਦੀਪ ਸਿੰਘ ਵਿੱਕੀ) - ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਚਲਾਏ ਜਾ ਰਹੇ ਜਲ ਸ਼ਕਤੀ ਅਭਿਆਨ ਤਹਿਤ ਜ਼ਿਲ੍ਹਾ ਗੁਰਦਾਸਪੁਰ ਵਿਚ ਝੋਨੇ ਹੇਠੋਂ ਰਕਬਾ ਕੱਢ ਕੇ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਨ ਲਈ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ, ਜਿਸ ਦੀ ਲਗਾਤਾਰਤਾ ਵਿੱਚ ਬਲਾਕ ਧਾਰੀਵਾਲ ਦੇ ਪਿੰਡ ਛੋਟੇਪੁਰ ਵਿਖੇ ਯੂਰੀਆ ਦੀ ਸੁਚੱਜੀ ਵਰਤੋਂ ਅਤੇ ਮੱਕੀ ਦੀ ਫਸਲ ਤੇ ਫਾਲ ਆਰਮੀ ਵਾਰਮ ਦੇ ਹਮਲੇ ਸੰਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਜ਼ਿਲ੍ਹਾ ਗੁਰਦਾਸਪੁਰ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ ਗੁਰਦਾਸਪੁਰ ਵੱਲੋਂ ਵਿਸ਼ੇਸ਼ ਬਲਾਕ ਪੱਧਰੀ ਕੈਂਪ ਲਗਾਇਆ ਗਿਆ। ਕੈਂਪ ਵਿੱਚ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਵੱਲੋਂ ਮੁੱਖ ਮਹਿਮਾਨ ਤੌਰ 'ਤੇ ਸ਼ਿਰਕਤ ਕੀਤੀ ਗਈ।ਅਰਜਿੰਦਰ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ ਅਤੇ ਦਿਲਬਾਗ ਸਿੰਘ ਕਿਸਾਨ ਮਿੱਤਰ ਦੇ ਪ੍ਰਬੰਧਾਂ ਹੇਠ ਲਗਾਏ ਇਸ ਕੈਂਪ ਵਿੱਚ ਡਾਕਟਰ ਰਜਿੰਦਰ ਸਿੰਘ ਬੱਲ ਮੁੱਖ ਕਿਸਾਨ ਸਲਾਹਕਾਰ ਅਤੇ ਸੇਵਾ ਕੇਂਦਰ ਪੀ.ਏ.ਯੂ ਗੁਰਦਾਸਪੁਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੌਕੇ ਮੱਕੀ ਪਾਇਲਟ ਪ੍ਰੋਜੈਕਟ ਵਿੱਚ ਵਧੀਆ ਸੇਵਾਵਾਂ ਨਿਭਾਉਣ ਬਦਲੇ ਕਿਸਾਨ ਮਿੱਤਰ ਦਿਲਬਾਗ ਸਿੰਘ ਨੂੰ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਕਿਸਾਨਾਂ ਨੂੰ ਸੰਬੋਧਨ ਕਰਦਿਆਂ ਮੁੱਖ ਖ਼ੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਉਣੀ ਦੀਆਂ ਫ਼ਸਲਾਂ ਵਿਚ ਯੂਰੀਆ ਦੀ ਵਰਤੋਂ ਕਰਨੀ ਫ਼ਸਲ ਦੇ ਝਾੜ ਵਧਾਉਣ ਵਿਚ ਸਹਾਈ ਹੁੰਦੀ ਹੈ, ਇਸ ਲਈ ਪੀ ਏ ਯੂ ਵਲੋਂ ਕੀਤੀਆਂ ਸਿਫਾਰਸ਼ਾਂ ਅਨੁਸਾਰ ਹੀ ਝੋਨੇ ਵਿਚ ਯੂਰੀਆ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਵਧੇਰੇ ਯੂਰੀਆ ਦੀ ਵਰਤੋਂ ਕਰਨ ਨਾਲ ਫ਼ਸਲ ਦਾ ਬਨਸਪਤੀ ਵਾਧਾ ਵਧੇਰੇ ਹੋਣ



ਕਾਰਨ ਕੀੜੇ ਅਤੇ ਬਿਮਾਰੀਆਂ ਵਧੇਰੇ ਲਗਦੀਆਂ ਹਨ ਅਤੇ ਫ਼ਸਲ ਡਿੱਗਦੀ ਵੀ ਜਿਆਦਾ ਹੈ। ਉਨ੍ਹਾਂ ਕਿਹਾ ਕਿ ਪੀ ਆਰ 110 ਕਿਸਮ ਦਾ ਸੁਭਾਅ ਹੈ ਕਿ ਉਹ ਲਵਾਈ ਤੋਂ 45 ਦਿਨਾਂ ਤੱਕ ਕੁਝ ਪੀਲੀ ਰਹਿੰਦੀ ਹੈ, ਜਿਸ ਨੂੰ ਦੇਖ ਕੇ ਵਾਧੂ ਯੂਰੀਆ ਨਹੀਂ ਪਾਉਣੀ ਚਾਹੀਦੀ ਹੈ। ਇਸ ਮੌਕੇ ਡਾ ਦਿਲਰਾਜ ਸਿੰਘ ਡਾ ਜਰਮਨਜੀਤ ਸਿੰਘ, ਗੁਰਮੀਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਘੁੰਮਣ ਕਲਾਂ, ਯਾਦਵਿੰਦਰ ਸਿੰਘ ਖੇਤੀਬਾੜੀ ਵਿਸਤਾਰ ਅਫਸਰ ਲੰਗਾਹ ਜੱਟਾਂ, ਦਿਲਬਾਗ ਸਿੰਘ ਬੀਟੀਐਮ, ਵਿਕਰਮ ਦਿਆਲ ਸਿੰਘ ਆਕਾਸ਼ਦੀਪ ਸਿੰਘ ਕਮਲਪ੍ਰੀਤ ਸਿੰਘ, ਜੁਗਰਾਜ ਸਿੰਘ, ਕਿਸਾਨ ਮਿੱਤਰ ਦਿਲਬਾਗ ਸਿੰਘ, ਨਵਜੋਤ ਸਿੰਘ, ਰਸ਼ਪਾਲ ਸਿੰਘ,ਨਿਰੰਜਨ ਸਿੰਘ, ਪਲਵਿੰਦਰ ਸਿੰਘ ਸਹਾਰੀ ਅਤੇ ਹੋਰ ਅਗਾਂਹਵਧੂ ਕਿਸਾਨ ਹਾਜ਼ਰ ਸਨ।

# ਜ਼ਿਮਨੀ ਚੋਣ 'ਚ ਤਰਨ ਤਾਰਨ ਤੋਂ ਡਾ. ਸੋਹਲ ਦੇ ਪਰਵਾਰਕ ਮੈਂਬਰ ਨੂੰ ਬਣਾਇਆ ਜਾਵੇ ਉਮੀਦਵਾਰ

ਤਰਨ ਤਾਰਨ , ਝਬਾਲ (ਮੱਖਣ ਮਨੋਜ) -ਮੈਡਮ ਰਾਜਵਿੰਦਰ ਕੌਰ ਹਲਕਾ ਕੋਆਰਡੀਨੇਟਰ (ਮਹਿਲਾ ਵਿੰਗ) ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਸ੍ਰੀਮਤੀ ਰਾਜਵਿੰਦਰ ਕੌਰ ਨੇ ਆਮ ਆਦਮੀ ਪਾਰਟੀ ਦੀ ਹਾਈਕਮਾਂਡ ਕੋਲੋਂ ਮੰਗ ਕੀਤੀ ਹੈ ਕਿ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਦੀ ਮੌਤ ਉਪਰੰਤ ਖਾਲੀ ਹੋਈ ਵਿਧਾਨ ਸਭਾ ਸੀਟ ਲਈ ਆਗਾਮੀ ਜ਼ਿਮਨੀ ਚੋਣ ਵਿੱਚ ਡਾਕਟਰ ਸੋਹਲ ਦੇ ਪਰਵਾਰ ਦੇ ਕਿਸੇ ਮੈਂਬਰ ਨੂੰ ਟਿਕਟ ਦੇ ਕੇ ਚੋਣ ਲੜਾਈ ਜਾਵੇ। ਮੈਡਮ ਰਾਜਵਿੰਦਰ ਕੌਰ ਨੇ ਕਿਹਾ ਕਿ ਡਾਕਟਰ ਸੋਹਲ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਲਈ ਦਿਨ ਰਾਤ ਕੰਮ ਕੀਤਾ। ਉਹਨਾਂ ਕਿਹਾ ਕਿ ਪਾਰਟੀ ਅਤੇ ਸਰਕਾਰ ਵੱਲੋਂ ਆਰੰਭ ਕੀਤੇ ਕਾਰਜਾਂ ਯੁੱਧ ਨਸ਼ਿਆਂ ਵਿਰੁੱਧ, ਸਿੱਖਿਆ ਕ੍ਰਾਂਤੀ, ਵਿਕਾਸ ਦੇ ਕੰਮ ਅਤੇ ਪਹਿਲਾਂ ਹੋਈਆਂ ਜ਼ਿਮਨੀ ਚੋਣਾਂ ਵਿੱਚ ਬਾਖੂਬੀ ਸੇਵਾ ਨਿਭਾਈ। ਉਹਨਾਂ ਕਿਹਾ ਕਿ ਹਲਕੇ ਵਿੱਚ ਡਾਕਟਰ ਸੋਹਲ ਵੱਲੋਂ ਕੀਤੇ ਗਏ ਕਾਰਜਾਂ ਤੋਂ ਲੋਕ ਬਹੁਤ ਖੁਸ਼ ਹਨ। ਰਾਜਵਿੰਦਰ ਕੌਰ ਨੇ ਕਿਹਾ ਕਿ ਹਾਈ ਕਮਾਂਡ ਵੱਲੋਂ ਡਾਕਟਰ ਸੋਹਲ ਦੇ ਪਰਵਾਰ ਨੂੰ ਜ਼ਿਮਨੀ ਚੋਣ ਲਈ ਉਮੀਦਵਾਰ ਬਣਾਉਣ ਨਾਲ ਡਾਕਟਰ ਸੋਹਲ ਵੱਲੋਂ ਪਾਰਟੀ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਮਾਨਤਾ ਮਿਲੇਗੀ।



# ਡਾ. ਉਬਰਾਏ ਵੱਲੋਂ ਮਨੁੱਖਤਾ ਨੂੰ ਬਚਾਉਣ ਲਈ ਕੀਤੇ ਜਾ ਰਹੇ ਹਨ ਲਾਮਿਸਾਲ ਨੇਕ ਕਾਰਜ : ਬਲਬੀਰ ਬਿੱਟੂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਦੇਸ਼ ਵਿਦੇਸ਼ ਦੇ ਅੰਦਰ ਸਮਾਜ ਸੇਵਾ ਦੇ ਖੇਤਰ 'ਚ ਆਪਣੀ ਵਿਲੱਖਣ ਪਹਿਚਾਣ ਬਣਾ ਚੁੱਕੀ ਉਘੀ ਸਮਾਜ ਸੇਵੀ ਸ਼ਖਸ਼ੀਅਤ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਅਤੇ ਦੁਬਈ ਦੇ ਉੱਘੇ ਸਿੱਖ ਕਾਰੋਬਾਰੀ ਡਾ. ਐੱਸ. ਪੀ. ਸਿੰਘ ਓਬਰਾਏ ਦੀ ਯੋਗ ਸਰਪ੍ਰਸਤੀ ਹੇਠ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਜਨਰਲ ਸਕੱਤਰ ਰਜਿੰਦਰ ਸਿੰਘ ਹੈਪੀ ਅਤੇ ਸਮੂਹ ਟੀਮ ਮੈਂਬਰਾਂ ਵੱਲੋਂ ਵਿਧਵਾ ਔਰਤਾਂ, ਅੰਗਹੀਣਾਂ, ਗਰੀਬਾਂ, ਬੇਸਹਾਰਾ ਅਤੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈੱਕ ਵੰਡਣ ਲਈ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਬਟਾਲਾ ਵਿਖੇ ਸਮਾਗਮ ਕਰਵਾਇਆ ਗਿਆ।ਜਿਸ ਵਿੱਚ ਮੁੱਖ ਮਹਿਮਾਨ ਵਜੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਉੱਘੀ ਸਮਾਜ ਸੇਵੀ ਸ਼ਖਸ਼ੀਅਤ ਬਲਬੀਰ ਸਿੰਘ ਬਿੱਟੂ ਸ਼ਾਮਲ ਹੋਏ।ਜਦ ਕਿ ਵਿਸ਼ੇਸ਼ ਮਹਿਮਾਨ ਵਜੋਂ ਪ੍ਰਧਾਨ ਗੁਰਮੀਤ ਸਿੰਘ ਮਠਾਰੂ ਸ਼ਾਮਲ ਸਨ।

ਇਸ ਮੌਕੇ ਲੋੜਵੰਦਾਂ ਨੂੰ ਪੈਨਸ਼ਨਾਂ ਦੇ ਚੈਕ ਭੇਟ ਕਰਦਿਆ ਆਪ ਦੇ ਸੀਨੀਅਰ ਨੇਤਾ ਬਲਬੀਰ ਸਿੰਘ ਬਿੱਟੂ ਨੇ ਕਿਹਾ ਕਿ ਡਾ. ਐੱਸ. ਪੀ. ਸਿੰਘ ਓਬਰਾਏ ਵੱਲੋਂ ਆਪਣੀ ਨੇਕ ਕਿਰਤ ਕਮਾਈ ਦਾ 98 ਫੀਸਦੀ ਹਿੱਸਾ ਗਰੀਬਾਂ ਅਤੇ ਲੋੜਵੰਦਾਂ ਦੀ ਭਲਾਈ ਵਾਸਤੇ ਖਰਚ ਕੀਤਾ ਜਾ ਰਿਹਾ ਹੈ। ਜਦ ਕਿ ਮਨੁੱਖਤਾ ਨੂੰ ਬਚਾਉਣ ਅਤੇ ਇਨਸਾਨੀਅਤ ਦੀਆਂ ਕਦਰਾਂ ਕੀਮਤਾਂ ਨੂੰ ਹੋਰ ਉੱਚਾ ਚੁੱਕਣ ਦੇ ਲਈ ਡਾ. ਉਬਰਾਏ ਵੱਲੋਂ ਦੇਸ਼-ਵਿਦੇਸ਼ ਦੇ ਅੰਦਰ ਬਹੁਤ ਹੀ ਨੇਕ ਤੇ ਸ਼ਲਾਘਾਯੋਗ ਕਾਰਜ ਕੀਤੇ ਜਾ ਰਹੇ ਹਨ। ਇਸ ਦੌਰਾਨ ਪੈਨਸ਼ਨਾਂ ਦੇ ਚੈਕ ਪ੍ਰਾਪਤ ਕਰਨ ਵਾਲੇ ਪਰਵਾਰਾਂ ਨੇ ਡਾ. ਐਸ. ਪੀ. ਸਿੰਘ ਉਬਰਾਏ ਦਾ ਧੰਨਵਾਦ ਵੀ ਕੀਤਾ।ਇਸ ਮੌਕੇ ਟਰੱਸਟ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਵਿੰਦਰ ਸਿੰਘ ਮਠਾਰੂ, ਟਰੱਸਟ ਦੇ ਜਨਰਲ ਸੈਕਟਰੀ ਰਜਿੰਦਰ ਸਿੰਘ ਹੈਪੀ , ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਦੇ ਪ੍ਰਧਾਨ ਗੁਰਮੀਤ ਸਿੰਘ ਮਠਾਰੂ, ਰੋਹਿਤ ਕੁਮਾਰ, ਜੋਧਵੀਰ ਸਿੰਘ, ਕੇਵਲ ਕੁਮਾਰ ਤੇ ਹੋਰ ਵੀ ਆਗੂ ਹਾਜ਼ਰ ਸਨ।



# ਪੰਜਾਬੀ ਭਵਨ ਸਰੀ ਕੈਨੇਡਾ ਵੱਲੋਂ ਪੰਜਾਬੀ ਸਾਹਿਤ ਤੇ ਸੱਭਿਆਚਾਰ ਪ੍ਰਤੀ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ : ਅੰਮ੍ਰਿਤ ਕਲਸੀ

ਬਟਾਲਾ ( ਡਾਕਟਰ ਮਲਵਿੰਦਰ ਸਿੰਘ ) 'ਨਵੀਆਂ ਕਲਮਾਂ ਨਵੀਂ ਉਡਾਣ' ਪ੍ਰੋਜੈਕਟ ਤਹਿਤ ਸਥਾਨਕ ਹਸਤ ਸ਼ਿਲਪ ਕਾਲਜ ਵਿਖੇ ਇੱਕ ਰੋਜ਼ਾ ਬਾਲ ਸਾਹਿਤ ਉਤਸਵ ਕਰਵਾਇਆ ਗਿਆ, ਜਿਸ ਵਿੱਚ ਨਵੀਆਂ ਕਲਮਾਂ ਨਵੀਂ ਉਡਾਣ ਦੇ ਸਰਪ੍ਰਸਤ ਸੁੱਖੀ ਬਾਠ ਪੰਜਾਬ ਭਵਨ ਸਰੀ ਕਨੇਡਾ ਵੱਲੋਂ ਮੁੱਖ ਮਹਿਮਾਨ ਅਤੇ ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ, ਅੰਮ੍ਰਿਤ ਕਲਸੀ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਅਨਿਲ ਸ਼ਰਮਾਂ ਤੇ ਹਸਤ ਸ਼ਿਲਪ ਕਾਲਜ ਦੇ ਡਾਇਰੈਕਟਰ ਸ਼੍ਰੀ ਅਰੁਣ ਜੇਈ ਵੱਲੋਂ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਨਵੀਆਂ ਕਲਮਾਂ ਨਵੀਂ ਉਡਾਣ ਟੀਮ ਗੁਰਦਾਸਪੁਰ ਦੇ ਇੰਚਾਰਜ ਮੈਡਮ ਸਤਿੰਦਰ ਕੌਰ ਕਾਹਲੋਂ ਨੇ ਦੱਸਿਆ ਕਿ ਇਸ ਬਾਲ ਸਾਹਿਤ ਉਤਸ਼ਵ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੀਆਂ 03 , ਅੰਮ੍ਰਿਤਸਰ ਦੀ 01 ਅਤੇ ਪਠਾਨਕੋਟ ਦੀ 01 ਬਾਲ ਕਵਿਤਾਵਾਂ ਦੀ ਪੁਸਤਕ ਰਿਲੀਜ ਕੀਤੀ ਗਈ।ਇਸ ਦੌਰਾਨ ਸੰਬੋਧਨ ਕਰਦਿਆਂ ਸੁੱਖੀ ਬਾਠ ਨੇ ਕਿਹਾ ਬੱਚਿਆਂ ਨੂੰ ਸੋਚਣ, ਲਿਖਣ ਤੇ ਰਚਨਾਤਮਕ ਦਿਸ਼ਾ ਵੱਲ ਪ੍ਰੇਰਿਤ ਕਰਨਾ ਸਮੇਂ ਦੀ ਲੋੜ ਹੈ। ਅੰਮ੍ਰਿਤ ਕਲਸੀ ਵੱਲੋਂ ਸੁੱਖੀ ਬਾਠ ਪੰਜਾਬੀ ਭਵਨ ਸਰੀ ਕੈਨੇਡਾ ਵੱਲੋਂ ਪੰਜਾਬੀ ਸਾਹਿਤ ਤੇ ਸੱਭਿਆਚਾਰ ਪ੍ਰਤੀ ਕੀਤੇ ਜਾ ਰਹੇ ਕਾਰਜ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ।ਅਰੁਣ ਜੇਈ ਡਾਇਰੈਕਟਰ ਹਸਤ ਸ਼ਿਲਪ ਕਾਲਜ ਨੇ ਕਿਹਾ ਕਿ ਨਵੀਆਂ ਕਲਮਾਂ ਨਵੀਂ ਉਡਾਣ ਤਹਿਤ ਕਰਵਾਏ ਸਮਾਗਮ ਦੀ ਸਰਾਹਨਾ ਕੀਤੀ। ਇਸ ਮੌਕੇ ਵਰਲਡ ਰਿਕਾਰਡ ਹੋਲਡਰ ਪ੍ਰਤੀਕ ਅੰਗੁਰਾਲਾ ਤੇ ਕੁੰਵਰ ਅੰਮ੍ਰਿਤਬੀਰ ਸਿੰਘ ਨੂੰ ਉਨ੍ਹਾਂ ਵੱਲੋਂ ਬਣਾਏ ਵਿਸ਼ਵ ਰਿਕਾਰਡ ਲਈ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਜ਼ਿਲ੍ਹਾ ਗੁਰਦਾਸਪੁਰ ਤੋਂ ਗਗਨਦੀਪ ਸਿੰਘ, ਨਵਜੋਤ ਕੌਰ ਬਾਜਵਾ ਤੇ ਕਮਲਜੀਤ ਕੌਰ ਦੀ ਬਾਲ ਕਵਿਤਾਵਾਂ ਦੀ ਸੰਪਾਦਿਤ ਪੁਸਤਕਾਂ ਦੀ ਘੁੰਡ ਚੁਕਾਈ ਕੀਤੀ ਗਈ।ਇਸ ਮੌਕੇ ਟੀਮ ਮੈਂਬਰ ਇੰਚਾਰਜ ਗੁਰਦਾਸਪੁਰ ਸਤਿੰਦਰ ਕੌਰ ਕਾਹਲੋਂ, ਗਗਨਦੀਪ ਸਿੰਘ, ਨਵਜੋਤ ਕੌਰ ਬਾਜਵਾ, ਕਮਲਜੀਤ ਕੌਰ, ਰਣਜੀਤ ਕੌਰ ਬਾਜਵਾ, ਸੁਖਵਿੰਦਰ ਕੌਰ ਬਾਜਵਾ, ਪ੍ਰਿੰਸੀਪਲ ਨਾਨਕ ਸਿੰਘ , ਬਲਬੀਰ ਸਿੰਘ ਬਿੱਟੂ, ਜੋਗਿੰਦਰ ਅੰਗੂਰਾਲਾ, ਰਾਜੇਸ਼ਵਰ ਸਲਾਰੀਆ, ਮੈਡਮ ਰਜਨੀ ਸ੍ਰੀ ਅੰਮ੍ਰਿਤਸਰ ਸਾਹਿਬ, ਰਾਜਬੀਰ ਗਰੇਵਾਲ, ਮਾਸਟਰ ਜੋਗਿੰਦਰ ਸਿੰਘ ਅੱਚਲੀ ਗੇਟ, ਪ੍ਰਿੰਸੀਪਲ ਸ਼ਰਨਜੀਤ ਕੌਰ, ਪ੍ਰਿੰਸੀਪਲ ਪਰਮਜੀਤ ਕੌਰ, ਪ੍ਰਿੰਸੀਪਲ ਮਨਜੀਤ ਸਿੰਘ ਸੰਧੂ, ਸਾਬਕਾ ਡੀ.ਈ.ਓ ਆਦਿ ਹਾਜ਼ਰ ਸਨ।





# ਪੂਰਨਮਾਸ਼ੀ ਦਾ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਦੇ ਮੁਹੱਲਾ ਚੋਲਾ ਸਾਹਿਬ ਸਥਿਤ ਗੁਰਦੁਆਰਾ ਸੱਚਖੰਡ ਸ੍ਰੀ ਗੁਰੂ ਨਾਨਕ ਅਸਥਾਨ ਵਿਖੇ ਬਾਬਾ ਅਵਤਾਰ ਸਿੰਘ ਬੇਦੀ ਗੱਦੀਨਸ਼ੀਨ ਸ੍ਰੀ ਚੋਲਾ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਹਾੜ੍ਹ ਮਹੀਨੇ ਦੀ ਪੁੰਨਿਆਂ ਦਾ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ । ਇਸ ਮੌਕੇ ਦੇਸ਼-ਵਿਦੇਸ਼ ਤੋਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰ ਹੋ ਕੇ ਬਾਬਾ ਜੀ ਦਾ ਅਸ਼ੀਰਵਾਦ ਲਿਆ ।ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਬਾਬਾ ਅਵਤਾਰ ਸਿੰਘ ਬੇਦੀ ਗੱਦੀਨਸ਼ੀਨ ਸ੍ਰੀ ਚੋਲਾ ਸਾਹਿਬ ਵਾਲਿਆਂ ਵੱਲੋਂ ਸੰਗਤਾਂ ਸਮੇਤ ਬਾਬਾ ਸ੍ਰੀਚੰਦ ਜੀ ਦਾ ਆਰਤਾ ਗਾਇਨ ਕਰਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਭਾਈ ਸ਼ਾਮ ਸਿੰਘ ਜੌੜੀਆਂ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ, ਉਪਰੰਤ ਬਾਬਾ ਅਵਤਾਰ ਸਿੰਘ ਬੇਦੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਗੁਰੂ ਪੂਰਨਿਮਾ ਦੀ ਵਧਾਈ ਦਿੱਤੀ ।ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ ।




## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

Sr.DEN-IV/JATz ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੀ ਤਰਫ ਤੋਂ ਕੰਮ ਕਰਦੇ ਹੋਏ ਹੇਠਾ ਦਿਤੀ ਗਈ ਟੈਂਡਰਾਂ ਦੇ ਲਈ ਖੁਲੀ ਟੈਂਡਰਾਂ (ਈ-ਟੈਂਡਰਾ) ਮੰਗ ਕਰਦੇ ਹਨ ਅਤੇ ਪੂਰਾ ਕਰਨ ਦੀ ਮਿਤੀ ਦੇ ਨਾਲ www.ireps.gov.in ਉੱਤੇ ਉਪਲਬਧ ਹੈ 31.07.2025 ਤਕ 15.00 ਘੰਟੇ, ਬੋਲੀਦਾਤਾਅਪਣੀ ਮੂਲ/ਸੰਸ਼ੋਧਿਤ ਬੋਲੀਆਂ ਆਖਰੀ ਮਿਤੀ ਅਤੇ ਸਮੇਂ ਤਕ ਹੀ ਜਮਾਂ ਕਰ ਸਕਣਗੇ । ਇਸ ਟੈਂਡਰ ਦੇ ਵਿਰੁਧ ਮੈਨੂੰਅਲ ਆਫਰ ਦੀ ਅਨੁਮਤੀ ਨਹੀਂ ਹੈ, ਅਤੇ ਪ੍ਰਾਪਤ ਐਸੇ ਕਿਸੀ ਵੀ ਮੈਨੂੰਅਲ ਆਫਰ ਨੂੰ ਅਣਦੇਖਿਆ ਕਰ ਦਿਤਾ ਜਾਵੇਗਾ । ਠੇਕੇਦਾਰਾਂ ਨੂੰ ਇਸ ਟੈਂਡਰ ਦੀ ਦਸਤਾਵੇਜ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਉਤੇ ਉਪਲਬਧ ਭੁਗਤਾਨ ਮੋਡ ਦੇ ਦੁਵਾਰਾ ਤੋਂ ਕਰਨ ਦੀ ਅਨੁਮਤੀ ਹੈ । ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਜਿਸਤਰ੍ਹਾਂ ਪੋਰਟਲ, ਡਿਮਾਂਡ ਡਰਾਫਟ, ਬੈਂਕਰ ਚੈਕ, ਜਮਾ ਰਸੀਦਾਂ, ਐਫਡੀਆਰ ਆਦਿ ਤੇ ਦੁਵਾਰਾ ਤੋਂ ਮੈਨੂੰਅਲ ਭੁਗਤਾਨ ਦੀ ਅਨੁਮਤੀ ਨਹੀਂ ਹੈ । ਜ਼ਿਆਦਾ ਜਾਣਕਾਰੀ ਦੇ ਲਈ ਲਾਗਆਨ ਕਰੋ www.ireps.gov.in

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਟੈਂਡਰ ਪ੍ਰਣਾਲੀ |
| --- | --- | --- |
| ਖੁਲੀ | ਕੰਮ | ਇਕ ਪੈਕੇਟ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਟੈਂਡਰ ਸ਼ੁਰੂ ਦੀ ਮਿਤੀ | ਟੈਂਡਰ ਬੰਦ ਕਰਨ ਦੀ ਮਿਤੀ/ਸਮਾਂ |
| 09.07.2025 | 17.07.2025 | 31.07.2025 15:00 ਵਜੇ |

| ਲ. ਨੰ: | ਟੈਂਡਰ ਨੰ: | ਟੈਂਡਰ ਦਾ ਵੇਰਵਾ |
| --- | --- | --- |
| 1. | 11-2025-26-BDGM-DRM-JAT | ADEN/BDGM ਦੇ ਅਧੀਨ ਬਨਿਹਾਲ ਸਟੇਸ਼ਨ ਉੱਤੇ ਆਵਾਸੀਯ ਅਤੇ ਸੇਵਾ ਭਵਨਾਂ ਦੇ ਲਈ ਫਰਸ਼ ਦਾ ਕੰਮ, ਪਲਾਸਟਰਿੰਗ, ਪੇਂਟਿੰਗ, ਪਲੰਬਿੰਗ, ਸੀਵਰੇਜ ਅਤੇ ਹੋਰ ਸਬੰਧਤ ਕੰਮਾਂ ਸਹਿਤ ਸਮਾਨਯ ਮੁਰਮੰਤ ਅਤੇ ਰੱਖ-ਰੱਖਾਵ ਦੇ ਕੰਮ । |

| ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| --- | --- | --- | --- |
| 7499977.34 | 150000.00 | 60 ਦਿਨ | 12 ਮਹੀਨੇ |
| ਕੰਮ ਦੀ ਸਮਾਨ ਪ੍ਰਕ੍ਰਿਤੀ :- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ" | | | |

| ਲ. ਨੰ: | ਟੈਂਡਰ ਨੰ: | ਟੈਂਡਰ ਦਾ ਵੇਰਵਾ |
| --- | --- | --- |
| 2. | 12-2025-26-BDGM-DRM-JAT | ADEN/BDGM ਦੇ ਅਧੀਨ SSE/W/BAHL ਅਨੁਭਾਗ ਵਿਚ ਪੰਪੋਰ ਤੋਂ ਬਨਿਹਾਲ (ਬਨਿਹਾਲ ਨੂੰ ਛੱਡਕੇ) ਤਕ ਅਵਾਸੀਯ ਕਵਾਟਰਾਂ, ਸਟੇਸ਼ਨ ਭਵਨਾਂ, ਪਲੇਟਫਾਰਮ ਸੰਰਚਨਾਵਾਂ, ਜਲ ਨਿਕਾਸੀ ਕੰਮਾਂ ਆਦਿ ਦੇ ਲਈ ਸਮਾਨਯ ਮੁਰੰਮਤ ਅਤੇ ਰੱਖ-ਰੱਖਾਵ ਕੰਮ । |

| ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ (ਰੁ:) | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| --- | --- | --- | --- |
| 7387075.23 | 147800.00 | 60 ਦਿਨ | 12 ਮਹੀਨੇ |
| ਕੰਮ ਦੀ ਸਮਾਨ ਪ੍ਰਕ੍ਰਿਤੀ :- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ" | | | |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ । 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ ।

ਲ.ਨੰ:-11,12-2025-26-BDGM-DRM-JAT . ਮਿਤੀ : 10 07 2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2087/25


# ਅਜ਼ਾਦ ਕਿਸਾਨ ਸੰਘਰਸ਼ ਪੰਜਾਬ ਦੀ ਹੋਈ ਮੀਟਿੰਗ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਅੱਠ ਗੁਰੂ ਸਾਹਿਬਾਨ ਦੀ ਪਵਿੱਤਰ ਚਰਨਛੋਹ ਪ੍ਰਾਪਤ ਪਵਿੱਤਰ ਨਗਰੀ ਖਡੂਰ ਸਾਹਿਬ ਦੇ ਗੁਰਦੁਆਰਾ ਖੱਡੀ ਸਾਹਿਬ ਜੋਧ ਹਾਲ ਵਿਖੇ ਵਿਸ਼ੇਸ਼ ਇਕੱਤਰਤਾ ਹੋਈ। ਇਹ ਮੀਟਿੰਗ ਬਾਬਾ ਮੋਹਿੰਦਰ ਸਿੰਘ ਵੇਈਂਪੂਈਂ ਦੀ ਪ੍ਰਧਾਨਗੀ ਹੇਠ ਹੋਈ।ਜਿਸ ਵਿਚ ਸਮੁੱਚੀ ਸੂਬਾ ਕਮੇਟੀ ਨੇ ਭਾਗ ਲਿਆ।ਜਿਸ ਵਿੱਚ ਅਹਿਮ ਮੁੱਦਿਆਂ 'ਤੇ ਵਿਚਾਰਾਂ ਹੋਈਆਂ। ਇਸ ਮੌਕੇ ਪੰਜਾਬ ਸਰਕਾਰ ਜਿਹੜੀ ਧੱਕੇ ਨਾਲ ਲੈਂਡ ਪੂਲਿੰਗ ਪਾਲਿਸੀ ਅਧੀਨ ਜ਼ਮੀਨਾਂ ਰਿਕਵਾਇਰ ਕਰਨ ਜਾ ਰਹੀ ਹੈ, ਮੀਟਿੰਗ ਵਿੱਚ ਸਰਬ ਸੰਮਤੀ ਨਾਲ ਵਿਚਾਰਦਿਆਂ ਫੈਸਲਾ ਲਿਆ ਕਿ ਇਹ ਨੋਟੀਫਿਕੇਸ਼ਨ ਫੌਰਨ ਰੱਦ ਕੀਤਾ ਜਾਵੇ ਕਿਉਂਕਿ ਇਸ ਲੈਂਡ ਪੂਲਿੰਗ ਪਾਲਿਸੀ ਨਾਲ ਪੰਜਾਬ ਦੇ ਕਿਸਾਨਾਂ ਦਾ ਬਹੁਤ ਵੱਡਾ ਉਜਾੜਾ ਹੋਣ ਜਾ ਰਿਹਾ ਹੈ ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਹਰਜਿੰਦਰ ਸਿੰਘ ਟਾਂਡਾ ਨੇ ਕਿਹਾ ਕਿ ਪਾਣੀਆਂ ਦੇ ਮੁੱਦੇ ਦੀ ਲੜਾਈ ਐਸ ਕੇ ਐਮ ਪੰਜਾਬ ਲੜ ਰਿਹਾ ਹੈ, ਉਸ ਦੇ ਤਹਿਤ ਪੰਜਾਬ ਸਰਕਾਰ ਨੂੰ ਕਹਿ ਰਹੇ ਹਾਂ ਕਿ ਉਹ ਫੌਰੀ ਤੌਰ 'ਤੇ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਸੱਦ ਕੇ ਇਹ ਨੋਟੀਫਿਕੇਸ਼ਨ ਰਾਹੀਂ ਧਾਰਾ 78,79,80 ਨੂੰ ਰੱਦ ਕਰੇ ਤੇ ਜਿਹੜਾ ਰਾਜਸਥਾਨ ਜਾਂ ਹੋਰ ਰਾਜਾਂ ਨੂੰ ਪਾਣੀ ਜਾਂਦਾ ਹੈ ਉਸ ਤੋਂ ਰਾਇਲਟੀ ਵਸੂਲ ਕੀਤੀ ਜਾਵੇ। ਕਿਉਕਿ ਪੰਜਾਬ ਰਿਪੇਰੀਅਨ ਸਟੇਟ ਹੈ ਇਸ ਕਰਕੇ ਇਸ ਦਾ ਪਾਣੀ ਕਿਸੇ ਵੀ ਸਟੇਟ ਨੂੰ ਫ੍ਰੀ ਵਿੱਚ ਨਹੀਂ ਦਿੱਤਾ ਜਾ ਸਕਦਾ।ਇਸ ਪਾਣੀ ਉੱਤੇ ਸਿਰਫ ਤੇ ਸਿਰਫ ਪੰਜਾਬ ਦਾ ਹੱਕ ਹੈ । ਕਿਸਾਨ ਆਗੂ ਹਰਜੀਤ ਸਿੰਘ ਝੀਤਾ ਨੇ ਕਿਹਾ ਕਿ ਜ਼ਮੀਨ ਪਾਣੀ ਤੇ ਪੰਜਾਬ ਬਚਾਓ ਦੇ ਨਾਹਰੇ ਹੇਠ ਵੱਡੀ ਲਾਮਬੰਦੀ ਕਰਕੇ 24 ਅਗਸਤ ਨੂੰ ਮੁੱਲਾਂਪੁਰ ਮੰਡੀ ਲੁਧਿਆਣਾ ਵਿਖੇ ਕਿਸਾਨ ਰੈਲੀ ਕੀਤੀ ਜਾਵੇਗੀ ਅਤੇ ਸਰਕਾਰ ਨੂੰ ਸਾਰੇ ਫੈਸਲੇ ਵਾਪਸ ਲੈਣ ਲਈ ਮਜਬੂਰ ਕੀਤਾ ਜਾਵੇਗਾ।ਕਿਸਾਨ ਆਗੂਆਂ ਨੇ ਕਿਹਾ ਕਿ ਜੋ ਐਸ ਕੇ ਐਮ ਵਲੋਂ ਪ੍ਰੋਗਰਾਮ ਉਲੀਕੇ ਗਏ ਹਨ ਉਹਨਾਂ ਫੈਸਲਿਆਂ ਨੂੰ ਇੰਨ ਬਿੰਨ ਲਾਗੂ ਕੀਤਾ ਜਾਵੇ। 30 ਜੁਲਾਈ ਨੂੰ ਲੈਂਡ ਪੂਲਿੰਗ ਪਾਲਿਸੀ ਦੇ ਵਿਰੋਧ ਵਿਚ ਜੋ ਝੰਡਾ ਮਾਰਚ ਟਰੈਕਟਰ ਮਾਰਚ ਕੀਤਾ ਜਾਣਾ ਹੈ ਉਸ ਦਾ ਡਟ ਕੇ ਸਹਿਯੋਗ ਕੀਤਾ ਜਾਵੇਗਾ। ਇਸ ਤੋਂ ਉਪਰੰਤ ਸੂਬਾ ਕਮੇਟੀ ਨੇ ਆਪਣੀ ਜਥੇਬੰਦੀ ਦੇ ਪ੍ਰੋਗਰਾਮਾਂ ਨੂੰ ਵੀ ਵਿਚਾਰਿਆ ਜਿਸ ਵਿਚ ਜਥੇਬੰਦੀ ਦੀ ਰਜਿਸਟਰੇਸ਼ਨ ਅਤੇ ਤਰਨ ਤਾਰਨ ਵਿਖੇ ਜਥੇਬੰਦੀ ਦਾ ਮੁੱਖ ਦਫਤਰ ਬਣਾਉਣ ਦਾ ਫੈਸਲਾ ਕੀਤਾ। ਇਸ ਮੌਕੇ ਦਲਬੀਰ ਸਿੰਘ ਵੇਦਾਦਪੁਰ, ਅਵਤਾਰ ਸਿੰਘ ਚਾਹਲ, ਕੈਪਟਨ ਭਗਵੰਤ ਸਿੰਘ ਜੱਲੂਪੁਰ,ਸੁਖਦੇਵ ਸਿੰਘ ਤੁੜ,ਰਤਨ ਸਿੰਘ ਢੰਡ, ਡਾ. ਗੁਰਦੇਵ ਸਿੰਘ ਬਤਾਲਾ, ਪਰਮਜੀਤ ਸਿੰਘ ਖਡੂਰ ਸਾਹਿਬ,ਜੱਸਾ ਸਿੰਘ ਕੱਦਗਿੱਲ, ਸੋਨਾ ਖੋਜਕੀਪੁਰ, ਦਿਲਬਾਗ ਸਿੰਘ ਬਾਣੀਆ, ਗੁਰਪ੍ਰੀਤ ਸਿੰਘ ਬਾਬਾ ਬਕਾਲਾ, ਸਾਹਿਬ ਸਿੰਘ ਮੀਆਂਪੁਰ, ਰਸ਼ਪਾਲ ਸਿੰਘ ਭੈਲ, ਬਲਦੇਵ ਸਿੰਘ ਛਾਪੜੀ ਸਾਹਿਬ, ਅਰਵਿੰਦਰ ਸਿੰਘ ਮਾਨ ਰਈਆ, ਹਰਭੇਜ ਸਿੰਘ ਲੁੱਧਰ, ਬੂਟਾ ਸਿੰਘ ਮੁਗਲਚਕ, ਗੁਰਲਾਲ ਲੇਈਆ ਆਦਿ ਹਾਜ਼ਰ ਹੋਏ।



# ਬਾਬਾ ਗਰੀਬ ਦਾਸ ਮਛਰਾਲਾ ਦਾ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਸਥਾਨਕ ਕਸਬੇ ਦੇ ਨਜ਼ਦੀਕੀ ਪਿੰਡ ਮਛਰਾਲਾ ਵਿਖੇ ਮੇਲਾ ਪ੍ਰਬੰਧਕਾਂ ਵੱਲੋਂ ਬਾਬਾ ਗਰੀਬ ਦਾਸ ਦਾ ਸਲਾਨਾ ਜੋੜ ਮੇਲਾ ਮੁੱਖ ਸੇਵਾਦਾਰ ਮਹੰਤ ਬਾਬਾ ਗੁਰਸੇਵਕ ਸਿੰਘ ਗੱਦੀ ਨਸ਼ੀਨ ਬਾਬਾ ਗਰੀਬ ਦਾਸ ਜੀ ਮਛਰਾਲਾ ਅਤੇ ਬਾਬਾ ਨਿਸ਼ਾਨ ਸਿੰਘ ਮਛਰਾਲਾ ਦੀ ਅਗਵਾਈ ਵਿੱਚ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਧੂਮਧਾਮ ਮਨਾਇਆ ਗਿਆ । ਇਸ ਮੌਕੇ 31 ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਭਾਈ ਗੁਰਦੇਵ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ । ਇਸ ਮੌਕੇ ਭਾਈ ਭਗਵੰਤ ਸਿੰਘ ਸੁਰਵਿੰਡੀਆਂ ਕਵੀਸ਼ਰੀ ਜਥਾ, ਭਾਈ ਮਲੂਕ ਸਿੰਘ, ਬਾਬਾ ਰਣਧੀਰ ਸਿੰਘ ਅਤੇ ਬਾਬਾ ਸੁਖਵਿੰਦਰ ਸਿੰਘ ਕਵੀਸ਼ਰੀ ਜਥਾ ਭਗਠਾਣਾ ਤੁੱਲੀਆ, ਭਾਈ ਮੱਖਣ ਸਿੰਘ ਦਸਮੇਸ਼ ਨਗਰੀਆਂ ਕਵੀਸ਼ਰੀ ਜਥੇ ਸਮੇਤ ਵੱਖ ਵੱਖ ਜਥਿਆਂ ਵੱਲੋਂ ਵੀ ਹਾਜ਼ਰੀ ਭਰ ਕੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ ਗਿਆ । ਇਸ ਮੌਕੇ ਮੈਂਬਰ ਪਾਰਲੀਮੈਂਟ ਗੁਰਦਾਸਪੁਰ ਸੁਖਜਿੰਦਰ ਸਿੰਘ ਰੰਧਾਵਾ, ਸਾਬਕਾ ਚੇਅਰਮੈਨ ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ, ਸਾਬਕਾ ਚੇਅਰਮੈਨ ਕੰਵਲਜੀਤ ਸਿੰਘ ਖੁਸ਼ਹਾਲਪੁਰ, ਬਾਬਾ ਸੁਖਵਿੰਦਰ ਸਿੰਘ ਮੱਲਕਪੁਰ ਵਾਲੇ, ਕਾਂਗਰਸੀ ਆਗੂ ਇੰਦਰਜੀਤ ਸਿੰਘ ਰੰਧਾਵਾ ਧਾਰੋਵਾਲੀ ਸਮੇਤ ਵੱਖ-ਵੱਖ ਰਾਜਨੀਤਕ, ਧਾਰਮਿਕ, ਸਮਾਜ ਸੇਵੀ ਆਗੂਆਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਤੇ ਬਾਬਾ ਜੀ ਦਾ ਅਸ਼ੀਰਵਾਦ ਲਿਆ । ਇਸ ਮੌਕੇ ਬਾਬਾ ਸਵਰਨ ਸਿੰਘ, ਬਾਬਾ ਨਿਰਮਲ ਸਿੰਘ, ਸਾਬਕਾ ਚੇਅਰਮੈਨ ਹਰਦੀਪ ਸਿੰਘ ਤਲਵੰਡੀ ਗੋਰਾਇਆ, ਸਾਬਕਾ ਚੇਅਰਮੈਨ ਨਰਿੰਦਰ ਸਿੰਘ ਬਾਜਵਾ, ਸੁਰਜੀਤ ਸਿੰਘ ਖਾਸਾਵਾਲੀ, ਗੁਰਬਚਨ ਸਿੰਘ ਫੌਜੀ ਤਲਵੰਡੀ ਗੋਰਾਇਆ, ਸੁੱਚਾ ਸਿੰਘ ਮਛਰਾਲਾ, ਹੈਪੀ ਸਰਪੰਚ ਬਹਿਲੋਲਪੁਰ, ਜੱਗੀ ਪੱਡਾ, ਗੁਰਪ੍ਰੀਤ ਸਿੰਘ ਸਰਪੰਚ ਹਰੀਮਾਬਾਦ, ਇਕਬਾਲ ਸਿੰਘ, ਬਿਕਰਮਜੀਤ ਸਿੰਘ ਸਰਪੰਚ ਮਛਰਾਲਾ, ਕਸ਼ਮੀਰ ਸਿੰਘ ਫੌਜੀ ਹਵੇਲੀਆਂ, ਸਰਵਨ ਸਿੰਘ ਫੌਜੀ, ਸਰਤਾਜ ਸਿੰਘ, ਹਰਵੰਤ ਸਿੰਘ, ਗੁਰਪ੍ਰੀਤ ਸਿੰਘ ਐਸ ਜੀ ਪੀ ਸੀ, ਅਰਵਿੰਦਰ ਸਿੰਘ, ਮਹਿਕਪ੍ਰੀਤ ਸਿੰਘ, ਹਰਮਨਪ੍ਰੀਤ ਸਿੰਘ, ਨੂਰ ਇਕਬਾਲ ਸਿੰਘ, ਗੁਰਪ੍ਰੀਤ ਸਿੰਘ, ਗੁਰਸੇਵਕ ਸਿੰਘ, ਮੱਖਣਜੋਤ ਸਿੰਘ,ਮਲਕੀਤ ਸਿੰਘ,ਬਲਰਾਜ ਸਿੰਘ,ਕਰਮਲ ਪ੍ਰੀਤ ਸਿੰਘ, ਹਰਸ਼, ਗੁਰ ਸਾਹਿਬ ਸਿੰਘ ਸਾਰੇ ਪੱਕੇ ਸੇਵਾਦਾਰ, ਦਿਲਬਾਗ ਸਿੰਘ ਮਸ਼ਰਾਲਾ, ਗੁਰਮੁੱਖ ਸਿੰਘ ਫੌਜੀ, ਸਵਰਨ ਸਿੰਘ , ਦਿਲਬਾਗ ਸਿੰਘ ਸਮਰਾਵਾ ,ਬਾਬਾ ਰਣਧੀਰ ਸਿੰਘ ਤੋ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ ।



11 July Page 12.qxd 7/10/2025 10:45 PM Page 1



# ਹੜਤਾਲ ਦੇ ਸਮਰਥਨ 'ਚ ਰੈਲੀ ਤੇ ਮਾਰਚ

**ਫਗਵਾੜਾ (ਡਾ. ਰਮਨ, ਢੱਡਾ)** ਕੇਂਦਰੀ ਟਰੇਡ ਯੂਨੀਅਨਾਂ, ਮੁਲਾਜ਼ਮ ਫੈਡਰੇਸ਼ਨਾਂ ਅਤੇ ਜਨਤਕ ਜਥੇਬੰਦੀਆਂ ਦੇ ਸੱਦੇ 'ਤੇ ਦੇਸ਼ ਵਿਆਪੀ ਹੜਤਾਲ ਮੌਕੇ ਤੇ ਲੋਕ ਹਿਤੈਸ਼ੀ ਕਾਫ਼ਲਾ ਫਗਵਾੜਾ ਵਲੋਂ ਟਾਊਨ ਹਾਲ



ਫਗਵਾੜਾ ਦੇ ਪਾਰਕ ਵਿੱਚ ਇਕੱਠੇ ਹੋ ਕੇ ਰੈਲੀ ਕਰਨ ਉਪਰੰਤ ਰੋਸ ਮਾਰਚ ਵੀ ਕੀਤਾ ਗਿਆ। ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਐੱਸ ਐੱਲ ਵਿਰਦੀ, ਜਸਵੀਰ ਭੰਗੂ, ਬਲਵੀਰ ਸਿੰਘ ਦੋਸਾਂਝ,ਹਰਚਰਨ ਭਾਰਤੀ,ਬਤਨ ਸਿੰਘ, ਪ੍ਰੋਫੈਸਰ ਜਸਕਰਨ ਸਿੰਘ, ਜਸਵਿੰਦਰ ਸਿੰਘ, ਗੁਰਮੁਖ ਲੋਕ ਪ੍ਰੇਮੀ, ਜਸਵੀਰ ਸਿੰਘ ਸੈਣੀ, ਕੁਲਦੀਪ ਸਿੰਘ ਕੌੜਾ ਆਦਿ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਵਲੋਂ ਸਾਮਰਾਜੀ ਮੁਲਕਾਂ ਵਲੋਂ ਨਿਰਦੇਸ਼ਤ ਨਵ-ਉਦਾਰਵਾਦੀ ਨੀਤੀਆਂ ਲਾਗੂ ਕਰਨ ਨਾਲ ਦੇਸ਼ ਵਿੱਚ ਗਰੀਬੀ, ਅਨਪੜ੍ਹਤਾ, ਮਹਿੰਗਾਈ, ਬੇਰੁਜ਼ਗਾਰੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਸੀਤਲ ਰਾਮ ਬੰਗਾ ਨੇ ਇਨਕਲਾਬੀ ਕਵਿਤਾ ਰਾਹੀਂ ਆਪਣੇ ਵਿਚਾਰ ਪੇਸ਼ ਕੀਤੇ। ਰੈਲੀ ਕਰਨ ਉਪਰੰਤ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਰੋਸ ਮਾਰਚ ਵੀ ਕੀਤਾ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਕੇ ਕੇ ਪਾਂਡੇ, ਹਰਭਜਨ ਲਾਲ ਕੌਲ, ਸਤਪਾਲ ਸਿੰਘ ਖੱਟਕੜ, ਮਨਿੰਦਰ ਕੁਮਾਰ ਸ਼ਰਮਾ,ਰਤਨ ਸਿੰਘ ਬਲਾਲੋਂ,ਰਤਨ ਸਿੰਘ ਗੁਰਾਇਆ, ਅਵਿਨਾਸ਼ ਚੰਦਰ, ਤਰਸੇਮ ਲਾਲ ਸੇਵਾ ਮੁਕਤ ਐਸ ਡੀ ਓ,ਜਸਕਰਨ ਸਿੰਘ, ਰੁਪਿੰਦਰ ਪਾਲ ਬੜਾ ਪਿੰਡ, ਸੁਰਜੀਤ ਕੌਰ, ਆਸ਼ਾ ਰਾਣੀ, ਬਲਜੀਤ ਕੌਰ, ਮਨਜੀਤ ਕੌਰ,ਨਾਗਰੇਸਨ, ਸਰੂਪ ਲਾਲ,ਰਾਣੋ, ਕਮਲੇਸ਼ ਕੌਰ, ਪਰਮਜੀਤ ਕੌਰ, ਸੁਨੀਤਾ, ਅਨੀਤਾ ਰਾਣੀ, ਰਵਿੰਦਰ ਕੌਰ, ਕ੍ਰਿਸ਼ਨਾ ਦੇਵੀ, ਪਰਮਜੀਤ ਕੌਰ, ਸੁਨੀਤਾ ਰਾਣੀ, ਰਮਨਜੀਤ ਕੌਰ, ਮਨਦੀਪ ਕੌਰ ਆਦਿ ਹਾਜ਼ਰ ਹੋਏ।

# ਵਿਕਰਾਂਤ ਮੈਸੀ ਨੇ ਐੱਲ ਪੀ ਯੂ ਦੇ 'ਵਾਈਸ ਆਫ ਭਾਰਤ' 'ਚ ਆਪਣੇ ਵਿਚਾਰ ਰੱਖੇ

**ਜਲੰਧਰ (ਸ਼ੈਲੀ ਐਲਬਰਟ)** - ਭਾਰਤੀ ਸਿਨੇਮਾ ਦੇ ਸਭ ਤੋਂ ਬਹੁਪੱਖੀ ਅਤੇ ਮਸ਼ਹੂਰ ਅਦਾਕਾਰ ਵਿਕਰਾਂਤ ਮੈਸੀ ਨੇ 'ਵਾਇਸ ਆਫ ਭਾਰਤ' ਪ੍ਰੋਗਰਾਮ ਲਈ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਦਾ ਦੌਰਾ ਕੀਤਾ ਅਤੇ ਆਪਣੇ ਉਤਸ਼ਾਹੀ, ਫ਼ਿਲਮੀ, ਪ੍ਰੇਰਣਾਦਾਇਕ ਯਾਤਰਾ ਅਤੇ ਦਿਲ ਨੂੰ ਛੂਹ ਲੈਣ ਵਾਲੇ ਵਿਚਾਰਾਂ ਨਾਲ ਹਜ਼ਾਰਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮੰਤਰਮੁਗਧ ਕੀਤਾ।ਵਿਦਿਆਰਥੀਆਂ ਅਤੇ ਸਟਾਫ਼ ਨੂੰ ਸੰਬੋਧਨ ਕਰਦੇ ਹੋਏ, ਵਿਕਰਾਂਤ ਨੇ ਐਲਪੀਯੂ ਪ੍ਰਤੀ ਆਪਣੀ ਪ੍ਰਸ਼ੰਸਾ ਅਤੇ ਯੂਨੀਵਰਸਿਟੀ ਨਾਲ ਆਪਣੇ ਡੂੰਘੇ ਨਿੱਜੀ ਸਬੰਧਾਂ ਨੂੰ ਸਾਂਝਾ ਕਰਦੇ ਹੋਏ ਕਿਹਾ, ਮੈਂ ਹਮੇਸ਼ਾ ਐਲਪੀਯੂ ਨਾਲ ਜੁੜਿਆ ਰਿਹਾ ਹਾਂ, ਮੇਰੇ ਨਜ਼ਦੀਕੀ ਰਿਸ਼ਤੇਦਾਰ ਇੱਥੇ ਪੜ੍ਹੇ ਹਨ ਅਤੇ ਵਰਤਮਾਨ ਵਿੱਚ ਪੜ੍ਹ ਰਹੇ ਹਨ। ਮੈਂ ਇਸ ਕੈਂਪਸ ਨੂੰ ਕਈ ਵਾਰ ਵਰਚੁਅਲੀ ਦੇਖਿਆ ਹੈ ਅਤੇ ਇਹ ਦੇਖ ਕੇ ਹਮੇਸ਼ਾ ਹੈਰਾਨ ਹੁੰਦਾ ਸੀ ਕਿ ਇਹ ਕਿੰਨਾ ਵਿਸ਼ਾਲ ਅਤੇ ਹਰੇ ਭਰੇ ਦਿਖਾਈ ਦਿੰਦਾ ਹੈ। ਮੈਂ ਸੋਚਦਾ ਸੀ ਕਿ ਇਸਨੂੰ ਵਿਅਕਤੀਗਤ ਤੌਰ 'ਤੇ ਅਨੁਭਵ ਕਰਨਾ ਕਿਹੋ ਜਿਹਾ ਹੋਵੇਗਾ ਅਤੇ ਅੱਜ, ਮੈਂ ਅੰਤ ਵਿੱਚ ਇਸਨੂੰ ਦੇਖਿਆ ਅਤੇ ਮਹਿਸੂਸ ਕੀਤਾ। ਮੈਸੀ ਨੇ 16 ਸਾਲ ਦੀ ਉਮਰ ਵਿੱਚ ਅਦਾਕਾਰੀ ਵਿੱਚ ਆਪਣੇ ਸ਼ੁਰੂਆਤੀ ਕਦਮ ਨੂੰ ਯਾਦ ਕੀਤਾ, ਫਿਲਮਾਂ ਵਿੱਚ ਆਉਣ ਤੋਂ ਪਹਿਲਾਂ ਇੱਕ ਦਹਾਕੇ ਤੱਕ ਟੈਲੀਵਿਜ਼ਨ ਵਿੱਚ ਕੰਮ ਕੀਤਾ।ਜਿਸਨੇ ਉਸਨੂੰ ਸਿਨੇਮਾ ਦੀ ਦੁਨੀਆ ਵਿੱਚ ਲੈ ਆਇਆ। ਵਿਕਰਾਂਤ ਨੇ ਸੰਪੂਰਨ ਵਿਕਾਸ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਸਿੱਖਿਆ ਸਿਰਫ਼ ਅਕਾਦਮਿਕ ਬਾਰੇ ਨਹੀਂ ਹੈ, ਇਸਦਾ ਅਰਥ ਹੈ ਇੱਕ ਬਿਹਤਰ ਇਨਸਾਨ ਬਣਨਾ। ਐਲਪੀਯੂ ਦੇ ਸੰਸਥਾਪਕ ਚਾਂਸਲਰ ਅਤੇ ਸੰਸਦ ਮੈਂਬਰ ਡਾ. ਅਸ਼ੋਕ ਕੁਮਾਰ ਮਿੱਤਲ ਅਤੇ ਐਲਪੀਯੂ ਦੀ ਪ੍ਰੋ ਚਾਂਸਲਰ ਡਾ. ਕਰਨਲ ਰਸ਼ਮੀ ਮਿੱਤਲ ਵੀ ਇਸ ਸਮਾਗਮ ਵਿੱਚ ਮੌਜੂਦ ਸਨ।



# ਮੋਹਲੀਆਣਾ ਵਿਖੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਤਿੰਨ ਰੋਜ਼ਾ ਜੋੜ ਮੇਲਾ

**ਫਗਵਾੜਾ (ਡਾ. ਰਮਨ)** ਰੱਬੀ ਦਰਬਾਰ ਰੋਜ਼ਾ ਬਾਬਾ ਹਾਲ ਮਸਤ ਦੇ ਦਰਬਾਰ ਪਿੰਡ ਮੋਹਲੀਆਣਾ ਵਿਖੇ ਤਿੰਨ ਰੋਜ਼ਾ ਸਾਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਮੁੱਖ ਸੇਵਾਦਾਰ ਬੀਬੀ ਸੁਰਿੰਦਰ ਸ਼ਿੰਦੀ ਦੀ ਅਗਵਾਈ ਹੇਠ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਜੋ ਕਿ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਇਆ। ਪਹਿਲੇ ਦਿਨ ਸ਼ਾਮ ਨੂੰ ਮਹਿੰਦੀ ਦੀ ਰਸਮ ਤੋਂ ਬਾਅਦ ਰਾਤ ਨੂੰ ਕੱਵਾਲ ਰਵਿੰਦਰ ਰੂਹੀ ਨੇ ਕੱਵਾਲੀਆਂ ਦੀ ਖੂਬਸੂਰਤ ਪੇਸ਼ਕਾਰੀ ਕੀਤੀ। ਉਪਰੰਤ ਸੁੱਖਾ ਬਾਗੋਵਾਲੀਆ ਐਂਡ ਪਾਰਟੀ ਵਲੋਂ ਧਾਰਮਿਕ ਨਾਟਕ ਪੇਸ਼ ਕੀਤਾ ਗਿਆ। ਦੂਸਰੇ ਦਿਨ ਸਵੇਰੇ ਝੰਡੇ ਦੀ ਰਸਮ ਉਪਰੰਤ ਮੁੱਖ ਸੇਵਾਦਾਰ ਬੀਬੀ ਸੁਰਿੰਦਰ ਸ਼ਿੰਦੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਜਿਸ ਤੋਂ ਬਾਅਦ ਕੱਵਾਲ ਸਲਾਮਤ ਅਲੀ ਮਤੋਈ ਮਲੇਰਕੋਟਲੇ ਵਾਲਿਆਂ ਨੇ ਕੱਵਾਲੀਆਂ ਦੀ ਮਹਿਫਿਲ ਸਜਾਈ ਅਤੇ ਬਾਬਾ ਬੁੱਲੇ ਸ਼ਾਹ ਨੱਕਾਲ ਪਾਰਟੀ ਫਗਵਾੜਾ ਵਾਲਿਆਂ ਨੇ ਨਕਲਾਂ ਦਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਜੋੜ ਮੇਲੇ ਦੇ ਤੀਸਰੇ ਅਤੇ ਆਖਰੀ ਦਿਨ ਧਾਰਮਿਕ ਅਤੇ ਸੱਭਿਆਚਾਰਕ





ਸਟੇਜ ਸਜਾਈ ਗਈ। ਜਿਸ ਵਿਚ ਮਨਜੀਤ ਮੇਵੀ ਅਤੇ ਗਾਇਕ ਦਰਸ਼ਨ ਲੱਖੇਵਾਲਾ ਤੋਂ ਇਲਾਵਾ ਗਾਇਕ ਕਿਰਨ ਸ਼ਰਮਾ ਵਲੋਂ ਪ੍ਰਸਿੱਧ ਗੀਤ ਪੇਸ਼ ਕੀਤੇ ਗਏ। ਫਿਰ ਵਾਰੀ ਆਈ ਪ੍ਰਸਿੱਧ ਗਾਇਕ ਯਾਸਿਰ ਹੁਸੈਨ। ਜਿਸਨੇ ਪੰਜਾਬ ਦੇ ਮਾਣ ਗੁਰਦਾਸ ਮਾਨ ਦੀ ਯਾਦ ਨੂੰ ਤਾਜਾ ਕਰਦੇ ਹੋਏ ਡਫਲੀ ਦੀ ਤਰਜ 'ਤੇ ਇੱਕ ਤੋਂ ਬਾਅਦ ਇੱਕ ਗੀਤਾਂ ਦੀ ਝੜੀ ਲਗਾ ਕੇ ਸੰਗਤਾਂ ਨੂੰ ਕੀਲੀ ਰੱਖਿਆ। ਇਸ ਮੌਕੇ ਚਾਹ ਪਕੌੜੇ, ਜਲੇਬੀਆਂ, ਠੰਡੇ ਮਿੱਠੇ ਜਲ ਅਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ। ਸੰਤ ਪ੍ਰੀਤਮ ਦਾਸ ਸੰਗਤਪੁਰ ਅਤੇ ਸਾਂਈ ਮੋਨੂੰ ਸ਼ਾਹ ਮਾਣਕਾਂ ਨੇ ਵੀ ਸਮੂਹ ਸੰਗਤ ਨੂੰ ਆਪਣੀਆਂ ਸ਼ੁਭ ਇੱਛਾਵਾਂ ਦਿੰਦਿਆਂ ਕਿਹਾ ਕਿ ਸਾਲਾਨਾ ਜੋੜ ਮੇਲੇ ਸਾਂਝੀਵਾਲਤਾ ਦੇ ਪ੍ਰਤੀਕ ਹਨ। ਇਹ ਮੇਲੇ ਸਾਨੂੰ ਰਲਮਿਲ ਕੇ ਮਨਾਉਣੇ ਚਾਹੀਦੇ ਹਨ। ਸਟੇਜ ਦੀ ਸੇਵਾ ਸੁਖਜੀਤ ਬਿੱਲਾ ਅਤੇ ਮੁਖਤਿਆਰ ਮੋਹਲੀਆਣਾ ਨੇ ਬਾਖੂਬੀ ਨਿਭਾਈ। ਇਸ ਮੌਕੇ ਤਰਸੇਮ ਸਿੰਘ ਤੱਖਰ ਸਾਬਕਾ ਚੇਅਰਮੈਨ ਬਲਾਕ ਸੰਮਤੀ ਬੰਗਾ, ਸਰਪੰਚ ਰਾਜਕੁਮਾਰ, ਰਾਜ ਕੁਮਾਰ ਪੌਪਾ, ਜਸਵੀਰ ਸ਼ੀਰਾ, ਰਵੀ, ਸੁਨੀਲ ਸ਼ੀਲਾ, ਚਰਨਜੀਤ ਚੰਨੀ, ਮਨਜੀਤ ਕੌਰ, ਕੰਚਨ ਝੱਮਟ, ਪ੍ਰਭਜੋਤ ਕੌਰ, ਸਤਪਾਲ, ਚਰਨਦਾਸ, ਡਾ. ਵਿਸ਼ੰਭਰ, ਗੁਰਮਿੰਦਰ ਸਿੰਘ, ਬਲਵੀਰ ਸਿੰਘ ਉਸਮਾਨਪੁਰ ਆਦਿ ਵੀ ਹਾਜ਼ਰ ਸਨ।

# ਜੀ.ਡੀ.ਆਰ. ਕਿਡਜ ਵਰਲਡ 'ਚ ਨੰਨ੍ਹੇ-ਮੁੰਨੇ ਬੱਚਿਆਂ ਨੇ ਦਿਖਾਇਆ ਕਵਿਤਾ ਵਾਚਨ 'ਚ ਹੁਨਰ

**ਫਗਵਾੜਾ (ਡਾ. ਰਮਨ)**- ਜੀ.ਡੀ.ਆਰ. ਕਿਡਜ਼ ਵਰਲਡ, ਆਦਰਸ਼ ਨਗਰ, ਫਗਵਾੜਾ ਵਿਖੇ ਪ੍ਰੀ-ਨਰਸਰੀ ਤੋਂ ਯੂ.ਕੇ.ਜੀ. ਤੱਕ ਦੇ ਬੱਚਿਆਂ ਲਈ



ਕਵਿਤਾ ਵਾਚਨ ਮੁਕਾਬਲੇ ਦਾ ਉਤਸ਼ਾਹ ਭਰਪੂਰ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਦਾ ਮੁੱਖ ਮਕਸਦ ਬੱਚਿਆਂ ਦੀ ਵਾਚਨ ਯੋਗਤਾ ਨੂੰ ਨਿਖਾਰਨਾ, ਉਨ੍ਹਾਂ 'ਚ ਆਤਮ ਵਿਸ਼ਵਾਸ ਵਧਾਉਣਾ ਤੇ ਉਨ੍ਹਾਂ ਦੇ ਬੌਧਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਸੀ ।ਨੰਨ੍ਹੇ-ਮੁੰਨੇ ਬੱਚਿਆਂ ਨੇ ਰੰਗ-ਬਿਰੰਗੇ ਪਹਿਰਾਵੇ ਪਾ ਕੇ ਮੰਚ 'ਤੇ ਆਪਣੀਆਂ ਮਨਮੋਹਣ ਵਾਲੀਆਂ ਕਵਿਤਾਵਾਂ ਰਾਹੀਂ ਸਭ ਦਾ ਦਿਲ ਜਿੱਤ ਲਿਆ । ਪ੍ਰੀ-ਨਰਸਰੀ ਅਤੇ ਨਰਸਰੀ ਵਰਗ ਦੇ ਬੱਚਿਆਂ ਨੇ ਆਪਣੀ ਪਸੰਦ ਮੁਤਾਬਕ ਸੁੰਦਰ ਕਵਿਤਾਵਾਂ ਚੁਣੀਆਂ ਤੇ ਆਕਰਸ਼ਿਕ ਹਾਵ-ਭਾਵ ਨਾਲ ਉਹਨਾਂ ਦੀ ਪੇਸ਼ਕਸ਼ ਕੀਤੀ । ਦੂਜੇ ਪਾਸੇ, ਐਲ.ਕੇ.ਜੀ. ਅਤੇ ਯੂ.ਕੇ.ਜੀ. ਵਰਗ ਦੇ ਬੱਚਿਆਂ ਲਈ 'ਵਾਤਾਵਰਣ ਸੁਰੱਖਿਆ' ਵਿਸ਼ੇ 'ਤੇ ਆਧਾਰਿਤ ਕਵਿਤਾ ਵਾਚਨ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਵਾਤਾਵਰਣ ਬਚਾਉਣ ਬਾਰੇ ਪ੍ਰਭਾਵਸ਼ਾਲੀ ਢੰਗ ਨਾਲ ਸੁਨੇਹਾ ਦਿੱਤਾ ।ਮੁਕਾਬਲੇ ਦੇ ਅਖੀਰ 'ਚ ਜੇਤੂ ਬੱਚਿਆਂ ਦੇ ਨਾਂਅ ਘੋਸ਼ਿਤ ਕੀਤੇ ਗਏ । ਜਮਾਤ ਪ੍ਰੀ-ਨਰਸਰੀ ਅਤੇ ਨਰਸਰੀ ਵਰਗ ਵਿੱਚ ਧੁਰਵਿਸ ਦੁੱਗਲ ਨੇ ਪਹਿਲਾ ਸਥਾਨ, ਜੈਸਮੀਨ ਬੰਗੜ ਅਤੇ ਸੀਰਤ ਕੌਰ ਨੇ ਦੂਜਾ ਸਥਾਨ, ਪਰਿਸਾ ਸੰਧੂ ਅਤੇ ਰੂਹੀ ਨੇ ਤੀਜਾ ਸਥਾਨ ਹਾਸਲ ਕੀਤਾ । ਇਸੇ ਤਰ੍ਹਾਂ ਐਲ.ਕੇ.ਜੀ. ਅਤੇ ਯੂ.ਕੇ.ਜੀ. ਵਰਗ ਵਿੱਚ ਮਿਸਟੀ ਭਾਰਗਵ ਅਤੇ ਮਨਵੀਰ ਸਿੰਘ ਨੇ ਪਹਿਲਾ ਸਥਾਨ, ਪੁਨੀਤ ਮਹਿਰਾ ਅਤੇ ਅਚਲਪ੍ਰੀਤ ਸਿੰਘ ਨੇ ਦੂਜਾ ਸਥਾਨ, ਸਮਾਯਰਾ ਧਿਨੀ ਨੇ ਤੀਜਾ ਸਥਾਨ ਹਾਸਲ ਕੀਤਾ।



# ਬਾਬਾ ਇੱਛਾਧਾਰੀ ਸ਼ਿਵ ਮੰਦਰ ਅਠੌਲਾ ਦੇ ਸਾਲਾਨਾ ਮੇਲੇ ਦਾ ਪੋਸਟਰ ਜਾਰੀ

**ਕਾਲਾ ਸੰਘਿਆਂ (ਮਨਜੀਤ ਮਾਨ)** ਲਵ ਸਹੋਤਾ ਅਠੌਲਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਰਬਾਰ ਬਾਬਾ ਇੱਛਾਧਾਰੀ ਸ਼ਿਵ ਮੰਦਿਰ ਪਿੰਡ ਅਠੌਲਾ ਵਿਖੇ ਸਾਲਾਨਾ ਮੇਲਾ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਮੇਲਾ ਮਿਤੀ 29 ਅਗਸਤ ਤੋਂ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ 29 ਅਗਸਤ ਨੂੰ ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ ਤੇ 30 ਅਗਸਤ ਨੂੰ ਮਹਿੰਦੀ ਦੀ ਰਸਮ ਤੇ ਰਾਤ ਨੂੰ ਗੁੱਗਾ ਜ਼ਾਹਰ ਪੀਰ ਦੇ ਸੋਹਲੇ ਪੜ੍ਹੇ ਜਾਣਗੇ। 31 ਅਗਸਤ ਨੂੰ ਪੰਜਾਬ ਦੇ ਬਹੁਤ ਹੀ ਮਸ਼ਹੂਰ ਕਲਾਕਾਰ ਆਪਣਾ ਧਾਰਮਿਕ ਗੀਤਾਂ ਨਾਲ ਪ੍ਰੋਗਰਾਮ ਪੇਸ਼ ਕਰਨਗੇ । ਇਸ ਮੌਕੇ ਮੇਲੇ ਦਰਬਾਰ ਦੇ ਮੁੱਖ ਸੇਵਾਦਾਰ ਗੱਦੀ ਨਸ਼ੀਨ ਬਾਬਾ ਜਸਪਾਲ ਕੌਰ, ਸਾਧ ਸੰਗਤ ਤੇ ਪ੍ਰਬੰਧਕ ਕਮੇਟੀ ਵੀ ਹਾਜ਼ਰ ਸੀ ।

# ਸਨਾਤਮ ਧਰਮ ਸਭਾ ਨੇ ਸੰਤ ਕਬੀਰ ਜੈਅੰਤੀ ਮਨਾਈ

**ਬਲਾਚੌਰ (ਜਸਵਿੰਦਰ ਬੈਂਸ )**- ਸਨਾਤਨ ਧਰਮ ਸਭਾ ਬਲਾਚੌਰ ਵੱਲੋਂ ਸ੍ਰੀ ਮਹਾਂਦੇਵ ਬ੍ਰਹਮਚਾਰੀ ਮੰਦਰ ਬਲਾਚੌਰ ਵਿਖੇ ਸੰਤ ਕਬੀਰ ਜੈਯੰਤੀ ਧੂਮ ਧਾਮ ਨਾਲ ਮਨਾਈ ਗਈ। ਸਮਾਗਮ ਵਿੱਚ ਬਲਾਚੌਰ ਇਲਾਕੇ ਦੀਆਂ ਵੱਖ ਵੱਖ ਮੰਦਰ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਬੁੱਧੀਜੀਵੀਆਂ ਨੇ ਭਾਗ ਲਿਆ। ਸਮਾਗਮ ਵਿੱਚ ਐਡਵੋਕੇਟ ਤਿਲਕ ਰਾਜ ਦੱਤਾ ਮੁੱਖ ਮਹਿਮਾਨ ਵਜੋਂ ਜਦੋਂ ਕਿ ਡਾਕਟਰ ਦੇਵਿੰਦਰ ਕੁਮਾਰ ਸ਼ਰਮਾ ਸਾਬਕਾ ਡਾਇਰੈਕਟਰ ਦੇਸ਼ ਭਗਤ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਮੁੱਖ ਬੁਲਾਰੇ ਵਜੋਂ ਸ਼ਾਮਿਲ ਹੋਏ।ਪਰਮਜੀਤ ਰੱਤੇਵਾਲੀਆ ਨੇ ਆਈ ਹੋਈ ਸਮੂਹ ਸੰਗਤ ਅਤੇ ਮਹਿਮਾਨਾਂ ਨੂੰ ਜੀ ਆਇਆ ਆਖਦਿਆਂ ਸਮਾਗਮ ਦੀ ਸ਼ੁਰੂਆਤ ਕੀਤੀ। ਸਮਾਗਮ ਦੌਰਾਨ ਡਾਕਟਰ ਦੇਵਿੰਦਰ ਕੁਮਾਰ ਸ਼ਰਮਾ ਨੇ ਸੰਤ ਕਬੀਰ ਜੀ ਦੇ ਜਨਮ, ਧਾਰਮਿਕ ਸਿੱਖਿਆ ਅਤੇ ਉਹਨਾਂ ਦੁਆਰਾ ਰਚਿਤ ਬਾਣੀ ਬਾਰੇ ਭਰਪੂਰ ਜਾਣਕਾਰੀ ਦਿੱਤੀ। ਉਨਾਂ ਕਿਹਾ ਕਿ ਇਸ ਪ੍ਰਕਾਰ ਦੇ ਸਮਾਗਮਾਂ ਨਾਲ ਜਿੱਥੇ ਆਪਸੀ ਪ੍ਰੇਮ ਅਤੇ ਭਾਈਚਾਰਕ ਸਾਂਝ ਵੱਧਦੀ ਹੈ ਉੱਥੇ ਇਹ ਦੇਸ਼ ਦੀ ਤਰੱਕੀ ਵਿੱਚ ਵੀ ਬਣਦਾ ਯੋਗਦਾਨ ਦੇਣਗੇ। ਇਸ ਮੌਕੇ ਅਨਿਲ ਮੇਨਕਾ, ਜੋਗਿੰਦਰ ਸਿੰਘ ਸੋਹਣ ਪਾਲ, ਪ੍ਰਦੀਪ ਰਾਣਾ , ਸੁਰਿੰਦਰ ਪਨੇਸਰ, ਹਨੀ ਡੱਬ ਐਮ.ਸੀ. , ਲਲਿਤ ਰਾਣਾ



ਪ੍ਰਦੀਪ ਨਾਗਪਾਲ , ਸ਼ੇਖਰਪਾਲ ਸ਼ਿੰਗਾਰਾ ਰਾਮ ਵਰਿੰਦਰ ਭੂੰਬਲਾ, ਹਰਵਿੰਦਰ ਪਾਲ ਸਿੰਘ , ਅਸ਼ਵਨੀ ਕੁਮਾਰ ਬਾਗੜੀ, ਸੋਮਨਾਥ ਤਕਲਾ, ਪਰਵਿੰਦਰ ਲਾਲੀ ਅਸ਼ੋਕ ਚੇਚੀ ਅਨੂਪ ਕੁਮਾਰ ਸ਼ਾਂਤੀ ਜੈਨ ਬਲਵੰਤ ਕਿਸ਼ੋਰ ਡਾ. ਸੁਨੀਲ ਪਾਠਕ ਵਿਜੇ ਰਾਣਾ ਵਿੱਕੀ ਚੇਤਲ ਅਰੁਣਾ ਪਾਠਕ ਸੁਨੀਤਾ ਵਾਸੁਦੇਵ ਇਮਕਾਨ ਪਰਮਿੰਦਰ ਕੌਰ ਸੁਨੀਤਾ ਰਾਣੀ ਨਿਰਮਲਾ ਦੇਵੀ ਐਮ ਸੀ ਆਦਿ ਪਤਵੰਤੇ ਹਾਜਰ ਸਨ।

# 'ਸਰਕਾਰ ਕਿਸਾਨਾਂ ਦੀਆਂ ਧੱਕੇ ਨਾਲ ਜ਼ਮੀਨਾਂ ਖੋਹਣੀਆਂ ਬੰਦ ਕਰੇ'

**ਸ਼ਾਹਕੋਟ/ਮਲਸੀਆਂ** : ਸਰਕਾਰ ਕਿਸਾਨਾਂ ਦੀਆਂ ਧੱਕੇ ਨਾਲ ਜ਼ਮੀਨਾਂ ਖੋਹਣੀਆ ਬੰਦ ਕਰੇ ਨਹੀਂ ਜਥੇਬੰਦੀਆਂ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ।ਉਕਤ ਵਿਚਾਰ ਸਰਕਾਰ ਦੇ ਪੁਤਲੇ ਫੂਕਣ ਤੋਂ ਬਾਅਦ ਜੱਥੇਦਾਰ ਸੁਲੱਖਣ ਸਿੰਘ, ਹੀਰਾ ਲਾਲ ਵਰਕਰ (ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ) ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਪ੍ਰਗਟ ਕੀਤੇ। ਉਨ੍ਹਾਂ ਗੁਰਦਾਸਪੁਰ ਵਿੱਚ ਕਿਸਾਨਾਂ 'ਤੇ ਕੀਤੇ ਤਸ਼ੱਦਦ ਦੀ ਵੀ ਨਿਖੇਦੀ ਕਰਦਿਆਂ ਕਿਹਾ ਕਿ ਸਰਕਾਰ ਬਿਨਾਂ ਮੁਆਵਜਾ ਦੇਣ ਤੋਂ ਹੀ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਰਹੀ ਹੈ। ਉਨ੍ਹਾਂ ਚਿੱਪ ਵਾਲੇ ਮੀਟਰ ਲਾਉਣ ਦੀ ਵੀ ਨਿਖੇਧੀ ਕੀਤੀ। ਉਨ੍ਹਾ ਕਿਹਾ ਕਿ ਚਿੱਪ ਵਾਲੇ ਮੀਟਰ ਰੋਕਣ ਲਈ ' ਜੱਥੇਬੰਦੀਆਂ ਪੰਜਾਬ ਭਰ ਵਿੱਚ ਪ੍ਰਦਰਸ਼ਨ ਕਰਨਗੀਆਂ।



# ਟ੍ਰੈਫਿਕ ਪੁਲਸ ਨੇ 6 ਮੋਟਰਸਾਇਕਲ ਬੰਦ ਕੀਤੇ

**ਫਿਲੌਰ (ਨਿਰਮਲ)**- ਟ੍ਰੈਫਿਕ ਪੁਲਸ ਜ਼ਿਲ੍ਹਾ ਜਲੰਧਰ ਦਿਹਾਤੀ ਦੇ ਸਬ ਇੰਸਪੈਕਟਰ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਟ੍ਰੈਫਿਕ ਪੁਲਸ ਨੇ 6 ਮੋਟਰ ਸਾਇਕਲ ਫੜ ਕੇ ਬੰਦ ਕੀਤੇ ਅਤੇ ਕਾਗਜ਼ਾਤ ਦੀ ਕਮੀ ਕਾਰਨ ਕਈ ਵਾਹਨਾਂ ਦੇ ਚਲਾਨ ਕੱਟੇ ਗਏ। ਉਨ੍ਹਾਂ ਦੱਸਿਆ ਕਿ ਪੁਲਸ ਨੂੰ ਸ਼ਿਕਾਇਤਾਂ ਆ ਰਹੀਆਂ ਸਨ ਕਿ ਨਾਬਾਲਿਗ ਬੱਚੇ ਦੋ ਪਹੀਆ ਵਾਹਨ ਤੇਜ ਰਫ਼ਤਾਰ ਚਲਾ ਕੇ ਰਾਹ ਜਾਂਦੇ ਰਾਹੀਆਂ ਨੂੰ ਪ੍ਰੇਸ਼ਾਨ ਕਰ ਰਹੇ ਸਨ, ਇਸ ਲਈ ਪੁਲਸ ਨੇ ਕਈ ਮੋਟਰ ਸਾਇਕਲ ਫੜ ਕੇ ਥਾਣਾ ਫਿਲੌਰ 'ਚ ਬੰਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਵਾਹਨ ਚਾਲਕਾਂ ਕੋਲ ਨਾ ਤਾਂ ਡਰਾਈਵਰ ਲਾਇਸੰਸ ਸੀ ਅਤੇ ਨਾ ਹੀ ਲੋੜੀਂਦੇ ਕਾਗਜ਼ਾਤ ਸਨ। ਸਬ ਇੰਸਪੈਕਟਰ ਸੁਖਜਿੰਦਰ ਸਿੰਘ ਨੇ ਵਾਹਨ ਚਾਲਕ ਨਬਾਲਿਗਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਲਾਇਸੰਸ, ਬਿਨਾਂ ਕਾਗਜ਼ਾਤਾਂ ਦੇ ਵਾਹਨ ਨਾ ਚਲਾਉਣ ਕਿਉਂਕਿ ਟ੍ਰੈਫਿਕ ਵਿਚ ਉਹ ਖ਼ੁਦ ਦੀ ਜ਼ਿੰਦਗੀ ਤਾਂ ਖ਼ਤਰੇ 'ਚ ਪਾਉਂਦੇ ਹਨ, ਉਹ ਉਲਟਾ ਦੂਸਰਿਆਂ ਨੂੰ ਵੀ ਖ਼ਤਰੇ 'ਚ ਪਾਉਂਦੇ ਹਨ।



# ਨੈਸ਼ਨਲ ਟ੍ਰੇਨਿੰਗ ਪ੍ਰੋਗਰਾਮ ਅਧੀਨ ਬੂਥ ਪੱਧਰੀ ਅਫ਼ਸਰਾਂ ਦੀ ਟ੍ਰੇਨਿੰਗ



**ਆਦਮਪੁਰ (ਪਰਮਜੀਤ ਸਿੰਘ)** ਭਾਰਤ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਸੰਯੁਕਤ ਕਮਿਸ਼ਨਰ ਡਾਕਟਰ ਸੁਮਨਦੀਪ ਕੌਰ ( ਪੀ. ਸੀ. ਐਸ. ) ਦੀ ਅਗਵਾਈ ਵਿਚ ਆਦਮਪੁਰ ਵਿਧਾਨ ਸਭਾ ਦੇ ਬੂਥ ਪੱਧਰੀ ਅਫ਼ਸਰਾਂ ਤੇ ਸੁਪਰਵਾਈਜ਼ਰ ਅਧਿਕਾਰੀਆਂ ਨੂੰ ਟਾਊਨ ਹਾਲ ਜਲੰਧਰ ਵਿਖੇ ਨੈਸ਼ਨਲ ਟ੍ਰੇਨਿੰਗ ਪ੍ਰੋਗਰਾਮ ਅਧੀਨ ਟ੍ਰੇਨਿੰਗ ਦਿੱਤੀ ਗਈ । ਇਲੈਕਸ਼ਨ ਕਾਨੂੰਗੋ ਮੈਡਮ ਪੂਜਾ ਵਲੋਂ ਜਾਣਕਾਰੀ ਦਿੱਤੀ ਗਈ ਕਿ ਵੋਟਾਂ ਬਣਾਉਣ, ਕਟਵਾਉਣ ਤੇ ਸੋਧ ਕਰਨ ਦੇ ਵੱਖ ਵੱਖ ਨਿਯਮਾਂ ਬਾਰੇ ਮਾਸਟਰ ਟ੍ਰੇਨਰ ਲੈਕਚਰਾਰ ਸੰਦੀਪ ਸਾਗਰ, ਲੈਕਚਰਾਰ ਰਵਿੰਦਰਪਾਲ ਸਿੰਘ ਬੈਂਸ, ਲੈਕਚਰਾਰ ਸੁਰੇਸ਼ ਕੁਮਾਰ, ਲੈਕਚਰਾਰ ਗੁਰਿੰਦਰ ਸਿੰਘ, ਲੈਕਚਰਾਰ ਸਰਵਜੀਤ ਸਿੰਘ, ਇੰਜੀਨੀਅਰ ਉਮੇਸ਼ ਸ਼ਰਮਾ ਵਲੋਂ ਬੂਥ ਤੇ ਸੈਕਟਰ ਪੱਧਰ ਤੇ ਕੰਮ ਕਰਨ ਵਾਲੇ ਅਧਿਕਾਰੀਆਂ ਨੂੰ ਜਾਣਕਾਰੀ ਦਿੱਤੀ ਗਈ ।ਰੋਲ ਪਲੇ ਰਾਹੀਂ ਵੱਖ ਵੱਖ ਮੁੱਦਿਆਂ ਨੂੰ ਵਿਚਾਰਿਆ ਗਿਆ ਤੇ ਅੰਤ ਵਿਚ ਮੁਲਾਂਕਣ ਲਈ ਪੇਪਰ ਵੀ ਲਿਆ ਗਿਆ ਤੇ ਸਰਟੀਫਿਕੇਟ ਵੀ ਪ੍ਰਦਾਨ ਕੀਤੇ ਗਏ । ਇਸ ਮੌਕੇ ਪ੍ਰੋਗਰਾਮ ਅਫ਼ਸਰ ਸੁਖਵਿੰਦਰ ਸਿੰਘ, ਸੁਪਰਵਾਈਜਰ ਭੁਪਿੰਦਰ ਸਿੰਘ ਕੰਦੋਲਾ ਤੇ ਕਾਰਪੋਰੇਸ਼ਨ ਦਫਤਰ ਦਾ ਸਟਾਫ ਹਾਜਰ ਸੀ ।

# 95 ਲੱਖ ਦੀ ਗ੍ਰਾਂਟ ਨਾਲ ਹੋਵੇਗਾ ਚੱਬੇਵਾਲ ਹਲਕੇ ਦਾ ਕਾਇਆਕਲਪ : ਡਾ. ਰਾਜ ਕੁਮਾਰ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤੇ ਇਨ੍ਹਾਂ ਹੀ ਉਦੇਸ਼ਾਂ ਨੂੰ ਧਿਆਨ ਵਿੱਚ ਰੱਖਦਿਆਂ ਚਬੇਵਾਲ ਹਲਕੇ ਦੇ ਪਿੰਡਾਂ ਦੇ ਵਿਕਾਸ ਲਈ 95 ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਾਂਸਦ ਡਾ. ਰਾਜਕੁਮਾਰ ਚਬੇਵਾਲ ਨੇ ਵਿਧਾਨ ਸਭਾ ਹਲਕੇ ਦੇ ਵੱਖ ਵੱਖ ਪਿੰਡਾਂ ਲਈ 95 ਲੱਖ ਰੁਪਏ ਦੀ ਗ੍ਰਾਂਟ ਦੇ ਚੈਕ ਵੰਡਣ ਸਮੇਂ ਕੀਤਾ।ਉਨ੍ਹਾਂ ਨੇ ਬਲਾਕ ਹੁਸ਼ਿਆਰਪੁਰ-1 ਦੇ ਅਧੀਨ ਆਉਂਦੀਆਂ ਪੰਚਾਇਤਾਂ ਨੂੰ ਕੁੱਲ 95 ਲੱਖ ਰੁਪਏ ਦੇ ਚੈਕ ਸੌਂਪੇ।ਡਾ. ਚਬੇਵਾਲ ਨੇ ਦੱਸਿਆ ਕਿ ਇਹ ਰਕਮ ਖਾਸ ਕਰਕੇ ਗਲੀਆਂ, ਨਾਲੀਆਂ, ਸਟ੍ਰੀਟ ਲਾਈਟਾਂ, ਪਾਣੀ ਸਪਲਾਈ, ਖੇਡ ਮੈਦਾਨਾਂ ਅਤੇ ਹੋਰ ਬੁਨਿਆਦੀ ਢਾਂਚਿਆਂ ਦੇ ਨਿਰਮਾਣ ਅਤੇ ਮੁਰੰਮਤ ਲਈ ਦਿੱਤੀ ਗਈ ਹੈ।ਇਸ ਨਾਲ ਚਬੇਵਾਲ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਨਵੀਂ ਰਫ਼ਤਾਰ ਮਿਲੇਗੀ ਅਤੇ ਆਮ ਲੋਕਾਂ ਨੂੰ ਸਿੱਧਾ ਲਾਭ ਪਹੁੰਚੇਗਾ।ਇਸ ਦੇ ਨਾਲ ਹੀ ਉਨ੍ਹਾਂ ਨੇ ਚਬੇਵਾਲ ਤੋਂ ਵਿਧਾਇਕ ਡਾ. ਈਸ਼ਾਂਕ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਵਿਕਾਸ ਯੋਜਨਾਵਾਂ ਨੂੰ ਤੇਜ਼ੀ ਨਾਲ ਲਾਗੂ ਕਰਵਾਇਆ। ਪਿੰਡ ਭਾਮ : ਗਲੀਆਂ ਅਤੇ ਨਾਲੀਆਂ ਦੀ ਮੁਰੰਮਤ ਲਈ ਦੋ ਕਿਸ਼ਤਾਂ 'ਚ 4.25 ਲੱਖ, ਪਿੰਡ ਬੰਬੇਲੀ, ਲੱਕਸੀਹਾਂ, ਬਿਛੋਹੀ, ਕੈਂਡੋਵਾਲ, ਸਾਰੰਗਵਾਲ, ਮੁਗੋਪੱਟੀ, ਕਾਲੇਵਾਲ ਫੱਤੂ, ਡਾਂਡੀਆਂ: ਗਲੀਆਂ ਅਤੇ ਨਾਲੀਆਂ ਦੇ ਨਿਰਮਾਣ ਅਤੇ ਸੁਧਾਰ ਲਈ 4 ਲੱਖ ਤੋਂ 8 ਲੱਖ ਤੱਕ, ਪਿੰਡ ਘੁਮਿਆਲਾ: ਗੁਰਦੁਆਰਾ ਸਾਹਿਬ ਵਾਲੀ ਗਲੀ 'ਚ ਇੰਟਰਲਾਕ ਟਾਇਲ ਵਰਕ ਲਈ 8 ਲੱਖ, ਪਿੰਡ ਰਾਜਪੁਰ ਹੁਕੂਮਤਪੁਰ: ਸਟ੍ਰੀਟ ਲਾਈਟਾਂ ਦੀ ਵਿਵਸਥਾ ਲਈ 6 ਲੱਖ, ਪਿੰਡ ਫਤੇਹਪੁਰ ਅਤੇ ਟੋਹਲੀਆਂ: ਸਟੇਡੀਅਮ ਨਿਰਮਾਣ ਅਤੇ ਗ੍ਰਾਊਂਡ ਲਈ ਕਰਮਵਾਰ 5 ਲੱਖ ਅਤੇ 3 ਲੱਖ, ਪਿੰਡ ਭੂਲੇਵਾਲ ਗੁਜਰਾ: ਜਿਮ ਉਪਕਰਨਾਂ ਲਈ 1.25 ਲੱਖ, ਪਿੰਡ ਨੂਰਪੁਰ ਬ੍ਰਾਹਮਣਾ: ਵੱਖ-ਵੱਖ ਵਿਕਾਸ ਕਾਰਜਾਂ ਲਈ 5 ਲੱਖ। ਇਸ ਵੰਡ ਸਮਾਰੋਹ ਦੌਰਾਨ ਸੰਬੰਧਤ ਪਿੰਡਾਂ ਦੀਆਂ ਪੰਚਾਇਤਾਂ ਦੇ ਪ੍ਰਤੀਨਿਧੀ, ਸਥਾਨਕ ਪਿੰਡਵਾਸੀ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਸਨ।



# ਗਰਭਵਤੀ ਔਰਤਾਂ ਲਈ ਲਗਾਏ ਵਿਸ਼ੇਸ਼ ਜਾਗਰੂਕਤਾ ਤੇ ਜਾਂਚ ਕੈਂਪ

**ਮੋਹਾਲੀ (ਗੁਰਜੀਤ ਬਿੱਲਾ)**- ਜ਼ਿਲ੍ਹੇ ਦੀਆਂ ਵੱਖ ਵੱਖ ਸਰਕਾਰੀ ਸਿਹਤ ਸੰਸਥਾਵਾਂ ਵਿਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਮੁਹਿੰਮ ਤਹਿਤ ਸਿਹਤ ਜਾਗਰੂਕਤਾ ਅਤੇ ਜਾਂਚ ਕੈਂਪ ਲਗਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਅਤੇ ਜ਼ਿਲ੍ਹਾ ਪਰਵਾਰ ਭਲਾਈ ਅਧਿਕਾਰੀ ਡਾ.ਤਮੰਨਾ ਸਿੰਘਲ ਨੇ ਦਸਿਆ ਕਿ ਇਸ ਕੜੀ ਤਹਿਤ ਗਰਭਵਤੀ ਔਰਤਾਂ ਦੀ ਏ.ਐਨ.ਸੀ. ਜਾਂਚ ਤੇ ਲੋੜੀਂਦੇ ਮੈਡੀਕਲ ਟੈਸਟ ਕੀਤੇ ਗਏ ਅਤੇ ਗਰਭਵਤੀ ਔਰਤਾਂ ਦੇ ਸੁਰੱਖਿਅਤ ਜਣੇਪੇ ਨੂੰ ਯਕੀਨੀ ਬਣਾਉਣ ਲਈ ਸਿਹਤਮੰਦ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ।ਅਧਿਕਾਰੀਆਂ ਨੇ ਦੱਸਿਆ ਕਿ ਮਾਵਾਂ ਅਤੇ ਬੱਚਿਆਂ ਦੀ ਮੌਤ ਦਰ ਵਿਚ ਕਮੀ ਲਿਆਉਣ ਵਿਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤਰਤਵ ਅਭਿਆਨ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਾਰੀਆਂ ਸਰਕਾਰੀ ਸੰਸਥਾਵਾਂ ਵਿੱਚ ਹਰ ਮਹੀਨੇ ਦੀ 9 ਤਰੀਕ ਅਤੇ 23 ਤਰੀਕ ਨੂੰ ਵਿਸ਼ੇਸ਼ ਤੌਰ 'ਤੇ ਉੱਚ-ਜੋਖਮ ਗਰਭਵਤੀ ਔਰਤਾਂ ਦੇ ਸੁਰੱਖਿਅਤ ਜਣੇਪੇ ਲਈ ਮਾਹਰ ਡਾਕਟਰਾਂ ਵੱਲੋਂ ਜਾਂਚ ਕੀਤੀ ਜਾਂਦੀ ਹੈ। ਗਰਭਵਤੀ ਔਰਤਾਂ ਦੀਆਂ ਜਣੇਪੇ ਤੋਂ ਪਹਿਲਾਂ ਚਾਰ ਏ.ਐਨ.ਸੀ. ਜਾਂਚਾਂ ਕਰਵਾਉਣਾ ਬੇਹੱਦ ਜ਼ਰੂਰੀ ਹੈ, ਇਸ ਲਈ ਸਿਹਤ ਵਿਭਾਗ ਇਸ ਪ੍ਰੋਗਰਾਮ ਨੂੰ ਹੋਰ ਮਜ਼ਬੂਤ ਬਣਾਉਣ ਦੀ ਦਿਸ਼ਾ ਵਿਚ ਯਤਨਸ਼ੀਲ ਹੈ। ਸੁਰੱਖਿਅਤ ਜਣੇਪੇ ਲਈ ਗਰਭ ਅਵਸਥਾ ਤੋਂ ਹੀ ਚੌਕਸੀ ਜ਼ਰੂਰੀ ਹੈ। ਇਸ ਪ੍ਰੋਗਰਾਮ ਤਹਿਤ ਜ਼ਿਲ੍ਹੇ ਅੰਦਰ ਹੁਣ ਤੱਕ ਹਜ਼ਾਰਾਂ ਗਰਭਵਤੀ ਔਰਤਾਂ ਵੱਲੋਂ ਲਾਭ ਉਠਾਇਆ ਜਾ ਚੁੱਕਿਆ ਹੈ।ਇਸ ਮੌਕੇ ਗਰਭਵਤੀ ਔਰਤਾਂ ਨੂੰ ਰਿਫਰੈਸ਼ਮੈਂਟ ਵੀ ਵੰਡੀ ਜਾਂਦੀ ਹੈ । ਇਸ ਮੌਕੇ ਜ਼ਿਲ੍ਹਾ ਹਸਪਤਾਲ ਦੇ ਐਸ. ਐਮ. ਓ. ਡਾ. ਪਰਮਿੰਦਰਜੀਤ ਸਿੰਘ ਤੇ ਨਰਸਿੰਗ ਅਫ਼ਸਰ ਸੁਖਵਿੰਦਰ ਕੌਰ ਵੀ ਮੌਜੂਦ ਸਨ।

# 17 ਨੂੰ ਕੱਢਿਆ ਜਾਵੇਗਾ ਮਾਂ ਚਿੰਤਪੁਰਨੀ ਦਾ ਝੰਡਾ : ਸਤੀਸ਼ ਸ਼ਰਮਾ

**ਕਾਲਾ ਸੰਘਿਆਂ (ਮਨਜੀਤ ਮਾਨ)**- ਸ਼ਿਵ ਸ਼ੰਕਰ ਭਜਨ ਮੰਡਲੀ ਅਤੇ ਸ੍ਰੀ ਦੁਰਗਾ ਭਜਨ ਮੰਡਲੀ ਕਾਲਾ ਸੰਘਿਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਾਂ ਚਿੰਤਪੁਰਨੀ ਜੀ ਦਾ ਝੰਡਾ 17 ਜੁਲਾਈ ਨੂੰ ਮੰਦਿਰ ਸ੍ਰੀ ਠਾਕੁਰ ਦੁਆਰਾ ਤੋਂ ਕੱਢਿਆ ਜਾਵੇਗਾ, ਜੋ ਪਿੰਡ ਦੀ ਪ੍ਰਕਰਮਾ ਕਰਕੇ ਸ੍ਰੀ ਹਨੂੰਮਾਨ ਮੰਦਿਰ ਵਿਖੇ ਸਮਾਪਤੀ ਹੋਵੇਗਾ। ਉੱਘੇ ਸਮਾਜ ਸੇਵਕ ਸਤੀਸ਼ ਸ਼ਰਮਾ ਨੇ ਦੱਸਿਆ ਕਿ 27 ਜੁਲਾਈ ਤੋਂ 31 ਜੁਲਾਈ ਤੱਕ ਮਾਤਾ ਚਿੰਤਪੁਰਨੀ ਜੀ ਦੇ ਦਰਬਾਰ ਨੇੜੇ ਵਿਸ਼ਾਲ ਲੰਗਰ ਭੰਡਾਰਾ ਪਿੰਡ ਦੀ ਸਮੂਹ ਸੰਗਤ ਤੇ ਐਨ ਆਰ ਆਈਜ਼ ਦੇ ਸਹਿਯੋਗ ਨਾਲ ਲਗਾਇਆ ਜਾਂਦਾ ਹੈ। ਸੰਗਤਾਂ ਦੇ ਠਹਿਰਨ ਵਾਸਤੇ ਦਰਬਾਰ ਦੇ ਨੇੜੇ ਇੱਕ ਆਲੀਸ਼ਾਨ ਵਿਸ਼ਾਲ ਧਰਮਸ਼ਾਲਾ ਵੀ ਬਣਾਈ ਗਈ ਹੈ ਤਾਂ ਕਿ ਸੰਗਤਾਂ ਨੂੰ ਕੋਈ ਮੁਸ਼ਕਿਲ ਨਾ ਆਵੇ।

# ਬਾਬਾ ਭਾਗ ਸਿੰਘ ਇੰਟਰਨੈਸ਼ਨਲ ਸਕੂਲ ਵਿਖੇ ਵਾਤਾਵਰਨ ਦਿਵਸ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਭਾਗ ਸਿੰਘ ਇੰਟਰਨੈਸ਼ਨਲ ਸਕੂਲ ਵਿਖੇ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰਣਜੀਤ ਸਿੰਘ ਅਤੇ ਸਟਾਫ ਨੇ ਮਿਲ ਕੇ ਫਲਦਾਰ ਬੂਟੇ ਲਗਾਏ। ਇਸ ਪ੍ਰੋਗਰਾਮ ਵਿੱਚ ਲਗਪਗ 130 ਸਟਾਫ ਮੈਂਬਰਾਂ ਨੇ ਹਿੱਸਾ ਲਿਆ। ਨਰਸਰੀ ਤੋਂ ਲੈ ਕੇ ਦੂਜੀ ਜਮਾਤ ਤੱਕ ਦੇ ਅਧਿਆਪਕਾਂ ਵਲੋਂ ਅੰਬਾਂ ਦੇ ਪੌਦੇ ਲਗਾਏ ਗਏ। ਤੀਸਰੀ ਜਮਾਤ ਤੋਂ ਪੰਜਵੀਂ ਜਮਾਤ ਦੇ ਅਧਿਆਪਕਾਂ ਵੱਲੋਂ ਲੁਕਾਠ ਦੇ ਪੌਦੇ ਲਗਾਏ ਗਏ। ਛੇਵੀਂ ਜਮਾਤ ਤੋਂ ਅੱਠਵੀਂ ਜਮਾਤ ਦੇ ਅਧਿਆਪਕਾਂ ਵੱਲੋਂ ਚੀਕੂ ਫਲ ਦੇ ਪੌਦੇ ਲਗਾਏ ਗਏ। ਨੌਵੀਂ ਤੇ ਦਸਵੀਂ ਜਮਾਤ ਦੇ ਅਧਿਆਪਕਾਂ ਵੱਲੋਂ ਲੀਚੀ ਦੇ ਪੌਦੇ ਲਗਾਏ ਗਏ ਅਤੇ ਗਿਆਰਵੀਂ ਅਤੇ ਬਾਰਵੀਂ ਜਮਾਤ ਦੇ ਅਧਿਆਪਕਾਂ ਵੱਲੋਂ ਨਾਖਾਂ ਦੇ ਪੌਦੇ ਲਗਾਏ ਗਏ। ਇਸ ਪ੍ਰੋਗਰਾਮ ਵਿੱਚ ਅਧਿਆਪਕਾਂ ਨੇ ਬਹੁਤ ਉਤਸ਼ਾਹ ਨਾਲ ਭਾਗ ਲਿਆ ਇਹ ਫਲਦਾਰ ਪੌਦੇ ਜੱਬੜ ਦੀ ਧਰਤੀ ਨੂੰ ਭਾਗ ਲਗਾਉਣ ਵਾਲੇ ਸੰਤ ਬਾਬਾ ਹਰੀ ਸਿੰਘ, ਸੰਤ ਬਾਬਾ ਭਾਗ ਸਿੰਘ, ਸੰਤ ਬਾਬਾ ਹਰਦਿਆਲ ਸਿੰਘ ਮੁਸਾਫਰ , ਸੰਤ ਬਾਬਾ ਮਲਕੀਤ ਸਿੰਘ ਅਤੇ ਸੰਤ ਬਾਬਾ ਦਿਲਾਵਰ ਸਿੰਘ ਬ੍ਰਹਮ ਦੀ ਯਾਦ ਵਿੱਚ ਲਗਾਏ ਗਏ।



# ਕਾਂਗਰਸ ਪਾਰਟੀ ਜ਼ਮੀਨੀ ਪੱਧਰ 'ਤੇ ਹੋ ਰਹੀ ਹੈ ਮਜ਼ਬੂਤ: ਸਿੱਧੂ

**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)**— ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ ਨਿਰਦੇਸ਼ ਤਹਿਤ ਕੱਲ ਮੋਹਾਲੀ ਦੇ ਫੇਜ਼ 1 ਵਿਖੇ



ਪੰਜਾਬ ਕਾਂਗਰਸ ਦੇ ਸੀਨੀਅਰ ਲੀਡਰ ਅਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੀ ਅਗਵਾਈ ਹੇਠ ਬਲਾਕ ਕਾਂਗਰਸ ਕਮੇਟੀ ਮੋਹਾਲੀ (ਦਿਹਾਤੀ) ਦੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਦੌਰਾਨ ਮੋਹਾਲੀ ਦੇ ਸੰਗਠਨ ਦੇ ਆਬਜ਼ਰਵਰ ਮਨੀਸ਼ ਬਾਂਸਲ ਅਤੇ ਹਲਕਾ ਕੋਆਰਡੀਨੇਟਰ ਗੁਰਕੀਮਤ ਸਿੰਘ ਸਿੱਧੂ ਮੌਜੂਦ ਰਹੇ। ਸਿੱਧੂ ਦੀ ਅਗਵਾਈ ਹੇਠ ਆਯੋਜਿਤ ਇਸ ਮੀਟਿੰਗ ਦੌਰਾਨ ਮੋਹਾਲੀ ਦੇ ਸਮੁੱਚੇ ਮੰਡਲ ਪ੍ਰਧਾਨਾਂ ਅਤੇ ਬੂਥ ਕਮੇਟੀਆਂ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ ਅਤੇ ਕਾਂਗਰਸ ਪਾਰਟੀ ਦੀ ਮਜ਼ਬੂਤੀ ਲਈ ਵਿਚਾਰ ਚਰਚਾ ਕੀਤੀ ।ਸਿੱਧੂ ਨੇ ਕਿਹਾ ਕਿਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਬਣਾਈਆਂ ਗਈਆਂ ਬੂਥ ਕਮੇਟੀਆਂ ਨੇ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਨਾ ਸਿਰਫ਼ ਮਜ਼ਬੂਤ ਕੀਤਾ ਹੈ, ਬਲਕਿ ਇਹ ਲੋਕਾਂ ਨਾਲ ਸਿੱਧਾ ਸੰਪਰਕ ਬਣਾਉਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਵੀ ਸਾਬਿਤ ਹੋਇਆ ਹੈ। ਹੁਣ, ਹਰ ਹਫ਼ਤੇ ਹੋ ਰਹੀਆਂ ਮੀਟਿੰਗਾਂ ਅਤੇ ਲੋਕਾਂ ਨਾਲ ਹੋ ਰਹੀ ਗੱਲਬਾਤ ਨਾਲ ਕਾਂਗਰਸ ਨੇ ਲੋਕਾਂ ਨਾਲ ਸਾਨੂੰ ਆਪਣੇ ਰਿਸ਼ਤੇ ਹੋਰ ਮਜ਼ਬੂਤ ਕਰਨ ਦਾ ਮੌਕਾ ਮਿਲ ਰਿਹਾ ਹੈ। ਮਨੀਸ਼ ਬਾਂਸਲ ਅਤੇ ਹਲਕਾ ਕੋਆਰਡੀਨੇਟਰ ਗੁਰਕੀਮਤ ਸਿੰਘ ਸਿੱਧੂ ਨੇ ਕਿਹਾ ਕਿ ਬਲਬੀਰ ਸਿੱਧੂ ਜੀ ਦੀ ਅਗਵਾਈ ਹੇਠ ਮੋਹਾਲੀ ਵਿੱਚ ਪਹਿਲਾਂ ਤੋਂ ਹੀ ਬੂਥ ਮੰਡਲ ਕਮੇਟੀਆਂ ਚੰਗੇ ਤਰੀਕੇ ਨਾਲ ਕੰਮ ਕਰ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਇਨ੍ਹਾਂ ਕਮੇਟੀਆਂ ਅੰਦਰ ਮਹਿਲਾਵਾਂ, ਨੌਜਵਾਨਾਂ ਸਣੇ ਸਮਾਜ ਦੇ ਸਾਰੇ ਵਰਗਾਂ ਦੀ ਸ਼ਮੂਲੀਅਤ ਯਕੀਨੀ ਬਣਾਕੇ ਹਰ ਹਫਤੇ ਇਨ੍ਹਾਂ ਕਮੇਟੀਆਂ ਦੀ ਮੀਟਿੰਗ ਕਰਕੇ ਕਾਂਗਰਸ ਪਾਰਟੀ ਦੀਆਂ ਯੋਜਨਾਵਾਂ ਅਤੇ ਨੀਤੀਆਂ ਨੂੰ ਹੋਰ ਤੇਜ਼ੀ ਨਾਲ ਘਰ ਘਰ ਤੱਕ ਪ੍ਰਚਾਰਿਤ ਕੀਤਾ ਜਾਵੇਗਾ।ਸਿੱਧੂ ਨੇ ਅੱਗੇ ਕਿਹਾ ਕਿ ਭਗਵੰਤ ਮਾਨ ਸਰਕਾਰ ਵਲੋਂ ਲਿਆਂਦੀ ਗਈ ਕਿਸਾਨ ਵਿਰੋਧੀ ਲੈਂਡ ਪੁਲਿੰਗ ਪਾਲਿਸੀ ਰਾਹੀਂ ਸਾਡੇ ਕਿਸਾਨਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਇਸ ਪਾਲਿਸੀ ਦਾ ਉਦੇਸ਼ ਸਿਰਫ਼ ਤੇ ਸਿਰਫ਼ ਵੱਡੇ ਬਿਲਡਰਾਂ ਅਤੇ ਰੀਅਲ ਈਸਟੇਟਾਂ ਦੇ ਮਾਲਕਾਂ ਨੂੰ ਖੁਸ਼ ਕਰਨਾ ਹੈ, ਲੇਕਿਨ ਕਾਂਗਰਸ ਪਾਰਟੀ ਆਪਣੇ ਲੋਕਾਂ ਨਾਲ ਇਸ ਲੜਾਈ ਵਿੱਚ ਖੜ੍ਹੀ ਹੈ ਅਤੇ ਹਮੇਸ਼ਾ ਹੀ ਖੜ੍ਹੀ ਰਹੇਗੀ।ਮੀਟਿੰਗ ਵਿੱਚ ਮੋਹਾਲੀ ਹਲਕੇ (ਦਿਹਾਤੀ) ਦੇ ਬਲਾਕ ਪ੍ਰਧਾਨ, ਮੰਡਲ ਪ੍ਰਧਾਨਾਂ, ਬੂਥ ਕਮੇਟੀਆਂ ਦੇ ਅਹੁਦੇਦਾਰਾਂ ਅਤੇ ਪਾਰਟੀ ਵਰਕਰਾਂ ਨੇ ਸ਼ਮੂਲੀਅਤ ਕੀਤੀ।

# ਦੂਸ਼ਿਤ ਪਾਣੀ ਤੇ ਮੱਛਰ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਜ਼ਰੂਰੀ : ਸਿਵਲ ਸਰਜਨ

**ਜਲੰਧਰ (ਸ਼ੈਲੀ ਐਲਬਰਟ)** ਬਰਸਾਤੀ ਮੌਸਮ ਦੇ ਮੱਦੇਨਜ਼ਰ ਸਿਵਲ ਸਰਜਨ ਡਾ. ਗੁਰਮੀਤ ਲਾਲ ਨੇ ਲੋਕਾਂ ਨੂੰ ਅਗਾਹ ਕਰਦਿਆਂ ਕਿਹਾ ਕਿ ਵਰਖਾ ਰੁੱਤ ਦੌਰਾਨ ਦੂਸ਼ਿਤ ਪਾਣੀ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਜਿਵੇਂ ਕਿ ਹੈਜ਼ਾ, ਟਾਈਫਾਇਡ,



ਡਾਇਰੀਆ, ਪੀਲੀਆ ਆਦਿ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸੇ ਤਰ੍ਹਾਂ ਇਸ ਮੌਸਮ ਵਿੱਚ ਮੱਛਰਾਂ ਦੇ ਕੱਟਣ ਨਾਲ ਡੇਂਗੂ, ਚਿਕਨਗੁਨੀਆ, ਮਲੇਰੀਆ ਦਾ ਖ਼ਤਰਾ ਵੱਧ ਜਾਂਦਾ ਹੈ। ਇਨ੍ਹਾਂ ਤੋਂ ਬਚਾਅ ਲਈ ਹਰੇਕ ਵਿਅਕਤੀ ਨੂੰ ਜਾਗਰੂਕ ਹੋ ਕੇ ਸੁਚੇਤ ਰਹਿਣਾ ਚਾਹੀਦਾ ਹੈ।ਬਰਸਾਤੀ ਮੌਸਮ ਦੇ ਮੱਦੇਨਜ਼ਰ ਉਨ੍ਹਾਂ ਕਿਹਾ ਕਿ ਇਸ ਮੌਸਮ ਵਿੱਚ ਖਾਣ-ਪੀਣ ਵਾਲੀਆਂ ਵਸਤਾਂ ਦੀ ਵਰਤੋਂ ਵਿੱਚ ਵਿਸ਼ੇਸ਼ ਧਿਆਨ ਰੱਖਣ ਦੀ ਜਰੂਰਤ ਹੁੰਦੀ ਹੈ ਅਜਿਹੇ ਵਿੱਚ ਘਰ 'ਚ ਤਿਆਰ ਕੀਤੇ ਭੋਜਨ ਨੂੰ ਤਰਜੀਹ ਦੇਣੀ ਚਾਹੀਦੀ ਹੈ, ਬਾਹਰੀ ਖਾਣੇ ਅਤੇ ਜੰਕ-ਫੂਡ ਤੋਂ ਪ੍ਰਹੇਜ ਕਰੋ।ਖਾਣ-ਪੀਣ ਦੀਆਂ ਚੀਜ਼ਾਂ ਨੂੰ ਢੱਕ ਕੇ ਰੱਖੋ।ਪਾਣੀ ਉਬਾਲ ਕੇ ਪੀਓ ਜਾਂ ਫਿਰ ਪੀਣ ਲਈ ਫਿਲਟਰ ਕੀਤੇ ਹੋਏ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ ਬਰਸਾਤ ਦੇ ਮੌਸਮ ਵਿੱਚ ਮੱਛਰ ਦੇ ਕੱਟਣ ਨਾਲ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਬੁਖਾਰ ਹੋਣ ਦਾ ਖਦਸ਼ਾ ਵੱਧ ਜਾਂਦਾ ਹੈ ਇਸ ਲਈ ਆਪਣੇ ਘਰਾਂ ਅਤੇ ਕੰਮਕਾਜੀ ਸਥਾਨਾਂ ਦੇ ਆਲੇ-ਦੁਆਲੇ ਪਾਣੀ ਜਮ੍ਹਾ ਨਾ ਹੋਣ ਦਿਓ।



# ਬੱਚੇ ਨੂੰ ਦੁੱਧ ਪਿਲਾਉਂਦੇ ਸਮੇਂ ਸਾਫ-ਸਫਾਈ ਦਾ ਧਿਆਨ ਰੱਖਣਾ ਸਭ ਤੋਂ ਮਹੱਤਵਪੂਰਨ : ਸਿਵਲ ਸਰਜਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਸਿਹਤ ਬਲਾਕ ਸੁੱਜੋਂ ਅਧੀਨ ਪੈਂਦੇ ਪਿੰਡ ਭੌਰਾ ਵਿਖੇ ਪਹੁੰਚ ਕੇ ਮਮਤਾ ਦਿਵਸ ਦਾ ਨਿਰੀਖਣ ਕੀਤਾ ਅਤੇ ਛੋਟੇ ਬੱਚਿਆਂ ਅਤੇ ਗਰਭਵਤੀ ਔਰਤਾਂ ਨੂੰ ਜ਼ਰੂਰੀ ਟੀਕੇ ਲਗਾਏ ਜਾਣ ਦੇ ਕੰਮ ਦਾ ਮੌਕੇ 'ਤੇ ਜਾਇਜ਼ਾ ਲਿਆ। ਇਸੇ ਦੌਰਾਨ ਉਨ੍ਹਾਂ ਭੌਰਾ ਵਿਖੇ ਨਵੇਂ ਬਣਨ ਵਾਲੇ ਆਮ ਆਦਮੀ ਕਲੀਨਿਕ ਦੇ ਸਥਾਨ ਨੂੰ ਦੇਖਿਆ।ਸਿਵਲ ਸਰਜਨ ਨੇ ਪੀ.ਐੱਚ.ਸੀ. ਸੁੱਜੋਂ ਵਿਖੇ ਸਿਹਤ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਮੀਟਿੰਗ ਕਰਕੇ ਬੱਚਿਆਂ ਤੇ ਗਰਭਵਤੀ ਔਰਤਾਂ ਦੇ ਟੀਕਾਕਰਨ ਸਮੇਂ ਜ਼ਰੂਰੀ ਸਾਵਧਾਨੀਆਂ ਵਰਤਣ ਦੀ ਹਦਾਇਤ ਕੀਤੀ। ਉਨ੍ਹਾਂ ਨੇ ਕਿਹਾ ਕਿ ਗਰਭਵਤੀ ਔਰਤਾਂ ਤੇ ਮਾਵਾਂ ਨੂੰ ਦੁੱਧ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਜਾਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਹਰ ਮਾਂ ਲਈ ਆਪਣੇ ਬੱਚੇ ਨੂੰ ਦੁੱਧ ਪਿਲਾਉਂਦੇ ਸਮੇਂ ਜ਼ਰੂਰੀ ਸਾਵਧਾਨੀਆਂ ਵਰਤਣੀਆਂ ਬਹੁਤ ਜ਼ਰੂਰੀ ਹਨ, ਜਿਸ ਵਿੱਚ ਸਾਫ-ਸਫਾਈ ਦਾ ਧਿਆਨ ਰੱਖਣਾ ਸਭ ਤੋਂ ਮਹੱਤਵਪੂਰਨ ਹੈ।ਇਸ ਮੌਕੇ ਪੀ.ਐੱਚ.ਸੀ. ਸੁੱਜੋਂ ਦੇ ਸੀਨੀਅਰ ਮੈਡੀਕਲ ਅਫਸਰ ਡਾ. ਚਰਨਜੀਤ ਕੁਮਾਰ, ਬਲਾਕ ਐਕਸਟੈਂਸ਼ਨ ਐਜੂਕੇਟਰ ਰਾਜ ਕੁਮਾਰ ਹੰਸ ਈ.ਪੀ.ਆਈ. ਸਹਾਇਕ ਸੁਸ਼ੀਲ ਕੁਮਾਰ ਸਮੇਤ ਸਿਹਤ ਵਿਭਾਗ ਦੇ ਹੋਰ ਕਰਮਚਾਰੀ ਅਤੇ ਆਮ ਲੋਕ ਮੌਜੂਦ ਸਨ।

# ਡੇਂਗੂ ਦੀ ਰੋਕਥਾਮ ਲਈ ਜਾਗਰੂਕਤਾ ਕੈਂਪ ਲਗਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**-ਸਿਵਲ ਸਰਜਨ ਜਲੰਧਰ ਦੇ ਹੁਕਮਾਂ ਅਨੁਸਾਰ ਡਾਕਟਰ ਮਹੇਸ਼ ਪ੍ਰਭਾਕਰ ਦੀ ਯੋਗ ਅਗਵਾਈ ਹੇਠ ਐ/ਸੀ ਗਾਂਧਰਾ ਵਿਖੇ ਡੇਂਗੂ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ । ਇਸ ਕੈਂਪ ਦਾ ਮੁੱਖ ਉਦੇਸ਼ ਲੋਕਾਂ ਵਿੱਚ ਡੇਂਗੂ ਦੀ ਰੋਕਥਾਮ ਅਤੇ ਸਾਵਧਾਨੀਆਂ ਬਾਰੇ ਜਾਣੂ ਕਰਵਾਉਣਾ ਸੀ । ਹੈਲਥ ਸੁਪਰਵਾਈਜ਼ਰ ਲਖਬੀਰ ਸਿੰਘ ਨੇ ਲੋਕਾਂ ਨੂੰ ਦੱਸਿਆ ਕਿ ਡੇਂਗੂ ਇੱਕ ਵਾਇਰਲ ਬਿਮਾਰੀ ਹੈ, ਜੋ ਐਡੀਜ਼ ਮੱਛਰ ਰਾਹੀਂ ਫੈਲਦੀ ਹੈ ਅਤੇ ਇਹ ਦਿਨ ਵੇਲੇ ਕੱਟਦਾ ਹੈ । ਇਸ ਦੇ ਲੱਛਣ ਤੇਜ ਬੁਖਾਰ, ਸਿਰ ਦਰਦ , ਅੱਖਾਂ ਦੇ ਪਿੱਛੇ ਦਰਦ, ਸਰੀਰ ਦਰਦ, ਮਾਂਸਪੇਸ਼ੀਆਂ ਵਿੱਚ ਦਰਦ, ਚਮੜੀ ਤੇ ਦਾਣੇ, ਮਸੂੜਿਆਂ ਅਤੇ ਨੱਕ ਵਿੱਚੋਂ ਖੂਨ ਦਾ ਵਗਣਾ, ਉਲਟੀ ਆਉਣਾ ਆਮ ਲੱਛਣ ਹਨ।ਇਸ ਮੌਕੇ ਸੀ.ਐਚ.ਓ ਕੁਲਪ੍ਰੀਤ ਕੌਰ, ਗੁਰਵਿੰਦਰ ਸਿੰਘ ਐਮ.ਡੀ.ਐਚ.ਡਬਲਿਯੂ, ਨੇਹਾ ਆਸਾ ਆਦਿ ਸਮੂਹ ਸਟਾਫ਼ ਹਾਜ਼ਰ ਸੀ।



# ਜਤਿੰਦਰ ਸਿੰਘ ਲਾਲੀ ਬਾਜਵਾ ਦਾ ਕੀਤਾ ਸਨਮਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੂਰੇ ਪੰਜਾਬ 'ਚ ਸ੍ਰੋਮਣੀ ਅਕਾਲੀ ਦਲ ਵੱਲੋਂ ਨਵੇਂ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਗਈ ਹੈ। ਇਸ ਕੜੀ 'ਚ ਸੁਖਬੀਰ ਸਿੰਘ ਬਾਦਲ ਅਤੇ ਪਾਰਟੀ ਹਾਈਕਮਾਨ ਨੇ ਇਕ ਵਾਰ ਫਿਰ ਤੋਂ ਜਤਿੰਦਰ ਸਿੰਘ ਲਾਲੀ ਬਾਜਵਾ ਉੱਤੇ ਭਰੋਸਾ ਜਤਾਉਂਦਿਆਂ ਉਨ੍ਹਾਂ ਨੂੰ ਹੁਸ਼ਿਆਰਪੁਰ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਹੈ। ਇਸ ਨਿਯੁਕਤੀ ਉਪਰੰਤ ਐਡਵੋਕੇਟ ਸਮਸੇਰ ਸਿੰਘ ਭਾਰਦਵਾਜ ਦੀ ਅਗਵਾਈ ਹੇਠ ਲਾਲੀ ਬਾਜਵਾ ਦਾ ਜਨਤਕ ਸਨਮਾਨ ਕੀਤਾ ਗਿਆ। ਸਨਮਾਨ ਸਮਾਗਮ ਦੌਰਾਨ ਪਾਰਟੀ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲੀ। ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਲਾਲੀ ਬਾਜਵਾ ਨੂੰ ਪਾਰਟੀ ਦੀ ਅਹੰਕਾਰਯੋਗ ਵਰਕਿੰਗ ਕਮੇਟੀ ਦਾ ਮੈਂਬਰ ਵੀ ਨਿਯੁਕਤ ਕੀਤਾ ਗਿਆ ਸੀ। ਐਡਵੋਕੇਟ ਭਾਰਦਵਾਜ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪੂਰੀ ਹਾਈਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਨਿਯੁਕਤੀ ਪਾਰਟੀ ਦੀ ਆਉਣ ਵਾਲੀ ਨੀਤੀ ਤੇ ਮਜਬੂਤ ਲੀਡਰਸ਼ਿਪ ਨੂੰ ਦਰਸਾਉਂਦੀ ਹੈ। ਉਥੇ ਹੀ ਸਤਪਾਲ ਸਿੰਘ ਭੁਲਾਣਾ, ਅਮਰਜੀਤ ਸਿੰਘ, ਰਿਆੜ ਅਤੇ ਹੋਰ ਟਕਸਾਲੀ ਅਕਾਲੀ ਆਗੂਆਂ ਨੇ ਵੀ ਲਾਲੀ ਬਾਜਵਾ ਨਾਲ ਮੋਢੇ ਨਾਲ ਮੋਢਾ ਜੋੜ ਕੇ ਪਾਰਟੀ ਦੀ ਚੜ੍ਹਦੀ ਕਲ੍ਹਾ ਲਈ ਦਿਨ ਰਾਤ ਮਿਹਨਤ ਕਰਨ ਦਾ ਐਲਾਨ ਕੀਤਾ।



# ਅਮਰਜੀਤ ਸਿੰਘ ਨੇ ਸੰਭਾਲਿਆ ਪੁਲਸ ਚੌਂਕੀ ਦਾ ਚਾਰਜ

**ਕਾਲਾ ਸੰਘਿਆਂ (ਮਨਜੀਤ ਮਾਨ)**— ਪੁਲਸ ਚੌਂਕੀ ਕਾਲਾ ਸੰਘਿਆਂ ਦੇ ਇੰਚਾਰਜ਼ ਏ ਐਸ ਆਈ ਏ ਐਸ ਆਈ ਲਖਵੀਰ ਸਿੰਘ ਗੋਸਲ ਦਾ ਤਬਾਦਲਾ ਹੋਣ ਕਾਰਨ ਥਾਣਾ ਸੁਲਤਾਨਪੁਰ ਲੋਧੀ ਵਿਖੇ ਤਾਇਨਾਤ ਏ ਐਸ ਆਈ ਅਮਰਜੀਤ ਸਿੰਘ ਨੂੰ ਕਾਲ਼ਾ ਸੰਘਿਆਂ ਪੁਲਸ ਚੌਂਕੀ ਦਾ ਇੰਚਾਰਜ ਲਗਾਇਆ ਗਿਆ। ਏ ਐਸ ਆਈ ਅਮਰਜੀਤ ਸਿੰਘ ਪਹਿਲਾਂ ਵੀ ਕਾਲਾ ਸੰਘਿਆਂ ਪੁਲਸ ਚੌਂਕੀ ਵਿਖੇ ਬਤੌਰ ਇੰਚਾਰਜ ਸੇਵਾਵਾਂ ਨਿਭਾਅ ਚੁੱਕੇ ਹਨ ਅਤੇ ਕਰੀਬ ਦੋ ਮਹੀਨੇ ਪਹਿਲਾਂ ਹੀ ਉਨ੍ਹਾਂ ਦੀ ਬਦਲੀ ਕਾਲ਼ਾ ਸੰਘਿਆਂ ਤੋਂ ਸੁਲਤਾਨਪੁਰ ਲੋਧੀ ਵਿਖੇ ਹੋਈ ਸੀ।



# ਕੰਗ ਵੱਲੋਂ ਐੱਮ ਪੀ ਲੋਕਲ ਫ਼ੰਡ ਤੇ ਕੇਂਦਰੀ ਸਕੀਮਾਂ ਦਾ ਜਾਇਜ਼ਾ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਜ਼ਿਲ੍ਹਾ ਵਿਕਾਸ ਤਾਲਮੇਲ ਤੇ ਨਿਗਰਾਨੀ ਕਮੇਟੀ (ਡਿਸਟ੍ਰਿਕਟ ਡਿਵੈਲਪਮੈਂਟ ਕੋਆਰਡੀਨੇਸ਼ਨ ਐਂਡ ਮੋਨੀਟਰਿੰਗ ਕਮੇਟੀ) ਦੀ ਮੀਟਿੰਗ ਕੋ-ਚੇਅਰਮੈਨ ਮਲਵਿੰਦਰ ਸਿੰਘ ਕੰਗ (ਮੈਂਬਰ, ਲੋਕ ਸਭਾ ਸ੍ਰੀ ਆਨੰਦਪੁਰ ਸਾਹਿਬ ਸੰਸਦੀ ਹਲਕਾ) ਵੱਲੋਂ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਗਈ।ਕੰਗ ਵੱਲੋਂ ਅਧਿਕਾਰੀਆਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਤਹਿਤ ਆਮ ਵਰਗਾਂ ਅਤੇ ਕਮਜ਼ੋਰ ਵਰਗਾਂ ਲਈ ਆਉਂਦੇ ਫੰਡਾਂ ਨੂੰ ਦਿਆਨਤਦਾਰੀ/ਇਮਾਨਦਾਰੀ ਨਾਲ ਵਰਤਣ ਅਤੇ ਲੋੜਵੰਦ ਲੋਕਾਂ ਨੂੰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਸਬੰਧੀ ਜਾਣੂੰ ਕਰਾਉਣ ਦੀ ਅਪੀਲ ਕੀਤੀ ਗਈ। ਅੱਜ ਇੱਥੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵਿੱਚ ਐਮ ਪੀ ਲੋਕਲ ਫ਼ੰਡ ਅਤੇ ਕੇਂਦਰੀ ਸਕੀਮਾਂ ਦਾ ਜਾਇਜ਼ਾ ਲੈਣ ਲਈ ਕੀਤੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੰਗ ਨੇ ਕਿਹਾ ਕਿ ਬਹੁਤ ਸਾਰੇ ਲੋੜਵੰਦ ਲੋਕਾਂ ਨੂੰ ਤਾਂ ਸਰਕਾਰ ਵੱਲੋਂ ਉਨ੍ਹਾਂ ਦੀ ਭਲਾਈ ਲਈ ਚਲਾਈਆ ਜਾ ਰਹੀਆਂ ਸਕੀਮਾਂ ਸਬੰਧੀ ਜਾਣਕਾਰੀ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਸਰਕਾਰੀ ਭਲਾਈ ਸਕੀਮਾਂ ਦੀ ਜ਼ਰੂਰਤਮੰਦ ਅਤੇ ਯੋਗ ਲੋਕਾਂ ਤੱਕ ਵੱਧ ਤੋਂ ਵੱਧ ਪਹੁੰਚ ਯਕੀਨੀ ਬਣਾਉਣ ਲਈ ਸਾਡਾ ਰਵੱਈਆ ਹਾਂ-ਪੱਖੀ ਅਤੇ ਮਾਨਵਤਾ ਭਰਪੂਰ ਹੋਣਾ ਚਾਹੀਦਾ ਹੈ। ਇਸ ਮੌਕੇ ਏ.ਡੀ.ਸੀ (ਸ਼ਹਿਰੀ ਵਿਕਾਸ) ਅਨਮੋਲ ਸਿੰਘ ਧਾਲੀਵਾਲ, ਏ.ਡੀ.ਸੀ (ਪੇਂਡੂ ਵਿਕਾਸ) ਸੋਨਮ ਚੌਧਰੀ, ਕਮਿਸ਼ਨਰ ਨਗਰ ਨਿਗਮ ਪਰਮਿੰਦਰਪਾਲ ਸਿੰਘ, ਸੀਨੀਅਰ ਕਪਤਾਨ ਪੁਲਿਸ, ਦੀਪਿਕਾ ਐਸ ਸੇਖੋਂ, ਐਸ.ਡੀ.ਐਮ, ਡੇਰਾਬਸੀ ਅਮਿਤ ਗੁਪਤਾ, ਡਾ. ਹਰਮਨਦੀਪ ਕੌਰ ਬਰਾੜ, ਜ਼ਿਲ੍ਹਾ ਲੀਡ ਬੈਂਕ ਮੈਨੇਜਰ ਐਮ.ਕੇ ਭਾਰਦਵਾਜ, ਡੀ.ਈ.ਓ ਡਾ. ਗਿੰਨੀ ਦੁੱਗਲ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨਿਖਿਲ ਅਰੋੜਾ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਅਮ੍ਰਿਤ ਬਾਲਾ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਕੈਬਨਿਟ ਮੰਤਰੀ ਵੱਲੋਂ ਈ ਐੱਸ ਆਈ ਹਸਪਤਾਲ ਦਾ ਅਚਨਚੇਤ ਨਿਰੀਖਣ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਯਕੀਨੀ ਬਣਾਉਣ ਦੇ ਮੰਤਵ ਨਾਲ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ



ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵੱਲੋਂ ਸਥਾਨਕ ਈ.ਐਸ.ਆਈ. ਹਸਪਤਾਲ ਦਾ ਅਚਨਚੇਤ ਨਿਰੀਖਣ ਕੀਤਾ ਗਿਆ।ਇਸ ਮੌਕੇ ਕੈਬਨਿਟ ਮੰਤਰੀ ਨੇ ਓ.ਪੀ.ਡੀ., ਐਮਰਜੈਂਸੀ, ਅੱਖਾਂ, ਹੱਡੀਆਂ, ਦੰਦਾਂ, ਮੈਡੀਸਨ ਅਤੇ ਸਰਜਰੀ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦਾ ਦੌਰਾ ਕਰਦਿਆਂ ਹਸਪਤਾਲ ਵਿੱਚ ਮਰੀਜ਼ਾਂ ਲਈ ਉਪਲਬਧ ਸਿਹਤ ਸਹੂਲਤਾਂ ਦਾ ਬਾਰੀਕੀ ਨਾਲ ਜਾਇਜ਼ਾ ਲਿਆ। ਉਨ੍ਹਾਂ ਵਾਰਡਾਂ ਵਿੱਚ ਦਾਖ਼ਲ ਮਰੀਜ਼ਾਂ ਨਾਲ ਗੱਲਬਾਤ ਵੀ ਕੀਤੀ ਅਤੇ ਹਸਪਤਾਲ ਵਿਚ ਪ੍ਰਦਾਨ ਕੀਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਉਨ੍ਹਾਂ ਦਾ ਫੀਡਬੈਕ ਹਾਸਲ ਕੀਤਾ। ਭਗਤ ਨੇ ਪੰਜਾਬ ਸਰਕਾਰ ਵੱਲੋਂ ਸਾਰੇ ਨਾਗਰਿਕਾਂ ਨੂੰ 10 ਲੱਖ ਰੁਪਏ ਦਾ ਸਿਹਤ ਬੀਮਾ ਪ੍ਰਦਾਨ ਦੇ ਫੈਸਲੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਵੱਡੀ ਗਿਣਤੀ ਲੋਕ ਉੱਚ ਦਰਜੇ ਦੀਆਂ ਸਿਹਤ ਸੇਵਾਵਾਂ ਦਾ ਲਾਭ ਲੈਣ ਦੇ ਯੋਗ ਹੋ ਸਕਣਗੇ। ਖਾਸ ਕਰ ਉਹ ਲੋਕ ਜਿਹੜੇ ਵਿੱਤੀ ਮੁਸ਼ਕਲਾਂ ਕਾਰਨ ਆਪਣਾ ਇਲਾਜ ਕਰਵਾਉਣ ਤੋਂ ਅਸਮਰੱਥ ਹਨ। ਬਿਨਾਂ ਕਿਸੇ ਪੱਖ-ਪਾਤ ਦੇ ਇਸ ਯੋਜਨਾ ਨੂੰ ਲਾਗੂ ਕਰਦਿਆਂ ਸੂਬੇ ਦੇ ਹਰ ਘਰ ਵਿੱਚ ਸਿਹਤ ਕਾਰਡ ਬਣਾਉਣਾ ਯਕੀਨੀ ਬਣਾਇਆ ਜਾਵੇਗਾ।ਇਸ ਮੌਕੇ ਮੈਡੀਕਲ ਸੁਪਰਡੈਂਟ ਡਾ. ਵੰਦਨਾ, ਡਾ. ਨਮਿਤਾ ਘਈ, ਡਾ. ਵਿਸ਼ਵਾਸ ਲੂਥਰਾ ਤੋਂ ਇਲਾਵਾ ਹਸਪਤਾਲ ਦਾ ਹੋਰ ਸਟਾਫ਼ ਵੀ ਮੌਜੂਦ ਸੀ।

# ਹਲਕਾ ਬਲਾਚੌਰ ਦੀਆਂ ਟੁੱਟੀਆਂ ਸੜਕਾਂ ਦਿੰਦੀਆਂ ਹਾਦਸਿਆਂ ਨੂੰ ਸੱਦੇ

**ਬਲਾਚੌਰ (ਜਸਵਿੰਦਰ ਬੈਂਸ)** ਆਮ ਆਦਮੀ ਸਰਕਾਰ ਪਿਛਲੇ 3 ਸਾਲਾ 'ਚ ਸੜਕਾਂ ਦੀ ਮੁਰੰਮਤ ਕਰਨ ਦੀ ਯੋਜਨਾਬੰਦੀ ਹੀ ਕਰਨ 'ਚ ਲੱਗੀ ਹੋਈ ਹੈ ਪਰੰਤੂ ਅਜੇ ਤੱਕ ਹੋਇਆ ਕੁਝ ਵੀ ਨਹੀ, ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਤੋਂ ਸ਼ਹੀਦ ਭਗਤ ਸਿੰਘ ਨਗਰ ਦੇ ਜਿਲ੍ਹਾ ਪ੍ਰਧਨ ਅਜੇ ਮੰਗੂਪੁਰ ਨੇ ਪੱਤਰਕਾਰ ਭਾਈਚਾਰੇ ਨਾਲ ਕੀਤਾ। ਉਨ੍ਹਾਂ ਕਿਹਾ ਕਿ ਮੈਂ ਖ਼ੁਦ ਸਮੇਂ-ਸਮੇਂ ਸਿਰ ਸਰਕਾਰ ਨੂੰ ਹਲਕਾ ਬਲਾਚੌਰ ਦੀਆਂ ਟੁੱਟੀਆਂ ਸੜਕਾਂ ਬਾਰੇ ਜਾਣੂ ਕਰਵਾਉਂਦਾ ਰਿਹਾ ਹਾਂ। ਬੀਤੇ ਕੱਲ ਭੱਦੀ ਤੋਂ ਨੂਰਪੁਰ (ਸ੍ਰੀ ਆਨੰਦਪੁਰ ਸਾਹਿਬ) ਰੋਡ 'ਤੇ ਇੱਕ ਨੌਜਵਾਨ ਦਾ ਵਾਹਨ (ਛੋਟਾ ਹਾਥੀ) ਸੜਕ ਟੁੱਟਣ ਕਾਰਨ ਭੱਦੀ ਘਾਟੇ 'ਚ ਡਿੱਗ ਗਿਆ, ਪ੍ਰਮਾਤਮਾ ਦੇ ਸ਼ੁਕਰ ਵਜੋਂ ਕੋਈ ਜਾਨੀ ਨੁਕਸਾਨ ਨਹੀ ਹੋਇਆ। ਅਜੇ ਮੰਗੂਪੁਰ ਵੱਲੋਂ ਪ੍ਰਸਾਸਨ ਨੂੰ ਇਸ ਟੁੱਟੀ ਸੜਕ ਦੀ ਮੁਰੰਮਤ ਕਰਵਾਉਣ ਲਈ ਕਿਹਾ ਗਿਆ ਤਾਂ ਜੋ ਲੋਕਾਂ ਦੇ ਜਾਨ-ਮਾਲ ਦੀ ਰੱਖਿਆ ਹੋ ਸਕੇ।

